# ਕੇਂਦਰੀ ਐਕਸਾਈਜ਼ ਅਤੇ ਕਸਟਮਜ਼ ਬੋਰਡ

# ਨਵੀਂ ਦਿੱਲੀ

# ਮਾਲ ਤੇ ਸੇਵਾਵਾਂ ਟੈਕਸ (ਜੀ.ਐਸ.ਟੀ.)

# ਬਾਰੇ ਆਮ ਪੁੱਛੇ ਜਾਂਦੇ

# ਪ੍ਰਸ਼ਨ (ਐਫ.ਏ.ਕਿਊ.)

## ਦੂਜਾ ਸੰਸਕਰਨ: 31 ਮਾਰਚ, 2017

# ਭੂਮਿਕਾ

ਕੇਂਦਰੀ ਬੋਰਡ ਆੱਫ਼ ਐਕਸਾਈਜ਼ ਐਂਡ ਕਸਟਮਜ਼ (ਸੀ.ਬੀ.ਈ.ਸੀ.) ਅਧੀਨ ਸਰਬਉੱਚ ਸਿਖਲਾਈ ਸੰਸਥਾਨ 'ਨੈਸ਼ਨਲ ਅਕੈਡਮੀ ਆੱਫ਼ ਕਸਟਮਜ਼, ਐਕਸਾਈਜ਼ ਐਂਡ ਨਾਰਕੌਟਿਕਸ' (NACEN - ਐਨ.ਏ.ਸੀ.ਈ.ਐਨ.) ਵੱਲੋਂ ਜੀ.ਐੱਸ.ਟੀ. ਬਾਰੇ ਆਮ ਪੁੱਛੇ ਜਾਂਦੇ ਪ੍ਰਸ਼ਨਾਂ ਬਾਰੇ ਜਾਰੀ ਕੀਤੇ ਗਏ ਸੰਕਲਨ ਦਾ ਬੇਹੱਦ ਨਿੱਘਾ ਸੁਆਗਤ ਹੋਇਆ ਹੈ। ਜੀ.ਐੱਸ.ਟੀ. ਨਾਲ ਸਬੰਧਤ ਪੁੱਛੇ ਜਾਂਦੇ ਇਹ ਆਮ ਪ੍ਰਸ਼ਨ ਮਾਣਯੋਗ ਵਿੱਤ ਮੰਤਰੀ 21 ਸਤੰਬਰ, 2016 ਨੂੰ ਜਾਰੀ ਕੀਤੇ ਗਏ ਸਨ ਅਤੇ ਉਹ ਜੂਨ 2016 ਦੇ ਮੱਡਲ ਜੀ.ਐੱਸ.ਟੀ. ਕਾਨੂੰਨ ਉੱਤੇ ਆਧਾਰਤ ਸਨ। ਜੀ.ਐੱਸ.ਟੀ. ਨਾਲ ਸਬੰਧਤ ਪੁੱਛੇ ਜਾਂਦੇ ਇਹ ਆਮ ਪ੍ਰਸ਼ਨ (ਐੱਫ਼.ਏ.ਕਿਯੂ.) ਕਈ ਖੇਤਰੀ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ ਸਨ, ਤਾਂ ਜੋ ਇਨ੍ਹਾਂ ਦਾ ਪਾਸਾਰ ਸਮੁੱਚੇ ਦੇਸ਼ ਵਿੱਚ ਹੋ ਸਕੇ।

ਪਹਿਲਾ ਸੰਸਕਰਨ ਜਾਰੀ ਹੋਣ ਤੋਂ ਬਾਅਦ ਅਨੇਕਾਂ ਅਹਿਮ ਵਿਕਾਸ ਹੋ ਚੁੱਕੇ ਹਨ। ਹੁਣ ਸੀ.ਜੀ.ਐੱਸ.ਟੀ., ਆਈ.ਜੀ.ਐੱਸ.ਟੀ., ਯੂ.ਟੀ.ਜੀ.ਐੱਸ.ਟੀ. ਅਤੇ ਮੁਆਵਜ਼ਾ ਸੈੱਸ ਨਾਲ ਸਬੰਧਤ ਸਾਰੇ ਕਾਨੂੰਨਾਂ ਦੇ ਖਰੜਿਆਂ ਅਤੇ ਨਿਯਮਾਂ ਨੂੰ ਜੀ.ਐੱਸ.ਟੀ. ਕੌਂਸਲ ਦੀ ਪ੍ਰਵਾਨਗੀ ਮਿਲ ਚੁੱਕੀ ਹੈ। ਕੇਂਦਰੀ ਬਿਲ ਸੰਸਦ ਵਿੱਚ ਪੇਸ਼ ਹੋ ਚੁੱਕੇ ਹਨ; ਉੱਧਰ ਰਾਜਾਂ ਨਾਲ ਸਬੰਧਤ ਬਿਲ ਸਬੰਧਤ ਰਾਜਾਂ ਦੀਆਂ ਅਸੈਂਬਲੀਆਂ ਵੱਲੋਂ ਪਾਸ ਕੀਤੇ ਜਾਣਗੇ। ਪਹਿਲਾ ਸੰਸਕਰਨ ਲਿਆਉਂਦੇ ਸਮੇਂ ਜਿਵੇਂ ਕਿ ਵਾਅਦਾ ਕੀਤਾ ਗਿਆ ਸੀ, ਜੀ.ਐੱਸ.ਟੀ. ਨਾਲ ਸਬੰਧਤ ਪੁੱਛੇ ਜਾਂਦੇ ਆਮ ਪ੍ਰਸ਼ਨਾਂ (ਐੱਫ਼.ਏ.ਕਿਯੂ.) ਦਾ ਇਹ ਦੂਜਾ ਸੰਸਕਰਨ ਸੰਸਦ ਵਿੱਚ ਪੇਸ਼ ਕੀਤੇ ਉਪਰੋਕਤ ਵਰਣਿਤ ਬਿਲਾਂ ਦੇ ਆਧਾਰ ਉੱਤੇ ਐੱਨ.ਏ.ਸੀ.ਈ.ਐੱਨ. ਵੱਲੋਂ ਤਿਆਰ ਕੀਤਾ ਗਿਆ ਹੈ। ਮੈਂ ਐੱਨ.ਏ.ਸੀ.ਈ.ਐੱਨ. ਦੇ ਡਾਇਰੈਕਟਰ ਜਨਰਲ ਅਤੇ ਉਨ੍ਹਾਂ ਦੀ ਟੀਮ ਨੂੰ ਇਨ੍ਹਾਂ ਜਤਨਾਂ ਲਈ ਵਧਾਈ ਦਿੰਦਾ ਹਾਂ ਅਤੇ ਮੈਨੂੰ ਯਕੀਨ ਹੈ ਕਿ ਇਸ ਨਾਲ ਟੈਕਸ ਅਧਿਕਾਰੀਆਂ, ਵਪਾਰਕ ਸੰਗਠਨਾਂ ਤੇ ਆਮ ਜਨਤਾ ਵਿੱਚ ਜੀ.ਐੱਸ.ਟੀ. ਬਾਰੇ ਗਿਆਨ ਤੇ ਜਾਗਰੂਕਤਾ ਦਾ ਪਾਸਾਰ ਹੋਵੇਗਾ।

**ਨਜੀਬ ਸ਼ਾਹ**

**ਚੇਅਰਮੈਨ, ਸੀ.ਬੀ.ਈ.ਸੀ.**

# ਵਿਸ਼ਾ ਸੂਚੀ


| | | |
|---|---|---|
| 1. | ਮਾਲ ਤੇ ਸੇਵਾਵਾਂ ਟੈਕਸ (ਜੀ.ਐਸ.ਟੀ.) 'ਤੇ ਇੱਕ ਝਾਤ | 5 |
| 2. | ਟੈਕਸ ਵਸੂਲੀ ਤੇ ਉਸ ਤੋਂ ਛੋਟ | 21 |
| 3. | ਰਜਿਸਟਰੇਸ਼ਨ | 28 |
| 4. | ਸਪਲਾਈ ਦਾ ਅਰਥ ਅਤੇ ਖੇਤਰ | 47 |
| 5. | ਸਪਲਾਈ ਦਾ ਸਮਾਂ | 55 |
| 6. | ਜੀ.ਐਸ.ਟੀ. ਦਾ ਮੁਲਾਂਕਣ | 61 |
| 7. | ਟੈਕਸ ਦਾ ਜੀ.ਐਸ.ਟੀ. ਭੁਗਤਾਨ | 64 |
| 8. | ਇਲਕੈਟ੍ਰੌਨਿਕ ਕੱਾਮਰਸ | 74 |
| 9. | ਜੌਬ-ਵਰਕ | 79 |
| 10. | ਇਨਪੁਟ ਟੈਕਸ ਕ੍ਰੈਡਿਟ | 84 |
| 11. | ਜੀ.ਐਸ.ਟੀ. ਵਿੱਚ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਦੀ ਧਾਰਨਾ | 94 |
| 12. | ਰਿਟਰਨਜ਼ ਪ੍ਰਕਿਰਿਆ ਅਤੇ ਇਨਪੁਟ ਟੈਕਸ ਕ੍ਰੈਡਿਟ ਨੂੰ ਮੇਲਣਾ | 99 |
| 13. | ਮੁਲਾਂਕਣ ਅਤੇ ਆੱਡਿਟ | 108 |
| 14. | ਰੀਫ਼ੰਡਜ਼ | 116 |
| 15. | ਮੰਗਾਂ ਅਤੇ ਰੀਕਵਰੀ | 127 |
| 16. | ਜੀ.ਐਸ.ਟੀ. ਵਿੱਚ ਅਪੀਲਾਂ, ਸਮੀਖਿਆ ਅਤੇ ਸੋਧ | 135 |
| 17. | ਐਡਵਾਂਸ ਰੂਲਿੰਗ | 141 |
| 18. | ਸੈਟਲਮੈਂਟ ਕਮਿਸ਼ਨ (ਹਟਾ ਦਿੱਤਾ ਗਿਆ) | 149 |
| 19. | ਨਿਰੀਖਣ, ਤਲਾਸ਼ੀ, ਜ਼ਬਤ ਕਰਨਾ ਅਤੇ ਗ੍ਰਿਫ਼ਤਾਰੀ | 150 |
| 20. | ਅਪਰਾਧ ਤੇ ਜੁਰਮਾਨੇ, ਕਾਨੂੰਨੀ ਕਾਰਵਾਈ ਤੇ ਕੰਪਾਊਂਡਿੰਗ | 169 |

21. ਆਈ.ਜੀ.ਐਸ.ਟੀ. ਕਾਨੂੰਨ ਦੀ ਰੂਪ–ਰੇਖਾ 182

22. ਮਾਲ ਤੇ ਸੇਵਾ ਦੀ ਸਪਲਾਈ ਦਾ ਸਥਾਨ 187

23. ਜੀ.ਐਸ.ਟੀ. ਪੋਰਟਲ ’ਤੇ ਜੀਐੱਸਟੀਐੱਨ ਤੇ ਫਰੰਟਐਂਡ ਵਪਾਰ ਪ੍ਰਕਿਰਿਆ 196

24. ਅਸਥਾਈ ਵਿਵਸਥਾਵਾਂ (ਟ੍ਰਾਂਜ਼ਿਸ਼ਨਲ ਪ੍ਰੋਵਿਜ਼ਨਜ਼) 213

## Disclaimer :

This FAQ on GST compiled by NACEN and vetted by the Source Trainers is based on the draft Model GST Law released in public domain in June, 2016. This FAQ is for training and academic purposes only. The information in this booklet is intended only to provide a general overview and is not intended to be treated as legal advice or opinion. For greater details, you are requested to refer to the model GST law.

This early draft of the Punjabi translation of the FAQ mannul has been made available to aid and arist Punjabi knowing persons. But for all practical purposes, any ambiguity or clarification the original English mannual text will prevail and be considered final.

**ਤਿਆਰਕਰਤਾ:** ਸ੍ਰੀ ਦੀਪਕ ਮਤਾ, ਸਹਾਇਕ ਨਿਰਦੇਸ਼ਕ, ਐਨ.ਏ.ਸੀ.ਈ.ਐਨ. ਮੁੰਬਈ ਅਤੇ ਸੰਜੀਵ ਨਾਇਰ, ਇਗਜ਼ਾਮੀਨਰ, ਸੀ.ਈ.ਐਸ.ਟੀ.ਏ.ਟੀ. ਮੁੰਬਈ; ਸ੍ਰੀ ਸਮੀਰ ਬਜਾਜ, ਵਧੀਕ ਨਿਰਦੇਸ਼ਕ, ਐਨ.ਏ.ਸੀ.ਈ.ਐਨ., ਮੁੰਬਈ ਦੀ ਨਿਗਰਾਨੀ ਹੇਠ

**ਸਮੀਖਿਆਕਾਰ:** ਸ/ਸ੍ਰੀ ਪੀ.ਕੇ. ਮੋਹੰਤੀ, ਸਲਾਹਕਾਰ, ਸੀ.ਬੀ.ਈ.ਸੀ. (ਅਧਿਆਇ 1); ਸ੍ਰੀ ਵਿਸ਼ਾਲ ਪ੍ਰਤਾਪ ਸਿੰਘ,ਡੀ.ਸੀ. (ਜੀ.ਐਸ.ਟੀ.), ਜੀ.ਐਸ.ਟੀ. ਪਾੱਲਿਸੀ ਵਿੰਗ, ਸੀ.ਬੀ.ਈ.ਸੀ. (ਅਧਿਆਇ 2), ਡਾ. ਪੀ.ਡੀ. ਵਾਘੇਲਾ, ਸੀ.ਸੀ.ਟੀ., ਗੁਜਰਾਤ (ਅਧਿਆਇ 3 ਤੇ 7); ਸ੍ਰੀ ਡੀ.ਪੀ. ਨਗੇਂਦਰ ਕੁਮਾਰ, ਪ੍ਰ ਏ.ਡੀ.ਜੀ., ਡੀ.ਜੀ.ਸੀ.ਈ.ਆਈ., ਬੈਂਗਲੁਰੂ (ਅਧਿਆਇ 4 ਤੋਂ 6 ਤੱਕ); ਸ੍ਰੀ ਉਪੇਂਦਰ ਗੁਪਤਾ, ਕਮਿਸ਼ਨਰ, ਜੀ.ਐਸ.ਟੀ., ਸੀ.ਬੀ.ਈ.ਸੀ. (ਅਧਿਆਇ 8 ਤੋਂ 11 ਤੱਕ); ਸ੍ਰੀ ਰਿਤਵਿਕ ਪਾਂਡੇ, ਸੀ.ਸੀ.ਟੀ., ਕਰਨਾਟਕ (ਅਧਿਆਇ 12); ਸ੍ਰੀ ਅਰੁਣ ਕੁਮਾਰ ਮਿਸ਼ਰਾ, ਸੰਯੁਕਤ ਸਕੱਤਰ, ਸੀ.ਟੀ.ਡੀ., ਬਿਹਾਰ (ਅਧਿਆਇ 13); ਸ੍ਰੀ ਖ਼ਾਲਿਦ ਅਨਵਰ, ਸੀਨੀਅਰ ਜੇ.ਸੀ.ਟੀ. ਪੱਛਮੀ ਬੰਗਾਲ (ਅਧਿਆਇ 14 ਅਤੇ 24); ਸ੍ਰੀ ਅਜੇ ਜੈਨ, ਪ੍ਰ. ਕਮਿਸ਼ਨਰ ਆੱਫ਼ ਕਸਟਮਜ਼, ਅਹਿਮਦਾਬਾਦ (ਅਹਿਮਦਾਬਾਦ 15); ਸ੍ਰੀ ਬੀ.ਬੀ. ਅਗਰਵਾਲ, ਪ੍ਰ. ਕਮਿਸ਼ਨਰ, ਹੈਦਰਾਬਾਦ (ਅਧਿਆਇ 16); ਸ੍ਰੀ ਸ਼ਸ਼ਾਂਕ ਪ੍ਰਿਯ, ਏ.ਡੀ.ਜੀ., ਡੀ.ਜੀ., ਜੀ.ਐਸ.ਟੀ., ਸੀ.ਬੀ.ਈ.ਸੀ. (ਅਧਿਆਇ 17 ਤੋਂ 20 ਤੱਕ); ਸ੍ਰੀ ਜੀ.ਡੀ. ਲੋਹਾਨੀ, ਸੀ.ਸੀ.ਏਂ., ਫ਼ਰੀਦਾਬਾਦ (ਅਧਿਆਇ 21 ਅਤੇ 22); ਅਤੇ ਸ੍ਰੀ ਪ੍ਰਕਾਸ਼ ਕੁਮਾਰ, ਸੀ.ਈ.ਓ., ਜੀ.ਐਸ.ਟੀ.ਐਨ. (ਅਧਿਆਇ 23).

'ਆਮ ਪੁੱਛੇ ਜਾਣ ਵਾਲੇ ਪ੍ਰਸ਼ਨਾਂ' (ਐਫ਼.ਏ.ਕਿਊ.) ਬਾਰੇ ਟਿੱਪਣੀਆਂ ਅਤੇ ਸੁਝਾਅ ਕ੍ਰਿਪਾ ਕਰ ਕੇ ਇਸ ਈ-ਮੇਲ ਪਤੇ ਉੱਤੇ ਭੇਜੇ ਜਾ ਸਕਦੇ ਹਨ: dg.nacen-cbec@nic.in

**ਦਾਅਵਾ-ਤਿਆਗ:**

ਜੀ.ਐਸ.ਟੀ. ਬਾਰੇ ਇਸ ਐਫ਼.ਏ.ਕਿਊ. ਦਾ ਸੰਕਲਨ ਐਨ.ਏ.ਸੀ.ਈ.ਐਨ. ਵੱਲੋਂ ਅਤੇ ਇਸ ਦੀ ਸੁਧਾਈ 'ਸੋਰਸ ਟਰੇਨਰਜ਼' ਵੱਲੋਂ ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ./ ਯੂ.ਟੀ.ਜੀ.ਐੱਸ.ਟੀ./ ਆਈ.ਜੀ.ਐੱਸ.ਟੀ. ਕਾਨੂੰਨਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਹ ਐਫ਼.ਏ.ਕਿਊ. ਕੇਵਲ ਸਿਖਲਾਈ ਅਤੇ

ਅਕਾਦਮਿਕ ਉਦੇਸ਼ਾਂ ਲਈ ਹੈ।

ਇਸ ਪੁਸਤਿਕਾ ਵਿੱਚ ਦਿੱਤੀ ਗਈ ਜਾਣਕਾਰੀ ਦਾ ਮੰਤਵ ਕੇਵਲ ਇੱਕ ਆਮ ਰੂਪ-ਰੇਖਾ ਪ੍ਰਦਾਨ ਕਰਨਾ ਹੈ ਅਤੇ ਇਸ ਨੂੰ ਕਾਨੂੰਨੀ ਸਲਾਹ ਜਾਂ ਵਿਚਾਰ ਨਹੀਂ ਮੰਨਿਆ ਜਾਣਾ ਚਾਹੀਦਾ। ਹੋਰ ਵਧੇਰੇ ਵੇਰਵਿਆਂ ਲਈ ਤੁਹਾਨੂੰ 'ਸਬੰਧਤ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐੱਸ.ਟੀ./ਆਈ.ਜੀ.ਐੱਸ.ਟੀ ਕਾਨੂੰਨ ਵੇਖਣ ਦੀ ਬੇਨਤੀ ਕੀਤੀ ਜਾਂਦੀ ਹੈ।

ਸੀ.ਜੀ.ਐੱਸ.ਟੀ. ਅਤੇ ਐੱਸ.ਜੀ.ਐੱਸ.ਟੀ. ਕਾਨੂੰਨਾਂ ਨਾਲ ਸਬੰਧਤ ਐਫ਼.ਏ.ਕਿਊਜ਼ ਸੀ.ਜੀ.ਐੱਸ.ਟੀ. ਅਤੇ ਐੱਸ.ਜੀ.ਐੱਸ.ਟੀ. ਵਜੋਂ ਸਮਝੇ ਜਾਂਦੇ ਹਨ ਕਿਉਂਕਿ ਸੀ.ਜੀ.ਐੱਸ.ਟੀ. ਕਾਨੂੰਨ ਅਤੇ ਐੱਸ.ਜੀ.ਐੱਸ.ਟੀ. ਕਾਨੂੰਨ ਦੀਆਂ ਬਹੁਤੀਆਂ ਵਿਵਸਥਾਵਾਂ ਇੱਕੋ ਜਿਹੀਆਂ ਹਨ। ਸੀ.ਜੀ.ਐੱਸ.ਟੀ. ਕਾਨੂੰਨ ਸੰਸਦ ਵਿੱਚ ਪੇਸ਼ ਹੋ ਚੁੱਕਾ ਹੈ। ਐੱਸ.ਜੀ.ਐੱਸ.ਟੀ. ਕਾਨੂੰਨ ਸਬੰਧਤ ਰਾਜ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਜਾਣਗੇ। ਕੁਝ ਇੱਕ ਵਿਵਸਥਾਵਾਂ ਰਾਜ ਲਈ ਵਿਸ਼ੇਸ਼ ਹੋ ਸਕਦੀਆਂ ਹਨ ਅਤੇ ਉਹ ਸੀ.ਜੀ.ਐੱਸ.ਟੀ. ਕਾਨੂੰਨ ਵਿੱਚ ਨਹੀਂ ਵੀ ਹੋ ਸਕਦੀਆਂ।

# ਮਾਲ ਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ’ਤੇ ਇੱਕ ਝਾਤ

# ਮਾਲ ਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ’ਤੇ ਇੱਕ ਝਾਤ

**ਪ੍ਰਸ਼ਨ 1. ਮਾਲ ਅਤੇ ਸੇਵਾ ਟੈਕਸ (ਜੀ.ਐਸ.ਟੀ. - ਗੁਡਜ਼ ਐਂਡ ਸਰਵਿਸ ਟੈਕਸ) ਕੀ ਹੈ?**

ਉੱਤਰ. ਇਹ ਮਾਲ ਅਤੇ ਸੇਵਾਵਾਂ ਦੀ ਖਪਤ ਉੱਤੇ ਟਿਕਾਣਾ ਆਧਾਰਤ ਟੈਕਸ ਹੈ। ਇਸ ਦੀ ਵਸੂਲੀ ਸਾਰੇ ਪੜਾਵਾਂ ਉੱਤੇ ਕੀਤੀ ਜਾਣੀ ਪ੍ਰਸਤਾਵਿਤ ਹੈ; ਭਾਵ ਨਿਰਮਾਣ ਤੋਂ ਲੈ ਕੇ ਅੰਤਿਮ ਖਪਤ ਤੱਕ – ਪਹਿਲੇ ਪੜਾਵਾਂ ਉੱਤੇ ਅਦਾ ਕੀਤੇ ਟੈਕਸਾਂ ਦੇ ਕ੍ਰੈਡਿਟ ਸਮੇਤ, ਸੈਟਆੱਫ਼ ਵਜੋਂ ਉਪਲਬਧ। ਸੰਖੇਪ ਵਿੱਚ, ਕੇਵਲ ਮੁੱਲ–ਵਾਧਾ (ਵੈਲਿਊ ਐਡੀਸ਼ਨ) ਉੱਤੇ ਟੈਕਸ ਲਾਇਆ ਜਾਵੇਗਾ ਅਤੇ ਟੈਕਸ ਦਾ ਬੋਝ ਅੰਤਿਮ ਖਪਤਕਾਰ ਵੱਲੋਂ ਝੱਲਿਆ ਜਾਵੇਗਾ।

**ਪ੍ਰਸ਼ਨ 2. ਖਪਤ ਉੱਤੇ ਟਿਕਾਣਾ ਆਧਾਰਤ ਟੈਕਸ ਦੀ ਧਾਰਨਾ ਅਸਲ ਵਿੱਚ ਕੀ ਹੈ?**

ਉੱਤਰ. ਟੈਕਸਿੰਗ ਅਥਾਰਟੀ ਕੋਲ ਟੈਕਸ ਇਕੱਠਾ ਹੋਵੇਗਾ, ਜਿਸ ਦਾ ਅਧਿਕਾਰ–ਖੇਤਰ ਖਪਤ ਦੇ ਸਥਾਨ ’ਤੇ ਹੋਵੇਗਾ, ਜਿਸ ਨੂੰ ਸਪਲਾਈ ਦਾ ਸਥਾਨ ਵੀ ਆਖਿਆ ਗਿਆ ਹੈ।

**ਪ੍ਰਸ਼ਨ 3. ਕਿਹੜੇ ਮੌਜੂਦਾ ਟੈਕਸ ਜੀ.ਐਸ.ਟੀ. ਵਿੱਚ ਸ਼ਾਮਲ ਕੀਤੇ ਜਾਣੇ ਪ੍ਰਸਤਾਵਿਤ ਹਨ?**

ਉੱਤਰ. ਜੀ.ਐਸ.ਟੀ., ਨਿਮਨਲਿਖਤ ਟੈਕਸਾਂ ਦੀ ਥਾਂ ਲਵੇਗਾ:

(i) ਕੇਂਦਰ ਵੱਲੋਂ ਇਸ ਵੇਲੇ ਵਸੂਲੇ ਤੇ ਇਕੱਠੇ ਕੀਤੇ ਜਾਂਦੇ ਟੈਕਸ:

ੳ. ਕੇਂਦਰੀ ਐਕਸਾਈਜ਼ ਡਿਊਟੀ (ਉਤਪਾਦ ਟੈਕਸ)

ਅ. ਐਕਸਾਈਜ਼ ਡਿਊਟੀਜ਼ (ਦਵਾਈਆਂ ਨਾਲ ਸਬੰਧਤ ਅਤੇ ਪਖਾਨਾ ਤਿਆਰੀਆਂ)

ੲ. ਐਕਸਾਈਜ਼ ਦੀਆਂ ਵਧੀਕ ਡਿਊਟੀਜ਼ (ਵਿਸ਼ੇਸ ਮਹੱਤਵ ਦਾ ਮਾਲ)

ਸ. ਐਕਸਾਈਜ਼ ਦੀਆਂ ਵਧੀਕ ਡਿਊਟੀਜ਼ (ਟੈਕਸਟਾਈਲਜ਼ ਅਤੇ ਟੈਕਸਟਾਈਲ ਉਤਪਾਦ)

ਹ. ਵਧੀਕ ਕਸਟਮਜ਼ ਡਿਊਟੀਜ਼ (ਆਮ ਤੌਰ 'ਤੇ ਸੀ.ਵੀ.ਡੀ. ਵਜੋਂ ਜਾਣਿਆ ਜਾਂਦਾ ਹੈ)

ਕ. ਵਿਸ਼ੇਸ਼ ਵਧੀਕ ਕਸਟਮਜ਼ ਡਿਊਟੀ (ਐਸ.ਏ.ਡੀ.)

ਖ. ਸਰਵਿਸ ਟੈਕਸ

ਗ. ਕੇਂਦਰੀ ਸਰਚਾਰਜਸ ਅਤੇ ਸੈੱਸਜ਼ ਹੁਣ ਤੱਕ ਉਹ ਮਾਲ ਤੇ ਸੇਵਾਵਾਂ ਦੀ ਸਪਲਾਈ ਨਾਲ ਸਬੰਧਤ ਹਨ

(ii) ਸੂਬਾਈ ਟੈਕਸ, ਜੋ ਜੀ.ਐਸ.ਟੀ. ਵਿੱਚ ਸ਼ਾਮਲ ਕੀਤੇ ਜਾਣਗੇ:

ੳ. ਸੂਬਾਈ ਵੈਟ

ਅ. ਕੇਂਦਰੀ ਵਿਕਰੀ ਟੈਕਸ

ੲ. ਲਗਜ਼ਰੀ ਟੈਕਸ

ਸ. ਦਾਖ਼ਲਾ ਟੈਕਸ (ਸਾਰੀਆਂ ਕਿਸਮਾਂ)

ਹ. ਮਨੋਰੰਜਨ ਅਤੇ ਦਿਲ-ਪਰਚਾਵਾ ਟੈਕਸ (ਉਸ ਨੂੰ ਛੱਡ ਕੇ ਜਦੋਂ ਸਥਾਨਕ ਸਰਕਾਰਾਂ ਵੱਲੋਂ ਵਸੂਲ ਕੀਤਾ ਜਾਂਦਾ ਹੈ)

ਕ. ਇਸ਼ਤਿਹਾਰਾਂ ਉੱਤੇ ਟੈਕਸ

ਖ. ਖ਼ਰੀਦ ਟੈਕਸ

ਗ. ਲਾੱਟਰੀਆਂ, ਸ਼ਰਤਾਂ ਤੇ ਜੂਏਬਾਜ਼ੀ ਉੱਤੇ ਟੈਕਸ

ਘ. ਸੂਬਾਈ ਸਰਚਾਰਜਸ ਅਤੇ ਸੈੱਸਜ਼ ਹੁਣ ਤੱਕ ਉਹ ਮਾਲ ਤੇ ਸੇਵਾਵਾਂ ਦੀ ਸਪਲਾਈ ਨਾਲ ਸਬੰਧਤ ਰਹੇ ਹਨ ਜੀ.ਐਸ.ਟੀ. ਕੌਂਸਲ; ਕੇਂਦਰ, ਸੂਬਿਆਂ ਤੇ ਸਥਾਨਕ ਸਰਕਾਰਾਂ ਵੱਲੋਂ ਵਸੂਲੇ ਜਾਣ ਵਾਲੇ ਉਨ੍ਹਾਂ ਟੈਕਸਾਂ, ਸੈੱਸਜ਼ ਅਤੇ ਸਰਚਾਰਜਿਸ ਬਾਰੇ

ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕਰੇਗੀ, ਜਿਨ੍ਹਾਂ ਨੂੰ ਜੀ.ਐਸ.ਟੀ. ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 4. ਜੀ.ਐਸ.ਟੀ. ਅਧੀਨ ਉਪਰੋਕਤ ਟੈਕਸ ਸ਼ਾਮਲ ਕਰਨ ਲਈ ਕਿਹੜੇ ਸਿਧਾਂਤ ਅਪਣਾਏ ਗਏ ਸਨ?**

ਉੱਤਰ. ਵਿਭਿੰਨ ਕੇਂਦਰੀ, ਸੂਬਾਈ ਅਤੇ ਸਥਾਨਕ ਟੈਕਸ-ਵਸੂਲੀਆਂ ਦਾ ਨਿਰੀਖਣ ਜੀ.ਐਸ.ਟੀ. ਵਿੱਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਦੀ ਸ਼ਨਾਖ਼ਤ ਕਰਨ ਲਈ ਕੀਤਾ ਗਿਆ ਸੀ। ਅਜਿਹੀ ਸ਼ਨਾਖ਼ਤ ਕਰਦੇ ਸਮੇਂ, ਨਿਮਨਲਿਖਤ ਸਿਧਾਂਤਾਂ ਨੂੰ ਧਿਆਨ ਗੋਚਰੇ ਰੱਖਿਆ ਗਿਆ ਸੀ:

(i) ਸ਼ਾਮਲ ਕੀਤੇ ਜਾਣ ਵਾਲੇ ਟੈਕਸ ਜਾਂ ਲੇਵੀਜ਼ ਦੀ ਪ੍ਰਕਿਰਤੀ ਮੁੱਖ ਤੌਰ ’ਤੇ ਅਸਿੱਧੇ ਟੈਕਸਾਂ ਵਾਲੀ ਹੋਣੀ ਚਾਹੀਦੀ ਹੈ, ਉਹ ਭਾਵੇਂ ਮਾਲ (ਵਸਤਾਂ) ਦੀ ਸਪਲਾਈ ਉੱਤੇ ਲੱਗਣ ਵਾਲੀਆਂ ਹੋਣ ਤੇ ਚਾਹੇ ਸੇਵਾਵਾਂ ਦੀ ਸਪਲਾਈ ਨਾਲ ਸਬੰਧਤ ਹੋਣ।

(ii) ਸ਼ਾਮਲ ਕੀਤੇ ਜਾਣ ਵਾਲੇ ਟੈਕਸ ਜਾਂ ਲੇਵੀਆਂ; ਲੈਣ-ਦੇਣ (ਟ੍ਰਾਂਜ਼ੈਕਸ਼ਨ) ਦੀ ਅਜਿਹੀ ਲੜੀ ਦਾ ਹਿੱਸਾ ਹੋਣੇ ਚਾਹੀਦੇ ਹਨ ਜੋ ਇੱਕ ਸਿਰੇ ’ਤੇ ਦਰਾਮਦ/ਨਿਰਮਾਣ/ਮਾਲ ਦੇ ਉਤਪਾਦਨ ਜਾਂ ਸੇਵਾਵਾਂ ਦੀ ਵਿਵਸਥਾ ਨਾਲ ਸ਼ੁਰੂ ਹੁੰਦੇ ਹੋਣ ਅਤੇ ਦੂਜੇ ਪਾਸੇ ਮਾਲ ਤੇ ਸੇਵਾਵਾਂ ਦੀ ਖਪਤ ਨਾਲ ਖ਼ਤਮ ਹੁੰਦੇ ਹੋਣ;

(ii) ਸੰਮਿਲਨ (ਸਬਸਿਊਮੇਸ਼ਨ) ਨਾਲ ਰਾਜ ਦੇ ਅੰਦਰੂਨੀ ਅਤੇ ਅੰਤਰ-ਰਾਜੀ ਪੱਧਰਾਂ ਵਿੱਚ ਟੈਕਸ ਛੋਟ ਦਾ ਮੁਕਤ ਪ੍ਰਵਾਹ ਹੋਣਾ ਚਾਹੀਦਾ ਹੈ। ਟੈਕਸਜ਼, ਲੇਵੀਜ਼ ਅਤੇ ਫ਼ੀਸ, ਜੋ ਮਾਲ ਤੇ ਸੇਵਾਵਾਂ ਦੀ ਸਪਲਾਈ ਨਾਲ ਖ਼ਾਸ ਤੌਰ ਉੱਤੇ ਸਬੰਧਤ ਨਹੀਂ ਹਨ, ਉਹ ਜੀ.ਐੱਸ.ਟੀ. ਅਧੀਨ ਸ਼ਾਮਲ ਨਹੀਂ ਹੋਣੀਆਂ ਚਾਹੀਦੀਆਂ।

(iii) ਕੇਂਦਰ ਅਤੇ ਰਾਜਾਂ ਦੋਵਾਂ ਨਾਲ ਵਿਅਕਤੀਗਤ ਤੌਰ ਉੱਤੇ ਰੈਵੇਨਿਊ ਦੀ ਨਿਆਂਪੂਰਨਤਾ ਰੱਖਣ ਦੀ ਲੋੜ ਹੋਵੇਗੀ।

**ਪ੍ਰਸ਼ਨ 5. ਉਹ ਕਿਹੜੀਆਂ ਵਸਤਾਂ ਹਨ, ਜਿਨ੍ਹਾਂ ਨੂੰ ਜੀ.ਐਸ.ਟੀ. ਦੇ ਘੇਰੇ ’ਚੋਂ ਬਾਹਰ ਰੱਖਣ ਦਾ ਪ੍ਰਸਤਾਵ ਹੈ?**

ਉੱਤਰ.  101ਵੀਂ ਸੰਵਿਧਾਨਕ ਸੋਧ ਕਾਨੂੰਨ, 2016 ਵਿੱਚ ਸੋਧੇ ਅਨੁਸਾਰ ਸੰਵਿਧਾਨ ਦੀ ਧਾਰਾ 366(12ਏ); ਮਾਲ ਤੇ ਸੇਵਾਵਾਂ ਟੈਕਸ (ਜੀ.ਐੱਸ.ਟੀ.) ਨੂੰ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਉੱਤੇ, ਮਨੁੱਖੀ ਖਪਤ ਲਈ ਅਲਕੋਹਲ ਵਾਲੀ ਸ਼ਰਾਬ ਦੀ ਸਪਲਾਈ ਨੂੰ ਛੱਡ ਕੇ, ਇੱਕ ਟੈਕਸ ਵਜੋਂ ਪਰਿਭਾਸ਼ਿਤ ਕਰਦਾ ਹੈ। ਇਸ ਲਈ ਮਨੁੱਖੀ ਖਪਤ ਲਈ ਅਲਕੋਹਲ ਨੂੰ; ਸੰਵਿਧਾਨ ਵਿੱਚ ਜੀ.ਐੱਸ.ਟੀ. ਦੀ ਪਰਿਭਾਸ਼ਾ ਰਾਹੀਂ ਜੀ.ਐੱਸ.ਟੀ. ਤੋਂ ਬਾਹਰ ਰੱਖਿਆ ਜਾਂਦਾ ਹੈ। ਪੰਜ ਪੈਟਰੋਲੀਅਮ ਉਤਪਾਦ ਕੱਚਾ ਪੈਟਰੋਲੀਅਮ, ਮੋਟਰ ਸਪਿਰਿਟ (ਪੈਟਰੋਲ), ਤੇਜ਼ ਰਫ਼ਤਾਰ ਡੀਜ਼ਲ, ਕੁਦਰਤੀ ਗੈਸ ਅਤੇ ਹਵਾਈ ਟਰਬਾਈਨ ਈਂਧਨ ਨੂੰ ਆਰਜ਼ੀ ਤੌਰ ਉੱਤੇ ਬਾਹਰ ਰੱਖਿਆ ਗਿਆ ਹੈ ਅਤੇ ਜੀ.ਐੱਸ.ਟੀ. ਕੌਂਸਲ ਇਹ ਫ਼ੈਸਲਾ ਕਰੇਗੀ ਕਿ ਇਨ੍ਹਾਂ ਨੂੰ ਕਿਹੜੀ ਮਿਤੀ ਤੋਂ ਜੀ.ਐੱਸ.ਟੀ. ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਬਿਜਲੀ ਨੂੰ ਜੀ.ਐੱਸ.ਟੀ. ਤੋਂ ਬਾਹਰ ਰੱਖਿਆ ਗਿਆ ਹੈ।

**ਪ੍ਰਸ਼ਨ 6. ਜੀ.ਐਸ.ਟੀ. ਦੀ ਸ਼ੁਰੂਆਤ ਹੋਣ ਤੋਂ ਬਾਅਦ ਉਪਰੋਕਤ ਵਸਤਾਂ ਉੱਤੇ ਲੱਗਣ ਵਾਲੇ ਟੈਕਸ ਦੇ ਸਬੰਧ ਵਿੱਚ ਕੀ ਸਥਿਤੀ ਹੋਵੇਗੀ?**

ਉੱਤਰ. ਉਪਰੋਕਤ ਵਸਤਾਂ ਦੇ ਸਬੰਧ ਵਿੱਚ ਮੌਜੂਦਾ ਟੈਕਸੇਸ਼ਨ ਸਿਸਟਮ (ਵੈਟ ਅਤੇ ਕੇਂਦਰੀ ਐਕਸਾਈਜ਼) ਦੇ ਸਬੰਧ ਵਿੱਚ ਜਾਰੀ ਰਹੇਗਾ।

**ਪ੍ਰਸ਼ਨ 7. ਜੀ.ਐਸ.ਟੀ. ਸ਼ਾਸਨ ਵਿੱਚ ਤਮਾਕੂ ਅਤੇ ਤਮਾਕੂ ਉਤਪਾਦਾਂ ਦੀ ਕੀ ਸਥਿਤੀ ਰਹੇਗੀ?**

ਉੱਤਰ.  ਤਮਾਕੂ ਅਤੇ ਤਮਾਕੂ ਉਤਪਾਦ ਜੀ.ਐਸ.ਟੀ. ਅਧੀਨ ਆਉਣਗੇ। ਇਸ ਤੋਂ ਇਲਾਵਾ ਕੇਂਦਰ ਸਰਕਾਰ ਕੋਲ ਇਨ੍ਹਾਂ ਉਤਪਾਦਾਂ ਉੱਤੇ ਕੇਂਦਰੀ ਐਕਸਾਈਜ਼ ਡਿਊਟੀ ਵਸੂਲਣ ਦੇ ਅਧਿਕਾਰ ਹੋਣਗੇ।

**ਪ੍ਰਸ਼ਨ 8. ਕਿਸ ਕਿਸਮ ਦਾ ਜੀ.ਐਸ.ਟੀ. ਲਾਗੂ ਕੀਤਾ ਜਾਣਾ ਪ੍ਰਸਤਾਵਿਤ ਹੈ?**

ਉੱਤਰ. ਇਹ ਇੱਕ ਦੂਹਰਾ ਜੀ.ਐਸ.ਟੀ. ਹੋਵੇਗਾ, ਜਿਸ ਵਿੱਚ ਕੇਂਦਰ ਅਤੇ ਸੂਬੇ ਇੱਕੋ ਵੇਲੇ ਇਸ ਦੀ ਵਸੂਲੀ ਸਾਂਝੇ ਟੈਕਸ ਆਧਾਰ ਉੱਤੇ ਕਰਨਗੇ। ਇੱਕੋ ਰਾਜ ਅੰਦਰ ਹੋਣ ਵਾਲੀ ਮਾਲ ਤੇ/ਜਾਂ ਸੇਵਾਵਾਂ ਦੀ ਸਪਲਾਈ ਉੱਤੇ ਕੇਂਦਰ ਵੱਲੋਂ ਵਸੂਲੇ ਜਾਣ ਵਾਲੇ ਜੀ.ਐਸ.ਟੀ. ਨੂੰ ਕੇਂਦਰੀ ਜੀ.ਐਸ.ਟੀ. (ਸੀ.ਜੀ.ਐਸ.ਟੀ.) ਕਿਹਾ ਜਾਵੇਗਾ ਅਤੇ ਸੂਬਿਆਂ ਵੱਲੋਂ ਵਸੂਲੇ ਜਾਣ ਵਾਲੇ ਟੈਕਸ ਨੂੰ ਸੂਬਾਈ

ਜੀ.ਐਸ.ਟੀ. (ਐਸ.ਜੀ.ਐਸ.ਟੀ.)/ਯੂ.ਟੀ.ਜੀ.ਐੱਸ.ਟੀ. ਕਿਹਾ ਜਾਵੇਗਾ। ਇਸੇ ਤਰ੍ਹਾਂ ਕੇਂਦਰ ਵੱਲੋਂ ਮਾਲ ਅਤੇ ਸੇਵਾਵਾਂ ਦੀ ਹਰੇਕ ਅੰਤਰ-ਰਾਜੀ ਸਪਲਾਈ ਉੱਤੇ ਸੰਗਠਤ ਜੀ.ਐਸ.ਟੀ. (ਆਈ.ਜੀ.ਐਸ.ਟੀ.) ਦੀ ਵਸੂਲੀ ਕੀਤੀ ਜਾਵੇਗੀ।

**ਪ੍ਰਸ਼ਨ 9. ਦੂਹਰਾ ਜੀ.ਐਸ.ਟੀ. ਕਿਉਂ ਲੋੜੀਂਦਾ ਹੈ?**

ਉੱਤਰ. ਭਾਰਤ ਇੱਕ ਸੰਘੀ ਦੇਸ਼ ਹੈ, ਜਿੱਥੇ ਕੇਂਦਰ ਅਤੇ ਸੂਬਿਆਂ ਦੋਵਾਂ ਨੂੰ ਹੀ ਵਾਜਬ ਕਾਨੂੰਨਾਂ ਰਾਹੀਂ ਟੈਕਸ ਵਸੂਲੀ ਕਰਨ ਤੇ ਟੈਕਸ ਇਕੱਠਾ ਕਰਨ ਦੇ ਅਧਿਕਾਰ ਮਿਲੇ ਹੋਏ ਹਨ। ਸਰਕਾਰ ਦੇ ਦੋਵੇਂ ਪੱਧਰਾਂ ਦੀਆਂ, ਸੰਵਿਧਾਨ ਵਿੱਚ ਦਰਜ ਸ਼ਕਤੀਆਂ ਦੀ ਵੰਡ ਅਨੁਸਾਰ ਆਪੋ-ਆਪਣੀਆਂ ਵਿਲੱਖਣ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਲਈ ਉਨ੍ਹਾਂ ਨੂੰ ਸਰੋਤ ਤਿਆਰ ਕਰਨੇ ਹੁੰਦੇ ਹਨ। ਦੂਹਰਾ ਜੀ.ਐਸ.ਟੀ., ਇਸ ਪ੍ਰਕਾਰ, ਵਿੱਤੀ ਸੰਘਵਾਦ ਦੀ ਸੰਵਿਧਾਨਕ ਜ਼ਰੂਰਤ ਦਾ ਹੀ ਖ਼ਿਆਲ ਰੱਖੇਗਾ।

**ਪ੍ਰਸ਼ਨ 10. ਕਿਹੜੀ ਅਥਾਰਟੀ ਜੀ.ਐਸ.ਟੀ. ਦੀ ਵਸੂਲੀ ਕਰੇਗੀ ਤੇ ਉਸ ਦਾ ਪ੍ਰਬੰਧ ਵੇਖੇਗੀ?**

ਉੱਤਰ. ਕੇਂਦਰ ਸਰਕਾਰ ਸੀ.ਜੀ.ਐਸ.ਟੀ. ਅਤੇ ਆਈ.ਜੀ.ਐਸ.ਟੀ. ਦੀ ਵਸੂਲੀ ਕਰੇਗੀ ਅਤੇ ਉਸ ਦਾ ਪ੍ਰਬੰਧ ਵੇਖੇਗੀ, ਜਦ ਕਿ ਸਬੰਧ ਸੂਬੇ/ਕੇਂਦਰ ਸ਼ਾਸਤ ਪ੍ਰਦੇਸ਼ ਐਸ.ਜੀ.ਐਸ.ਟੀ./ਯੂ.ਟੀ.ਜੀ.ਐੱਸ.ਟੀ. ਦੀ ਵਸੂਲੀ ਕਰਨਗੇ ਅਤੇ ਉਸ ਦਾ ਪ੍ਰਬੰਧ ਵੇਖਣਗੇ।

**ਪ੍ਰਸ਼ਨ 11. ਪਿੱਛੇ ਜਿਹੇ ਜੀ.ਐਸ.ਟੀ. ਦੇ ਸੰਦਰਭ ਵਿੱਚ ਭਾਰਤ ਦੇ ਸੰਵਿਧਾਨ ਵਿੱਚ ਸੋਧ ਕਿਉਂ ਕੀਤੀ ਗਈ ਸੀ?**

ਉੱਤਰ. ਇਸ ਵੇਲੇ, ਕੇਂਦਰ ਅਤੇ ਸੂਬਿਆਂ ਵਿਚਾਲੇ ਵਿੱਤੀ ਸ਼ਕਤੀਆਂ ਸੰਵਿਧਾਨ ਵਿੱਚ ਸਪੱਸ਼ਟ ਤਰੀਕੇ ਨਿਰਧਾਰਤ ਕੀਤੀਆਂ ਗਈਆਂ ਹਨ, ਸਬੰਧਤ ਸ਼ਾਸਨਾਂ ਵਿਚਾਲੇ ਲਗਭਗ ਕਿਸੇ ਤਰ੍ਹਾਂ ਦੀ ਕੋਈ ਓਵਰਲੈਪ ਨਹੀਂ ਹੈ। ਕੇਂਦਰ ਸਰਕਾਰ ਕੋਲ ਵਸਤਾਂ ਭਾਵ ਮਾਲ (ਅਲਕੋਹਲ ਯੁਕਤ ਸ਼ਰਾਬ ਮਨੁੱਖੀ ਖਪਤ ਲਈ, ਅਫ਼ੀਮ, ਨਸ਼ੀਲੇ ਪਦਾਰਥਾਂ ਆਦਿ ਨੂੰ ਛੱਡ ਕੇ) ਦੇ ਨਿਰਮਾਣ ਉੱਤੇ ਟੈਕਸ ਵਸੂਲੀ ਦੇ ਅਧਿਕਾਰ ਹਨ, ਜਦ ਕਿ ਸੂਬਿਆਂ ਕੋਲ ਮਾਲ ਦੀ ਵਿਕਰੀ ਉੱਤੇ ਟੈਕਸ ਵਸੂਲੀ ਦੇ ਅਧਿਕਾਰ ਹਨ। ਅੰਤਰ-ਰਾਜੀ ਵਿਕਰੀਆਂ ਦੇ ਮਾਮਲੇ ਵਿੱਚ ਕੇਂਦਰ

ਕੋਲ ਟੈਕਸ ਵਸੂਲੀ (ਕੇਂਦਰੀ ਵਿਕਰੀ ਟੈਕਸ) ਦਾ ਅਧਿਕਾਰ ਹੈ, ਪਰ ਟੈਕਸ ਇਕੱਠਾ ਕੀਤਾ ਜਾਂਦਾ ਹੈ ਅਤੇ ਉਹ ਸਾਰੇ ਦਾ ਸਾਰਾ ਸੂਬਿਆਂ ਕੋਲ ਰਹਿ ਜਾਂਦਾ ਹੈ। ਸੇਵਾਵਾਂ ਦੇ ਮਾਮਲੇ ਵਿੱਚ, ਕੇਵਲ ਕੇਂਦਰ ਕੋਲ ਹੀ ਸੇਵਾ (ਸਰਵਿਸ) ਟੈਕਸ ਵਸੂਲੀ ਦਾ ਅਧਿਕਾਰ ਹੈ।

ਜੀ.ਐਸ.ਟੀ. ਦੀ ਸ਼ੁਰੂਆਤ ਲਈ ਸੰਵਿਧਾਨ ਵਿੱਚ ਸੋਧਾਂ ਦੀ ਜ਼ਰੂਰਤ ਸੀ, ਕਿ ਤਾਂ ਜੋ ਕੇਂਦਰ ਅਤੇ ਸੂਬਿਆਂ ਨੂੰ ਇੱਕੋ ਵਾਰੀ 'ਚ ਇਸ ਟੈਕਸ ਦੀ ਵਸੂਲੀ ਕਰਨ ਤੇ ਇਸ ਨੂੰ ਇਕੱਠਾ ਕਰਨ ਦੇ ਅਧਿਕਾਰ ਮਿਲ ਸਕਣ। ਭਾਰਤ ਦੇ ਸੰਵਿਧਾਨ ਵਿੱਚ ਇਸ ਉਦੇਸ਼ ਲਈ ਪਿੱਛੇ ਜਿਹੇ 'ਸੰਵਿਧਾਨ (ਇੱਕ ਸੌ ਇੱਕਵੀਂ ਸੋਧ) ਕਾਨੂੰਨ, 2016' ਰਾਹੀਂ ਸੋਧ ਕੀਤੀ ਗਈ ਹੈ। ਸੰਵਿਧਾਨ ਦੀ ਧਾਰਾ 246ਏ ਕੇਂਦਰ ਤੇ ਸੂਬਿਆਂ ਨੂੰ ਜੀ.ਐਸ.ਟੀ. ਦੀ ਵਸੂਲੀ ਕਰਨ ਤੇ ਉਸ ਨੂੰ ਇਕੱਠਾ ਕਰਨ ਦੇ ਅਧਿਕਾਰ ਦਿੰਦੀ ਹੈ।

**ਪ੍ਰਸ਼ਨ 12. ਮਾਲ ਤੇ ਸੇਵਾਵਾਂ ਦੇ ਇੱਕ ਖ਼ਾਸ ਲੈਣ-ਦੇਣ (ਟ੍ਰਾਂਜ਼ੈਕਸ਼ਨ) ਉੱਤੇ ਨਾਲੋ-ਨਾਲ (ਉਸੇ ਵੇਲੇ) ਕੇਂਦਰੀ ਜੀ.ਐਸ.ਟੀ. (ਸੀ.ਜੀ.ਐਸ.ਟੀ.) ਅਤੇ ਸੂਬਾਈ ਜੀ.ਐਸ.ਟੀ. (ਐਸ.ਜੀ.ਐਸ.ਟੀ.) ਅਧੀਨ ਟੈਕਸ ਕਿਵੇਂ ਲਾਇਆ ਜਾਵੇਗਾ?**

ਉੱਤਰ. ਛੋਟ ਪ੍ਰਾਪਤ ਮਾਲ ਤੇ ਸੇਵਾਵਾਂ ਅਤੇ ਜਿਹੜੀਆਂ ਵਸਤਾਂ (ਮਾਲ) ਜੀ.ਐਸ.ਟੀ. ਦੇ ਘੇਰੇ ਤੋਂ ਬਾਹਰ ਹਨ ਅਤੇ ਜਿਹੜੇ ਲੈਣ-ਦੇਣ ਨਿਰਧਾਰਤ ਸੀਮਾਵਾਂ ਤੋਂ ਹੇਠਾਂ (ਘੱਟ) ਹਨ, ਨੂੰ ਛੱਡ ਕੇ ਮਾਲ ਤੇ ਸੇਵਾਵਾਂ ਦੀ ਸਪਲਾਈ ਦੇ ਹਰੇਕ ਲੈਣ-ਦੇਣ ਉੱਤੇ ਕੇਂਦਰੀ ਜੀ.ਐਸ.ਟੀ. ਅਤੇ ਸੂਬਾਈ ਜੀ.ਐਸ.ਟੀ. ਦੀ ਵਸੂਲੀ ਨਾਲੋ-ਨਾਲ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਇਸ ਟੈਕਸ ਦੀ ਵਸੂਲੀ ਉਸੇ ਕੀਮਤ ਜਾਂ ਮੁੱਲ ਉੱਤੇ ਕੀਤੀ ਜਾਵੇਗੀ - ਇਹ ਗੱਲ ਸੂਬਾਈ ਵੈਟ ਤੋਂ ਉਲਟ ਹੈ, ਜਿਸ ਦੀ ਵਸੂਲੀ ਮਾਲ ਦੀ ਕੀਮਤ ਉੱਤੇ ਕੀਤੀ ਜਾਂਦੀ ਹੈ, ਜਿਸ ਵਿੱਚ ਸੇਨਵੈਟ (CENVAT) ਸ਼ਾਮਲ ਹੁੰਦਾ ਹੈ। ਜਦ ਕਿ ਸਪਲਾਇਰ ਅਤੇ ਦੇਸ਼ ਵਿੱਚ ਪ੍ਰਾਪਤਕਰਤਾ ਦਾ ਸਥਾਨ; ਸੀ.ਜੀ.ਐਸ.ਟੀ. ਦੇ ਉਦੇਸ਼ ਲਈ ਗ਼ੈਰ-ਜ਼ਰੂਰੀ ਹੋਵੇਗੀ, ਐਸ.ਜੀ.ਐਸ.ਟੀ. ਦੀ ਵਸੂਲੀ ਕੇਵਲ ਤਦ ਕੀਤੀ ਜਾਵੇਗੀ, ਜਦੋਂ ਸਪਲਾਇਰ ਅਤੇ ਪ੍ਰਾਪਤਕਰਤਾ ਦੋਵੇਂ ਇੱਕ ਸੂਬੇ ਵਿੱਚ ਸਥਿਤ ਹਨ।

ਉਦਾਹਰਨ 1: ਕਲਪਨਾ ਕਰਦਿਆਂ ਮੰਨ ਲਵੋ ਕਿ ਸੀ.ਜੀ.ਐਸ.ਟੀ. ਦੀ ਦਰ

10% ਹੈ ਅਤੇ ਐਸ.ਜੀ.ਐਸ.ਟੀ. ਦੀ ਦਰ 10% ਹੈ। ਜਦੋਂ ਉੱਤਰ ਪ੍ਰਦੇਸ਼ ਦਾ ਇੱਕ ਸਟੀਲ (ਇਸਪਾਤ) ਥੋਕ ਡੀਲਰ, ਮੰਨ ਲਵੋ, 100 ਰੁਪਏ ਮੁੱਲ ਦੀਆਂ ਸਟੀਲ ਦੀਆਂ ਛੜਾਂ ਅਤੇ ਰੌਡਜ਼ ਉਸੇ ਸੂਬੇ ਵਿੱਚ ਸਥਿਤ ਇੱਕ ਨਿਰਮਾਣ ਕੰਪਨੀ ਨੂੰ ਸਪਲਾਈ ਕਰਦਾ ਹੈ। ਡੀਲਰ ਇਸ ਲਈ ਮਾਲ ਦੀ ਆਧਾਰ ਕੀਮਤ ਤੋਂ ਇਲਾਵਾ 10 ਰੁਪਏ ਸੀ.ਜੀ.ਐਸ.ਟੀ. ਅਤੇ 10 ਰੁਪਏ ਐਸ.ਜੀ.ਐਸ.ਟੀ. ਵਸੂਲ ਕਰੇਗਾ। ਉਸ ਨੂੰ ਸੀ.ਜੀ.ਐਸ.ਟੀ. ਕੰਪੋਨੈਂਟ ਕੇਂਦਰ ਸਰਕਾਰ ਦੇ ਖਾਤੇ ਵੱਚ ਜਮ੍ਹਾ ਕਰਵਾਉਣਾ ਹੋਵੇਗਾ ਅਤੇ ਐਸ.ਜੀ.ਐਸ.ਟੀ. ਭਾਗ ਉਹ ਸਬੰਧਤ ਸਰਕਾਰ ਦੇ ਖਾਤੇ ਵਿੱਚ ਜਮ੍ਹਾ ਕਰਵਾਏਗਾ। ਬੇਸ਼ੱਕ, ਉਸ ਨੂੰ ਅਸਲ ਵਿੱਚ 20 ਰੁਪਏ (10 ਰੁਪਏ + 10 ਰੁਪਏ) ਨਕਦ ਜਮ੍ਹਾ ਕਰਵਾਉਣ ਦੀ ਲੋੜ ਨਹੀਂ ਹੋਵੇਗੀ ਕਿਉਂਕਿ ਉਹ ਆਪਣੀਆਂ ਖ਼ਰੀਦਦਾਰੀਆਂ (ਮੰਨ ਲਵੋ, ਇਨਪੁਟਸ) ਉੱਤੇ ਅਦਾ ਕੀਤੇ ਸੀ.ਜੀ.ਐਸ.ਟੀ. ਜਾਂ ਐਸ.ਜੀ.ਐਸ.ਟੀ. ਦੀ ਇਸ ਦੇਣਦਾਰੀ ਨੂੰ ਸੈੱਟ-ਔਫ਼ ਕਰਨ ਦਾ ਹੱਕਦਾਰ ਹੋਵੇਗਾ। ਪਰ ਸੀ.ਜੀ.ਐਸ.ਟੀ. ਦੀ ਅਦਾਇਗੀ ਲਈ ਉਸ ਨੂੰ ਆਪਣੀਆਂ ਖ਼ਰੀਦਦਾਰੀਆਂ ਉੱਤੇ ਅਦਾ ਕੀਤੇ ਸੀ.ਜੀ.ਐਸ.ਟੀ. ਦਾ ਕੇਵਲ ਕ੍ਰੈਡਿਟ ਵਰਤਣ ਦੀ ਇਜਾਜ਼ਤ ਹੋਵੇਗੀ, ਜਦ ਕਿ ਐਸ.ਜੀ.ਐਸ.ਟੀ. ਲਈ ਉਹ ਕੇਵਲ ਐਸ.ਜੀ.ਐਸ.ਟੀ. ਦੇ ਕ੍ਰੈਡਿਟ ਦਾ ਉਪਯੋਗ ਕਰ ਸਕੇਗਾ। ਦੂਜੇ ਸ਼ਬਦਾਂ ਵਿੱਚ, ਸੀ.ਜੀ.ਐਸ.ਟੀ. ਕ੍ਰੈਡਿਟ, ਆਮ ਤੌਰ ’ਤੇ, ਦੀ ਵਰਤੋਂ ਐਸ.ਜੀ.ਐਸ.ਟੀ. ਦੇ ਭੁਗਤਾਨ ਲਈ ਨਹੀਂ ਕੀਤੀ ਜਾ ਸਕਦੀ। ਨਾ ਹੀ ਐਸ.ਜੀ.ਐਸ.ਟੀ. ਕ੍ਰੈਡਿਟ ਦੀ ਵਰਤੋਂ ਸੀ.ਜੀ.ਐਸ.ਟੀ. ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ।

ਉਦਾਹਰਨ 2: ਇੱਕ ਵਾਰ ਫਿਰ ਕਲਪਨਾ ਕਰਦਿਆਂ ਮੰਨ ਲਵੋ ਕਿ ਸੀ.ਜੀ.ਐਸ.ਟੀ. 10% ਹੈ ਅਤੇ ਐਸ.ਜੀ.ਐਸ.ਟੀ. 10% ਹੈ। ਜਦੋਂ ਇੱਕ ਇਸ਼ਤਿਹਾਰ ਏਜੰਸੀ ਮੁੰਬਈ ’ਚ ਸਥਿਤ ਹੈ ਅਤੇ ਉਹ ਆਪਣੀਆਂ, ਮੰਨ ਲਵੋ 100 ਰੁਪਏ ਮੁੱਲ ਦੀਆਂ ਆਪਣੀਆਂ ਇਸ਼ਤਿਹਾਰਬਾਜ਼ੀ ਸੇਵਾਵਾਂ ਮਹਾਰਾਸ਼ਟਰ ਸੂਬੇ ਵਿੱਚ ਹੀ ਸਥਿਤ ਸਾਬਣ ਬਣਾਉਣ ਵਾਲੀ ਇੱਕ ਕੰਪਨੀ ਨੂੰ ਦਿੰਦੀ ਹੈ, ਉਹ ਇਸ਼ਤਿਹਾਰ ਕੰਪਨੀ ਆਪਣੀ ਸੇਵਾ ਦੀ ਆਧਾਰ ਕੀਮਤ ਉੱਤੇ 10 ਰੁਪਏ ਸੀ.ਜੀ.ਐਸ.ਟੀ. ਅਤੇ ਨਾਲ ਹੀ 10 ਰੁਪਏ ਐਸ.ਜੀ.ਐਸ.ਟੀ. ਵੀ ਵਸੂਲ ਕਰੇਗੀ।

ਉਸ ਨੂੰ ਸੀ.ਜੀ.ਐਸ.ਟੀ. ਕੰਪੋਨੈਂਟ ਕੇਂਦਰ ਸਰਕਾਰ ਦੇ ਖਾਤੇ ਵਿੱਚ ਜਮ੍ਹਾ ਕਰਵਾਉਣਾ ਹੋਵੇਗਾ, ਜਦ ਕਿ ਐਸ.ਜੀ.ਐਸ.ਟੀ. ਭਾਗ ਉਹ ਸਬੰਧਤ ਸੂਬਾ

ਸਰਕਾਰ ਦੇ ਖਾਤੇ ਵਿੱਚ ਜਮ੍ਹਾ ਕਰਵਾਏਗੀ। ਬੇਸ਼ੱਕ ਉਸ ਨੂੰ ਅਸਲ ਵਿੱਚ 20 ਰੁਪਏ (10 ਰੁਪਏ + 10 ਰੁਪਏ) ਨਕਦ ਅਦਾ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਹ ਆਪਣੀ ਖ਼ਰੀਦ (ਮੰਨ ਲਵੋ ਇਨਪੁਟਸ ਜਿਵੇਂ ਕਿ ਸਟੇਸ਼ਨਰੀ, ਦਫ਼ਤਰੀ ਉਪਕਰਨ, ਇੱਕ ਕਲਾਕਾਰ ਦੀਆਂ ਸੇਵਾਵਾਂ ਆਦਿ) ਉੱਤੇ ਅਦਾ ਕੀਤੇ ਸੀ.ਜੀ.ਐਸ.ਟੀ. ਜਾਂ ਐਸ.ਜੀ.ਐਸ.ਟੀ. ਉੱਤੇ ਬਣਦੀ ਇਸ ਦੇਣਦਾਰੀ ਨੂੰ ਸੈੱਟ-ਆੱਫ਼ ਕਰਨ ਦੀ ਹੱਕਦਾਰ ਹੋਵੇਗੀ। ਪਰ ਸੀ.ਜੀ.ਐਸ.ਟੀ. ਦੀ ਅਦਾਇਗੀ ਕਰਨ ਲਈ, ਉਸ ਨੂੰ ਆਪਣੀ ਖ਼ਰੀਦ ਉੱਤੇ ਅਦਾ ਕੀਤੇ ਕੇਵਲ ਸੀ.ਜੀ.ਐਸ.ਟੀ. ਦਾ ਕ੍ਰੈਡਿਟ ਵਰਤਣ ਦੀ ਇਜਾਜ਼ਤ ਹੋਵੇਗੀ, ਜਦ ਕਿ ਐਸ.ਜੀ.ਐਸ.ਟੀ. ਲਈ ਉਹ ਕੇਵਲ ਐਸ.ਜੀ.ਐਸ.ਟੀ. ਦੇ ਕ੍ਰੈਡਿਟ ਦਾ ਹੀ ਉਪਯੋਗ ਕਰ ਸਕਦੀ ਹੈ। ਦੂਜੇ ਸ਼ਬਦਾਂ ਵਿੱਚ, ਸੀ.ਜੀ.ਐਸ.ਟੀ. ਕ੍ਰੈਡਿਟ, ਆਮ ਤੌਰ 'ਤੇ, ਦੀ ਵਰਤੋਂ ਐਸ.ਜੀ.ਐਸ.ਟੀ. ਦੇ ਭੁਗਤਾਨ ਲਈ ਨਹੀਂ ਕੀਤੀ ਜਾ ਸਕਦੀ। ਨਾ ਹੀ ਐਸ.ਜੀ.ਐਸ.ਟੀ. ਕ੍ਰੈਡਿਟ ਦੀ ਵਰਤੋਂ ਸੀ.ਜੀ.ਐਸ.ਟੀ. ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 13. ਜੀ.ਐਸ.ਟੀ. ਤੋਂ ਦੇਸ਼ ਨੂੰ ਕੀ ਲਾਭ ਮਿਲਣਗੇ?**

ਉੱਤਰ. ਜੀ.ਐਸ.ਟੀ. ਦੀ ਸ਼ੁਰੂਆਤ ਭਾਰਤ ਦੇ ਅਸਿੱਧੇ ਟੈਕਸ ਸੁਧਾਰਾਂ ਦੇ ਖੇਤਰ ਵਿੱਚ ਇੱਕ ਬਹੁਤ ਅਹਿਮ ਕਦਮ ਹੋਵੇਗਾ। ਵੱਡੀ ਗਿਣਤੀ 'ਚ ਕੇਂਦਰੀ ਅਤੇ ਸੂਬਾਈ ਟੈਕਸਾਂ ਨੂੰ ਇੱਕ ਟੈਕਸ ਵਿੱਚ ਸ਼ਾਮਲ ਕਰ ਕੇ ਅਤੇ ਪੂਰਬਲੇ-ਪੜਾਅ ਦੇ ਟੈਕਸਾਂ ਦੀ ਸੈੱਟ-ਆੱਫ਼ ਦੀ ਇਜਾਜ਼ਤ ਦੇਣ ਨਾਲ 'ਕਾਸਕੇਡਿੰਗ' (ਤਰਤੀਬਵਾਰ ਕਈ ਟੈਕਸ) ਦੇ ਮਾੜੇ ਪ੍ਰਭਾਵ ਘਟਣਗੇ ਅਤੇ ਇੱਕ ਸਾਂਝੇ ਰਾਸ਼ਟਰੀ ਬਾਜ਼ਾਰ ਲਈ ਰਾਹ ਪੱਧਰਾ ਹੋਵੇਗਾ। ਖਪਤਕਾਰਾਂ ਲਈ, ਸਭ ਤੋਂ ਵੱਡਾ ਲਾਭ ਮਾਲ ਉੱਤੇ ਕੁੱਲ ਟੈਕਸ ਬੋਝ ਵਿੱਚ ਕਮੀ ਦੀਆਂ ਮੱਦਾਂ 'ਚ ਹੋਵੇਗਾ, ਜੋ ਕਿ ਇਸ ਵੇਲੇ ਲਗਭਗ 25%-30% ਹੈ। ਜੀ.ਐਸ.ਟੀ. ਦੀ ਸ਼ੁਰੂਆਤ ਨਾਲ ਸਾਡੇ ਉਤਪਾਦ ਘਰੇਲੂ ਅਤੇ ਕੌਮਾਂਤਰੀ ਬਾਜ਼ਾਰਾਂ/ਮੰਡੀਆਂ ਵਿੱਚ ਪ੍ਰਤੀਯੋਗੀ ਵੀ ਬਣਨਗੇ ਭਾਵ ਮੁਕਾਬਲੇ ਵਿੱਚ ਖਲੋਣ ਜੋਗੇ ਹੋਣਗੇ। ਅਧਿਐਨ ਦਰਸਾਉਂਦੇ ਹਨ ਕਿ ਇਸ ਨਾਲ ਆਰਥਿਕ ਵਿਕਾਸ ਵਿੱਚ ਤੁਰੰਤ ਵਾਧਾ ਹੋਵੇਗਾ। ਟੈਕਸ ਆਧਾਰ ਵਧਣ, ਵਪਾਰ ਦਾ ਆਕਾਰ ਵਧਣ ਅਤੇ ਟੈਕਸ ਪਾਲਣਾ ਵਿੱਚ ਸੁਧਾਰ ਨਾਲ ਕੇਂਦਰ ਅਤੇ ਸੂਬਿਆਂ ਨੂੰ ਵੀ ਆਮਦਨ ਦਾ ਲਾਭ ਮਿਲ ਸਕਦਾ ਹੈ। ਅੰਤ 'ਚ, ਇਹ ਟੈਕਸ ਕਿਉਂਕਿ ਪਾਰਦਰਸ਼ੀ ਚਰਿੱਤਰ ਵਾਲਾ ਹੈ, ਇਸ ਲਈ ਇਸ ਦਾ ਪ੍ਰਸ਼ਾਸਨ ਸੰਭਾਲਣਾ ਸੌਖਾ

ਹੋਵੇਗਾ।

**ਪ੍ਰਸ਼ਨ 14. ਆਈ.ਜੀ.ਐਸ.ਟੀ. ਕੀ ਹੈ?**

ਉੱਤਰ. ਜੀ.ਐਸ.ਟੀ. ਸ਼ਾਸਨ ਅਧੀਨ, ਇੱਕ ਸੰਗਠਤ ਜੀ.ਐਸ.ਟੀ. (ਆਈ.ਜੀ.ਐਸ.ਟੀ.) ਦੀ ਵਸੂਲੀ ਕੇਂਦਰ ਵੱਲੋਂ ਮਾਲ ਤੇ ਸੇਵਾਵਾਂ ਦੀ ਅੰਤਰ-ਰਾਜੀ ਸਪਲਾਈ ਉੱਤੇ ਕੀਤੀ ਜਾਵੇਗੀ। ਸੰਵਿਧਾਨ ਦੀ ਧਾਰਾ 269ਏ ਅਧੀਨ, ਅੰਤਰ-ਰਾਜੀ ਵਪਾਰ ਜਾਂ ਵਣਜ ਦੌਰਾਨ ਹੋਣ ਵਾਲੀਆਂ ਸਪਲਾਈਜ਼ ਉੱਤੇ ਜੀ.ਐਸ.ਟੀ. ਭਾਰਤ ਸਰਕਾਰ ਵੱਲੋਂ ਵਸੂਲਿਆ ਅਤੇ ਇਕੱਠਾ ਕੀਤਾ ਜਾਵੇਗਾ ਅਤੇ ਅਜਿਹੇ ਟੈਕਸ ਨੂੰ ਕੇਂਦਰ ਤੇ ਸੂਬਿਆਂ ਵਿਚਾਲੇ ਇਸ ਵਿਧੀ ਨਾਲ ਵੰਡਿਆ ਜਾਵੇਗਾ, ਜਿਵੇਂ ਕਿ 'ਗੁੱਡਜ਼ ਐਂਡ ਸਰਵਿਸੇਜ਼ ਟੈਕਸ ਕੌਂਸਲ' ਦੀਆਂ ਸਿਫ਼ਾਰਸ਼ਾਂ ਉੱਤੇ ਸੰਸਦ ਦੁਆਰਾ ਕਾਨੂੰਨ ਦੁਆਰਾ ਵਿਵਸਥਾ ਕੀਤੀ ਗਈ ਹੋ ਸਕਦੀ ਹੈ।

**ਪ੍ਰਸ਼ਨ 15. ਜੀ.ਐਸ.ਟੀ. ਦੀ ਵਸੂਲੀ ਦੀਆਂ ਦਰਾਂ ਬਾਰੇ ਫ਼ੈਸਲਾ ਕੌਣ ਲਵੇਗਾ?**

ਉੱਤਰ. ਸੀ.ਜੀ.ਐਸ.ਟੀ. ਅਤੇ ਐਸ.ਜੀ.ਐਸ.ਟੀ. ਦੀ ਵਸੂਲੀ ਉਨ੍ਹਾਂ ਦਰਾਂ ਉੱਤੇ ਕੀਤੀ ਜਾਵੇਗੀ, ਜਿਨ੍ਹਾਂ ਬਾਰੇ ਫ਼ੈਸਲਾ ਕੇਂਦਰ ਅਤੇ ਸੂਬਿਆਂ ਵੱਲੋਂ ਸਾਂਝੇ ਤੌਰ 'ਤੇ ਲਿਆ ਜਾਵੇਗਾ। ਦਰਾਂ ਦੀ ਅਧਿਸੂਚਨਾ ਜੀ.ਐਸ.ਟੀ. ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ ਕੀਤੀ ਜਾਵੇਗੀ।

**ਪ੍ਰਸ਼ਨ 16. ਜੀ.ਐਸ.ਟੀ. ਕੌਂਸਲ ਦੀ ਭੂਮਿਕਾ ਕੀ ਹੋਵੇਗੀ?**

ਉੱਤਰ. ਜੀ.ਐਸ.ਟੀ. ਕੌਂਸਲ ਦਾ ਗਠਨ ਕੀਤਾ ਜਾਵੇਗਾ, ਜਿਸ ਵਿੱਚ ਕੇਂਦਰੀ ਵਿੱਤ ਮੰਤਰੀ (ਜੋ ਕੌਂਸਲ ਦੇ ਚੇਅਰਮੈਨ ਹੋਣਗੇ), ਰਾਜ ਮੰਤਰੀ (ਮਾਲ) ਅਤੇ ਸੂਬਿਆਂ ਦੇ ਵਿੱਤ/ਟੈਕਸੇਸ਼ਨ ਮੰਤਰੀ ਸ਼ਾਮਲ ਹੋਣਗੇ, ਜੋ ਕੇਂਦਰ ਅਤੇ ਸੂਬਿਆਂ ਨੂੰ ਇਨ੍ਹਾਂ ਬਾਰੇ ਸਿਫ਼ਾਰਸ਼ਾਂ ਕਰਨਗੇ:

(i) ਕੇਂਦਰ, ਸੂਬਿਆਂ ਤੇ ਸਥਾਨਕ ਸਰਕਾਰਾਂ ਵੱਲੋਂ ਵਸੂਲ ਕੀਤੇ ਜਾਣ ਵਾਲੇ ਟੈਕਸ, ਸੈੱਸਜ਼ ਤੇ ਸਰਚਾਰਜਸ, ਜਿਨ੍ਹਾਂ ਨੂੰ ਜੀ.ਐਸ.ਟੀ. ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ;

(ii) ਉਹ ਮਾਲ (ਵਸਤਾਂ) ਅਤੇ ਸੇਵਾਵਾਂ, ਜਿਨ੍ਹਾਂ ਨੂੰ ਜੀ.ਐਸ.ਟੀ. ਤੋਂ ਛੋਟ ਦਿੱਤੀ ਜਾ ਸਕਦੀ ਹੈ;

(iii) ਉਹ ਮਿਤੀ, ਜਦੋਂ ਕੱਚੇ ਪੈਟਰੋਲੀਅਮ, ਤੇਜ਼ ਰਫ਼ਤਾਰ ਡੀਜ਼ਲ, ਮੋਟਰ

ਸਪਿਰਿਟ (ਆਮ ਤੌਰ ’ਤੇ ਜਿਸ ਨੂੰ ਪੈਟਰੋਲ ਕਹਿੰਦੇ ਹਨ), ਕੁਦਰਤੀ ਗੈਸ ਤੇ ਹਵਾਬਾਜ਼ੀ ਟਰਬਾਈਨ ਈਂਧਨ;

(iv) ਮਾੱਡਲ ਜੀ.ਐਸ.ਟੀ. ਕਾਨੂੰਨ, ਵਸੂਲੀ ਦੇ ਸਿਧਾਂਤ, ਆਈ.ਜੀ.ਐਸ.ਟੀ. ਦੀ ਭਾਗਬੰਦੀ ਅਤੇ ਉਹ ਸਿਧਾਂਤ ਜੋ ਸਪਲਾਈ ਦੇ ਸਿਧਾਂਤ ਨੂੰ ਸ਼ਾਸਿਤ ਕਰਦੇ ਹਨ;

(v) ਟਰਨਓਵਰ ਦੀ ਇੱਕ ਨਿਸ਼ਚਤ ਸੀਮਾ, ਜਿਸ ਤੋਂ ਹੇਠਾਂ ਮਾਲ ਤੇ ਸੇਵਾਵਾਂ ਨੂੰ ਜੀ.ਐਸ.ਟੀ. ਤੋਂ ਛੋਟ ਹੋ ਸਕਦੀ ਹੈ;

(vi) ਜੀ.ਐਸ.ਟੀ. ਦੇ ਬੈਂਡਜ਼ ਨਾਲ ਫ਼ਲੋਰ ਦਰਾਂ ਸਮੇਤ ਦਰਾਂ;

(vii) ਕਿਸੇ ਕੁਦਰਤੀ ਆਫ਼ਤ ਜਾਂ ਤਬਾਹੀ ਦੌਰਾਨ ਵਧੀਕ ਸਰੋਤ ਪੈਦਾ ਕਰਨ ਲਈ ਇੱਕ ਨਿਸ਼ਚਤ ਸਮੇਂ ਲਈ ਕੋਈ ਵਿਸ਼ੇਸ਼ ਦਰ ਜਾਂ ਦਰਾਂ;

(viii) ਉੱਤਰ-ਪੂਰਬੀ ਸੂਬਿਆਂ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੇ ਸਬੰਧ ਵਿੱਚ ਵਿਸ਼ੇਸ਼ ਵਿਵਸਥਾ; ਅਤੇ

(ix) ਜੀ.ਐਸ.ਟੀ. ਨਾਲ ਸਬੰਧਤ ਕੋਈ ਹੋਰ ਮਾਮਲਾ, ਜਿਵੇਂ ਕਿ ਕੌਂਸਲ ਫ਼ੈਸਲਾ ਕਰ ਸਕਦੀ ਹੈ।

**ਪ੍ਰਸ਼ਨ 17. ਜੀ.ਐਸ.ਟੀ. ਕੌਂਸਲ ਦਾ ਨਿਰਦੇਸ਼ਤ ਸਿਧਾਂਤ ਕੀ ਹੈ?**

ਉੱਤਰ. ਜੀ.ਐਸ.ਟੀ. ਕੌਂਸਲ ਦਾ ਪ੍ਰਬੰਧ ਕੇਂਦਰ ਅਤੇ ਸੂਬਿਆਂ ਦੇ ਨਾਲ-ਨਾਲ ਸੂਬਿਆਂ ਵਿਚਾਲੇ ਜੀ.ਐਸ.ਟੀ. ਦੇ ਵਿਭਿੰਨ ਪੱਖਾਂ ਦੀ ਇੱਕਸੁਰਤਾ ਨੂੰ ਯਕੀਨੀ ਬਣਾਏਗਾ। ਸੰਵਿਧਾਨ (ਇੱਕ ਸੌ ਇੱਕਵੀਂ ਸੋਧ) ਕਾਨੂੰਨ, 2016 ਵਿੱਚ ਵਿਵਸਥਾ ਦਿੱਤੀ ਗਈ ਹੈ ਕਿ ਜੀ.ਐਸ.ਟੀ. ਕੌਂਸਲ ਆਪਣੇ ਵਿਭਿੰਨ ਕਾਰਜ ਕਰਦੇ ਸਮੇਂ ਜੀ.ਐਸ.ਟੀ. ਦੇ ਇੱਕਸੁਰ ਢਾਂਚੇ ਦੀ ਲੋੜ ਅਤੇ ਮਾਲ ਤੇ ਸੇਵਾਵਾਂ ਦੇ ਇੱਕਸੁਰ ਰਾਸ਼ਟਰੀ ਬਾਜ਼ਾਰ ਦੇ ਵਿਕਾਸ ਦੁਆਰਾ ਨਿਰਦੇਸ਼ਿਤ ਹੋਵੇਗੀ।

**ਪ੍ਰਸ਼ਨ 18. ਜੀ.ਐਸ.ਟੀ. ਕੌਂਸਲ ਵੱਲੋਂ ਫ਼ੈਸਲੇ ਕਿਵੇਂ ਲਏ ਜਾਣਗੇ?**

ਉੱਤਰ. ਸੰਵਿਧਾਨ (ਇੱਕ ਸੌ ਇੱਕਵੀਂ ਸੋਧ) ਕਾਨੂੰਨ, 2016 ਦੀ ਵਿਵਸਥਾ ਅਨੁਸਾਰ ਜੀ.ਐਸ.ਟੀ. ਕੌਂਸਲ ਦਾ ਹਰੇਕ ਫ਼ੈਸਲਾ ਇੱਕ ਮੀਟਿੰਗ ਦੌਰਾਨ ਮੌਜੂਦ ਮੈਂਬਰਾਂ ਅਤੇ ਵੋਟਿੰਗ ਦੁਆਰਾ ਘੱਟ ਤੋਂ ਘੱਟ 3/4 ਵਜ਼ਨੀ ਵੋਟਾਂ ਦੀ ਬਹੁ-ਗਿਣਤੀ ਰਾਹੀਂ ਲਿਆ ਜਾਵੇਗਾ। ਕੇਂਦਰ ਸਰਕਾਰ ਦੀ ਵੋਟ ਦਾ ਵਜ਼ਨ ਪਈਆਂ

ਵੋਟਾਂ ਦਾ 1/3 ਹੋਵੇਗਾ ਅਤੇ ਸਾਰੀਆਂ ਸੂਬਾ ਸਰਕਾਰਾਂ ਵੱਲੋਂ ਮਿਲ ਕੇ ਪਾਈਆਂ ਵੋਟਾਂ ਦਾ ਵਜ਼ਨ ਉਸ ਮੀਟਿੰਗ 'ਚ ਪਈਆਂ ਕੁੱਲ ਵੋਟਾਂ ਦਾ 2/3 ਹਿੱਸਾ ਹੋਵੇਗਾ। ਜੀ.ਐਸ.ਟੀ. ਕੌਂਸਲ ਦੇ ਕੁੱਲ ਗਿਣਤੀ ਮੈਂਬਰਾਂ ਦਾ ਇੱਕ ਅੱਧ ਇਸ ਦੀਆਂ ਮੀਟਿੰਗਾਂ ਦਾ ਕੋਰਮ ਹੋਵੇਗਾ।

**ਪ੍ਰਸ਼ਨ 19. ਪ੍ਰਸਤਾਵਿਤ ਜੀ.ਐਸ.ਟੀ. ਸ਼ਾਸਨ ਅਧੀਨ ਕੌਣ ਜੀ.ਐਸ.ਟੀ. ਅਦਾ ਕਰਨ ਲਈ ਜ਼ਿੰਮੇਵਾਰ ਹੈ?**

ਉੱਤਰ. ਜੀ.ਐਸ.ਟੀ. ਸ਼ਾਸਨ ਅਧੀਨ, ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਉੱਤੇ ਟੈਕਸਯੋਗ ਵਿਅਕਤੀ ਵੱਲੋਂ ਟੈਕਸ ਅਦਾਇਗੀਯੋਗ ਹੈ। ਟੈਕਸ ਭੁਗਤਾਨ ਦੀ ਜ਼ਿੰਮੇਵਾਰੀ ਉਦੋਂ ਪੈਦਾ ਹੁੰਦੀ ਹੈ, ਜਦੋਂ ਟੈਕਸਯੋਗ ਵਿਅਕਤੀ ਛੋਟ ਦੀ ਨਿਰਧਾਰਤ ਸੀਮਾ ਭਾਵ 20 ਲੱਖ ਰੁਪਏ (ਉੱਤਰ-ਪੂਰਬੀ ਸੂਬਿਆਂ ਅਤੇ ਵਿਸ਼ੇਸ਼ ਵਰਗ ਵਾਲੇ ਸੂਬਿਆਂ ਲਈ 10 ਲੱਖ ਰੁਪਏ) ਨੂੰ ਪਾਰ ਕਰ ਜਾਂਦਾ ਹੈ; ਕੁਝ ਨਿਸ਼ਚਤ ਮਾਮਲਿਆਂ ਨੂੰ ਛੱਡ ਕੇ, ਜਿੱਥੇ ਟੈਕਸਯੋਗ ਵਿਅਕਤੀ ਜੀ.ਐਸ.ਟੀ. ਅਦਾ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ ਭਾਵੇਂ ਉਸ ਨੇ ਨਿਰਧਾਰਤ ਸੀਮਾ ਨੂੰ ਨਾ ਵੀ ਉਲੰਘਿਆ ਹੋਵੇ। ਇੱਕੋ ਸੂਬੇ ਅੰਦਰ ਮਾਲ ਅਤੇ/ਜਾਂ ਸੇਵਾਵਾਂ ਦੀ ਸਾਰੀ ਸਪਲਾਈ ਉੱਤੇ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਭੁਗਤਾਨਯੋਗ ਹੈ ਅਤੇ ਮਾਲ ਅਤੇ/ਜਾਂ ਸੇਵਾਵਾਂ ਦੀਆਂ ਸਾਰੀਆਂ ਅੰਤਰ-ਰਾਜੀ ਸਪਲਾਈ ਉੱਤੇ ਆਈ.ਜੀ.ਐਸ.ਟੀ. ਭੁਗਤਾਨਯੋਗ ਹੈ। ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਅਤੇ ਆਈ.ਜੀ.ਐਸ.ਟੀ. ਉਨ੍ਹਾਂ ਦਰਾਂ ਉੱਤੇ ਭੁਗਤਾਨਯੋਗ ਹਨ, ਜਿਵੇਂ ਕਿ ਸਬੰਧਤ ਕਾਨੂੰਨਾਂ ਦੀਆਂ ਅਨੁਸੂਚੀਆਂ ਵਿੱਚ ਨਿਰਧਾਰਤ ਹੈ।

**ਪ੍ਰਸ਼ਨ 20. ਜੀ.ਐਸ.ਟੀ. ਸ਼ਾਸਨ ਅਧੀਨ ਛੋਟੇ ਟੈਕਸਦਾਤਿਆਂ ਲਈ ਕੀ ਲਾਭ ਉਪਲਬਧ ਹਨ?**

ਉੱਤਰ. ਇੱਕ ਵਿੱਤੀ ਵਰ੍ਹੇ ਦੌਰਾਨ ਕੁੱਲ ਟਰਨਓਵਰ ਉੱਤੇ (20 ਲੱਖ ਰੁਪਏ ਅਤੇ ਉੱਤਰ-ਪੂਰਬੀ ਰਾਜਾਂ ਅਤੇ ਵਿਸ਼ੇਸ਼ ਵਰਗ ਦੇ ਰਾਜਾਂ ਲਈ 10 ਲੱਖ ਰੁਪਏ ਤੱਕ) ਟੈਕਸ ਤੋਂ ਛੋਟ ਹੋਵੇਗੀ। ਇਸ ਦੇ ਨਾਲ ਹੀ, ਅਜਿਹਾ ਕੋਈ ਵਿਅਕਤੀ, ਜਿਸ ਦੀ ਕੁੱਲ ਟਰਨਓਵਰ ਪਿਛਲੇ ਸਾਲ ਦੌਰਾਨ 50 ਲੱਖ ਰੁਪਏ ਤੋਂ ਘੱਟ ਰਹੀ ਹੈ, ਉਹ ਇੱਕ ਸਰਲੀਕ੍ਰਿਤ ਰਚਨਾ ਯੋਜਨਾ (ਸਿੰਪਲੀਫ਼ਾਈਡ ਕੰਪੋਜ਼ੀਸ਼ਨ ਸਕੀਮ) ਦਾ ਵਿਲਕਪ ਚੁਣ ਸਕੇਗਾ, ਜਿੱਥੇ ਕਿਸੇ ਰਾਜ ਵਿੱਚ ਟਰਨਓਵਰ ਉੱਤੇ ਰਿਆਇਤੀ

ਦਰ ਉੱਤੇ ਟੈਕਸ ਅਦਾਇਗੀਯੋਗ ਹੋਵੇਗਾ।

(ਕੁੱਲ ਟਰਨਓਵਰ ਵਿੱਚ ਸਾਰੀਆਂ ਟੈਕਸਯੋਗ ਸਪਲਾਈਜ਼, ਛੋਟ-ਪ੍ਰਾਪਤ ਸਪਲਾਈਜ਼ ਅਤੇ ਮਾਲ ਤੇ/ਜਾਂ ਸੇਵਾਵਾਂ ਦੀ ਬਰਾਮਦ ਦੀ ਕੁੱਲ ਕੀਮਤ ਸ਼ਾਮਲ ਹੋਵੇਗੀ ਅਤੇ ਟੈਕਸ ਭਾਵ ਜੀ.ਐਸ.ਟੀ. ਇਸ ਵਿੱਚ ਸ਼ਾਮਲ ਨਹੀਂ ਹੋਵੇਗਾ)। ਕੁੱਲ ਟਰਨਓਵਰ ਦੀ ਗਣਨਾ ਸਰਬ-ਹਿੰਦ ਆਧਾਰ ਉੱਤੇ ਕੀਤੀ ਜਾਵੇਗੀ। ਉੱਤਰ-ਪੂਰਬੀ ਸੂਬਿਆਂ ਅਤੇ ਸਿੱਕਿਮ ਲਈ ਛੋਟ ਦੀ ਨਿਰਧਾਰਤ ਸੀਮਾ (10 ਲੱਖ ਰੁਪਏ) ਹੋਵੇਗੀ। ਨਿਰਧਾਰਤ ਸੀਮਾ ਦੀ ਛੋਟ ਲਈ ਯੋਗ ਸਾਰੇ ਟੈਕਸ-ਦਾਤਿਆਂ ਕੋਲ ਇਨਪੁਟ ਟੈਕਸ ਕ੍ਰੈਡਿਟ (ਆਈ.ਟੀ.ਸੀ.) ਦੇ ਲਾਭਾਂ ਸਮੇਤ ਟੈਕਸ ਅਦਾ ਕਰਨ ਦਾ ਵਿਕਲਪ ਹੋਵੇਗਾ। ਅੰਤਰ-ਰਾਜੀ ਸਪਲਾਈਜ਼ ਕਰਨ ਵਾਲੇ ਜਾਂ ਰਿਵਰਸ ਚਾਰਜ ਆਧਾਰ ਉੱਤੇ ਟੈਕਸ ਭੁਗਤਾਨ ਕਰਨ ਵਾਲੇ ਟੈਕਸਦਾਤੇ ਇਸ ਨਿਰਧਾਰਤ ਸੀਮਾ ਦੀ ਛੋਟ ਲਈ ਯੋਗ ਨਹੀਂ ਹੋਣਗੇ।

**ਪ੍ਰਸ਼ਨ 21. ਜੀ.ਐਸ.ਟੀ. ਸ਼ਾਸਨ ਅਧੀਨ ਮਾਲ ਅਤੇ ਸੇਵਾਵਾਂ ਨੂੰ ਕਿਵੇਂ ਵਰਗੀਕ੍ਰਿਤ ਕੀਤਾ ਜਾਵੇਗਾ?**

ਉੱਤਰ. ਜੀ.ਐਸ.ਟੀ. ਸ਼ਾਸਨ ਅਧੀਨ ਵਸਤਾਂ ਭਾਵ ਮਾਲ ਦਾ ਵਰਗੀਕਰਨ ਲਈ ਐਚ.ਐਸ.ਐਨ. (ਪਰਿਭਾਸ਼ਕ ਸ਼ਬਦਾਵਲੀ ਦੀ ਇੱਕਸੁਰ ਪ੍ਰਣਾਲੀ - ਹਾਰਮੋਨਾਇਜ਼ਡ ਸਿਸਟਮ ਆੱਫ਼ ਨੋਮੈਨਕਲੇਚਰ) ਕੋਡ ਦੀ ਵਰਤੋਂ ਕੀਤੀ ਜਾਵੇਗੀ। ਟੈਕਸਦਾਤੇ, ਜਿਨ੍ਹਾਂ ਦੀ ਟਰਨਓਵਰ 1.5 ਕਰੋੜ ਰੁਪਏ ਤੋਂ ਵੱਧ ਪਰ 5 ਕਰੋੜ ਰੁਪਏ ਤੋਂ ਘੱਟ ਹੈ, ਉਹ 2 ਅੰਕਾਂ ਦਾ ਕੋਡ ਵਰਤਣਗੇ ਅਤੇ ਜਿਹੜੇ ਟੈਕਸਦਾਤਿਆਂ ਦੀ ਟਰਨਓਵਰ 5 ਕਰੋੜ ਰੁਪਏ ਅਤੇ ਉਸ ਤੋਂ ਵੱਧ ਹੈ, ਉਹ 4 ਅੰਕਾਂ ਦੇ ਕੋਡ ਦੀ ਵਰਤੋਂ ਕਰਨਗੇ। ਜਿਹੜੇ ਟੈਕਸਦਾਤਿਆਂ ਦੀ ਟਰਨਓਵਰ 1.5 ਕਰੋੜ ਰੁਪਏ ਤੋਂ ਘੱਟ ਹੈ, ਉਨ੍ਹਾਂ ਨੂੰ ਆਪਣੀਆਂ ਇਨਵੁਆਇਸਜ਼ ਵਿੱਚ ਐਚ.ਐਸ.ਐਨ. ਕੋਡ ਦਾ ਜ਼ਿਕਰ ਕਰਨ ਜਾਂ ਹਵਾਲਾ ਦੇਣ ਦੀ ਕੋਈ ਜ਼ਰੂਰਤ ਨਹੀਂ।

ਸੇਵਾਵਾਂ ਦਾ ਵਰਗੀਕਰਨ, 'ਸਰਵਿਸੇਜ਼ ਅਕਾਊਂਟਿੰਗ ਕੋਡ' (ਐਸ.ਏ.ਸੀ.) ਅਨੁਸਾਰ ਹੋਵੇਗਾ।

**ਪ੍ਰਸ਼ਨ 22. ਜੀ.ਐਸ.ਟੀ. ਅਧੀਨ ਦਰਾਮਦਾਂ ਉੱਤੇ ਟੈਕਸ ਕਿਵੇਂ ਲੱਗੇਗਾ?**

ਉੱਤਰ. ਮਾਲ ਅਤੇ ਸੇਵਾਵਾਂ ਦੀਆਂ ਦਰਾਮਦਾਂ ਨੂੰ ਅੰਤਰ-ਰਾਜੀ ਸਪਲਾਈਜ਼

ਮੰਨਿਆ ਜਾਵੇਗਾ ਅਤੇ ਦੇਸ਼ ਵਿੱਚ ਮਾਲ ਅਤੇ ਸੇਵਾਵਾਂ ਦੀ ਦਰਾਮਦ ਉੱਤੇ ਆਈ.ਜੀ.ਐਸ.ਟੀ. ਦੀ ਵਸੂਲੀ ਕੀਤੀ ਜਾਵੇਗੀ। ਟੈਕਸ ਦਾ ਲੱਗਣਾ, ਟਿਕਾਣਾ (ਡੈਸਟੀਨੇਸ਼ਨ) ਸਿਧਾਂਤ ਦੀ ਪਾਲਣਾ ਕਰੇਗਾ ਅਤੇ ਐਸ.ਜੀ.ਐਸ.ਟੀ. ਦੇ ਮਾਮਲੇ ਵਿੱਚ ਟੈਕਸ ਆਮਦਨ ਸੂਬੇ ਕੋਲ ਇਕੱਠੀ ਹੋਵੇਗੀ, ਜਿੱਥੇ ਦਰਾਮਦੀ ਮਾਲ ਤੇ ਸੇਵਾਵਾਂ ਦੀ ਖਪਤ ਹੋਈ ਹੈ।

ਮਾਲ ਅਤੇ ਸੇਵਾਵਾਂ ਦੀ ਦਰਾਮਦ ਉੱਤੇ ਅਦਾ ਕੀਤੇ ਜੀ.ਐਸ.ਟੀ. ਉੱਤੇ ਮੁਕੰਮਲ ਅਤੇ ਪੂਰਨ ਸੈੱਟ-ਆੱਫ਼ ਉਪਲਬਧ ਹੋਵੇਗਾ।

**ਪ੍ਰਸ਼ਨ 23. ਜੀ.ਐਸ.ਟੀ. ਅਧੀਨ ਬਰਾਮਦਾਂ ਨਾਲ ਕੀ ਵਿਵਹਾਰ ਹੋਵੇਗਾ?**

ਉੱਤਰ. ਬਰਾਮਦਾਂ ਨੂੰ 'ਜ਼ੀਰੋ ਰੇਟਡ ਸਪਲਾਈਜ਼' ਮੰਨਿਆ ਜਾਵੇਗਾ। ਮਾਲ ਜਾਂ ਸੇਵਾਵਾਂ ਦੀ ਬਰਾਮਦ ਉੱਤੇ ਕੋਈ ਟੈਕਸ ਅਦਾਇਗੀਯੋਗ ਨਹੀਂ ਹੋਵੇਗਾ, ਉਂਝ, ਇਨਪੁਟ ਟੈਕਸ ਕ੍ਰੈਡਿਟ ਦਾ ਕ੍ਰੈਡਿਟ ਉਪਲਬਧ ਹੋਵੇਗਾ ਅਤੇ ਉਸ ਦਾ ਲਾਭ ਬਰਾਮਦਕਾਰਾਂ ਲਈ ਰੀਫ਼ੰਡ ਵਜੋਂ ਉਪਲਬਧ ਹੋਵੇਗਾ। ਬਰਾਮਦਕਾਰ ਕੋਲ ਇੱਕ ਵਿਕਲਪ ਇਹ ਹੋਵੇਗਾ ਕਿ ਉਹ ਜਾਂ ਤਾਂ ਉਤਪਾਦਨ ਉੱਤੇ ਟੈਕਸ ਅਦਾ ਕਰ ਸਕੇਗਾ ਅਤੇ ਆਈ.ਜੀ.ਐੱਸ.ਟੀ. ਦਾ ਰੀਫ਼ੰਡ ਕਲੇਮ ਕਰ ਸਕੇਗਾ ਜਾਂ ਬਿਨਾ ਆਈ.ਜੀ.ਐੱਸ.ਟੀ. ਦਾ ਭੁਗਤਾਨ ਕੀਤਿਆਂ ਬਾਂਡ ਅਧੀਨ ਬਰਾਮਦ ਕਰ ਸਕੇਗਾ ਅਤੇ 'ਇਨਪੁਟ ਟੈਕਸ ਕ੍ਰੈਡਿਟ' (ਆਈ.ਟੀ.ਸੀ.) ਦਾ ਰੀਫ਼ੰਡ ਕਲੇਮ ਕਰ ਸਕੇਗਾ।

**ਪ੍ਰਸ਼ਨ 24. ਜੀ.ਐਸ.ਟੀ. ਅਧੀਨ ਕੰਪੋਜ਼ੀਸ਼ਨ ਯੋਜਨਾ ਦਾ ਖੇਤਰ ਕੀ ਹੈ?**

ਉੱਤਰ. ਇੱਕ ਵਿੱਤੀ ਸਾਲ ਵਿੱਚ (50 ਲੱਖ ਰੁਪਏ) ਤੱਕ ਦੀ ਕੁੱਲ ਟਰਨਓਵਰ ਵਾਲੇ ਛੋਟੇ ਟੈਕਸਦਾਤੇ ਕੰਪੋਜ਼ੀਸ਼ਨ ਲੇਵੀ ਲਈ ਯੋਗ ਹੋਣਗੇ। ਇਸ ਯੋਜਨਾ ਅਧੀਨ, ਇੱਕ ਟੈਕਸਦਾਤਾ ਸਾਲ ਦੌਰਾਨ ਦੀ ਆਪਣੀ ਟਰਨਓਵਰ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਆਈ.ਟੀ.ਸੀ. ਦੇ ਲਾਭ ਤੋਂ ਬਗ਼ੈਰ ਟੈਕਸ ਅਦਾ ਕਰੇਗਾ। ਸੀ.ਜੀ.ਐਸ.ਟੀ. ਅਤੇ ਐਸ.ਜੀ.ਐਸ.ਟੀ./ਯੂ.ਟੀ. ਜੀ.ਐਸ.ਟੀ. ਲਈ ਟੈਕਸ ਦੀ ਫ਼ਲੋਰ (ਘੱਟ ਤੋਂ ਘੱਟ) ਦਰ (1% ਨਿਰਮਾਤਾ ਲਈ ਅਤੇ ਹੋਰ ਮਾਮਲਿਆਂ ਵਿੱਚ 0.5%; ਅਨੁਸੂਚੀ II ਦੇ ਪੈਰਾ 6(ਬੀ) ਵਿੱਚ ਦਰਜ ਅਨੁਸਾਰ ਵਿਸ਼ੇਸ਼ ਸੇਵਾਵਾਂ - ਜਿਵੇਂ ਕਿ ਮਨੁੱਖੀ ਖਪਤ ਲਈ ਭੋਜਨ ਜਾਂ ਹੋਰ ਕੋਈ ਵਸਤੂ ਪਰੋਸਣਾ, ਲਈ 2.5%) ਤੋਂ ਘੱਟ ਨਹੀਂ ਹੋਵੇਗੀ।

ਕੰਪੋਜ਼ੀਸ਼ਨ ਲੇਵੀ ਦਾ ਵਿਕਲਪ ਚੁਣਨ ਵਾਲਾ ਇੱਕ ਟੈਕਸਦਾਤਾ ਆਪਣੇ ਗਾਹਕਾਂ ਤੋਂ ਟੈਕਸ ਇਕੱਠਾ ਨਹੀਂ ਕਰੇਗਾ। ਸਰਕਾਰ ਉਪਰੋਕਤ ਵਰਣਿਤ 50 ਲੱਖ ਰੁਪਏ ਦੀ ਸੀਮਾ ਜੀ.ਐੱਸ.ਟੀ. ਕੌਂਸਲ ਦੀ ਸਿਫ਼ਾਰਸ਼ ਨਾਲ ਇੱਕ ਕਰੋੜ ਰੁਪਏ ਤੱਕ ਵਧ ਸਕਦੀ ਹੈ।

ਅੰਤਰ-ਰਾਜੀ ਸਪਲਾਈਜ਼ ਕਰਨ ਵਾਲੇ ਜਾਂ ਸਰੋਤ ਉੱਤੇ ਟੈਕਸ ਇਕੱਠਾ ਕਰਨ ਵਾਲੇ ਈ-ਕਾਮਰਸ ਆੱਪਰੇਟਰਜ਼ ਰਾਹੀਂ ਸਪਲਾਈ ਕਰਨ ਵਾਲੇ ਟੈਕਸਦਾਤੇ ਕੰਪੋਜ਼ੀਸ਼ਨ ਯੋਜਨਾ ਲਈ ਯੋਗ ਨਹੀਂ ਹੋਣਗੇ।

**ਪ੍ਰਸ਼ਨ 25. ਕੀ ਕੰਪੋਜ਼ੀਸ਼ਨ ਯੋਜਨਾ ਵੈਕਲਪਿਕ ਹੋਵੇਗੀ ਜਾਂ ਲਾਜ਼ਮੀ?**

ਉੱਤਰ. ਵੈਕਲਪਿਕ।

**ਪ੍ਰਸ਼ਨ 26. ਜੀ.ਐਸ.ਟੀ.ਐਨ. ਕੀ ਹੈ ਅਤੇ ਜੀ.ਐਸ.ਟੀ. ਸ਼ਾਸਨ ਵਿੱਚ ਇਸ ਦੀ ਕੀ ਭੂਮਿਕਾ ਹੈ?**

ਉੱਤਰ. ਜੀ.ਐਸ.ਟੀ.ਐਨ. ਦਾ ਮਤਲਬ ਹੈ 'ਗੁੱਡਜ਼ ਐਂਡ ਸਰਵਿਸ ਟੈਕਸ ਨੈੱਟਵਰਕ' (ਜੀ.ਐਸ.ਟੀ.ਐਨ.)। ਜੀ.ਐਸ.ਟੀ.ਐਨ. ਨਾਂਅ ਦਾ ਇੱਕ 'ਵਿਸ਼ੇਸ਼ ਉਦੇਸ਼ ਵਾਹਨ'; ਜੀ.ਐਸ.ਟੀ. ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਸਥਾਪਤ ਕੀਤਾ ਗਿਆ ਹੈ। ਜੀ.ਐਸ.ਟੀ ਨੂੰ ਲਾਗੂ ਕਰਨ ਲਈ ਕੇਂਦਰ ਤੇ ਸੂਬਾ ਸਰਕਾਰਾਂ, ਟੈਕਸ ਦਾਤਿਆਂ ਅਤੇ ਹੋਰ ਸਬੰਧਤ ਧਿਰਾਂ ਨੂੰ ਜੀ.ਐਸ.ਟੀ.ਐਨ. ਇੱਕ ਸਾਂਝਾ ਆਈ.ਟੀ. ਬੁਨਿਆਦੀ ਢਾਂਚਾ ਅਤੇ ਸੇਵਾਵਾਂ ਪ੍ਰਦਾਨ ਕਰੇਗਾ।

ਜੀ.ਐਸ.ਟੀ.ਐਨ. ਦੇ ਕਾਰਜਾਂ ਵਿੱਚ ਹੋਰਨਾਂ ਤੋਂ ਇਲਾਵਾ, ਇਹ ਕਾਰਜ ਸ਼ਾਮਲ ਹੋਣਗੇ: (i) ਰਜਿਸਟਰੇਸ਼ਨ ਦੀ ਸੁਵਿਧਾ ਦੇਣਾ; (ii) ਰਿਟਰਨਾਂ ਨੂੰ ਕੇਂਦਰੀ ਤੇ ਸੂਬਾਈ ਅਥਾਰਟੀਜ਼ ਨੂੰ ਫ਼ਾਰਵਰਡ ਕਰਨਾ; (iii) ਆਈ.ਜੀ.ਐਸ.ਟੀ. ਦੀ ਗਣਨਾ ਤੇ ਸੈਟਲਮੈਂਟ; (iv) ਬੈਂਕਿੰਗ ਨੈੱਟਵਰਕ ਨਾਲ ਟੈਕਸ ਭੁਗਤਾਨ ਵੇਰਵਿਆਂ ਨੂੰ ਮੇਲਣਾ; (v) ਟੈਕਸਦਾਤਾ ਦੀ ਰਿਟਰਨ ਜਾਣਕਾਰੀ ਦੇ ਆਧਾਰ ਉੱਤੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਵਿਭਿੰਨ ਐਮ.ਆਈ.ਐਸ. ਰਿਪੋਰਟਾਂ ਪ੍ਰਦਾਨ ਕਰਨਾ; (vi) ਟੈਕਸਦਾਤਿਆਂ ਦੇ ਪ੍ਰੋਫ਼ਾਇਲ ਦਾ ਵਿਸ਼ਲੇਸ਼ਣ ਪ੍ਰਦਾਨ ਕਰਨਾ; ਅਤੇ (vii) ਇਨਪੁਟ ਟੈਕਸ ਕ੍ਰੈਡਿਟ ਨੂੰ ਮੇਲਣ, ਰਿਵਰਸਲ ਅਤੇ ਉਨ੍ਹਾਂ ਦੇ ਰੀਕਲੇਮ ਲਈ ਮੈਚਿੰਗ ਇੰਜਣ ਚਲਾਉਣਾ।

ਜੀ.ਐਸ.ਟੀ.ਐਨ. ਇੱਥ ਸਾਂਝਾ ਜੀ.ਐਸ.ਟੀ. ਪੋਰਟਲ ਅਤੇ ਰਜਿਸਟਰੇਸ਼ਨ,

ਭੁਗਤਾਨ, ਰਿਟਰਨ ਅਤੇ ਐਮ.ਆਈ.ਐਸ./ਰਿਪੋਰਟਾਂ ਲਈ ਐਪਲੀਕੇਸ਼ਨਜ਼ ਵਿਕਸਤ ਕਰ ਰਿਹਾ ਹੈ। ਜੀ.ਐਸ.ਟੀ.ਐਨ.; ਵਰਤਮਾਨ ਟੈਕਸ ਪ੍ਰਸ਼ਾਸਨ ਆਈ.ਟੀ. ਸਿਸਟਮਜ਼ ਨੂੰ ਸਾਂਝੇ ਜੀ.ਐਸ. ਪੋਰਟਲ ਨਾਲ ਵੀ ਸੰਗਠਤ ਕਰੇਗਾ ਅਤੇ ਟੈਕਸਦਾਤਿਆਂ ਲਈ ਇੰਟਰਫ਼ੇਸਜ਼ ਦਾ ਨਿਰਮਾਣ ਕਰੇਗਾ।

ਇਸ ਦੇ ਨਾਲ ਹੀ, ਜੀ.ਐਸ.ਟੀ.ਐਨ. 19 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ (ਮੱਾਡਲ II ਸੂਬੇ) ਲਈ ਮੁਲਾਂਕਣ, ਅੱਾਡਿਟ, ਰੀਫ਼ੰਡ, ਅਪੀਲ ਆਦਿ ਜਿਹੇ ਬੈਕ–ਐੱਡ ਮਾਡਿਯੂਲਜ਼ ਵਿਕਸਤ ਕਰ ਰਿਹਾ ਹੈ। ਸੀ.ਬੀ.ਈ.ਸੀ. ਅਤੇ ਮੱਾਡਲ 1 ਸੂਬੇ (15 ਸੂਬੇ) ਆਪਣੇ ਜੀ.ਐਸ.ਟੀ. ਬੈਕ–ਐੱਡ ਸਿਸਟਮ ਖ਼ੁਦ ਵਿਕਸਤ ਕਰ ਰਹੇ ਹਨ। ਬੈਕ–ਐੱਡ ਸਿਸਟਮਜ਼ ਦਾ ਜੀ.ਐਸ.ਟੀ. ਫ਼ਰੰਟ–ਐੱਡ ਸਿਟਮ ਨਾਲ ਗਠਨ ਬਹੁਤ ਪਹਿਲਾਂ ਮੁਕੰਮਲ ਕਰ ਕੇ ਉਸ ਨੂੰ ਪਰਖਣਾ ਹੋਵੇਗਾ, ਤਾਂ ਜੋ ਪਰਿਵਰਤਨ ਦੀ ਪ੍ਰਕਿਰਿਆ ਨਿਰਵਿਘਨ ਨੇਪਰੇ ਚੜ੍ਹ ਸਕੇ।

**ਪ੍ਰਸ਼ਨ 27. ਜੀ.ਐਸ.ਟੀ. ਸ਼ਾਸਨ ਅਧੀਨ ਵਿਵਾਦ ਕਿਵੇਂ ਹੱਲ ਕੀਤੇ ਜਾਣਗੇ?**

ਉੱਤਰ. ਸੰਵਿਧਾਨ (ਇੱਕ ਸੌ ਇੱਕਵੀਂ ਸੋਧ) ਕਾਨੂੰਨ, 2016 ਦੀ ਵਿਵਸਥਾ ਅਨੁਸਾਰ 'ਗੁੱਡਜ਼ ਐਂਡ ਸਰਵਿਸੇਜ਼ ਟੈਕਸ ਕੌਂਸਲ' ਕਿਸੇ ਵੀ ਵਿਵਾਦ ਦੇ ਨਿਆਂਇਕ ਫ਼ੈਸਲੇ ਲਈ ਇੱਕ ਪ੍ਰਬੰਧ ਸਥਾਪਤ ਕਰੇਗੀ –

(ੳ) ਭਾਰਤ ਸਰਕਾਰ ਅਤੇ ਇੱਕ ਜਾਂ ਵਧੇਰੇ ਸੂਬਿਆਂ ਵਿਚਾਲੇ; ਜਾਂ

(ਅ) ਭਾਰਤ ਸਰਕਾਰ ਅਤੇ ਕਿਸੇ ਸੂਬੇ ਵਿਚਾਲੇ ਜਾਂ ਸੂਬੇ ਇੱਕ ਪਾਸੇ ਅਤੇ ਇੱਕ ਜਾਂ ਹੋਰ ਸੂਬੇ ਦੂਜੇ ਪਾਸੇ; ਜਾਂ

(ੲ) ਦੋ ਜਾਂ ਵਧੇਰੇ ਸੂਬਿਆਂ ਵਿਚਾਲੇ,

ਇਹ ਵਿਵਾਦ ਕੌਂਸਲ ਦੀਆਂ ਸਿਫ਼ਾਰਸ਼ਾਂ ਜਾਂ ਉਨ੍ਹਾਂ ਨੂੰ ਲਾਗੂ ਕਰਨ ਦੇ ਮਾਮਲੇ ਵਿੱਚ ਹੋ ਸਕਦੇ ਹਨ।

**ਪ੍ਰਸ਼ਨ 28. ਕੰਪਲਾਇੰਸ ਰੇਟਿੰਗ ਮਕੈਨਿਜ਼ਮ (ਪਾਲਣਾ ਦਰਜਾਬੰਦੀ ਪ੍ਰਬੰਧ) ਦਾ ਉਦੇਸ਼ ਕੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 149 ਅਨੁਸਾਰ, ਹਰੇਕ ਰਜਿਸਟਰਡ ਵਿਅਕਤੀ ਨੂੰ ਵਿਸ਼ੇਸ਼ ਮਾਪਦੰਡਾਂ ਦੇ ਸਬੰਧ ਵਿੱਚ ਪਾਲਣਾ ਦੇ ਰਿਕਾਰਡ ਉੱਤੇ ਆਧਾਰਤ ਇੱਕ ਪਾਲਣਾ ਦਰਜਾਬੰਦੀ (ਕੰਪਲਾਇੰਸ

ਰੇਟਿੰਗ) ਦਿੱਤੀ ਜਾਵੇਗੀ। ਅਜਿਹੀਆਂ ਦਰਜਾਬੰਦੀਆਂ ਜਨਤਕ ਡੋਮੇਨ ਵਿੱਚ ਵੀ ਰੱਖੀਆਂ ਜਾਣਗੀਆਂ। ਇੱਕ ਸੰਭਾਵੀ ਗਾਹਕ; ਸਪਲਾਇਰ ਦੀਆਂ ਕੰਪਲਾਇੰਸ ਰੇਟਿੰਗਜ਼ ਵੇਖ ਸਕੇਗਾ ਅਤੇ ਇਹ ਫ਼ੈਸਲਾ ਲੈ ਸਕੇਗਾ ਕਿ ਕਿਸੇ ਵਿਸ਼ੇਸ਼ ਸਪਲਾਇਰ ਨਾਲ ਕੋਈ ਸੌਦਾ ਕਰਨਾ ਹੈ ਜਾਂ ਨਹੀਂ। ਇਸ ਨਾਲ ਟੈਕਸਯੋਗ ਵਿਅਕਤੀਆਂ ਵਿਚਾਲੇ ਸਿਹਤਮੰਦ ਮੁਕਾਬਲਾ ਪੈਦਾ ਹੋਵੇਗਾ।

**ਪ੍ਰਸ਼ਨ 29. ਕੀ ਕਾਰਵਾਈਯੋਗ ਦਾਅਵਿਆਂ ਉੱਤੇ ਜੀ.ਐੱਸ.ਟੀ. ਲੱਗੇਗਾ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 2(52) ਅਨੁਸਾਰ ਕਾਰਵਾਈਯੋਗ ਦਾਅਵਿਆਂ ਨੂੰ ਵਸਤਾਂ ਵਜੋਂ ਵਿਚਾਰਿਆ ਜਾਵੇਗਾ। ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ ਸੱਤ ਨਾਲ ਪੜ੍ਹੀ ਜਾਣ ਵਾਲੀ ਅਨੁਸੂਚੀ III ਵਿੱਚ ਉਨ੍ਹਾਂ ਗਤੀਵਿਧੀਆਂ ਜਾਂ ਲੈਣ-ਦੇਣਾਂ ਦੀ ਸੂਚੀ ਸ਼ਾਮਲ ਹੈ ਜਿਨ੍ਹਾਂ ਨੂੰ ਨਾ ਤਾਂ ਮਾਲ/ਵਸਤਾਂ ਦੀ ਸਪਲਾਈ ਮੰਨਿਆ ਜਾਵੇਗਾ ਅਤੇ ਨਾ ਹੀ ਸੇਵਾਵਾਂ ਦੀ ਸਪਲਾਈ। ਇਸ ਅਨੁਸੂਚੀ ਵਿੱਚ ਲਾਟਰੀ, ਸ਼ਰਤਬਾਜ਼ੀ ਤੇ ਜੂਏਬਾਜ਼ੀ ਤੋਂ ਇਲਾਵਾ ਅਜਿਹੇ ਇੱਕ ਲੈਣ-ਦੇਣ ਵਜੋਂ ਲੈਣ-ਦੇਣਾਂ ਦੀ ਸੂਚੀ ਹੈ। ਇਸ ਪ੍ਰਕਾਰ ਕੇਵਲ ਲਾਟਰੀ, ਸ਼ਰਤਬਾਜ਼ੀ ਤੇ ਜੂਏਬਾਜ਼ੀ ਨੂੰ ਜੀ.ਐੱਸ.ਟੀ. ਸ਼ਾਸਨ ਅਧੀਨ ਸਪਲਾਈਜ਼ ਮੰਨਿਆ ਜਾਵੇਗਾ। ਹੋਰ ਸਾਰੇ ਕਾਰਵਾਈਯੋਗ ਕਲੇਮਜ਼ ਸਪਲਾਈਜ਼ ਨਹੀਂ ਹੋਣਗੇ।

**ਪ੍ਰਸ਼ਨ 30. ਕੀ ਸਕਿਓਰਿਟੀਜ਼ ਦਾ ਲੈਣ-ਦੇਣ ਜੀ.ਐੱਸ.ਟੀ. ਵਿੱਚ ਟੈਕਸਯੋਗ ਹੋਵੇਗਾ?**

ਉੱਤਰ. ਸਕਿਓਰਿਟੀਜ਼ ਨੂੰ ਖ਼ਾਸ ਤੌਰ ਉੱਤੇ ਮਾਲ ਤੇ ਸੇਵਾਵਾਂ ਦੀ ਪਰਿਭਾਸ਼ਾ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇਸ ਪ੍ਰਕਾਰ, ਸਕਿਓਰਿਟੀਜ਼ ਵਿੱਚ ਲੈਣ-ਦੇਣ ਉੱਤੇ ਜੀ.ਐਸ.ਟੀ. ਨਹੀਂ ਲੱਗੇਗਾ।

**ਪ੍ਰਸ਼ਨ 31. ਸੂਚਨਾ ਰਿਟਰਨ ਦੀ ਕੀ ਧਾਰਨਾ ਹੈ?**

ਉੱਤਰ. ਸੂਚਨਾ ਰਿਟਰਨ; ਸੁਤੰਤਰ ਤੀਜੀ ਧਿਰ ਦੇ ਸਰੋਤਾਂ ਤੋਂ ਹਾਸਲ ਕੀਤੀ ਸੂਚਨਾ/ਜਾਣਕਾਰੀ ਰਾਹੀਂ ਰਜਿਸਟਰਡ ਵਿਅਕਤੀਆਂ ਦੇ ਪਾਲਣਾ ਦੇ ਪੱਧਰਾਂ ਦੀ ਪੁਸ਼ਟੀ ਕਰਨ ਦੇ ਵਿਚਾਰ ਉੱਤੇ ਆਧਾਰਤ ਹੈ। ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 150 ਅਨੁਸਾਰ, ਬਹੁਤ ਸਾਰੀਆਂ ਅਥਾਰਟੀਜ਼ ਜੋ ਰਜਿਸਟਰੇਸ਼ਨ ਦੇ ਰਿਕਾਰਡਾਂ ਜਾਂ ਅਕਾਊਂਟਸ

ਦੀ ਸਟੇਟਮੈਂਟ ਜਾਂ ਕਿਸੇ ਨਿਯਤਕਾਲਿਕ ਰਿਟਰਨ ਜਾਂ ਟੈਕਸ ਦੇ ਭੁਗਤਾਨ ਨਾਲ ਸਬੰਧਤ ਵੇਰਵਿਆਂ ਵਾਲੇ ਦਸਤਾਵੇਜ਼ ਤੇ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੇ ਲੈਣ-ਦੇਣ ਦੇ ਹੋਰ ਵੇਰਵਿਆਂ ਜਾਂ ਬੈਂਕ ਖਾਤੇ ਨਾਲ ਸਬੰਧਤ ਲੈਣ-ਦੇਣਾਂ ਜਾਂ ਬਿਜਲੀ ਦੀ ਖਪਤ ਜਾਂ ਖ਼ਰੀਦ, ਵੇਚ ਦੇ ਲੈਣ-ਦੇਣ ਜਾਂ ਵਸਤਾਂ ਜਾਂ ਕਿਸੇ ਲਾਗੂ ਕਾਨੂੰਨ ਅਧੀਨ ਕਿਸੇ ਸੰਪਤੀ ਦੇ ਆਦਾਨ-ਪ੍ਰਦਾਨ ਜਾਂ ਕਿਸੇ ਸੰਪਤੀ ਵਿੱਚ ਅਧਿਕਾਰ ਜਾਂ ਵਿਆਜ ਦੇ ਵੇਰਵਿਆਂ ਦਾ ਰੱਖ-ਰਖਾਅ ਰੱਖਣ ਲਈ ਜ਼ਿੰਮੇਵਾਰ ਹਨ; ਨੂੰ ਅਜਿਹੀਆਂ ਮਿਆਦਾਂ ਦੇ ਸਬੰਧ ਵਿੱਚ ਇਨ੍ਹਾਂ ਦੀ ਇੱਕ ਸੂਚਨਾ ਰਿਟਰਨ ਕਾਨੂੰਨੀ ਤੌਰ ਉੱਤੇ ਜ਼ਰੂਰ ਹੀ, ਅਜਿਹੇ ਸਮੇਂ ਦੇ ਅੰਦਰ, ਅਜਿਹੇ ਫ਼ਾਰਮ ਵਿੱਚ ਅਤੇ ਢੰਗ ਨਾਲ ਅਜਿਹੀ ਅਥਾਰਟੀ ਜਾਂ ਏਜੰਸੀ ਜੋ ਨਿਰਧਾਰਤ ਹੋ ਸਕਦੀ ਹੈ, ਭਰਨੀ ਹੋਵੇਗੀ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਸੈਕਸ਼ਨ 123 ਅਨੁਸਾਰ ਜੁਰਮਾਨਾ ਲੱਗ ਸਕਦਾ ਹੈ।

**ਪ੍ਰਸ਼ਨ 32. ਵਿਭਿੰਨ ਕੰਪਨੀਆਂ ਕੋਲ ਵੱਖੋ-ਵੱਖਰੀਆਂ ਕਿਸਮਾਂ ਦੇ ਅਕਾਊਂਟਿੰਗ ਸੱਫ਼ਟਵੇਅਰ ਪੈਕੇਜਸ ਹੁੰਦੇ ਹਨ ਅਤੇ ਰਿਕਾਰਡ ਰੱਖਣ ਲਈ ਕਾਨੂੰਨੀ ਤੌਰ ਉੱਤੇ ਕੋਈ ਵਿਸ਼ੇਸ਼ ਫ਼ਾਰਮੈਟ ਨਿਰਧਾਰਤ ਨਹੀਂ ਹੈ। ਵਿਭਾਗ ਇਨ੍ਹਾਂ ਗੁੰਝਲਦਾਰ ਸੱਫ਼ਟਵੇਅਰਜ਼ ਨੂੰ ਪੜ੍ਹਨ ਦੇ ਕਿਵੇਂ ਯੋਗ ਹੋਵੇਗਾ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 153 ਅਨੁਸਾਰ, ਕਿਸੇ ਮਾਮਲੇ ਦੀ ਪ੍ਰਕਿਰਤੀ ਤੇ ਗੁੰਝਲ ਦੇ ਸਬੰਧ ਵਿੱਚ ਅਤੇ ਰੈਵੇਨਿਊ ਦੇ ਹਿਤ ਵਿੱਚ, ਵਿਭਾਗ ਕਿਸੇ ਤਰ੍ਹਾਂ ਦੀ ਪਰਖ-ਪੜਚੋਲ, ਜਾਂਚ, ਖੋਜ ਜਾਂ ਕਿਸੇ ਹੋਰ ਕਾਰਵਾਈਆਂ ਲਈ ਕਿਸੇ ਮਾਹਿਰ ਦੀ ਸਹਾਇਤਾ ਲੈ ਸਕਦਾ ਹੈ।

**ਪ੍ਰਸ਼ਨ 33. ਕੀ ਪ੍ਰਾਪਤਕਰਤਾ ਵੱਲੋਂ ਮੋੜੀਆਂ ਗਈਆਂ ਵਸਤਾਂ ਦੇ ਟੈਕਸ-ਵਿਵਹਾਰ ਲਈ ਜੀ.ਐੱਸ.ਟੀ. ਵਿੱਚ ਕੋਈ ਵਿਵਸਥਾ ਹੈ?**

ਉੱਤਰ. ਜੀ ਹਾਂ, ਸੈਕਸ਼ਨ 34 ਅਜਿਹੀਆਂ ਸਥਿਤੀਆਂ ਨਾਲ ਨਿਪਟਦਾ ਹੈ। ਜਿੱਥੇ ਸਪਲਾਈ ਕੀਤੀਆਂ ਵਸਤਾਂ/ਮਾਲ ਕੋਈ ਪ੍ਰਾਪਤਕਰਤਾ ਵਾਪਸ ਕਰ ਦਿੰਦਾ ਹੈ, ਤਾਂ ਰਜਿਸਟਰਡ ਵਿਅਕਤੀ (ਮਾਲ ਦਾ ਸਪਲਾਇਰ) ਇੱਕ ਪ੍ਰਾਪਤਕਰਤਾ ਨੂੰ ਇੱਕ ਕ੍ਰੈਡਿਟ ਨੋਟ ਜਾਰੀ ਕਰ ਸਕਦਾ ਹੈ, ਜਿਸ ਵਿੱਚ ਨਿਰਧਾਰਤ ਵੇਰਵੇ ਦਰਜ ਹੋਣਗੇ। ਕ੍ਰੈਡਿਟ ਨੋਟ ਦੇ ਵੇਰਵੇ ਸਪਲਾਇਰ ਵੱਲੋਂ ਉਸ ਮਹੀਨੇ ਦੀਆਂ ਰਿਟਰਨਜ਼ ਵਿੱਚ ਐਲਾਨੇ ਜਾਣਗੇ, ਜਿਸ ਮਹੀਨੇ ਦੌਰਾਨ ਅਜਿਹਾ ਕ੍ਰੈਡਿਟ ਨੋਟ ਜਾਰੀ ਕੀਤਾ

ਗਿਆ ਸੀ ਪਰ ਇਹ ਉਸ ਸਾਲ ਦੇ ਖ਼ਤਮ ਹੋਣ ਤੋਂ ਬਾਅਦ ਸਤੰਬਰ ਤੋਂ ਪਿੱਛੋਂ ਨਹੀਂ ਹੋਣਾ ਚਾਹੀਦਾ, ਜਿਸ ਸਾਲ ਵਿੱਚ ਅਜਿਹੀ ਸਪਲਾਈ ਕੀਤੀ ਗਈ ਸੀ ਜਾਂ ਵਾਜਬ ਸਾਲਾਨਾ ਰਿਟਰਨ ਭਰਨ ਦੀ ਮਿਤੀ ਤੋਂ ਬਾਅਦ ਅਜਿਹਾ ਨਹੀਂ ਹੋਣਾ ਚਾਹੀਦਾ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ। ਕ੍ਰੈਡਿਟ ਨੋਟ ਦੇ ਵੇਰਵੇ ਪ੍ਰਾਪਤਕਰਤਾ ਵੱਲੋਂ ਉਸੇ ਟੈਕਸ ਮਿਆਦ ਜਾਂ ਬਾਅਦ ਦੀ ਕਿਸੇ ਟੈਕਸ ਮਿਆਦ ਲਈ ਆਪਣੀ ਵੈਧ ਰਿਟਰਨ ਵਿੱਚ ਇਨਪੁਟ ਟੈਕਸ ਕ੍ਰੈਡਿਟ ਲਈ ਕੀਤੇ ਦਾਅਵੇ ਵਿੱਚ ਸਬੰਧਤ ਕਮੀ ਨਾਲ ਮੇਲਿਆ ਜਾਵੇਗਾ ਅਤੇ ਸਪਲਾਇਰ ਵੱਲੋਂ ਉਤਪਾਦਨ ਟੈਕਸ ਦੇਣਦਾਰੀ ਵਿੱਚ ਕਮੀ ਲਈ ਕੀਤੇ ਦਾਅਵੇ ਨੂੰ ਪ੍ਰਾਪਤਕਰਤਾ ਵੱਲੋਂ ਆਾਈ.ਟੀ.ਸੀ. ਲਈ ਦਾਅਵੇ ਵਿੱਚ ਸਬੰਧਤ ਕਮੀ ਨਾਲ ਜੋ ਮੇਲ ਖਾਵੇਗਾ, ਉਹੀ ਅੰਤ ਵਿੱਚ ਪ੍ਰਵਾਨ ਹੋਵੇਗਾ ਅਤੇ ਦੋਵੇਂ ਧਿਰਾਂ ਨੂੰ ਉਸ ਬਾਰੇ ਸੂਚਿਤ ਕੀਤਾ ਜਾਵੇਗਾ।

**ਪ੍ਰਸ਼ਨ 34. ਮੁਨਾਫ਼ਾ-ਵਿਰੋਧੀ ਕਦਮ ਕੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 171 ਅਨੁਸਾਰ, ਦਮਾਲ ਜਾਂ ਸੇਵਾਵਾਂ ਦੀ ਕਿਸੇ ਸਪਲਾਈ ਉੱਤੇ ਟੈਕਸ ਦੀ ਦਰ ਵਿੱਚ ਕੋਈ ਕਮੀ ਜਾਂ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਕੀਮਤਾਂ ਵਿੱਚ ਸਮਾਨ ਕਮੀ ਦੇ ਢੰਗ ਰਾਹੀਂ ਪ੍ਰਾਪਤਕਰਤਾ ਨੂੰ ਵੀ ਦਿੱਤਾ ਜਾਵੇਗਾ। ਸਰਕਾਰ ਵੱਲੋਂ ਇਹ ਨਿਰੀਖਣ ਕਰਨ ਲਈ ਇੱਕ ਅਥਾਰਟੀ ਦਾ ਗਠਨ ਕੀਤਾ ਜਾ ਸਕਦਾ ਹੈ, ਕਿ ਕਿਸੇ ਰਜਿਸਟਰਡ ਵਿਅਕਤੀ ਵੱਲੋਂ ਲਏ ਇਨਪੁਟੈ ਟੈਕਸ ਕ੍ਰੈਡਿਟਸ ਦੇ ਲਾਭ ਜਾਂ ਟੈਕਸ ਦਰ ਵਿੱਚ ਕਰਵਾਈ ਕਮੀ ਸੱਚਮੁਚ ਉਸ ਵੱਲੋਂ ਸਪਲਾਈ ਕੀਤੇ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਕੀਮਤ ਵਿੱਚ ਕਮੀ ਦੇ ਸਮਾਨ ਕਾਰਨ ਵਾਪਰੀ ਹੈ।

# ਟੈਕਸ ਵਸੂਲੀ ਤੇ ਉਸ ਤੋਂ ਛੋਟ

# ਟੈਕਸ ਵਸੂਲੀ ਤੇ ਉਸ ਤੋਂ ਛੋਟ

**ਪ੍ਰਸ਼ਨ 1. ਜੀ.ਐਸ.ਟੀ. ਵਸੂਲੀ ਦਾ ਅਧਿਕਾਰ ਕਿੱਥੋਂ ਲਿਆ ਗਿਆ?**

ਉੱਤਰ: ਸੰਵਿਧਾਨ ਦਾ ਅਨੁਛੇਦ 246ਏ, ਜੋ ਸੰਵਿਧਾਨ (101ਵੀਂ ਸੋਧ) ਕਾਨੂੰਨ, 2016 ਦੁਆਰਾ ਪੇਸ਼ ਕੀਤਾ ਗਿਆ ਸੀ, ਤੋਂ ਸੰਸਦ ਅਤੇ ਸੂਬਾਈ ਵਿਧਾਨ ਸਭਾਵਾਂ ਦੋਵਾਂ ਨੂੰ ਹੀ ਜੀ.ਐਸ.ਟੀ. ਨਾਲ ਸਬੰਧਤ ਕਾਨੂੰਨ ਬਣਾਉਣ ਦੇ ਅਧਿਕਾਰ ਨਾਲੋ-ਨਾਲ ਦਿੰਦਾ ਹੈ ਭਾਵ ਕੇਂਦਰੀ ਟੈਕਸ (ਸੀ.ਜੀ.ਐੱਸ.ਟੀ.) ਅਤੇ ਸੂਬਾਈ ਟੈਕਸ (ਐੱਸ.ਜੀ.ਐੱਸ.ਟੀ.) ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦਾ ਟੈਕਸ (ਯੂ.ਟੀ.ਜੀ.ਐੱਸ.ਟੀ.)। ਫਿਰ ਵੀ ਅਨੁਛੇਦ 269ਏ ਨਾਲ ਪੜ੍ਹੇ ਜਾਣ ਵਾਲੇ ਅਨੁਛੇਦ 246ਏ ਦੀ ਧਾਰਾ 2 ਅੰਤਰ-ਰਾਜੀ ਵਪਾਰ ਜਾਂ ਵਣਜ ਦੇ ਸਬੰਧ ਭਾਵ ਇੰਟੈਗਰੇਟਡ ਟੈਕਸ (ਆਈ.ਜੀ.ਐੱਸ.ਟੀ.) ਵਿੱਚ ਸੰਸਦ ਨੂੰ ਕਾਨੂੰਨ ਪਾਸ ਕਰਨ ਦਾ ਵਿਸ਼ੇਸ਼ ਅਧਿਕਾਰ ਦਿੰਦੀ ਹੈ।

**ਪ੍ਰਸ਼ਨ 2. ਜੀ.ਐਸ.ਟੀ. ਅਧੀਨ ਟੈਕਸਯੋਗ ਈਵੈਂਟ ਕੀ ਹੈ?**

ਉੱਤਰ: ਮਾਲ ਤੇ/ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਅਧੀਨ ਟੈਕਸਯੋਗ ਈਵੈਂਟ। ਸੂਬੇ ਦੇ ਅੰਦਰ ਸਪਲਾਈਜ਼ ਉੱਤੇ ਸੀ.ਜੀ.ਐਸ.ਮੀ. ਤੇ ਐਸ.ਜੀ.ਐਸ.ਟੀ./ਯੂ.ਟੀ.ਜੀ.ਐੱਸ.ਟੀ. ਲਾਇਆ ਜਾਵੇਗਾ। ਅੰਤਰ-ਰਾਜੀ ਸਪਲਾਈਜ਼ ਉੱਤੇ ਆਈ.ਜੀ.ਐਸ.ਟੀ. ਲੱਗੇਗਾ।

**ਪ੍ਰਸ਼ਨ 3: ਕੀ ਬਿਨਾ ਵਿਚਾਰ ਦੇ ਕੀਤੀਆਂ ਸਪਲਾਈਜ਼ ਵੀ ਜੀ.ਐੱਸ.ਟੀ. ਅਧੀਨ ਸਪਲਾਈ ਦੇ ਘੇਰੇ ਵਿੱਚ ਆਉਣਗੀਆਂ?**

ਉੱਤਰ: ਜੀ ਹਾਂ, ਪਰ ਕੇਵਲ ਉਹੀ ਗਤੀਵਿਧੀਆਂ ਜੋ ਸੀ.ਜੀ.ਐੱਸ.ਟੀ. ਕਾਨੂੰਨ/ਐੱਸ.ਜੀ.ਐੱਸ.ਟੀ. ਕਾਨੂੰਨ ਦੀ ਅਨੁਸੂਚੀ ਵਿੱਚ ਵਰਣਿਤ ਹਨ। ਵਰਣਿਤ ਵਿਵਸਥਾ ਆਈ.ਜੀ.ਐੱਸ.ਟੀ. ਕਾਨੂੰਨ ਦੇ ਨਾਲ-ਨਾਲ ਯੂ.ਟੀ.ਜੀ.ਐੱਸ.ਟੀ. ਕਾਨੂੰਨ ਵਿੱਚ ਵੀ ਅਪਣਾਈ ਗਈ ਹੈ।

**ਪ੍ਰਸ਼ਨ 4: ਕੀ ਕਿਸੇ ਚੈਰਿਟੇਬਲ (ਖੈਰਾਤੀ) ਸਸਥਾਨ ਵੱਲੋਂ ਕੀਤੀ ਗਈ ਜ਼ਰੂਰੀ ਵਸਤਾਂ ਦੀ ਸਪਲਾਈ ਟੈਕਸਯੋਗ ਗਤੀਵਿਧੀ ਹੋਵੇਗੀ?**

ਉੱਤਰ: ਜੀ.ਐੱਸ.ਟੀ. ਅਧੀਨ ਟੈਕਸਯੋਗ ਬਣਨ ਵਾਲੀ ਸਪਲਾਈ ਬਣਨ ਲਈ

ਲੈਣ-ਦੇਣ ਕਾਰੋਬਾਰ ਦੇ ਵਿੱਚ ਜਾਂ ਉਸ ਨੂੰ ਅੱਗੇ ਵਧਾਉਣ ਲਈ ਹੋਣਾ ਚਾਹੀਦਾ ਹੈ। ਕਿਉਂਕਿ ਚੈਰਿਟੇਬਲ ਗਤੀਵਿਧੀਆਂ ਲਈ ਕੀਤੀ ਸਪਲਾਈ ਵਿੱਚ ਕਿਸੇ ਚੀਜ਼ ਬਦਲੇ ਕੁਝ ਵੀ ਨਹੀਂ ਲਿਆ ਗਿਆ ਹੈ, ਇਸ ਲਈ ਉਹ ਜੀ.ਐੱਸ.ਟੀ. ਅਧੀਨ ਕੋਈ ਸਪਲਾਈ ਨਹੀਂ ਹੈ।

**ਪ੍ਰਸ਼ਨ 5: ਮਾਲ ਜਾਂ ਸੇਵਾਵਾਂ ਦੀ ਸਪਲਾਈ ਲਈ ਲੈਣ-ਦੇਣ ਕੌਣ ਅਧਿਸੂਚਿਤ ਕਰ ਸਕਦਾ ਹੈ?**

ਉੱਤਰ: ਕੇਂਦਰ ਸਰਕਾਰ ਜਾਂ ਸੂਬਾ ਸਰਕਾਰ, ਜੀ.ਐੱਸ.ਟੀ. ਕੌਂਸਲ ਦੀਆਂ ਸਿਫ਼ਾਰਸ਼ਾਂ ਉੱਤੇ ਕਿਸੇ ਗਤੀਵਿਧੀ ਨੂੰ ਮਾਲ ਦੀ ਸਪਲਾਈ ਅਤੇ ਸੇਵਾਵਾਂ ਦੀ ਸਪਲਾਈ ਨਹੀਂ ਜਾਂ ਸੇਵਾਵਾਂ ਦੀ ਸਪਲਾਈ ਅਤੇ ਵਸਤਾਂ/ਮਾਲ ਦੀ ਸਪਲਾਈ ਨਹੀਂ ਜਾਂ ਨਾ ਤਾਂ ਵਸਤਾਂ/ਮਾਲ ਦੀ ਸਪਲਾਈ ਤੇ ਨਾ ਹੀ ਸੇਵਾਵਾਂ ਦੀ ਸਪਲਾਈ ਅਧਿਸੂਚਿਤ ਕਰ ਸਕਦੀ ਹੈ।

**ਪ੍ਰਸ਼ਨ 6: ਕੰਪੋਜ਼ਿਟ ਸਪਲਾਈ ਅਤੇ ਮਿਸ਼ਰਤ ਸਪਲਾਈ ਕੀ ਹਨ? ਇਹ ਦੋਵੇਂ ਇੱਕ-ਦੂਜੇ ਤੋਂ ਵੱਖ ਕਿਵੇਂ ਹਨ?**

ਉੱਤਰ: ਕੰਪੋਜ਼ਿਟ ਸਪਲਾਈ ਉਹ ਸਪਲਾਈ ਹੈ, ਜਿਸ ਵਿੱਚ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀਆਂ ਦੋ ਜਾਂ ਵਧੇਰੇ ਜਾਂ ਉਨ੍ਹਾਂ ਦੇ ਕੋਈ ਸੁਮੇਲ ਦੀਆਂ ਟੈਕਸ ਸਪਲਾਈਜ਼ ਸ਼ਾਮਲ ਹਨ, ਜੋ ਆਮ ਕਾਰੋਬਾਰ ਨਾਲ ਜੁੜੀਆਂ ਹਨ ਅਤੇ ਕਾਰੋਬਾਰ ਦੇ ਸਾਧਾਰਨ ਲੈਣ-ਦੇਣ ਵਿੱਚ ਇੱਕ ਦੂਜੇ ਨਾਲ ਮਿਲਾ ਕੇ ਸਪਲਾਈ ਕੀਤੀਆਂ ਜਾਂਦੀਆਂ ਹਨ ਅਤੇ ਜਿੱਥੇ ਜਿਸ ਵਿੱਚੋਂ ਇੱਕ ਪ੍ਰਮੁੱਖ ਸਪਲਾਈ ਹੈ। ਉਦਾਹਰਨ ਵਜੋਂ, ਜਦੋਂ ਇੱਕ ਗਾਹਕ ਕੋਈ ਟੈਲੀਵਿਜ਼ਨ ਸੈੱਟ ਖ਼ਰੀਦਦਾ ਹੈ ਅਤੇ ਉਸ ਨੂੰ ਵਾਰੰਟੀ ਵੀ ਮਿਲਦੀ ਹੈ ਅਤੇ ਉਸ ਦਾ ਟੀ.ਵੀ. ਨਾਲ ਰੱਖ-ਰਖਾਅ ਦਾ ਇਕਰਾਰ ਵੀ ਹੈ, ਤਾਂ ਇਹ ਇੱਕ ਕੰਪੋਜ਼ਟ ਸਪਲਾਈ ਹੈ। ਇਸ ਉਦਾਹਰਨ ਵਿੱਚ, ਟੀ.ਵੀ. ਦੀ ਸਪਲਾਈ ਪ੍ਰਮੁੱਖ ਸਪਲਾਈ ਹੈ ਅਤੇ ਵਾਰੰਟੀ ਤੇ ਰੱਖ-ਰਖਾਅ ਸੇਵਾ ਸਹਾਇਕ ਹਨ।

ਮਿਸ਼ਰਤ (ਮਿਕਸਡ) ਸਪਲਾਈ ਵਸਤਾਂ/ਮਾਲ ਜਾਂ ਸੇਵਾਵਾਂ ਜਾਂ ਉਨ੍ਹਾਂ ਦੇ ਸੁਮੇਲ ਦੀਆਂ ਇੱਕ ਵਿਅਕਤੀਗਤ ਸਪਲਾਈਜ਼ ਤੋਂ ਵੱਧ ਦਾ ਸੁਮੇਲ ਜੋ ਇਕਹਿਰੀ ਕੀਮਤ ਲਈ ਇੱਕ-ਦੂਜੇ ਨਾਲ ਮੇਲ ਕੇ ਕੀਤੀਆਂ ਜਾਂਦੀਆਂ ਹਨ, ਮਿਸ਼ਰਤ ਸਪਲਾਈ ਹੈ, ਅਤੇ ਜੋ ਵੱਖਰੇ ਤੌਰ ਉੱਤੇ ਸਾਧਾਰਨ ਢੰਗ ਨਾਲ ਵੀ ਸਪਲਾਈ

ਕੀਤੀ ਜਾ ਸਕੇ। ਉਦਾਹਰਨ ਵਜੋਂ ਇੱਕ ਦੁਕਾਨਦਾਰ ਰੈਫ਼ਰੀਜਿਰੇਟਰ ਨਾਲ ਪਾਣੀ ਦੀਆਂ ਸਟੋਰੇਜ ਬੋਤਲਾਂ ਵੇਚਦਾ ਹੈ। ਬੋਤਲਾਂ ਅਤੇ ਰੈਫ਼ਰੀਜਿਰੇਟਰ ਨੂੰ ਵੱਖੋ-ਵੱਖਰੇ ਵੀ ਅਲੱਗ ਕੀਮਤ ਉੱਤੇ ਵੇਚਿਆ ਜਾ ਸਕਦਾ ਹੈ।

**ਪ੍ਰਸ਼ਨ 7. ਜੀ.ਐੱਸ.ਟੀ. ਅਧੀਨ ਕੰਪੋਜ਼ਿਟ ਸਪਲਾਈ ਅਤੇ ਮਿਸ਼ਰਤ ਸਪਲਾਈ ਦਾ ਵਿਵਹਾਰ ਕੀ ਹੈ?**

ਉੱਤਰ: ਕੰਪੋਜ਼ਿਟ ਸਪਲਾਈ ਨੂੰ ਪ੍ਰਮੁੱਖ ਸਪਲਾਈ ਦੀ ਸਪਲਾਈ ਵਜੋਂ ਵਿਚਾਰਿਆ ਜਾਵੇਗਾ। ਮਿਸ਼ਰਤ ਸਪਲਾਈ ਉਸ ਵਿਸ਼ੇਸ਼ ਮਾਲ ਜਾਂ ਸੇਵਾਵਾਂ ਦੀ ਸਪਲਾਈ ਨੂੰ ਮੰਨਿਆ ਜਾਵੇਗਾ, ਜੋ ਟੈਕਸ ਦੀ ਉੱਚਤਮ ਦਰ ਨੂੰ ਖਿੱਚਦੀ ਹੈ।

**ਪ੍ਰਸ਼ਨ 8. ਕੀ ਜੀ.ਐੱਸ.ਟੀ. ਅਧੀਨ ਸਾਰੀਆਂ ਵਸਤਾਂ/ਮਾਲ ਅਤੇ ਸੇਵਾਵਾਂ ਟੈਕਸਯੋਗ ਹਨ?**

ਉੱਤਰ: ਮਨੁੱਖੀ ਖਪਤ ਲਈ ਅਲਕੋਹਲ-ਯੁਕਤ ਸ਼ਰਾਬ ਨੂੰ ਛੱਡ ਕੇ ਬਾਕੀ ਸਾਰੀਆਂ ਵਸਤਾਂ ਅਤੇ ਸੇਵਾਵਾਂ ਦੀਆਂ ਸਪਲਾਈਜ਼ ਟੈਕਸਯੋਗ ਹਨ। ਕੱਚੇ ਪੈਟਰੋਲੀਅਮ, ਤੇਜ਼ ਰਫ਼ਤਾਰ ਡੀਜ਼ਲ, ਮੋਟਰ ਸਪਿਰਿਟ (ਜਿਸ ਨੂੰ ਆਮ ਤੌਰ ਉੱਤੇ ਪੈਟਰੋਲ ਕਿਹਾ ਜਾਂਦਾ ਹੈ), ਕੁਦਰਤੀ ਗੈਸ ਅਤੇ ਹਵਾਈ ਟਰਬਾਈਨ ਈਂਧਨ ਦੀ ਸਪਲਾਈ ਭਵਿੱਖ ਦੀ ਮਿਤੀ ਤੋਂ ਟੈਕਸਯੋਗ ਹੋਵੇਗੀ। ਇਹ ਮਿਤੀ ਸਰਕਾਰ ਵੱਲੋਂ ਜੀ.ਐੱਸ.ਟੀ. ਕੌਂਸਲ ਦੀਆਂ ਸਿਫ਼ਾਰਸ਼ ਨਾਲ ਅਧਿਸੂਚਿਤ ਕੀਤੀ ਜਾਵੇਗੀ।

**ਪ੍ਰਸ਼ਨ 9. ਰਿਵਰਸ ਚਾਰਜ ਦਾ ਕੀ ਅਰਥ ਹੈ?**

ਉੱਤਰ: ਇਸ ਦਾ ਅਰਥ ਹੈ ਅਧਿਸੂਚਿਤ ਵਰਗਾਂ ਦੀ ਸਪਲਾਈ ਦੇ ਸਬੰਧ ਵਿੱਚ ਟੈਕਸ ਅਦਾ ਕਰਨ ਦੀ ਜ਼ਿੰਮੇਵਾਰੀ ਅਜਿਹੀਆਂ ਵਸਤਾਂ/ਮਾਲ ਜਾਂ ਸੇਵਾਵਾਂ ਦੇ ਸਪਲਾਇਰ ਦੀ ਨਹੀਂ, ਸਗੋਂ ਮਾਲ ਤੇ ਸੇਵਾਵਾਂ ਦੀ ਸਪਲਾਈ ਦੇ ਪ੍ਰਾਪਤਕਰਤਾ ਦੀ ਹੁੰਦੀ ਹੈ।

**ਪ੍ਰਸ਼ਨ 10. ਕੀ ਕੇਵਲ ਸੇਵਾਵਾਂ ਉੱਤੇ ਰਿਵਰਸ ਚਾਰਜ ਪ੍ਰਬੰਧ ਲਾਗੂ ਹੈ?**

ਉੱਤਰ: ਨਹੀਂ, ਮਾਲ ਤੇ ਸੇਵਾਵਾਂ ਦੋਵਾਂ ਦੀ ਸਪਲਾਈ ਉੱਤੇ ਰਿਵਰਸ ਚਾਰਜ ਲਾਗੂ ਨਹੀਂ ਹੁੰਦਾ, ਜਿਵੇਂ ਕਿ ਜੀ.ਐੱਸ.ਟੀ. ਕੌਂਸਲ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਰਕਾਰ ਵੱਲੋਂ ਅਧਿਸੂਚਿਤ ਕੀਤਾ ਗਿਆ ਹੈ।

**ਪ੍ਰਸ਼ਨ 11. ਕਿਸੇ ਅਣਰਜਿਸਟਰਡ ਵਿਅਕਤੀਆਂ ਤੋਂ ਸਪਲਾਈ ਦੀ ਪ੍ਰਾਪਤੀ ਦੇ ਮਾਮਲੇ ਵਿੱਚ ਕੀ ਗੁੰਝਲਾਂ ਹੋਣਗੀਆਂ?**

ਉੱਤਰ: ਕਿਸੇ ਅਣਰਜਿਸਟਰਡ ਵਿਅਕਤੀ ਤੋਂ ਸਪਲਾਈ ਪ੍ਰਾਪਤੀ ਦੇ ਮਾਮਲੇ ਵਿੱਚ, ਰਜਿਸਟਰ ਵਿਅਕਤੀ ਜੋ ਮਾਲ ਜਾਂ ਸੇਵਾਵਾਂ ਪ੍ਰਾਪਤ ਕਰ ਰਿਹਾ ਹੈ, ਰਿਵਰਸ ਚਾਰਜ ਪ੍ਰਬੰਧ ਅਧੀਨ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ।

**ਪ੍ਰਸ਼ਨ 12. ਕੀ ਸਪਲਾਇਰ ਜਾਂ ਪ੍ਰਾਪਤਕਰਤਾ ਤੋਂ ਇਲਾਵਾ ਹੋਰ ਕੋਈ ਵਿਅਕਤੀ ਜੀ.ਐੱਸ.ਟੀ. ਅਧੀਨ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ?**

ਉੱਤਰ: ਜੀ ਹਾਂ, ਕੇਂਦਰ/ਰਾਜ ਸਰਕਾਰ ਅਜਿਹੀਆਂ ਸੇਵਾਵਾਂ ਦੇ ਵਰਗ ਨਿਰਧਾਰਤ ਕਰ ਸਕਦੀ ਹੈ, ਜਿਨ੍ਹਾਂ ਉੱਤੇ ਟੈਕਸ ਇਲੈਕਟ੍ਰੌਨਿਕ ਕੱਮਰਸ ਅੱਪਰੇਟਰ ਵੱਲੋਂ ਅਦਾ ਕੀਤਾ ਜਾਵੇਗਾ, ਜੇ ਅਜਿਹੀਆਂ ਸੇਵਾਵਾਂ ਦੀ ਸਪਲਾਈ ਇਸ ਦੁਆਰਾ ਹੁੰਦੀ ਹੈ ਅਤੇ ਕਾਨੂੰਨ ਦੀਆਂ ਸਾਰੀਆਂ ਵਿਵਸਥਾਵਾਂ ਅਜਿਹੇ ਇਲੈਕਟ੍ਰੌਨਿਕ ਕਾਮਰਸ ਅੱਪਰੇਟਰ ਉੱਤੇ ਲਾਗੂ ਹੋਣਗੀਆਂ, ਜਿਵੇਂ ਉਹ ਅਜਿਹੀਆਂ ਸੇਵਾਵਾਂ ਦੀ ਸਪਲਾਈ ਦੇ ਸਬੰਧ ਵਿੱਚ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਵਿਅਕਤੀ ਹੋਵੇ।

**ਪ੍ਰਸ਼ਨ 13. ਕੰਪੋਜ਼ੀਸ਼ਨ ਸਕੀਮ ਅਧੀਨ ਟੈਕਸ ਅਦਾ ਕਰਨ ਲਈ ਵਿਕਲਪ ਦੀ ਦੀ ਸੀਮਾ (ਥਰੈਸ਼ੋਲਡ) ਹੈ?**

ਉੱਤਰ: ਪਿਛਲੇ ਵਿੱਤੀ ਸਾਲ ਵਿੱਚ ਕੰਪੋਜ਼ੀਸ਼ਨ ਸਕੀਮ ਲਈ ਸੀਮਾ 50 ਲੱਖ ਰੁਪਏ ਦੀ ਕੁੱਲ ਟਰਨਓਵਰ ਹੈ। ਕੰਪੋਜ਼ੀਸ਼ਨ ਸਕੀਮ ਦਾ ਲਾਭ ਮੌਜੂਦਾ ਵਿੱਤੀ ਸਾਲ ਦੌਰਾਨ 50 ਲੱਖ ਰੁਪਏ ਦੀ ਟਰਨਓਵਰ ਤੱਕ ਲਿਆ ਜਾ ਸਕਦਾ ਹੈ।

**ਪ੍ਰਸ਼ਨ 14. ਕੰਪੋਜ਼ੀਸ਼ਨ ਸਕੀਮ ਲਈ ਟੈਕਸ ਦੀਆਂ ਦਰਾਂ ਕੀ ਹਨ?**

ਉੱਤਰ: ਵੱਖੋ-ਵੱਖਰੇ ਖੇਤਰਾਂ ਲਈ ਵਿਭਿੰਨ ਦਰਾਂ ਹਨ। ਮਾਲ/ਵਸਤਾਂ ਦੇ ਸਪਲਾਇਰ (ਭਾਵ ਵਪਾਰੀਆਂ) ਦੇ ਆਮ ਮਾਮਲਿਆਂ ਵਿੱਚ, ਇੱਕ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਟਰਨਓਵਰ ਦਾ 0.5 ਫ਼ੀ ਸਦੀ ਹੈ। ਜੇ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਨ ਵਾਲਾ ਵਿਅਕਤੀ ਨਿਰਮਾਤਾ ਹੈ, ਤਾਂ ਕਿਸੇ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਇਹ ਦਰ ਟਰਨਓਵਰ ਦੀ 1% ਹੈ। ਰੈਸਟੋਰੈਂਟ ਸੇਵਾਵਾਂ ਦੇ ਮਾਮਲੇ ਵਿੱਚ ਇਹ ਕਿਸੇ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਇਹ ਟਰਨਓਵਰ ਦਾ 2.5% ਹੈ। ਇਹ ਦਰਾਂ ਇੱਕੋ ਕਾਨੂੰਨ ਅਧੀਨ ਹਨ, ਅਤੇ ਦੂਜੇ ਕਾਨੂੰਨ ਵਿੱਚ ਵੀ ਉਹੀ ਦਰ ਲਾਗੂ ਹੋਵੇਗੀ। ਇਸ ਲਈ, ਪ੍ਰਭਾਵਸ਼ਾਲੀ ਢੰਗ ਨਾਲ, ਕੰਪੋਜ਼ੀਸ਼ਨ ਦਰਾਂ (ਸੀ.ਜੀ.ਐੱਸ.ਟੀ. ਅਤੇ ਐੱਸ.ਜੀ.ਐੱਸ.ਟੀ./

ਯੂ.ਟੀ.ਜੀ.ਐੱਸ.ਟੀ.) ਆਮ ਸਪਲਾਇਰ, ਨਿਰਮਾਤਾ ਤੇ ਰੈਸਟੋਰੈਂਟ ਸੇਵਾ ਲਈ ਕ੍ਰਮਵਾਰ 1%, 2% ਅਤੇ 5% ਹਨ।

**ਪ੍ਰਸ਼ਨ 15. ਇੱਕ ਵਿੱਤੀ ਵਰ੍ਹੇ ਦੌਰਾਨ ਕੰਪੋਜ਼ੀਸ਼ਨ ਯੋਜਨਾ ਦਾ ਲਾਭ ਉਠਾ ਰਿਹਾ ਇੱਕ ਵਿਅਕਤੀ ਉਸ ਸਾਲ ਦੀ ਮਿਆਦ ਦੌਰਾਨ 50 ਲੱਖ ਰੁਪਏ ਦੀ ਟਰਨਓਵਰ ਪਾਰ ਕਰ ਜਾਂਦਾ ਹੈ; ਮੰਨ ਲਵੋ ਕਿ ਉਹ ਦਸੰਬਰ ਮਹੀਨੇ 50 ਲੱਖ ਰੁਪਏ ਦੀ ਟਰਨਓਵਰ ਪਾਰ ਕਰਦਾ ਹੈ। ਕੀ ਉਸ ਨੂੰ 31 ਮਾਰਚ ਤੱਕ ਬਾਕੀ ਰਹਿੰਦੇ ਸਾਲ ਲਈ ਕੰਪੋਜ਼ੀਸ਼ਨ ਯੋਜਨਾ ਅਧੀਨ ਟੈਕਸ ਅਦਾ ਕਰਨ ਦੀ ਇਜਾਜ਼ਤ ਹੋਵੇਗੀ?**

ਉੱਤਰ: ਨਹੀਂ। ਉਸ ਵੱਲੋਂ ਚੁਣਿਆ ਵਿਕਲਪ ਉਸੇ ਦਿਨ ਖ਼ਤਮ ਹੋ ਜਾਵੇਗਾ, ਜਿਸ ਦਿਨ ਵਿੱਤੀ ਸਾਲ ਦੌਰਾਨ ਕੁੱਲ ਟਰਨਓਵਰ 50 ਲੱਖ ਰੁਪਏ ਤੋਂ ਵੱਧ ਹੋ ਜਾਵੇਗੀ।

**ਪ੍ਰਸ਼ਨ 16. ਕਈ ਰਜਿਸਟਰੇਸ਼ਨਾਂ ਕੋਈ ਟੈਕਸਯੋਗ ਵਿਅਕਤੀ ਕੀ ਕੇਵਲ ਕੁਝ ਰਜਿਸਟਰੇਸ਼ਨਾਂ ਲਈ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਨ ਦੇ ਯੋਗ ਹੋਵੇਗਾ?**

ਉੱਤਰ: ਇੱਕੋ ਪਰਮਾਨੈਂਟ ਅਕਾਊਂਟ ਨੰਬਰ (ਪੀ.ਏ.ਐੱਨ.) ਵਾਲੇ ਸਾਰੇ ਰਜਿਸਟਰਡ ਵਿਅਕਤੀਆਂ ਨੂੰ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਨਾ ਹੋਵੇਗਾ। ਜੇ ਇੱਕ ਰਜਿਸਟਰਡ ਵਿਅਕਤੀ ਆਮ ਯੋਜਨਾ ਲਈ ਆਪਣਾ ਵਿਕਲਪ ਚੁਣਦਾ ਹੈ, ਤਾਂ ਦੂਜੇ ਕੰਪੋਜ਼ੀਸ਼ਨ ਯੋਜਨਾ ਦੇ ਅਯੋਗ ਹੋ ਜਾਂਦੇ ਹਨ।

**ਪ੍ਰਸ਼ਨ 17. ਕੀ ਇੱਕ ਨਿਰਮਾਤਾ ਅਤੇ ਇੱਕ ਸੇਵਾ ਸਪਲਾਇਰ ਕੰਪੋਜ਼ੀਸ਼ਨ ਯੋਜਨਾ ਦਾ ਲਾਭ ਉਠਾ ਸਕਦਾ ਹੈ?**

ਉੱਤਰ: ਜੀ ਹਾਂ, ਇੱਕ ਨਿਰਮਾਤਾ ਆਮ ਤੌਰ ਉੱਤੇ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣ ਸਕਦਾ ਹੈ। ਉਂਝ, ਮਾਲ/ਵਸਤਾਂ ਦਾ ਉਹ ਨਿਰਮਾਤਾ, ਜਿਸ ਨੂੰ ਜੀ.ਐੱਸ.ਟੀ. ਕੌਂਸਲ ਦੀਆਂ ਸਿਫ਼ਾਰਸ਼ਾਂ ਅਨੁਸਾਰ ਅਧਿਸੂਚਿਤ ਕੀਤਾ ਜਾਵੇਗਾ, ਇਸ ਯੋਜਨਾ ਦਾ ਵਿਕਲਪ ਨਹੀਂ ਚੁਣ ਸਕਦਾ। ਇਹ ਯੋਜਨਾ ਰੈਸਟੋਰੈਂਟਸ ਨੂੰ ਛੱਡ ਕੇ ਸੇਵਾਵਾਂ (ਸਰਵਿਸੇਜ਼) ਦੇ ਖੇਤਰ ਲਈ ਉਪਲਬਧ ਨਹੀਂ ਹੈ।

**ਪ੍ਰਸ਼ਨ 18. ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਨ ਲਈ ਕੌਣ ਯੋਗ ਨਹੀਂ ਹਨ?**

ਉੱਤਰ: ਵਿਆਪਕ ਤੌਰ ’ਤੇ, ਰਜਿਸਟਰਡ ਵਿਅਕਤੀਆਂ ਦੇ ਪੰਜ ਵਰਗ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਨ ਦੇ ਯੋਗ ਨਹੀਂ ਹਨ। ਇਹ ਹਨ:

*(1)* ਰੈਸਟੋਰੈਂਟ ਸੇਵਾ ਦੇ ਸਪਲਾਇਰ ਤੋਂ ਇਲਾਵਾ ਹੋਰ ਸਾਰੀਆਂ ਸੇਵਾਵਾਂ ਦੇ

ਸਪਲਾਇਰ;

*(2)* ਉਨ੍ਹਾਂ ਵਸਤਾਂ/ਮਾਲ ਦੇ ਸਪਲਾਇਰ, ਜੋ ਸੀ.ਜੀ.ਐੱਸ.ਟੀ. ਕਾਨੂੰਨ/ਐੱਸ.ਜੀ.ਐੱਸ.ਟੀ. ਕਾਨੂੰਨ/ਯੂ.ਟੀ.ਜੀ.ਐੱਸ.ਟੀ. ਕਾਨੂੰਨ ਅਧੀਨ ਟੈਕਸਯੋਗ ਨਹੀਂ ਹਨ।

*(3)* ਵਸਤਾਂ ਜਾਂ ਮਾਲ ਦੇ ਅੰਤਰ-ਰਾਜੀ ਸਪਲਾਇਰ

*(4)* ਇਲੈਕਟ੍ਰੌਨਿਕ ਕੱਮਰਸ ਔੱਪਰੇਟਰ ਰਾਹੀਂ ਮਾਲ ਦੀ ਸਪਲਾਈ ਕਰਨ ਵਾਲਾ ਵਿਅਕਤੀ

*(5)* ਕੁਝ ਨਿਸ਼ਚਤ ਅਧਿਸੂਚਿਤ ਮਾਲ/ਵਸਤਾਂ ਦਾ ਨਿਰਮਾਤਾ

**ਪ੍ਰਸ਼ਨ 19. ਕੀ ਰਜਿਸਟਰਡ ਵਿਅਕਤੀ ਕੰਪੋਜ਼ੀਸ਼ਨ ਯੋਜਨਾ ਅਧੀਨ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਪੇਸ਼ ਕਰ ਸਕਦਾ ਹੈ?**

ਉੱਤਰः ਜੀ ਨਹੀਂ। ਕੰਪੋਜ਼ੀਸ਼ਨ ਯੋਜਨਾ ਅਧੀਨ ਰਜਿਸਟਰਡ ਵਿਅਕਤੀ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਪੇਸ਼ ਕਰਨ ਦੇ ਯੋਗ ਨਹੀਂ ਹੈ।

**ਪ੍ਰਸ਼ਨ 20. ਕੀ ਕੋਈ ਗਾਹਕ ਜੋ ਰਜਿਸਟਰਡ ਵਿਅਕਤੀ ਤੋਂ ਖ਼ਰੀਦਦਾਰੀ ਕਰਦਾ ਹੈ ਜੋ ਕੰਪੋਜ਼ੀਸ਼ਨ ਯੋਜਨਾ ਅਧੀਨ ਹੈ, ਇਨਪੁਟ ਟੈਕਸ ਕ੍ਰੈਡਿਟ ਵਜੋਂ ਕੰਪੋਜ਼ੀਸ਼ਨ ਟੈਕਸ ਦਾ ਦਾਅਵਾ ਪੇਸ਼ ਕਰ ਸਕਦਾ ਹੈ?**

ਉੱਤਰः ਜੀ ਨਹੀਂ। ਜੋ ਗਾਹਕ ਕਿਸੇ ਰਜਿਸਟਰਡ ਵਿਅਕਤੀ ਤੋਂ ਵਸਤਾਂ/ਮਾਲ ਖ਼ਰੀਦਦਾ ਹੈ ਜੋ ਕੰਪੋਜ਼ੀਸ਼ਨ ਯੋਜਨਾ ਅਧੀਨ ਹੈ, ਕੰਪੋਜ਼ੀਸ਼ਨ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਨਹੀਂ ਹੈ ਕਿਉਂਕਿ ਇੱਕ ਕੰਪੋਜ਼ੀਸ਼ਨ ਸਕੀਮ ਸਪਲਾਇਰ ਇੱਕ ਟੈਕਸ ਇਨਵੁਆਇਸ ਜਾਰੀ ਨਹੀਂ ਕਰ ਸਕਦਾ।

**ਪ੍ਰਸ਼ਨ 21. ਕੀ ਕੰਪੋਜ਼ੀਸ਼ਨ ਟੈਕਸ ਗਾਹਕਾਂ ਤੋਂ ਇਕੱਠਾ ਕੀਤਾ ਜਾ ਸਕਦਾ ਹੈ?**

ਉੱਤਰः ਜੀ ਨਹੀਂ, ਕੰਪੋਜ਼ੀਸ਼ਨ ਯੋਜਨਾ ਅਧੀਨ ਰਜਿਸਟਰਡ ਵਿਅਕਤੀ ਨੂੰ ਟੈਕਸ ਇਕੱਠਾ ਕਰਨ ਦੀ ਇਜਾਜ਼ਤ ਨਹੀਂ ਹੈ। ਇਸ ਦਾ ਅਰਥ ਹੈ ਕਿ ਇੱਕ ਕੰਪੋਜ਼ੀਸ਼ਨ ਯੋਜਨਾ ਸਪਲਾਇਰ ਇੱਕ ਟੈਕਸ ਇਨਵੁਆਇਸ ਜਾਰੀ ਨਹੀਂ ਕਰ ਸਕਦਾ।

**ਪ੍ਰਸ਼ਨ 22. ਕੰਪੋਜ਼ੀਸ਼ਨ ਯੋਜਨਾ ਲਈ ਯੋਗਤਾ ਨਿਰਧਾਰਤ ਕਰਨ ਵਾਸਤੇ ਕੁੱਲ ਟਰਨਓਵਰ ਦੀ ਗਿਣਤੀ ਕਿਵੇਂ ਕੀਤੀ ਜਾਵੇਗੀ?**

ਉੱਤਰ: ਕੁੱਲ ਟਰਨਓਵਰ ਗਿਣਤੀ ਦਾ ਵਿਧੀ-ਵਿਗਿਆਨ ਸੈਕਸ਼ਨ 2(6) ਵਿੱਚ ਦਿੱਤਾ ਗਿਆ ਹੈ। ਉਸ ਅਨੁਸਾਰ 'ਕੁੱਲ ਟਰਨਓਵਰ' ਦਾ ਅਰਥ ਹੈ ਇੱਕ ਅਜਿਹੇ ਵਿਅਕਤੀਆਂ ਦੀਆਂ ਬਾਹਰ ਜਾਣ ਵਾਲੀਆਂ ਸਾਰੀਆਂ ਸਪਲਾਈਜ਼ ਦੀ ਕੀਮਤ (ਟੈਕਸਯੋਗ ਸਪਲਾਈਜ਼ + ਛੋਟ ਪ੍ਰਾਪਤ ਸਪਲਾਈਜ਼ + ਬਰਾਮਦਾਂ + ਅੰਤਰ-ਰਾਜੀ ਸਪਲਾਈਜ਼) ਜਿਸ ਦਾ ਇੱਕੋ 'ਪੈਨ' ਹੈ ਅਤੇ ਇਸ ਵਿੱਚ ਉਹ ਟੈਕਸ ਸ਼ਾਮਲ ਨਹੀਂ ਹੁੰਦੇ, ਜੋ ਕੇਂਦਰੀ ਟੈਕਸ (ਸੀ.ਜੀ.ਐੱਸ.ਟੀ.), ਸੂਬਾਈ ਟੈਕਸ (ਐੱਸ.ਜੀ.ਐੱਸ.ਟੀ.), ਕੇਂਦਰ ਸ਼ਾਸਤ ਪ੍ਰਦੇਸ਼ ਦੇ ਟੈਕਸ (ਯੂ.ਟੀ.ਜੀ.ਐੱਸ.ਟੀ.), ਇੰਟੈਗਰੇਟਡ ਟੈਕਸ (ਆਈ.ਜੀ.ਐੱਸ.ਟੀ.) ਅਤੇ ਮੁਆਵਜ਼ਾ ਸੈੱਸ ਅਧੀਨ ਲੱਗਦੇ ਹਨ। ਅੰਦਰ ਆਉਣ ਵਾਲੀਆਂ ਸਪਲਾਈ ਦੀ ਕੀਮਤ, ਜੋ ਰਿਵਰਸ ਚਾਰਜ ਅਧੀਨ ਟੈਕਸ ਅਦਾਇਗੀਯੋਗ ਹੈ, ਨੂੰ 'ਕੁੱਲ ਟਰਨਓਵਰ' ਵਿੱਚ ਨਹੀਂ ਗਿਣਿਆ ਜਾਂਦਾ।

**ਪ੍ਰਸ਼ਨ 23. ਜੇ ਕੋਈ ਵਿਅਕਤੀ ਕੰਪੋਜ਼ੀਸ਼ਨ ਯੋਜਨਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸ ਲਈ ਦੰਡ ਕੀ ਹੋ ਸਕੇ ਹਨ?**

ਉੱਤਰ: ਜੇ ਇੱਕ ਟੈਕਸਯੋਗ ਵਿਅਕਤੀ ਨੇ ਕੰਪੋਜ਼ੀਸ਼ਨ ਸਕੀਮ ਅਧੀਨ ਟੈਕਸ ਅਦਾ ਕੀਤਾ ਹੈ, ਭਾਵੇਂ ਉਹ ਉਸ ਯੋਜਨਾ ਅਧੀਨ ਨਹੀਂ ਸੀ, ਤਦ ਉਸ ਨੂੰ ਦੰਡ ਦਿੱਤਾ ਜਾ ਸਕੇਗਾ ਅਤੇ ਅਜਿਹੇ ਮਾਮਲੇ ਵਿੱਚ ਦੰਡ ਅਤੇ ਜੁਰਮਾਨਾ ਤੈਅ ਕਰਨ ਲਈ ਸੈਕਸ਼ਨ 73 ਜਾਂ 74 ਦੀਆਂ ਵਿਵਸਥਾਵਾਂ ਲਾਗੂ ਹੋਣਗੀਆਂ।

**ਪ੍ਰਸ਼ਨ 24. ਕੀ ਜੀ.ਐੱਸ.ਟੀ. ਕਾਨੂੰਨ ਸਰਕਾਰ ਨੂੰ ਕਿਸੇ ਸਪਲਾਈਜ਼ ਨੂੰ ਜੀ.ਐੱਸ.ਟੀ. ਲਾਗੂ ਕੀਤੇ ਜਾਣ ਤੋਂ ਛੋਟ ਦੇਣ ਦਾ ਅਧਿਕਾਰ ਦਿੰਦਾ ਹੈ?**

ਉੱਤਰ: ਜੀ ਹਾਂ। ਜਨ-ਹਿਤ ਵਿੱਚ, ਕੇਂਦਰੀ ਜਾਂ ਸੂਬਾ ਸਰਕਾਰ ਵੱਲੋਂ ਜੀ.ਐੱਸ.ਟੀ. ਕੌਂਸਲ ਦੀਆਂ ਸਿਫ਼ਾਰਸ਼ਾਂ ਉੱਤੇ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈਜ਼ ਉੱਤੇ ਜੀ.ਐੱਸ.ਟੀ. ਲਾਏ ਜਾਣ ਦੀ ਪੂਰੀ ਜਾਂ ਅੰਸ਼ਕ ਛੋਟ ਦਿੱਤੀ ਜਾ ਸਕਦੀ ਹੈ; ਅਤੇ ਅਜਿਹਾ ਪੂਰੀ ਤਰ੍ਹਾਂ ਹੋ ਸਕਦਾ ਹੈ ਜਾਂ ਸ਼ਰਤਾਂ ਦੇ ਆਧਾਰ ਉੱਤੇ ਹੋ ਸਕਦਾ ਹੈ। ਇਸ ਦੇ ਨਾਲ ਹੀ ਸਰਕਾਰ ਕਿਸੇ ਵਿਲੱਖਣ ਪ੍ਰਕਿਰਤੀ ਵਾਲੇ ਹਾਲਾਤ ਅਧੀਨ ਵਿਸ਼ੇਸ਼ ਹੁਕਮਾਂ ਰਾਹੀਂ ਕਿਸੇ ਮਾਲ/ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਉੱਤੇ ਛੋਟ ਦੇ ਸਕਦੀ ਹੈ। ਐੱਸ.ਜੀ.ਐੱਸ.ਟੀ. ਕਾਨੂੰਨ ਅਤੇ

ਯੂ.ਟੀ.ਜੀ.ਐੱਸ.ਟੀ. ਕਾਨੂੰਨ ਵਿੱਚ ਵੀ ਇਹ ਵਿਵਸਥਾ ਦਿੱਤੀ ਗਈ ਹੈ ਕਿ ਸੀ.ਜੀ.ਐੱਸ.ਟੀ. ਅਧੀਨ ਦਿੱਤੀ ਗਈ ਕਿਸੇ ਵੀ ਛੋਟ ਨੂੰ ਵਰਣਿਤ ਕਾਨੂੰਨ ਅਧੀਨ ਛੋਟ-ਪ੍ਰਾਪਤ ਮੰਨਿਆ ਜਾਵੇਗਾ।

**ਪ੍ਰਸ਼ਨ 25. ਮਾਲ ਜਾਂ ਸੇਵਾਵਾਂ ਜਾਂ ਦੋਵਾਂ ਉੱਤੇ ਸਮੁੱਚਾ ਟੈਕਸ ਇਕੱਠਾ ਕੀਤੇ ਜਾਣ ਤੋਂ ਮੁਕੰਮਲ ਛੋਟ ਹੋਵੇ, ਤਾਂ ਕੀ ਇੱਕ ਵਿਅਕਤੀ ਟੈਕਸ ਅਦਾ ਕਰ ਸਕਦਾ ਹੈ?**

ਉੱਤਰः ਜੀ ਨਹੀਂ, ਛੋਟ-ਪ੍ਰਾਪਤ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਕਰਨ ਵਾਲਾ ਵਿਅਕਤੀ ਪ੍ਰਭਾਵੀ ਦਰ ਤੋਂ ਵੱਧ ਟੈਕਸ ਇਕੱਤਰ ਨਹੀਂ ਕਰੇਗਾ।

# ਰਜਿਸਟਰੇਸ਼ਨ

# ਰਜਿਸਟਰੇਸ਼ਨ

**ਪ੍ਰਸ਼ਨ 1. ਜੀ.ਐਸ.ਟੀ. ਵਿੱਚ ਰਜਿਸਟਰੇਸ਼ਨ ਲੈਣ ਦਾ ਕੀ ਲਾਭ ਹੈ?**

ਉੱਤਰ. ਮਾਲ ਤੇ ਸੇਵਾ ਟੈਕਸ (ਜੀ.ਐਸ.ਟੀ.) ਅਧੀਨ ਰਜਿਸਟਰੇਸ਼ਨ ਸ਼ਾਸਨ ਦੇ ਕਾਰੋਬਾਰੀ ਅਦਾਰਿਆਂ ਨੂੰ ਹੇਠਾਂ ਲਿਖੇ ਲਾਭ ਮਿਲਣਗੇ:

* ਮਾਲ ਜਾਂ ਵਸਤਾਂ ਦੇ ਸਪਲਾਇਰ ਵਜੋਂ ਕਾਨੂੰਨੀ ਤੌਰ 'ਤੇ ਮਾਨਤਾ
* ਇਨਪੁਟ ਮਾਲ ਜਾਂ ਸੇਵਾਵਾਂ ਉੱਤੇ ਅਦਾ ਕੀਤੇ ਟੈਕਸਾਂ ਦਾ ਵਾਜਬ ਲੇਖਾ-ਜੋਖਾ, ਜਿਸ ਦੀ ਉਪਯੋਗਤਾ ਕਾਰੋਬਾਰੀ ਅਦਾਰੇ ਵੱਲੋਂ ਮਾਲ ਜਾਂ ਸੇਵਾਵਾਂ ਦੀ ਸਪਲਾਈ ਜਾਂ ਦੋਵਾਂ ਉੱਤੇ ਬਣਦੇ ਜੀ.ਐਸ.ਟੀ. ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ।
* ਆਪਣੇ ਖ਼ਰੀਦਦਾਰਾਂ ਤੋਂ ਟੈਕਸ ਇਕੱਠਾ ਕਰਨ ਲਈ ਕਾਨੂੰਨੀ ਤੌਰ 'ਤੇ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ ਅਤੇ ਮਾਲ ਜਾਂ ਸੇਵਾਵਾਂ ਉੱਤੇ ਅਦਾ ਕੀਤੇ ਟੈਕਸਾਂ ਦੀ ਛੋਟ ਖ਼ਰੀਦਦਾਰਾਂ ਜਾਂ ਪ੍ਰਾਪਤਕਰਤਾਵਾਂ ਨੂੰ ਅੱਗੇ ਦਿੱਤੀ ਜਾਂਦੀ ਹੈ।
* ਹੋਰ ਵੱਖੋ-ਵੱਖਰੇ ਲਾਭ ਤੇ ਰਿਆਇਤਾਂ ਪ੍ਰਾਪਤ ਕਰਨ ਦੇ ਯੋਗ ਹੋਣਾ, ਜੋ ਜੀ.ਐੱਸ.ਟੀ. ਕਾਨੂੰਨਾਂ ਅਧੀਨ ਦਿੱਤੀਆਂ ਜਾਂਦੀਆਂ ਹਨ।

**ਪ੍ਰਸ਼ਨ 2. ਕੀ ਜੀ.ਐਸ.ਟੀ. ਰਜਿਸਟਰੇਸ਼ਨ ਤੋਂ ਬਗ਼ੈਰ ਕੋਈ ਵਿਅਕਤੀ ਆਈ.ਟੀ.ਸੀ. ਦਾ ਦਾਅਵਾ ਪੇਸ਼ ਕਰ ਸਕਦਾ ਹੈ ਅਤੇ ਟੈਕਸ ਇਕੱਠਾ ਕਰ ਸਕਦਾ ਹੈ?**

ਉੱਤਰ. ਨਹੀਂ। ਕੋਈ ਵਿਅਕਤੀ ਜੀ.ਐਸ.ਟੀ. ਰਜਿਸਟਰੇਸ਼ਨ ਤੋਂ ਬਗ਼ੈਰ ਨਾ ਤਾਂ ਆਪਣੇ ਗਾਹਕਾਂ ਤੋਂ ਜੀ.ਐਸ.ਟੀ. ਇਕੱਠਾ ਕਰ ਸਕਦਾ ਹੈ ਅਤੇ ਨਾ ਹੀ ਉਸ ਵੱਲੋਂ ਅਦਾ ਕੀਤੇ ਜੀ.ਐਸ.ਟੀ. ਦੀ ਕਿਸੇ ਇਨਪੁਟ ਟੈਕਸ ਛੋਟ ਲਈ ਕੋਈ ਦਾਅਵਾ (ਕਲੇਮ) ਕਰ ਸਕਦਾ ਹੈ।

**ਪ੍ਰਸ਼ਨ 3. ਰਜਿਸਟਰੇਸ਼ਨ ਲਈ ਪ੍ਰਭਾਵੀ ਮਿਤੀ ਕੀ ਹੋਵੇਗੀ?**

ਉੱਤਰ. ਜਿੱਥੇ ਰਜਿਸਟਰੇਸ਼ਨ ਲਈ ਅਰਜ਼ੀ ਉਸ ਮਿਤੀ ਦੇ ਤੀਹ ਦਿਨਾਂ ਦੇ

ਅੰਦਰ ਜਮ੍ਹਾ ਕਰਵਾਈ ਗਈ ਹੈ, ਜਿਸ ਤਾਰੀਖ਼ ਨੂੰ ਉਸ ਨੂੰ ਰਜਿਸਟਰੇਸ਼ਨ ਕਰਵਾਉਣ ਦੀ ਜ਼ਿੰਮੇਵਾਰੀ ਬਣਦੀ ਹੈ, ਰਜਿਸਟਰੇਸ਼ਨ ਦੀ ਪ੍ਰਭਾਵੀ ਮਿਤੀ; ਰਜਿਸਟਰੇਸ਼ਨ ਲਈ ਉਸ ਦੀ ਜ਼ਿੰਮੇਵਾਰੀ ਦੀ ਮਿਤੀ ਹੋਵੇਗੀ।

ਜਿੱਥੇ ਬਿਨੈਕਾਰ ਵੱਲੋਂ ਰਜਿਸਟਰੇਸ਼ਨ ਲਈ ਅਰਜ਼ੀ ਇਸ ਜ਼ਿੰਮੇਵਾਰੀ ਦੇ ਤੈਅ ਹੋਣ ਤੋਂ 30 ਦਿਨਾਂ ਤੋਂ ਬਾਅਦ ਦਿੱਤੀ ਗਈ ਹੈ, ਤਾਂ ਰਜਿਸਟਰੇਸ਼ਨ ਦੀ ਪ੍ਰਭਾਵੀ ਮਿਤੀ ਉਹ ਰਜਿਸਟਰੇਸ਼ਨ ਮਨਜ਼ੂਰ ਹੋਣ ਦੀ ਮਿਤੀ ਹੋਵੇਗੀ।

ਆਪਣੇ-ਆਪ ਰਜਿਸਟਰੇਸ਼ਨ ਕਰਵਾ ਲੈਣ ਦੇ ਮਾਮਲੇ ਵਿੱਚ ਭਾਵ ਜੇ ਰਜਿਸਟਰੇਸ਼ਨ ਆਪਣੀ ਇੱਛਾ ਅਨੁਸਾਰ ਟੈਕਸ ਅਦਾਇਗੀ ਲਈ ਛੋਟ ਦੀ ਨਿਸ਼ਚਤ ਸੀਮਾ ਦੇ ਅੰਦਰ ਕਰਵਾ ਲਈ ਗਈ ਹੈ, ਤਦ ਰਜਿਸਟਰੇਸ਼ਨ ਦੀ ਪ੍ਰਭਾਵੀ ਮਿਤੀ ਰਜਿਸਟਰੇਸ਼ਨ ਦੇ ਆਦੇਸ਼ ਦੀ ਮਿਤੀ ਹੋਵੇਗੀ।

**ਪ੍ਰਸ਼ਨ 4. ਮੱਡਲ ਜੀ.ਐਸ.ਟੀ. ਕਾਨੂੰਨ ਅਧੀਨ ਰਜਿਸਟਰੇਸ਼ਨ ਲਈ ਜ਼ਿੰਮੇਵਾਰ ਵਿਅਕਤੀ ਕੌਣ ਹਨ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ 2017 ਦੇ ਸੈਕਸ਼ਨ 22 ਅਨੁਸਾਰ, ਹਰੇਕ ਸਪਲਾਇਰ (ਉਸ ਦੇ ਏਜੰਟ ਸਮੇਤ) ਜੋ ਟੈਕਸਯੋਗ ਸਪਲਾਈ ਕਰਦਾ ਹੈ ਭਾਵ ਉਹ ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ, ਜਿਸ ਉੱਤੇ ਜੀ.ਐੱਸ.ਟੀ. ਕਾਨੂੰਨ ਅਧੀਨ ਟੈਕਸ ਲਾਇਆ ਜਾ ਸਕਦਾ ਹੈ, ਅਤੇ ਉਸ ਦੀ ਕੁੱਲ ਟਰਨਓਵਰ ਇੱਕ ਵਿੱਤੀ ਸਾਲ ਦੌਰਾਨ 20 ਲੱਖ ਰੁਪਏ ਦੀ ਨਿਸ਼ਚਤ ਸੀਮਾ ਤੋਂ ਵਧ ਜਾਂਦੀ ਹੈ, ਤਾਂ ਉਹ ਰਾਜ ਜਾਂ ਦਿੱਲੀ ਜਾਂ ਪੁੱਦੂਚੇਰੀ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਖ਼ੁਦ ਨੂੰ ਰਜਿਸਟਰ ਕਰਵਾਉਣ ਲਈ ਜ਼ਿੰਮੇਵਾਰ ਹੈ, ਜਿੱਥੋਂ ਉਹ ਟੈਕਸਯੋਗ ਸਪਲਾਈ ਕਰਦਾ ਹੈ।

ਗਿਆਰਾਂ ਵਿਸ਼ੇਸ਼ ਵਰਗ ਵਾਲੇ ਰਾਜਾਂ ਦੇ ਮਾਮਲੇ ਵਿੱਚ (ਜਿਵੇਂ ਕਿ ਭਾਰਤੀ ਸੰਵਿਧਾਨ ਦੀ ਧਾਰਾ 279ਏ(4)(ਜੀ) ਵਿੱਚ ਵਰਣਿਤ ਹੈ), ਰਜਿਸਟਰੇਸ਼ਨ ਦੇਣਦਾਰੀ ਦੀ ਇਹ ਨਿਸ਼ਚਤ ਸੀਮਾ 10 ਲੱਖ ਰੁਪਏ ਹੈ।

ਇਸ ਤੋਂ ਇਲਾਵਾ ਇਸ ਕਾਨੂੰਨ ਦੇ ਸੈਕਸ਼ਨ 24 ਵਿੱਚ ਸਪਲਾਇਰਾਂ ਦੇ ਕੁਝ ਖ਼ਾਸ ਵਰਗ ਵਰਣਨ ਕੀਤੇ ਗਏ ਹਨ, ਜੋ ਰਜਿਸਟਰੇਸ਼ਨ ਕਰਵਾਉਣ ਲਈ ਜ਼ਿੰਮੇਵਾਰ ਹਨ, ਭਾਵੇਂ ਉਨ੍ਹਾਂ ਦੀ ਕੁੱਲ ਟਰਨਓਵਰ ਨਿਸ਼ਚਤ ਸੀਮਾ 20 ਲੱਖ ਰੁਪਏ ਤੋਂ ਘੱਟ ਕਿਉਂ ਨਾ ਹੋਵੇ।

ਦੂਜੇ ਪਾਸੇ, ਕਾਨੂੰਨ ਦੇ ਸੈਕਸ਼ਨ 23 ਅਨੁਸਾਰ ਇੱਕ ਕਾਸ਼ਤਕਾਰ ਆਪਣੇ ਖੇਤੀ ਉਤਪਾਦ ਦੀ ਸਪਲਾਈ ਦੇ ਸਬੰਧ ਵਿੱਚ; ਅਤੇ ਕੋਈ ਅਜਿਹਾ ਵਿਅਕਤੀ ਜੋ ਜੀ.ਐੱਸ.ਟੀ. ਕਾਨੂੰਨ ਅਧੀਨ ਕੇਵਲ ਗ਼ੈਰ-ਟੈਕਸਯੋਗ ਜਾਂ ਪੂਰੀ ਤਰ੍ਹਾਂ ਛੋਟ-ਪ੍ਰਾਪਤ ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਕਰਦਾ ਹੈ, ਉਹ ਰਜਿਸਟਰੇਸ਼ਨ ਦੇ ਯੋਗ ਨਹੀਂ ਹੋਵੇਗਾ।

**ਪ੍ਰਸ਼ਨ 5. ਕੁੱਲ ਟਰਨਓਵਰ ਕੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 2(6) ਅਨੁਸਾਰ ਕੁੱਲ ਟਰਨਓਵਰ ਵਿੱਚ ਇਨ੍ਹਾਂ ਦੀ ਕੁੱਲ ਕੀਮਤ ਸ਼ਾਮਲ ਕੀਤੀ ਜਾਂਦੀ ਹੈ:

(i) ਸਾਰੀਆਂ ਟੈਕਸਯੋਗ ਸਪਲਾਈਜ਼,

(ii) ਸਾਰੀਆਂ ਛੋਟ ਪ੍ਰਾਪਤ ਸਪਲਾਈਜ਼,

(iii) ਮਾਲ ਅਤੇ/ਜਾਂ ਸੇਵਾ ਦੀਆਂ ਬਰਾਮਦਾਂ, ਅਤੇ

(iv) ਸਾਰੀਆਂ ਅੰਤਰ-ਰਾਜੀ ਸਪਲਾਈਜ਼

ਇੱਕੋ 'ਪੈਨ' ਵਾਲੇ ਵਿਅਕਤੀ ਦੀਆਂ।

ਉਪਰੋਕਤ ਦੀ ਗਣਨਾ ਸਰਬ-ਭਾਰਤੀ ਆਧਾਰ ਉੱਤੇ ਕੀਤੀ ਜਾਵੇਗੀ ਅਤੇ ਇਸ ਵਿੱਚੋਂ ਸੀ.ਜੀ.ਐਸ.ਟੀ. ਕਾਨੂੰਨ, ਐਸ.ਜੀ.ਐਸ.ਟੀ. ਕਾਨੂੰਨ ਅਤੇ ਆਈ.ਜੀ.ਐਸ.ਟੀ. ਕਾਨੂੰਨ ਅਧੀਨ ਵਸੂਲੇ ਗਏ ਟੈਕਸ ਕੱਢ ਦਿੱਤੇ ਜਾਣਗੇ।

ਕੁੱਲ ਟਰਨਓਵਰ ਵਿੱਚ ਉਨ੍ਹਾਂ ਸਪਲਾਈਜ਼ ਦੀ ਕੀਮਤ ਸ਼ਾਮਲ ਨਹੀਂ ਹੁੰਦੀ, ਜਿਨ੍ਹਾਂ ਉੱਤੇ ਟੈਕਸ ਰਿਵਰਸ ਚਾਰਜ ਆਧਾਰ ਉੱਤੇ ਵਸੂਲ ਕੀਤਾ ਗਿਆ ਹੈ ਅਤੇ ਅੰਦਰੂਨੀ ਸਪਲਾਈਜ਼ ਦੀ ਕੀਮਤ ਵੀ ਸ਼ਾਮਲ ਨਹੀਂ ਹੁੰਦੀ।

**ਪ੍ਰਸ਼ਨ 6. ਉਹ ਮਾਮਲੇ ਕਿਹੜੇ ਹਨ, ਜਿੱਥੇ ਰਜਿਸਟਰੇਸ਼ਨ ਲਾਜ਼ਮੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਸੈਕਸ਼ਨ 24 ਅਨੁਸਾਰ ਨਿਮਨਲਿਖਤ ਵਰਗ ਦੇ ਵਿਅਕਤੀਆਂ ਲਈ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ, ਉਸ ਦੀ ਨਿਸ਼ਚਤ ਸੀਮਾ ਭਾਵੇਂ ਕੋਈ ਵੀ ਹੋਵੇ:

i) ਜੋ ਵਿਅਕਤੀ ਅੰਤਰ-ਰਾਜੀ (ਦੂਜੇ ਰਾਜਾਂ ਵਿੱਚ) ਟੈਕਸਯੋਗ ਸਪਲਾਈ ਕਰਦੇ ਹਨ;

ii) ਕੈਜ਼ੂਅਲ ਭਾਵ ਕਦੀ-ਕਦਾਈਂ ਟੈਕਸਯੋਗ ਵਿਅਕਤੀ;

iii) ਉਹ ਵਿਅਕਤੀ ਜਿਨ੍ਹਾਂ ਨੇ ਰਿਵਰਸ ਚਾਰਜ ਅਧੀਨ ਟੈਕਸ ਅਦਾ ਕਰਨਾ ਹੁੰਦਾ ਹੈ;

iv) ਇਲੈਕਟ੍ਰੌਨਿਕ ਕੱਮਰਸ ਔੱਪਰੇਟਰਜ਼ ਨੇ ਸੈਕਸ਼ਨ 9 ਦੇ ਸਬ-ਸੈਕਸ਼ਨ (5) ਅਧੀਨ ਟੈਕਸ ਅਦਾ ਕਰਨਾ ਹੁੰਦਾ ਹੈ;

v) ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ;

vi) ਉਹ ਵਿਅਕਤੀ ਜਿਨ੍ਹਾਂ ਨੇ ਸੈਕਸ਼ਨ 51 ਅਧੀਨ ਟੈਕਸ ਕੱਟਣਾ ਹੁੰਦਾ ਹੈ;

vii) ਉਹ ਵਿਅਕਤੀ ਜੋ ਕਿਸੇ ਹੋਰ ਰਜਿਸਟਰਡ ਟੈਕਸਯੋਗ ਵਿਅਕਤੀਆਂ ਦੀ ਤਰਫ਼ੋਂ ਇੱਕ ਏਜੰਟ ਵਜੋਂ ਜਾਂ ਕਿਸੇ ਹੋਰ ਤਰ੍ਹਾਂ ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਕਰਦੇ ਹਨ;

viii) ਇਨਪੁਟ ਸਰਵਿਸ ਡਿਸਟ੍ਰੀਬਿਊਟਰ (ਉਹ ਭਾਵੇਂ ਵੱਖਰੇ ਤੌਰ ਉੱਤੇ ਕਾਨੂੰਨ ਅਧੀਨ ਰਜਿਸਟਰਡ ਹੋਵੇ ਚਾਹੇ ਨਾ)

ix) ਉਹ ਵਿਅਕਤੀ, ਜਿਨ੍ਹਾਂ ਨੇ ਸੈਕਸ਼ਨ 52 ਅਧੀਨ ਟੈਕਸ ਇਕੱਤਰ ਕਰਨਾ ਹੁੰਦਾ ਹੈ;

x) ਹਰੇਕ ਇਲੈਕਟ੍ਰੌਨਿਕ ਕੱਮਰਸ ਔੱਪਰੇਟਰ

xi) ਹਰੇਕ ਅਜਿਹਾ ਵਿਅਕਤੀ ਜੋ ਔੱਨਲਾਈਨ ਸੂਚਨਾ ਤੇ ਡਾਟਾ ਬੇਸ ਰੀਟ੍ਰੀਵਲ ਸੇਵਾਵਾਂ ਇੱਕ ਸਥਾਨ ਤੋਂ ਭਾਰਤ ਦੇ ਬਾਹਰ ਤੋਂ ਭਾਰਤ ਦੇ ਕਿਸੇ ਰਜਿਸਟਰਡ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਪਹੁੰਚਾਉਂਦਾ ਹੈ; ਅਤੇ

xii) ਅਜਿਹਾ ਕੋਈ ਹੋਰ ਵਿਅਕਤੀ ਜਾਂ ਵਿਅਕਤੀਆਂ ਦਾ ਵਰਗ, ਜਿਸ ਬਾਰੇ ਕੇਂਦਰ ਸਰਕਾਰ ਜਾਂ ਸੂਬਾ ਸਰਕਾਰ ਵੱਲੋਂ ਕੌਂਸਲ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਅਧਿਸੂਚਿਤ ਕੀਤਾ ਹੋ ਸਕਦਾ ਹੈ।

**ਪ੍ਰਸ਼ਨ 7. ਮੱਡਲ ਜੀ.ਐਸ.ਟੀ. ਕਾਨੂੰਨ ਅਧੀਨ ਰਜਿਸਟਰੇਸ਼ਨ ਲੈਣ ਲਈ ਸਮਾਂ ਸੀਮਾ ਕੀ ਹੈ?**

ਉੱਤਰ. ਕੋਈ ਵਿਅਕਤੀ ਜਿਸ ਨੂੰ ਉਸ ਮਿਤੀ ਦੇ 30 ਦੇ ਅੰਦਰ ਰਜਿਸਟਰੇਸ਼ਨ ਲੈਣੀ ਚਾਹੀਦੀ ਹੈ, ਜਿਸ ਮਿਤੀ ਤੋਂ ਉਹ ਰਜਿਸਟਰੇਸ਼ਨ ਲੈਣ ਲਈ ਜ਼ਿੰਮੇਵਾਰ ਹੁੰਦਾ/ਹੁੰਦੀ ਹੈ, ਇਸ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਅਨੁਸਾਰ ਜੋ ਰਜਿਸਟਰੇਸ਼ਨ ਨਿਯਮਾਂ ਅਧੀਨ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਕਦੀ-ਕਦਾਈਂ ਟੈਕਸਯੋਗ ਵਿਅਕਤੀ ਅਤੇ ਇੱਕ ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ ਕਾਰੋਬਾਰ ਸ਼ੁਰੂ ਹੋਣ ਤੋਂ ਘੱਟੋ-ਘੱਟ 5 ਦਿਨ ਪਹਿਲਾਂ ਰਜਿਸਟਰੇਸ਼ਨ ਲਈ ਅਰਜ਼ੀ ਦੇਣੀ ਚਾਹੀਦੀ ਹੈ।

**ਪ੍ਰਸ਼ਨ 8. ਜੇ ਕੋਈ ਵਿਅਕਤੀ ਵਿਭਿੰਨ ਸੂਬਿਆਂ ਵਿੱਚ ਇੱਕ 'ਪੈਨ' ਰਾਹੀਂ ਆਪਣੇ ਕਾਰੋਬਾਰ ਦਾ ਸੰਚਾਲਨ ਕਰਦਾ ਹੈ, ਕੀ ਉਹ ਇੱਕੋ ਰਜਿਸਟਰੇਸ਼ਨ ਨਾਲ ਕਰਨਾ ਜਾਰੀ ਰੱਖ ਸਕਦਾ ਹੈ?**

ਉੱਤਰ. ਨਹੀਂ, ਹਰੇਕ ਅਜਿਹਾ ਵਿਅਕਤੀ ਜੋ ਰਜਿਸਟਰੇਸ਼ਨ ਲੈਣ ਲਈ ਜ਼ਿੰਮੇਵਾਰ ਹੈ, ਨੂੰ ਹਰੇਕ ਉਸ ਸੂਬੇ ਲਈ ਵੱਖਰੇ ਤੌਰ ਉੱਤੇ ਰਜਿਸਟਰੇਸ਼ਨ ਕਰਵਾਉਣੀ ਹੋਵੇਗੀ, ਜਿੱਥੇ ਵੀ ਉਸ ਦਾ ਕਾਰੋਬਾਰ ਚਲਦਾ ਹੈ ਅਤੇ ਉਹ ਮੱਡਲ ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 19 ਦੇ ਉੱਪ-ਅਨੁਛੇਦ (1) ਦੀਆਂ ਮੱਦਾਂ ਅਨੁਸਾਰ ਜੀ.ਐਸ.ਟੀ. ਅਦਾ ਕਰਨ ਲਈ ਜ਼ਿੰਮੇਵਾਰ ਹੈ।

**ਪ੍ਰਸ਼ਨ 9. ਜੇ ਕਿਸੇ ਵਿਅਕਤੀ ਦੇ ਇੱਕੋ ਸੂਬੇ ਵਿੱਚ ਅਨੇਕਾਂ ਕਾਰੋਬਾਰੀ ਵਰਟੀਕਲਜ਼ (ਢਾਂਚੇ) ਹਨ, ਤਾਂ ਕੀ ਉਹ ਵੱਖੋ-ਵੱਖਰੀਆਂ ਰਜਿਸਟਰੇਸ਼ਨਜ਼ ਲੈ ਸਕਦਾ ਹੈ?**

ਉੱਤਰ. ਜੀ ਹਾਂ। ਅਨੁਛੇਦ 25 ਦੇ ਉੱਪ-ਅਨੁਛੇਦ (2) ਦੀਆਂ ਵਿਵਸਥਾਵਾਂ ਅਨੁਸਾਰ, ਜਿਸ ਵਿਅਕਤੀ ਦੇ ਕਿਸੇ ਇੱਕ ਸੂਬੇ ਵਿੱਚ ਕਈ ਵਪਾਰਕ ਵਰਟੀਕਲਜ਼ ਹਨ, ਉਹ ਹਰੇਕ ਕਾਰੋਬਾਰੀ ਵਰਟੀਕਲ ਲਈ ਵੱਖਰੀ ਰਜਿਸਟਰੇਸ਼ਨ ਲੈ ਸਕਦਾ ਹੈ, ਇਸ ਮਾਮਲੇ ਵਿੱਚ ਅਜਿਹੀਆਂ ਸ਼ਰਤਾਂ ਲਾਗੂ ਹੋਣਗੀਆਂ, ਜੋ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ।

**ਪ੍ਰਸ਼ਨ 10. ਕੀ ਕਿਸੇ ਵਿਅਕਤੀ ਲਈ ਕੋਈ ਅਜਿਹੀ ਵਿਵਸਥਾ ਹੈ ਕਿ ਉਹ ਆਪਣੀ ਇੱਛਾ ਨਾਲ ਆਪਣੇ-ਆਪ ਨੂੰ ਰਜਿਸਟਰਡ ਕਰਵਾ ਲਵੇ, ਭਾਵੇਂ ਉਹ ਜੀ.ਐਸ.ਟੀ. ਅਦਾ ਕਰਨ ਲਈ ਜ਼ਿੰਮੇਵਾਰ ਵੀ ਨਹੀਂ ਹੋ ਸਕਦਾ?**

ਉੱਤਰ. ਜੀ ਹਾਂ। ਅਨੁਛੇਦ 25 ਦੇ ਉੱਪ-ਸੈਕਸ਼ਨ (3) ਦੀਆਂ ਮੱਦਾਂ ਵਿੱਚ ਕੋਈ ਵਿਅਕਤੀ ਭਾਵੇਂ ਉਹ ਸੈਕਸ਼ਨ 22 ਅਧੀਨ ਰਜਿਸਟਰੇਸ਼ਨ ਕਰਵਾਉਣ ਲਈ ਜ਼ਿੰਮੇਵਾਰ ਵੀ ਨਹੀਂ ਹੈ, ਉਹ ਆਪਣੀ ਮਰਜ਼ੀ ਨਾਲ ਆਪਣੇ-ਆਪ ਨੂੰ ਰਜਿਸਟਰਡ ਕਰਵਾ ਸਕਦਾ/ਸਕਦੀ ਹੈ ਅਤੇ ਇਸ ਕਾਨੂੰਨ ਦੀਆਂ ਸਾਰੀਆਂ ਵਿਵਸਥਾਵਾਂ ਉਸ ਵਿਅਕਤੀ ਉੱਤੇ ਵੀ ਲਾਗੂ ਹੋਣਗੀਆਂ, ਜੋ ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਉੱਤੇ ਲਾਗੂ ਹੁੰਦੀਆਂ ਹਨ।

**ਪ੍ਰਸ਼ਨ 11. ਕੀ ਇੱਕ ਰਜਿਸਟਰੇਸ਼ਨ ਲੈਣ ਲਈ 'ਸਥਾਈ ਖਾਤਾ ਨੰਬਰ' (ਪਰਮਾਨੈਂਟ ਅਕਾਊਂਟ ਨੰਬਰ ਭਾਵ 'ਪੈਨ') ਦਾ ਹੋਣਾ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ?**

ਉੱਤਰ. ਜੀ ਹਾਂ, ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 25(6) ਅਨੁਸਾਰ ਰਜਿਸਟਰੇਸ਼ਨ ਦੀ ਮਨਜ਼ੂਰੀ ਵਾਸਤੇ ਯੋਗ ਹੋਣ ਹਿਤ ਹਰੇਕ ਵਿਅਕਤੀ ਕੋਲ ਆਮਦਨ ਟੈਕਸ ਕਾਨੂੰਨ, 1961 (1961 ਦਾ 43) ਅਧੀਨ ਜਾਰੀ ਪਰਮਾਨੈਂਟ ਅਕਾਊਂਟ ਨੰਬਰ ਹੋਵੇਗਾ।

ਉਂਝ, ਉਪਰੋਕਤ ਵਰਣਿਤ ਸੈਕਸ਼ਨ 25(6) ਦੀ ਵਿਵਸਥਾ ਅਨੁਸਾਰ, ਸੈਕਸ਼ਨ 51 ਅਧੀਨ ਟੈਕਸ ਕਟੌਤੀ ਵਾਲਾ ਕੋਈ ਵਿਅਕਤੀ, ਰਜਿਸਟਰੇਸ਼ਨ ਦੀ ਮਨਜ਼ੂਰੀ ਲਈ ਯੋਗ ਹੋਣ ਹਿਤ 'ਪੈਨ' ਦੀ ਥਾਂ, ਵਰਣਿਤ ਆਮਦਨ ਟੈਕਸ ਕਾਨੂੰਨ ਅਧੀਨ ਇੱਕ ਟੈਕਸ ਡਿਡੱਕਸ਼ਨ ਐਂਡ ਕੁਲੈਕਸ਼ਨ ਅਕਾਊਂਟ ਨੰਬਰ ਰੱਖ ਸਕਦਾ ਹੈ।

ਸੈਕਸ਼ਨ 25(7) ਅਨੁਸਾਰ ਇੱਕ ਰਿਹਾਇਸ਼ੀ ਟੈਕਸਯੋਗ ਵਿਅਕਤੀ ਲਈ 'ਪੈਨ' ਕਾਨੂੰਨੀ ਤੌਰ ਉੱਤੇ ਲਾਜ਼ਮੀ ਨਹੀਂ ਹੈ, ਜਿਸ ਨੂੰ ਕਿਸੇ ਹੋਰ ਨਿਰਧਾਰਤ ਦਸਤਾਵੇਜ਼ ਦੇ ਆਧਾਰ ਉੱਤੇ ਰਜਿਸਟਰੇਸ਼ਨ ਦਿੱਤੀ ਜਾ ਸਕਦੀ ਹੈ।

**ਪ੍ਰਸ਼ਨ 12. ਕੀ ਵਿਭਾਗ ਕਿਸੇ ਯੋਗ ਤੇ ਵਾਜਬ ਅਧਿਕਾਰੀ ਰਾਹੀਂ ਆਪਣੇ-ਆਪ ਕਾਰਵਾਈ ਕਰਦਿਆਂ ਇਸ ਕਾਨੂੰਨ ਅਧੀਨ ਕਿਸੇ ਵਿਅਕਤੀ ਦੀ ਰਜਿਸਟਰੇਸ਼ਨ ਲਈ ਕਾਰਵਾਈ ਅਰੰਭ ਕਰ ਸਕਦਾ ਹੈ?**

ਉੱਤਰ. ਜੀ ਹਾਂ। ਅਨੁਛੇਦ 25 ਦੇ ਉੱਪ-ਸੈਕਸ਼ਨ (8) ਦੀਆਂ ਮੱਦਾਂ ਵਿੱਚ, ਜਿੱਥੇ ਕੋਈ ਵਿਅਕਤੀ ਇਸ ਕਾਨੂੰਨ ਅਧੀਨ ਰਜਿਸਟਰੇਸ਼ਨ ਕਰਵਾਉਣ ਲਈ ਜ਼ਿੰਮੇਵਾਰ ਹੈ, ਪਰ ਉਹ ਰਜਿਸਟਰੇਸ਼ਨ ਲੈਣ ਤੋਂ ਨਾਕਾਮ ਰਹਿੰਦਾ ਹੈ, ਤਾਂ ਯੋਗ ਤੇ ਵਾਜਬ ਅਧਿਕਾਰੀ ਬਿਨਾ ਕਿਸੇ ਪੱਖਪਾਤ ਦੇ ਇਸ ਕਾਨੂੰਨ ਅਧੀਨ ਜਾਂ ਕਿਸੇ ਹੋਰ ਕਾਨੂੰਨ ਅਧੀਨ ਜੋ ਉਸ ਸਮੇਂ ਲਾਗੂ ਕੀਤਾ ਹੋ ਸਕਦਾ ਹੈ, ਅਜਿਹੇ ਵਿਅਕਤੀ ਦੀ

ਰਜਿਸਟਰੇਸ਼ਨ ਲਈ ਉਸ ਵਿਧੀ ਅਨੁਸਾਰ ਕੋਈ ਕਾਰਵਾਈ ਕਰ ਸਕਦਾ ਹੈ, ਜੋ ਨਿਰਧਾਰਤ ਕੀਤੀ ਹੋ ਸਕਦੀ ਹੈ।

**ਪ੍ਰਸ਼ਨ 13. ਕੀ ਕੋਈ ਯੋਗ ਜਾਂ ਵਾਜਬ ਅਧਿਕਾਰੀ ਰਜਿਸਟਰੇਸ਼ਨ ਲਈ ਕੋਈ ਅਰਜ਼ੀ ਰੱਦ ਕਰ ਸਕਦਾ ਹੈ?**

ਉੱਤਰ. ਹਾਂ। ਸੀ.ਜੀ.ਐੱਸਅੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 25 ਦੇ ਉੱਪ-ਸੈਕਸ਼ਨ 10 ਦੀਆਂ ਮੱਦਾਂ ਵਿੱਚ, ਕੋਈ ਯੋਗ ਜਾਂ ਵਾਜਬ ਅਧਿਕਾਰੀ ਬਣਦੀ ਪੁਸ਼ਟੀ ਕਰਨ ਤੋਂ ਬਾਅਦ ਰਜਿਸਟਰੇਸ਼ਨ ਲਈ ਆਈ ਅਰਜ਼ੀ ਨੂੰ ਰੱਦ ਕਰ ਸਕਦਾ ਹੈ।

**ਪ੍ਰਸ਼ਨ 14. ਕੀ ਕਿਸੇ ਵਿਅਕਤੀ ਨੂੰ ਮਨਜ਼ੂਰ ਹੋਈ ਰਜਿਸਟਰੇਸ਼ਨ ਸਥਾਈ ਹੈ?**

ਉੱਤਰ. ਜੀ ਹਾਂ। ਇੱਕ ਵਾਰ ਜਾਰੀ ਹੋਇਆ ਰਜਿਸਟਰੇਸ਼ਨ ਸਰਟੀਫ਼ਿਕੇਟ ਸਥਾਈ ਭਾਵ ਪੱਕਾ ਹੈ, ਜਦੋਂ ਤੱਕ ਉਸ ਨੂੰ ਵਾਪਸ (ਸਰੈਂਡਰ), ਰੱਦ, ਮੁਲਤਵੀ ਜਾਂ ਮਨਸੂਖ਼ ਨਾ ਕਰ ਦਿੱਤਾ ਜਾਵੇ।

**ਪ੍ਰਸ਼ਨ 15. ਕੀ ਸੰਯੁਕਤ ਰਾਸ਼ਟਰ (ਯੂ.ਐਨ.) ਦੀਆਂ ਇਕਾਈਆਂ ਲਈ ਐਮ.ਜੀ.ਐਲ. ਅਧੀਨ ਰਜਿਸਟਰੇਸ਼ਨ ਲੈਣਾ ਜ਼ਰੂਰੀ ਹੈ?**

ਉੱਤਰ. ਜੀ ਹਾਂ। ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 25(9) ਦੀਆਂ ਮੱਦਾਂ ਵਿੱਚ, ਸੰਯੁਕਤ ਰਾਸ਼ਟਰ ਦੀਆਂ ਸਾਰੀਆਂ ਇਕਾਈਆਂ ਕੌਂਸਲੇਟ ਜਾਂ ਦੂਜੇ ਦੇਸ਼ਾਂ ਦਾ ਸਫ਼ਾਰਤਖਾਨਾ ਅਤੇ ਵਿਅਕਤੀਆਂ ਦਾ ਕੋਈ ਹੋਰ ਵਰਗ, ਜਿਨ੍ਹਾਂ ਬਾਰੇ ਅਧਿਸੂਚਿਤ ਕੀਤਾ ਗਿਆ ਹੋਵੇ, ਨੂੰ ਜੀ.ਐਸ.ਟੀ. ਪੋਰਟਲ ਤੋਂ 'ਵਿਲੱਖਣ ਸ਼ਨਾਖ਼ਤ ਨੰਬਰ' (ਯੂ.ਆਈ.ਐਨ.) ਲੈਣਾ ਹੋਵੇਗਾ। ਵਰਣਿਤ ਆਈ.ਡੀ. ਭਾਵ ਸ਼ਨਾਖ਼ਤ ਦਾ ਢਾਂਚਾ ਸਾਰੇ ਰਾਜਾਂ ਵਿੱਚ ਜੀ.ਐਸ.ਟੀ.ਆਈ.ਐਨ. ਢਾਂਚੇ ਦੇ ਅਨੁਸਾਰ ਇੱਕਸਮਾਨ ਹੀ ਹੋਵੇਗਾ ਅਤੇ ਉਹ ਕੇਂਦਰ ਤੇ ਸੂਬਿਆਂ ਲਈ ਸਾਂਝਾ ਹੋਵੇਗਾ। ਇਹ ਯੂ.ਆਈ.ਐਨ. ਉਨ੍ਹਾਂ ਵੱਲੋਂ ਅਦਾ ਕੀਤੇ ਟੈਕਸਾਂ ਦੇ ਰੀਫ਼ੰਡ ਲਈ ਦਾਅਵਾ (ਕਲੇਮ) ਪੇਸ਼ ਕਰਨ ਅਤੇ ਹੋਰ ਕਿਸੇ ਅਜਿਹੇ ਉਦੇਸ਼ ਵਾਸਤੇ ਜ਼ਰੂਰੀ ਹੋਵੇਗਾ, ਜੋ ਜੀ.ਐਸ.ਟੀ. ਨੇਮਾਂ ਵਿੱਚ ਨਿਰਧਾਰਤ ਕੀਤਾ ਹੋ ਸਕਦਾ ਹੈ।

**ਪ੍ਰਸ਼ਨ 16. ਸੰਯੁਕਤ ਰਾਸ਼ਟਰ ਦੀਆਂ ਇਕਾਈਆਂ ਨੂੰ ਸਪਲਾਈ ਕਰਨ ਵਾਲੇ ਟੈਕਸਯੋਗ ਵਿਅਕਤੀ ਦੀ ਕੀ ਜ਼ਿੰਮੇਵਾਰੀ ਹੈ?**

ਉੱਤਰ. ਅਜਿਹੇ ਸੰਗਠਨਾਂ ਨੂੰ ਸਪਲਾਈ ਕਰਨ ਵਾਲੇ ਟੈਕਸਯੋਗ ਸਪਲਾਇਰ ਨੂੰ ਇਨਵੁਆਇਸਜ਼ ਉੱਤੇ ਯੂ.ਆਈ.ਐਨ. ਦਾ ਵਰਨਣ ਕਰਨ ਦੀ ਸੰਭਾਵਨਾ ਕੀਤੀ ਜਾਵੇਗੀ ਅਤੇ ਅਜਿਹੀਆਂ ਸਪਲਾਈਜ਼ ਨੂੰ ਕਿਸੇ ਹੋਰ ਰਜਿਸਟਰਡ ਵਿਅਕਤੀ (ਬੀ2ਬੀ) ਨੂੰ ਕੀਤੀਆਂ ਸਪਲਾਈਜ਼ ਮੰਨਿਆ ਜਾਵੇਗਾ ਅਤੇ ਉਨ੍ਹਾਂ ਦੀਆਂ ਇਨਵੁਆਇਸਜ਼ ਨੂੰ ਸਪਲਾਇਰ ਵੱਲੋਂ ਅਪਲੋਡ ਕੀਤਾ ਜਾਵੇਗਾ।

**ਪ੍ਰਸ਼ਨ 17. ਕੀ ਕਿਸੇ ਸਰਕਾਰੀ ਸੰਗਠਨ ਲਈ ਰਜਿਸਟਰੇਸ਼ਨ ਲੈਣੀ ਜ਼ਰੂਰੀ ਹੈ?**

ਉੱਤਰ. ਸਬੰਧਤ ਸੂਬਾਈ ਟੈਕਸ ਅਥਾਰਟੀਜ਼ ਵੱਲੋਂ ਜੀ.ਐਸ.ਟੀ. ਪੋਰਟਲ ਰਾਹੀਂ ਸਰਕਾਰੀ ਅਥਾਰਟੀਜ਼/ਜਨਤਕ ਖੇਤਰ ਦੇ ਅਦਾਰਿਆਂ ਨੂੰ ਇੱਕ 'ਯੂਨੀਕ ਆਇਡੈਂਟੀਫ਼ਿਕੇਸ਼ਨ ਨੰਬਰ' (ਆਈ.ਡੀ.) ਦੇਣਾ ਹੋਵੇਗਾ ਕਿ ਉਹ ਜੀ.ਐਸ.ਟੀ. ਮਾਲ ਦੀ ਬਾਹਰ ਵੱਲ ਸਪਲਾਈਜ਼ ਨਾ ਕਰਨ (ਇੰਝ ਉਹ ਜੀ.ਐਸ.ਟੀ. ਰਜਿਸਟਰੇਸ਼ਨ ਲਈ ਜ਼ਿੰਮੇਵਾਰ ਨਹੀਂ) ਪਰ ਉਹ ਅੰਤਰ-ਰਾਜੀ (ਦੂਜੇ ਸੂਬਿਆਂ ਤੋਂ) ਖ਼ਰੀਦਦਾਰੀਆਂ ਕਰ ਰਹੇ ਹਨ।

**ਪ੍ਰਸ਼ਨ 18. ਕੈਜ਼ੂਅਲ ਟੈਕਸਯੋਗ ਵਿਅਕਤੀ ਕੌਣ ਹੈ?**

ਉੱਤਰ. ਕੈਜ਼ੂਅਲ ਟੈਕਸਯੋਗ ਵਿਅਕਤੀ ਦੀ ਪਰਿਭਾਸ਼ਾ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਅਨੁਛੇਦ 2(20) ਵਿੱਚ ਦਿੱਤੀ ਗਈ ਹੈ। ਇਸ ਦਾ ਅਰਥ ਉਸ ਵਿਅਕਤੀ ਤੋਂ ਹੈ, ਜੋ ਟੈਕਸਯੋਗ ਖੇਤਰ ਵਿੱਚ ਕਦੀ-ਕਦਾਈਂ ਕਿਸੇ ਮੌਕੇ 'ਤੇ ਕੋਈ ਅਜਿਹਾ ਲੈਣ-ਦੇਣ ਕਰਦਾ ਹੈ, ਜਿਸ ਵਿੱਚ ਵਸਤਾਂ/ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਸ਼ਾਮਲ ਹੈ ਜਾਂ ਉਹ ਕਾਰੋਬਾਰ ਅੱਗੇ ਵਧਾਉਣ ਲਈ ਕੀਤਾ ਗਿਆ ਹੈ, ਭਾਵੇਂ ਪ੍ਰਿੰਸੀਪਲ ਵਜੋਂ ਜਾਂ ਏਜੰਟ ਵਜੋਂ ਜਾਂ ਕਿਸੇ ਹੋਰ ਸਮਰੱਥਾ ਵਿੱਚ ਕਿਸੇ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਅੰਦਰ ਕੀਤਾ ਗਿਆ ਹੋਵੇ, ਜਿੱਥੇ ਉਸ ਦੇ ਕਾਰੋਬਾਰ ਦਾ ਕੋਈ ਨਿਸ਼ਚਤ ਸਥਾਨ ਨਾ ਹੋਵੇ।

**ਪ੍ਰਸ਼ਨ 19. ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ ਕੌਣ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 2(77) ਦੀਆਂ ਮੱਦਾਂ ਵਿੱਚ, ਭਾਰਤ ਤੋਂ ਬਾਹਰ ਰਹਿ ਰਿਹਾ ਇੱਕ ਟੈਕਸਯੋਗ ਵਿਅਕਤੀ ਅਤੇ ਜੋ ਕਦੀ-ਕਦਾਈਂ ਮਾਲਅਤੇ/ਜਾਂ ਸੇਵਾਵਾਂ ਦੀ ਸਪਲਾਈ ਰਾਹੀਂ ਦੇਸ਼ ਵਿੱਚ ਕੋਈ ਲੈਣ-ਦੇਣ ਕਰਦਾ ਹੈ, ਭਾਵੇਂ ਪ੍ਰਿੰਸੀਪਲ ਵਜੋਂ ਜਾਂ ਏਜੰਟ ਵਜੋਂ ਜਾਂ ਕਿਸੇ ਹੋਰ ਸਮਰੱਥਾ ਵਿੱਚ ਅਜਿਹਾ ਕੀਤਾ ਗਿਆ ਹੋਵੇ, ਪਰ ਉਸ ਦਾ ਭਾਰਤ ਵਿੱਚ ਕਾਰੋਬਾਰ ਦਾ ਕੋਈ ਨਿਸ਼ਚਤ ਸਥਾਨ ਜਾਂ ਰਿਹਾਇਸ਼ ਨਹੀਂ ਹੈ।

**ਪ੍ਰਸ਼ਨ 20. ਕਿਸੇ ਕੈਜ਼ੂਅਲ ਟੈਕਸਯੋਗ ਵਿਅਕਤੀ ਅਤੇ ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ ਨੂੰ ਜਾਰੀ ਰਜਿਸਟਰੇਸ਼ਨ ਸਰਟੀਫ਼ਿਕੇਨ ਦੀ ਵੈਧਤਾ-ਮਿਆਦ ਕੀ ਹੈ?**

ਉੱਤਰ. ਸੈਕਸ਼ਨ 27(1) ਦੀਆਂ ਵਿਵਸਥਾਵਾਂ ਦੀਆਂ ਮੱਦਾਂ ਵਿੱਚ, ਕਿਸੇ 'ਕੈਜ਼ੂਅਲ ਟੈਕਸਯੋਗ ਵਿਅਕਤੀ' ਜਾਂ 'ਗ਼ੈਰ–ਰਿਹਾਇਸ਼ੀ ਟੈਕਸਯੋਗ ਵਿਅਕਤੀ' ਨੂੰ ਜਾਰੀ ਕੀਤਾ ਰਜਿਸਟਰੇਸ਼ਨ ਦਾ ਪ੍ਰਮਾਣ–ਪੱਤਰ (ਸਰਟੀਫ਼ਿਕੇਟ) ਰਜਿਸਟਰੇਸ਼ਨ ਦੀ ਅਰਜ਼ੀ ਵਿੱਚ ਵਰਣਿਤ ਮਿਆਦ ਲਈ ਜਾਂ ਰਜਿਸਟਰੇਸ਼ਨ ਪ੍ਰਭਾਵੀ ਹੋਣ ਦੀ ਮਿਤੀ ਤੋਂ 90 ਦਿਨਾਂ ਦੀ ਮਿਆਦ, ਜੋ ਵੀ ਪਹਿਲਾਂ ਹੋਵੇਗਾ, ਲਈ ਵੈਧ ਹੋਵੇਗਾ। ਫਿਰ ਵੀ, ਯੋਗ ਜਾਂ ਵਾਜਬ ਅਧਿਕਾਰੀ, ਵਰਣਿਤ ਟੈਕਸਯੋਗ ਵਿਅਕਤੀ ਦੀ ਬੇਨਤੀ ਉੱਤੇ ਉਪਰੋਕਤ ਵਰਣਿਤ 90 ਦਿਨਾਂ ਦੀ ਵਰਣਿਤ ਵੈਧਤਾ ਨੂੰ ਅੱਗੇ ਵਧਾ ਸਕਦਾ ਹੈ ਪਰ 90 ਦਿਨਾਂ ਤੋਂ ਵੱਧ ਨਹੀਂ।

**ਪ੍ਰਸ਼ਨ 21. ਕੀ ਕਿਸੇ ਕੈਜ਼ੂਅਲ ਟੈਕਸਯੋਗ ਵਿਅਕਤੀ ਅਤੇ ਗ਼ੈਰ-ਰਿਹਾਇਸ਼ੀ ਵਿਅਕਤੀ ਲਈ ਇਸ ਵਿਸ਼ੇਸ਼ ਵਰਗ ਅਧੀਨ ਰਜਿਸਟਰੇਸ਼ਨ ਪ੍ਰਾਪਤ ਕਰਦੇ ਸਮੇਂ ਕੋਈ ਐਡਵਾਂਸ ਟੈਕਸ ਅਦਾ ਕਰਨਾ ਯੋਗ ਹੋਵੇਗਾ?**

ਉੱਤਰ. ਜੀ ਹਾਂ। ਉਂਝ ਇੱਕ ਆਮ ਟੈਕਸਯੋਗ ਵਿਅਕਤੀ ਨੂੰ ਰਜਿਸਟਰੇਸ਼ਨ ਪ੍ਰਾਪਤ ਕਰਨ ਲਈ ਕੋਈ ਧਨ ਜਮ੍ਹਾ ਕਰਵਾਉਣ ਦੀ ਜ਼ਰੂਰਤ ਨਹੀਂ ਹੈ, ਪਰ ਇੱਕ ਕੈਜ਼ੂਅਲ ਟੈਕਸਯੋਗ ਵਿਅਕਤੀ ਜਾਂ ਇੱਕ ਗ਼ੈਰ–ਰਿਹਾਇਸ਼ੀ ਟੈਕਸਯੋਗ ਵਿਅਕਤੀ ਨੂੰ ਅਨੁਛੇਦ 27(2) ਅਧੀਨ ਰਜਿਸਟਰੇਸ਼ਨ ਲਈ ਅਰਜ਼ੀ ਦਿੰਦੇ ਸਮੇਂ ਓਨੀ ਰਾਸ਼ੀ ਦਾ ਟੈਕਸ ਐਡਵਾਂਸ (ਅਗਾਊਂ) ਜਮ੍ਹਾ ਕਰਵਾਉਣਾ ਹੋਵੇਗਾ, ਜਿੰਨੀ ਉਸ ਮਿਆਦ ਲਈ ਉਸ ਦੀ ਅਨੁਮਾਨਤ ਟੈਕਸ ਦੇਣਦਾਰੀ ਬਣਦੀ ਹੋਵੇਗੀ, ਜਿੰਨੀ ਮਿਆਦ ਲਈ ਰਜਿਸਟਰੇਸ਼ਨ ਮੰਗੀ ਗਈ ਹੈ। ਜੇ ਰਜਿਸਟਰੇਸ਼ਨ ਮੁਢਲੇ 90 ਦਿਨਾਂ ਦੀ ਮਿਆਦ ਤੋਂ ਅਗਾਂਹ ਵਧਾਈ ਜਾਂਦੀ ਹੈ, ਤਾਂ ਅਨੁਮਾਨਤ ਟੈਕਸ ਦੇਣਦਾਰੀ ਦੇ ਸਮਾਨ ਵਾਧੂ ਟੈਕਸ ਰਾਸ਼ੀ ਉਸ ਮਿਆਦ ਲਈ ਜਮ੍ਹਾ ਕਰਵਾਉਣੀ ਹੋਵੇਗੀ, ਜਿਸ ਲਈ 90 ਦਿਨਾਂ ਤੋਂ ਬਾਅਦ ਮਿਆਦ ਹੋਰ ਅੱਗੇ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ।

**ਪ੍ਰਸ਼ਨ 22. ਕੀ ਰਜਿਸਟਰੇਸ਼ਨ ਸਰਟੀਫ਼ਿਕੇਟ ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਪ੍ਰਵਾਨਗੀਯੋਗ ਹਨ?**

ਉੱਤਰ. ਜੀ ਹਾਂ। ਅਨੁਛੇਦ 28 ਦੀਆਂ ਮੱਦਾਂ ਅਨੁਸਾਰ, ਯੋਗ ਜਾਂ ਵਾਜਬ

ਅਧਿਕਾਰੀ; ਰਜਿਸਟਰੇਸ਼ਨ ਕਰਵਾਉਣ ਵਾਲੇ ਵਿਅਕਤੀ ਵੱਲੋਂ ਦਿੱਤੀ ਜਾਂ ਉਸ ਵੱਲੋਂ ਸੁਨਿਸ਼ਚਤ ਕੀਤੀ ਅਜਿਹੀ ਜਾਣਕਾਰੀ ਦੇ ਆਧਾਰ ਉੱਤੇ ਸੋਧ ਲਈ ਅਰਜ਼ੀ ਮਿਲਣ ਦੀ ਮਿਤੀ ਤੋਂ 15 ਆਮ ਕੰਮਕਾਜੀ ਦਿਨਾਂ ਦੀ ਮਿਆਦ ਦੇ ਅੰਦਰ ਰਜਿਸਟਰੇਸ਼ਨ ਦੇ ਵੇਰਵਿਆਂ ਵਿੱਚ ਸੋਧਾਂ ਨੂੰ, ਉਸ ਢੰਗ ਅਜਿਹੀ ਮਿਆਦ ਦੇ ਅੰਦਰ ਪ੍ਰਵਾਨ ਜਾਂ ਰੱਦ ਕਰ ਸਕਦਾ ਹੈ, ਜੋ ਨਿਰਧਾਰਤ ਕੀਤੀ ਹੋ ਸਕਦੀ ਹੈ।

ਇਹ ਗੱਲ ਨੋਟ ਕਰਨੀ ਹੋਵੇਗੀ ਕਿ ਸੂਚਨਾ/ਜਾਣਕਾਰੀ ਦੇ ਕੇਵਲ ਕੁਝ ਮੁੱਖ ਨਿਸ਼ਚਤ ਖੇਤਰਾਂ ਵਿਚ ਕੀਤੀਆਂ ਜਾਣ ਵਾਲੀਆਂ ਸੋਧਾਂ ਲਈ ਯੋਗ ਜਾਂ ਵਾਜਬ ਅਧਿਕਾਰੀ ਦੀ ਪ੍ਰਵਾਨਗੀ ਲੈਣੀ ਹੋਵੇਗੀ, ਜਦ ਕਿ ਹੋਰਨਾਂ ਖੇਤਰਾਂ ਲਈ, ਰਜਿਸਟਰੇਸ਼ਨ ਦਾ ਸਰਟੀਫ਼ਿਕੇਟ ਜੀ.ਐੱਸ.ਟੀ. ਆਮ ਪੋਰਟਲ ਵਿੱਚ ਅਰਜ਼ੀ ਜਮ੍ਹਾ ਕਰਵਾਉਂਦੇ ਸਮੇਂ ਸੋਧਿਆ ਜਾ ਸਕੇਗਾ।

**ਪ੍ਰਸ਼ਨ 23. ਕੀ ਰਜਿਸਟਰੇਸ਼ਨ ਸਰਟੀਫ਼ਿਕੇਟ ਨੂੰ ਰੱਦ ਕਰਨਾ ਪ੍ਰਵਾਨਗੀਯੋਗ ਹੈ?**

ਉੱਤਰ. ਜੀ ਹਾਂ। ਇਸ ਕਾਨੂੰਨ ਅਧੀਨ ਪ੍ਰਵਾਨਿਤ ਕੀਤੀ ਕੋਈ ਵੀ ਰਜਿਸਟਰੇਸ਼ਨ ਯੋਗ ਜਾਂ ਵਾਜਬ ਅਧਿਕਾਰੀ ਵੱਲੋਂ, ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 29 ਵਿੱਚ ਵਰਣਿਤ ਹਾਲਾਤ ਵਿੱਚ ਰੱਦ ਕੀਤੀ ਜਾ ਸਕਦੀ ਹੈ। ਯੋਗ ਜਾਂ ਵਾਜਬ ਅਧਿਕਾਰੀ, ਖ਼ੁਦ ਆਪਣੇ ਪੱਧਰ 'ਤੇ ਜਾਂ ਰਜਿਸਟਰਡ ਟੈਕਸਯੋਗ ਵਿਅਕਤੀ ਵੱਲੋਂ ਜਾਂ ਉਸ ਦੇ ਕਾਨੂੰਨੀ ਵਾਰਿਸਾਂ ਵੱਲੋਂ, ਅਜਿਹੇ ਵਿਅਕਤੀ ਦਾ ਦੇਹਾਂਤ ਹੋਣ ਦੀ ਹਾਲਤ ਵਿੱਚ, ਦਾਇਰ ਕੀਤੀ ਗਈ ਅਰਜ਼ੀ ਦੇ ਆਧਾਰ 'ਤੇ, ਨਿਰਧਾਰਤ ਤਰੀਕੇ ਨਾਲ ਰਜਿਸਟਰੇਸ਼ਨ ਨੂੰ ਅਜਿਹੇ ਤਰੀਕੇ ਨਾਲ ਅਤੇ ਉਸ ਮਿਆਦ ਦੇ ਅੰਦਰ ਰੱਦ ਕਰ ਸਕਦਾ ਹੈ, ਜੋ ਕਿ ਨਿਰਧਾਰਤ ਹੋ ਸਕਦੀ ਹੈ। ਰਜਿਸਟਰੇਸ਼ਨ ਦੇ ਨਿਯਮਾਂ ਅਨੁਸਾਰ ਰੱਦ ਕੀਤੇ ਜਾਣ ਲਈ ਇੱਕ ਆਦੇਸ਼ ਐੱਸ.ਸੀ.ਐੱਨ ਨੂੰ ਜਵਾਬ ਪ੍ਰਾਪਤੀ ਦੀ ਮਿਤੀ ਤੋਂ (ਉਨ੍ਹਾਂ ਮਾਮਲਿਆਂ ਵਿੱਚ, ਜਿੱਥੇ ਰੱਦ ਹੋਣਾ ਵਾਜਬ ਅਧਿਕਾਰੀ ਵੱਲੋਂ ਆਪਣੇ ਆਧਾਰ ਉੱਤੇ ਕੀਤੀ ਕਾਰਵਾਈ ਅਧੀਨ ਕਰਨਾ ਪ੍ਰਸਤਾਵਿਤ ਹੈ) ਜਾਂ ਰੱਦ ਕੀਤੇ ਜਾਣ ਲਈ ਅਰਜ਼ੀ ਪ੍ਰਾਪਤੀ ਦੀ ਮਿਤੀ ਤੋਂ (ਜਿੱਥੇ ਟੈਕਸਯੋਗ ਵਿਅਕਤੀ/ਕਾਨੂੰਨੀ ਵਾਰਸ ਇੰਝ ਰੱਦ ਕੀਤੇ ਜਾਣ ਲਈ ਅਰਜ਼ੀ ਦਿੰਦਾ ਹੈ) 30 ਦਿਨਾਂ ਦੇ ਅੰਦਰ ਜਾਰੀ ਕਰਨਾ ਹੋਵੇਗਾ।

**ਪ੍ਰਸ਼ਨ 24. ਕੀ ਸੀ.ਜੀ.ਐਸ.ਟੀ. ਕਾਨੂੰਨ ਅਧੀਨ ਰਜਿਸਟਰੇਸ਼ਨ ਦੇ ਰੱਦ ਹੋਣ ਦਾ ਮਤਲਬ ਐਸ.ਜੀ.ਐਸ.ਟੀ. ਕਾਨੂੰਨ ਅਧੀਨ ਵੀ ਰੱਦ ਹੋਣਾ ਹੈ?**

ਉੱਤਰ. ਜੀ ਹਾਂ, ਇੱਕ ਕਾਨੂੰਨ ਅਧੀਨ ਰਜਿਸਟਰੇਸ਼ਨ ਦਾ ਰੱਦ ਹੋਣਾ

(ਸੀ.ਜੀ.ਐੱਸ.ਟੀ. ਕਾਨੂੰਨ) ਹੋਰ ਕਾਨੂੰਨ (ਭਾਵ ਐੱਸ.ਜੀ.ਐੱਸ.ਟੀ. ਕਾਨੂੰਨ) ਅਧੀਨ ਵੀ ਰੱਦ ਸਮਝਿਆ ਜਾਵੇਗਾ। (ਸੈਕਸ਼ਨ 29 (4))

**ਪ੍ਰਸ਼ਨ 25. ਕੀ ਯੋਗ ਜਾਂ ਵਾਜਬ ਅਧਿਕਾਰੀ ਆਪਣੇ ਖ਼ੁਦ ਦੇ ਪੱਧਰ ਉੱਤੇ ਰਜਿਸਟਰੇਸ਼ਨ ਰੱਦ ਕਰ ਸਕਦਾ ਹੈ?**

ਉੱਤਰ. ਜੀ ਹਾਂ। ਐਮ.ਜੀ.ਐਲ. ਦੇ ਅਨੁਛੇਦ 21(2) ਅਧੀਨ ਵਰਣਿਤ ਨਿਸ਼ਚਤ ਪਰਿਸਥਿਤੀਆਂ ਵਿੱਚ, ਯੋਗ ਜਾਂ ਵਾਜਬ ਅਧਿਕਾਰੀ ਆਪਣੇ ਪੱਧਰ ’ਤੇ ਰਜਿਸਟਰੇਸ਼ਨ ਰੱਦ ਕਰ ਸਕਦਾ ਹੈ। ਅਜਿਹੇ ਹਾਲਾਤ (ਪਰਿਸਥਿਤੀਆਂ) ਵਿੱਚ ਇਹ ਕੁਝ ਸ਼ਾਮਲ ਹੈ – ਜਿਵੇਂ ਛੇ ਮਹੀਨਿਆਂ ਦੇ ਲਗਾਤਾਰ ਸਮੇਂ ਲਈ ਰਿਟਰਨ ਨਾ ਭਰਵਾਉਣਾ (ਕਿਉਂਕਿ ਇੱਕ ਆਮ ਟੈਕਸਯੋਗ ਵਿਅਕਤੀ) ਜਾਂ ਤਿੰਨ ਮਹੀਨਿਆਂ ਲਈ ਰਿਟਰਨ ਨਾ ਭਰਵਾਉਣਾ (ਇੱਕ ਕੰਪਾਉਂਡਿੰਗ ਟੈਕਸਦਾਤੇ ਲਈ), ਅਤੇ ਰਜਿਸਟਰੇਸ਼ਨ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਕਾਰੋਬਾਰ ਸ਼ੁਰੂ ਨਹੀਂ ਕੀਤਾ ਜਾਂਦਾ। ਉਂਝ, ਰਜਿਸਟਰੇਸ਼ਨ ਰੱਦ ਕੀਤੇ ਜਾਣ ਤੋਂ ਪਹਿਲਾਂ, ਯੋਗ ਜਾਂ ਵਾਜਬ ਅਧਿਕਾਰੀ ਨੂੰ ਕੁਦਰਤੀ ਨਿਆਂ (ਅਨੁਛੇਦ 21(4)) ਦੇ ਸਿਧਾਂਤਾਂ ਦੀ ਪਾਲਣਾ ਕਰਨੀ ਪੈਂਦੀ ਹੈ।

**ਪ੍ਰਸ਼ਨ 26. ਉਸ ਹਾਲਤ ਵਿੱਚ ਕੀ ਵਾਪਰਦਾ ਹੈ, ਜਦੋਂ ਰਜਿਸਟਰੇਸ਼ਨ ਜਾਣਬੁੱਝ ਕੇ ਗ਼ਲਤ-ਬਿਆਨੀ, ਧੋਖਾਧੜੀ ਜਾਂ ਤੱਥਾਂ ਨੂੰ ਲੁਕਾ ਕੇ ਹਾਸਲ ਕੀਤੀ ਗਈ ਹੋਵੇ?**

ਉੱਤਰ. ਅਜਿਹੇ ਮਾਮਲਿਆਂ ਵਿੱਚ, ਯੋਗ ਜਾਂ ਵਾਜਬ ਅਧਿਕਾਰੀ ਵੱਲੋਂ ਰਜਿਸਟਰੇਸ਼ਨ ਨੂੰ ਪਿਛਲੀ ਤਾਰੀਖ਼ ਤੋਂ ਰੱਦ ਕੀਤਾ ਜਾ ਸਕਦਾ ਹੈ। ਅਨੁਛੇਦ 29(2) (ਈ)।

**ਪ੍ਰਸ਼ਨ 27. ਕੀ ਜੀ.ਐੱਸ.ਟੀ. ਕਾਨੂੰਨ ਅਧੀਨ ਸੇਵਾਵਾਂ ਲਈ ਕੇਂਦਰੀਕ੍ਰਿਤ ਰਜਿਸਟਰੇਸ਼ਨ ਲੈਣ ਦਾ ਕੋਈ ਵਿਕਲਪ ਹੈ?**

ਉੱਤਰ. ਨਹੀਂ, ਟੈਕਸਦਾਤੇ ਨੂੰ ਹਰੇਕ ਸੂਬੇ ਵਿੱਚ ਵੱਖਰੀ ਰਜਿਸਟਰੇਸ਼ਨ ਲੈਣੀ ਹੋਵੇਗੀ, ਜਿੱਥੋਂ ਉਹ ਟੈਕਸਯੋਗ ਸਪਲਾਈਜ਼ ਕਰਦਾ ਹੈ।

**ਪ੍ਰਸ਼ਨ 28. ਜੇ ਕਿਸੇ ਟੈਕਸਦਾਤੇ ਦੇ ਇੱਕੋ ਸੂਬੇ ਵਿੱਚ ਵਿਭਿੰਨ ਕਾਰੋਬਾਰੀ ਵਰਟੀਕਲਜ਼ ਹਨ, ਕੀ ਉਸ ਨੂੰ ਉਸ ਸੂਬੇ ਵਿੱਚ ਹਰੇਕ ਵਰਟੀਕਲ ਲਈ ਵੱਖਰੀ ਰਜਿਸਟਰੇਸ਼ਨ ਲੈਣੀ ਹੋਵੇਗੀ?**

ਉੱਤਰ. ਨਹੀਂ। ਉਂਝ, ਟੈਕਸਦਾਤੇ ਕੋਲ ਅਜਿਹੇ ਵੱਖਰੇ ਕਾਰੋਬਾਰੀ ਵਰਟੀਕਲਜ਼

ਨੂੰ ਸੀ.ਜੀ.ਐੱਸ.ਟੀ. ਕਾਨੂੰਨ, 2017 ਦੇ ਅਨੁਛੇਦ 25(2) ਦੀਆਂ ਮੱਦਾਂ ਅਨੁਸਾਰ ਸੁਤੰਤਰ ਤੌਰ ਉੱਤੇ ਰਜਿਸਟਰ ਕਰਵਾਉਣ ਦਾ ਵਿਕਲਪ ਹੁੰਦਾ ਹੈ।

**ਪ੍ਰਸ਼ਨ 29. ਇੱਕ ਆਈ.ਐਸ.ਡੀ. ਕੀ ਹੈ?**

ਉੱਤਰ. ਆਈ.ਐਸ.ਡੀ. ਦਾ ਮਤਲਬ ਹੈ 'ਇਨਪੁਟ ਸਰਵਿਸ ਡਿਸਟ੍ਰੀਬਿਊਟਰ' (ਆਗਤ ਸੇਵਾ ਵਿਤਰਕ) ਅਤੇ ਇਸ ਨੂੰ ਸੀ.ਜੀ.ਐੱਸ.ਟੀ./.ਐੱਸ.ਜੀ.ਐੱਸ.ਟੀ. ਦੇ ਅਨੁਛੇਦ 2(61) ਅਧੀਨ ਪਰਿਭਾਸ਼ਿਤ ਕੀਤਾ ਗਿਆ ਹੈ। ਬੁਨਿਆਦੀ ਤੌਰ 'ਤੇ ਇਹ ਇੱਕ ਅਜਿਹਾ ਦਫ਼ਤਰ ਹੁੰਦਾ ਹੈ, ਜੋ ਇਨਪੁਟ ਸਰਵਿਸੇਜ਼ ਦੀ ਪ੍ਰਾਪਤੀ ਲਈ ਟੈਕਸ ਇਨਵੁਆਇਸਜ਼ ਪ੍ਰਾਪਤ ਕਰਦਾ ਹੈ ਅਤੇ ਫਿਰ ਸਪਲਾਇਰ ਇਕਾਈਆਂ (ਜਿਨ੍ਹਾਂ ਦਾ ਇੱਕੋ 'ਪੈਨ' ਹੁੰਦਾ ਹੈ) ਨੂੰ ਉਸੇ ਅਨੁਪਾਤ ਨਾਲ ਕ੍ਰੈਡਿਟ ਵੰਡ ਦਿੰਦਾ ਹੈ।

**ਪ੍ਰਸ਼ਨ 30. ਕੀ ਮੌਜੂਦਾ ਟੈਕਸਦਾਤਾ ਰਜਿਸਟਰੇਸ਼ਨ ਤੋਂ ਇਲਾਵਾ ਆਈ.ਐਸ.ਡੀ. ਲਈ ਵੱਖਰੇ ਤੌਰ 'ਤੇ ਰਜਿਸਟਰੇਸ਼ਨ ਕਰਵਾਉਣੀ ਹੋਵੇਗੀ?**

ਉੱਤਰ. ਹਾਂ। ਆਈ.ਐਸ.ਡੀ. ਰਜਿਸਟਰੇਸ਼ਨ ਟੈਕਸਦਾਤੇ ਦੇ ਇੱਕ ਦਫ਼ਤਰ ਲਈ ਹੈ, ਜੋ ਆਮ ਰਜਿਸਟਰੇਸ਼ਨ ਤੋਂ ਵੱਖਰਾ ਹੋਵੇਗਾ।

**ਪ੍ਰਸ਼ਨ 31. ਕੀ ਇੱਕ ਟੈਕਸਦਾਤੇ ਕੋਲ ਕਈ ਆਈ.ਐਸ.ਡੀਜ਼ ਹੋ ਸਕਦੀਆਂ ਹਨ?**

ਉੱਤਰ. ਜੀ ਹਾਂ। ਟੈਕਸਦਾਤੇ ਦੇ ਵਿਭਿੰਨ ਦਫ਼ਤਰ ਆਈ.ਐਸ.ਡੀ. ਲਈ ਬਿਨੈਪੱਤਰ ਦੇ ਸਕਦੇ ਹਨ।

**ਪ੍ਰਸ਼ਨ 32. ਕਿਸੇ ਕਾਰੋਬਾਰ ਦੇ ਤਬਾਦਲੇ ਲਈ ਦੇਣਦਾਰੀਆਂ (ਜਿੱਥੋਂ ਤੱਕ ਰਜਿਸਟਰੇਸ਼ਨ ਦਾ ਸੰਬੰਧ ਹੈ) ਕੀ ਹੋ ਸਕਦੀਆਂ ਹਨ?**

ਉੱਤਰ. ਟ੍ਰਾਂਸਫ਼ਰ ਕਰਵਾਉਣ ਵਾਲਾ ਜਾਂ ਉੱਤਰ-ਅਧਿਕਾਰੀ ਅਜਿਹੀ ਟ੍ਰਾਂਸਫ਼ਰ ਜਾਂ ਉੱਤਰਾਧਿਕਾਰ ਦੇ ਪ੍ਰਭਾਵੀ ਹੋਣ ਤੋਂ ਰਜਿਸਟਰੇਸ਼ਨ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ ਅਤੇ ਉਸ ਨੂੰ ਅਜਿਹੀ ਮਿਤੀ ਤੋਂ ਤਾਜ਼ਾ ਰਜਿਸਟਰੇਸ਼ਨ ਲੈਣੀ ਹੋਵੇਗੀ। (ਸੈਕਸ਼ਨ 22(3))

**ਪ੍ਰਸ਼ਨ 33. ਕੀ ਸਾਰੇ ਮੁਲਾਂਕਣ ਕਰਵਾਉਣ ਵਾਲੇ ਵਿਅਕਤੀਆਂ/ਡੀਲਰਜ਼, ਜੋ ਪਹਿਲਾਂ ਹੀ ਮੌਜੂਦਾ ਕੇਂਦਰੀ ਐਕਸਾਈਜ਼/ਸਰਵਿਸ ਟੈਕਸ/ਵੈਟ ਕਾਨੂੰਨਾਂ ਅਧੀਨ ਰਜਿਸਟਰਡ ਹਨ, ਨੂੰ ਤਾਜ਼ਾ ਰਜਿਸਟਰੇਸ਼ਨ ਲੈਣੀ ਹੋਵੇਗੀ?**

ਉੱਤਰ. ਨਹੀਂ। ਜੀ.ਐਸ.ਟੀ.ਐਨ. ਅਜਿਹੇ ਸਾਰੇ ਮੁਲੰਕਣ ਕਰਵਾਉਣ ਵਾਲੇ ਵਿਅਕਤੀਆਂ/ਡੀਲਰਾਂ ਨੂੰ ਜੀ.ਐਸ.ਟੀ.ਐਨ. ਨੈੱਟਵਰਕ ਵਿੱਚ ਮਾਈਗ੍ਰੇਟ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਮਿਲਣ ਵਾਲੇ ਦਿਨ ਜੀ.ਐਸ.ਟੀ.ਆਈ.ਐਨ. ਨੰਬਰ ਨਾਲ ਇੱਕ ਅਸਥਾਈ ਰਜਿਸਟਰੇਸ਼ਨ ਸਰਟੀਫ਼ਿਕੇਟ ਜਾਰੀ ਹੋਵੇਗਾ, ਜੋ ਛੇ ਮਹੀਨਿਆਂ ਅੰਦਰ ਵਿਭਾਗੀ ਅਧਿਕਾਰੀਆਂ ਵੱਲੋਂ ਵਾਜਬ ਪੁਸ਼ਟੀ ਤੋਂ ਬਾਅਦ ਅੰਤਿਮ ਰਜਿਸਟਰੇਸ਼ਨ ਸਰਟੀਫ਼ਿਕੇਸ਼ਨ ਵਿੱਚ ਤਬਦੀਲ ਹੋ ਜਾਵੇਗਾ। ਅਸਥਾਈ ਰਜਿਸਟਰੇਸ਼ਨ ਨੂੰ ਅੰਤਿਮ ਰਜਿਸਟਰੇਸ਼ਨ ਵਿੱਚ ਤਬਦੀਲ ਕਰਨ ਲਈ, ਰਜਿਸਟਰੇਸ਼ਨ ਕਰਵਾਉਣ ਵਾਲਿਆਂ ਨੂੰ ਸਾਰੇ ਲੋੜੀਂਦੇ ਦਸਤਾਵੇਜ਼ ਅਤੇ ਜਾਣਕਾਰੀ ਇੱਕ ਨਿਸ਼ਚਤ ਸਮਾਂ-ਸੀਮਾ ਅੰਦਰ ਜਮ੍ਹਾ ਕਰਵਾਉਣ ਲਈ ਆਖਿਆ ਜਾਵੇਗਾ। ਅਜਿਹਾ ਕਰਨ ਤੋਂ ਨਾਕਾਮ ਰਹਿਣ ਦੀ ਹਾਲਤ ਵਿੱਚ, ਜੀ.ਐਸ.ਟੀ.ਆਈ.ਐਨ. ਨੰਬਰ ਰੱਦ ਹੋ ਜਾਵੇਗਾ।

ਸੇਵਾ ਟੈਕਸ ਦਾ ਮੁਲਾਂਕਣ ਕਰਵਾਉਣ ਵਾਲੇ ਵਿਅਕਤੀਆਂ, ਜਿਨ੍ਹਾਂ ਕੋਲ ਕੇਂਦਰੀਕ੍ਰਿਤ ਰਜਿਸਟਰੇਸ਼ਨ ਹੋਵੇ, ਨੂੰ ਉਨ੍ਹਾਂ ਸਬੰਧਤ ਸੂਬਿਆਂ ਵਿੱਚ ਨਵੇਂ ਤੌਰ 'ਤੇ ਅਰਜ਼ੀ ਦੇਣੀ ਹੋਵੇਗੀ, ਜਿੱਥੇ ਉਨ੍ਹਾਂ ਦਾ ਕਾਰੋਬਾਰ ਹੈ।

**ਪ੍ਰਸ਼ਨ 34. ਕੀ ਜੌਬ ਵਰਕਰ ਨੂੰ ਲਾਜ਼ਮੀ ਤੌਰ 'ਤੇ ਰਜਿਸਟਰੇਸ਼ਨ ਕਰਵਾਉਣੀ ਹੋਵੇਗੀ?**

ਉੱਤਰ. ਨਹੀਂ, ਇੱਕ ਜੌਬ ਵਰਕਰ; ਸੇਵਾਵਾਂ ਦਾ ਇੱਕ ਸਪਲਾਇਰ ਹੈ ਅਤੇ ਉਹ ਕੇਵਲ ਰਜਿਸਟਰੇਸ਼ਨ ਲੈਣ ਲਈ ਹੋਵੇਗਾ, ਜਦੋਂ ਉਸ ਦੀ ਟਰਨਓਵਰ ਨਿਰਧਾਰਤ ਸੀਮਾ 20/10 ਲੱਖ ਨੂੰ ਪਾਰ ਕਰ ਜਾਂਦੀ ਹੈ।

**ਪ੍ਰਸ਼ਨ 35. ਕੀ ਕਿਸੇ ਜੌਬ ਵਰਕਰ ਦੇ ਕਾਰੋਬਾਰ ਦੇ ਸਥਾਨ ਤੋਂ ਵਸਤਾਂ ਦੀ ਸਪਲਾਈ ਦੀ ਇਜਾਜ਼ਤ ਹੋਵੇਗੀ?**

ਉੱਤਰ. ਜੀ ਹਾਂ। ਪਰ ਉਨ੍ਹਾਂ ਮਾਮਲਿਆਂ ਵਿੱਚ, ਜਿੱਥੇ ਜੌਬ ਵਰਕਰ ਰਜਿਸਟਰਡ ਹੈ ਜਾਂ ਪ੍ਰਿੰਸੀਪਲ ਉਸ ਜੌਬ ਵਰਕਰ ਦੇ ਕਾਰੋਬਾਰ ਦੇ ਸਥਾਨ ਦਾ ਐਲਾਨ ਆਪਣੇ ਕਾਰੋਬਾਰ ਦੇ ਇੱਕ ਵਧੀਕ (ਐਡੀਸ਼ਨਲ) ਸਥਾਨ ਵਜੋਂ ਕਰਦਾ ਹੈ।

**ਪ੍ਰਸ਼ਨ 36. ਰਜਿਸਟਰੇਸ਼ਨ ਦੇ ਸਮੇਂ, ਕੀ ਮੁਲਾਂਕਣ ਕਰਵਾਉਣ ਵਾਲੇ ਵਿਅਕਤੀ ਨੂੰ ਕਾਰੋਬਾਰ ਦੇ ਆਪਣੇ ਸਾਰੇ ਸਥਾਨਾਂ ਦਾ ਐਲਾਨ ਕਰਨਾ ਹੋਵੇਗਾ?**

ਉੱਤਰ. ਹਾਂ। ਕਾਰੋਬਾਰ ਦਾ ਪ੍ਰਮੁੱਖ ਸਥਾਨ ਅਤੇ ਕਾਰੋਬਾਰ ਦਾ ਸਥਾਨ ਵੱਖਰੇ ਤੌਰ

ਉੱਤੇ ਸੀ.ਜ਼ੀ.ਐੱਸ.ਟੀ./ਐੱਸ.ਜ਼ੀ.ਐੱਸ.ਟੀ. ਦੇ ਅਨੁਛੇਦ 2(89) ਅਤੇ 2(85) ਅਧੀਨ ਪਰਿਭਾਸ਼ਿਤ ਕੀਤਾ ਗਿਆ ਹੈ। ਟੈਕਸਦਾਤੇ ਨੂੰ ਕਾਰੋਬਾਰ ਦੇ ਪ੍ਰਮੁੱਖ ਸਥਾਨ ਦੇ ਨਾਲ-ਨਾਲ ਕਾਰੋਬਾਰ ਦੇ ਵਧੀਕ ਸਥਾਨਾਂ ਦੇ ਵੇਰਵੇ ਵੀ ਰਜਿਸਟਰੇਸ਼ਨ ਫ਼ਾਰਮ ਵਿੱਚ ਐਲਾਨਣੇ ਹੋਣਗੇ।

**ਪ੍ਰਸ਼ਨ 37. ਕੀ ਅਜਿਹੇ ਛੋਟੇ ਡੀਲਰਾਂ ਲਈ ਕੋਈ ਪ੍ਰਣਾਲੀ ਹੈ ਜਾਂ ਅਜਿਹੇ ਡੀਲਰਾਂ ਜਿਨ੍ਹਾਂ ਕੋਲ ਆਈ.ਟੀ. ਦਾ ਕੋਈ ਬੁਨਿਆਦੀ ਢਾਂਚਾ ਨਹੀਂ ਹੈ?**

ਉੱਤਰ. ਅਜਿਹੇ ਟੈਕਸ-ਦਾਤਿਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ, ਜਿਨ੍ਹਾਂ ਦੀ ਆਈ.ਟੀ. ਉੱਤੇ ਮੁਹਾਰਤ ਹਾਸਲ ਨਹੀਂ ਹੈ, ਨਿਮਨਲਿਖਤ ਸਹੂਲਤਾਂ ਉਪਲਬਧ ਹੋਣਗੀਆਂ:-

**ਟੈਕਸ ਰਿਟਰਨ ਤਿਆਰਕਰਤਾ (ਟੀ.ਆਰ.ਪੀ.)**: ਇੱਕ ਟੈਕਸਯੋਗ ਵਿਅਕਤੀ ਆਪਣੀ ਰਜਿਸਟਰੇਸ਼ਨ ਅਰਜ਼ੀ/ਰਿਟਰਨਜ਼ ਆਪ ਤਿਆਰ ਕਰ ਸਕਦਾ ਹੈ ਜਾਂ ਸਹਾਇਤਾ ਲਈ ਟੀ.ਆਰ.ਪੀ. ਤੱਕ ਪਹੁੰਚ ਕਰ ਸਕਦਾ ਹੈ। ਟੀ.ਆਰ.ਪੀ. ਵਰਣਿਤ ਰਜਿਸਟਰੇਸ਼ਨ ਦਸਤਾਵੇਜ਼/ਰਿਟਰਨ ਨੂੰ ਨਿਰਧਾਰਤ ਫ਼ਾਰਮੈਟ ਵਿੱਚ, ਉਸ ਟੈਕਸਦਾਤੇ ਵਿਅਕਤੀ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਤਿਆਰ ਕਰੇਗਾ। ਟੀ.ਆਰ.ਪੀ. ਵੱਲੋਂ ਤਿਆਰ ਕੀਤੇ ਗਏ ਫ਼ਾਰਮਾਂ ਵਿੱਚ ਦਰਜ ਸੂਚਨਾ ਦੀ ਦਰੁਸਤਗੀ ਦੀ ਕਾਨੂੰਨੀ ਜ਼ਿੰਮੇਵਾਰੀ ਕੇਵਲ ਟੈਕਸਯੋਗ ਵਿਅਕਤੀ ਦੀ ਹੋਵੇਗੀ ਅਤੇ ਟੀ.ਆਰ.ਪੀ. ਕਿਸੇ ਵੀ ਤਰ੍ਹਾਂ ਦੀਆਂ ਗ਼ਲਤੀਆਂ ਜਾਂ ਗ਼ਲਤ ਜਾਣਕਾਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

**ਸੁਵਿਧਾ ਕੇਂਦਰ (ਫ਼ੈਸਿਲੀਟੇਸ਼ਨ ਸੈਂਟਰ - ਐਫ਼.ਸੀ.)**: ਅਧਿਕਾਰਤ ਹਸਤਾਖਰਕਰਤਾ ਅਤੇ ਟੈਕਸਯੋਗ ਵਿਅਕਤੀ ਵੱਲੋਂ ਬਾਕਾਇਦਾ ਹਸਤਾਖਰ ਕਰ ਕੇ ਦਿੱਤੀ 'ਸਮਰੀ ਸ਼ੀਟ' ਸਮੇਤ ਫ਼ਾਰਮਾਂ ਅਤੇ ਦਸਤਾਵੇਜ਼ਾਂ ਦਾ ਡਿਜੀਟਲਕਰਨ ਅਤੇ/ਜਾਂ ਉਨ੍ਹਾਂ ਨੂੰ ਅਪਲੋਡ ਕਰਨ ਲਈ ਜ਼ਿੰਮੇਵਾਰ ਹੋਵੇਗਾ। ਐਫ਼.ਸੀ. ਦੀ ਆਈ.ਡੀ. ਅਤੇ ਪਾਸਵਰਡ ਦੀ ਵਰਤੋਂ ਕਰ ਕੇ ਸਾਂਝੇ ਪੋਰਟਲ ਉੱਤੇ ਡਾਟਾ ਅਪਲੋਡ ਕਰਨ ਤੋਂ ਬਾਅਦ, ਉਸ ਦੀ ਪ੍ਰਾਪਤੀ ਦਾ ਇੱਕ ਪ੍ਰਿੰਟ-ਆਊਟ ਲਿਆ ਜਾਵੇਗਾ ਅਤੇ ਐਫ਼.ਸੀ. ਉਸ ਉੱਤੇ ਹਸਤਾਖਰ ਕਰੇਗਾ ਤੇ ਟੈਕਸਯੋਗ ਵਿਅਕਤੀ ਨੂੰ ਉਸ ਦੇ ਰਿਕਾਰਡਾਂ ਲਈ ਦੇ ਦਿੱਤਾ ਜਾਵੇਗਾ। ਐਫ਼.ਸੀ. ਤਦ ਅਧਿਕਾਰਤ ਹਸਤਾਖਰਕਰਤਾ ਦੇ ਹਸਤਾਖਰਾਂ ਵਾਲੀ ਸਮਰੀ ਸ਼ੀਟ ਸਕੈਨ ਕਰ ਕੇ ਅਪਲੋਡ ਕਰ ਦੇਵੇਗਾ।

**ਪ੍ਰਸ਼ਨ 38. ਕੀ ਜੀ.ਐਸ.ਟੀ.ਐਨ. ਰਜਿਸਟਰੇਸ਼ਨ ਵਿੱਚ ਡਿਜੀਟਲ ਹਸਤਾਖਰ ਲਈ ਕੋਈ ਸੁਵਿਧਾ ਹੈ?**

ਉੱਤਰ. ਟੈਕਸਦਾਤਿਆਂ ਕੋਲ ਵੈਧ ਡਿਜੀਟਲ ਹਸਤਾਖਰਾਂ ਦੀ ਵਰਤੋਂ ਕਰਦਿਆਂ ਜਮ੍ਹਾ ਕਰਵਾਈ ਗਈ ਅਰਜ਼ੀ ਉੱਤੇ ਹਸਤਾਖਰ ਕਰਨ ਦਾ ਵਿਕਲਪ ਹੋਵੇਗਾ। ਅਰਜ਼ੀ ਉੱਤੇ ਇਲੈਕਟ੍ਰੌਨਿਕ ਢੰਗ ਨਾਲ ਹਸਤਾਖਰ ਕਰਨ ਜਾਂ ਹੋਰ ਅਰਜ਼ੀਆਂ ਦੇਣ ਦੇ ਦੋ ਵਿਕਲਪ ਹੋਣਗੇ – ਆਧਾਰ ਨੰਬਰ ਰਾਹੀਂ ਈ–ਸਾਈਨਿੰਗ ਦੁਆਰਾ ਜਾਂ ਡੀ.ਐੱਸ.ਸੀ. ਦੁਆਰਾ ਭਾਵ ਜੀ.ਐੱਸ.ਟੀ. ਪੋਰਟਲ ਨਾਲ ਟੈਕਸਦਾਤੇ ਦਾ ਡਿਜੀਟਲ ਹਸਤਾਖਰ ਸਰਟੀਫ਼ਿਕੇਟ ਰਜਿਸਟਰ ਕਰ ਕੇ। ਉਂਝ, ਕੰਪਨੀਆਂ ਜਾਂ ਸੀਮਤ ਦੇਣਦਾਰੀ ਭਾਈਵਾਲੀ ਇਕਾਈਆਂ ਨੂੰ ਕੇਵਲ ਡੀ.ਐੱਸ.ਸੀ. ਰਾਹੀਂ ਲਾਜ਼ਮੀ ਤੌਰ ਉੱਤੇ ਸਾਈਨ ਕਰਨਾ ਹੋਵੇਗਾ। ਹਸਤਾਖਰ ਉਦੇਸ਼ਾਂ ਲਈ ਕੇਵਲ ਲੈਵਲ 2 ਅਤੇ ਲੈਵਲ 3 ਡੀ.ਐੱਸ.ਸੀ. ਸਰਟੀਫ਼ਿਕੇਟਸ ਹੀ ਪ੍ਰਵਾਨ ਹੋਣਗੇ।

**ਪ੍ਰਸ਼ਨ 39. ਔਨਲਾਈਨ ਅਰਜ਼ੀ ਬਾਰੇ ਫ਼ੈਸਲੇ ਲਈ ਸਮਾਂ-ਸੀਮਾ ਕੀ ਹੋਵੇਗੀ?**

ਉੱਤਰ. ਜੇ ਸੂਚਨਾ ਅਤੇ ਅਪਲੋਡ ਕੀਤੇ ਦਸਤਾਵੇਜ਼ ਬਿਲਕੁਲ ਸਹੀ ਵਿਵਸਥਾ ਵਿੱਚ ਪਾਏ ਜਾਂਦੇ ਹਨ, ਤਾਂ ਸੂਬਾਈ ਤੇ ਕੇਂਦਰੀ ਅਥਾਰਟੀਜ਼ ਤਿੰਨ ਆਮ ਕੰਮਕਾਜੀ ਦਿਨਾਂ ਦੇ ਅੰਦਰ ਉਸ ਅਰਜ਼ੀ ਦਾ ਜਵਾਬ ਦੇਣਗੀਆਂ। ਜੇ ਉਹ ਅਜਿਹੇ ਸਮੇਂ ਦੌਰਾਨ ਕਮੀ ਜਾਂ ਕਿਸੇ ਉਕਾਈ ਬਾਰੇ ਦੱਸਦੇ ਹਨ, ਤਾਂ ਬਿਨੈਕਾਰ ਨੂੰ ਉਸ ਗ਼ਲਤੀ ਜਾਂ ਉਕਾਈ/ਕਮੀ ਨੂੰ ਅਜਿਹੀ ਸੂਚਨਾ ਮਿਲਣ ਦੇ 7 ਦਿਨਾਂ ਅੰਦਰ ਠੀਕ ਕਰਵਾਉਣਾ ਹੋਵੇਗਾ।

ਉਸ ਤੋਂ ਬਾਅਦ ਜਦੋਂ ਟੈਕਸਯੋਗ ਵਿਅਕਤੀ ਉਹੀ ਕਮੀਆਂ ਦੂਰ ਕਰਨ ਬਾਰੇ ਸੂਚਿਤ ਕਰੇਗਾ, ਤਾਂ ਉਸ ਦੇ 7 ਦਿਨਾਂ ਅੰਦਰ ਸੂਬਾ ਤੇ ਕੇਂਦਰ ਦੇ ਅਧਿਕਾਰੀਆਂ ਜਾਂ ਤਾਂ ਉਸ ਅਰਜ਼ੀ ਨੂੰ ਪ੍ਰਵਾਨ ਕਰ ਲੈਣਗੀਆਂ ਤੇ ਜਾਂ ਰੱਦ ਕਰ ਦੇਣਗੀਆਂ। ਜੇ ਇਸ ਵਰਣਿਤ ਸਮਾਂ ਸੀਮਾ ਦੇ ਅੰਦਰ ਵਿਭਾਗੀ ਅਧਿਕਾਰੀਆਂ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਜਾਂਦਾ, ਤਾਂ ਪੋਰਟਲ ਆਪਣੇ–ਆਪ ਇਹ ਰਜਿਸਟਰੇਸ਼ਨ ਕਰ ਦੇਵੇਗਾ।

**ਪ੍ਰਸ਼ਨ 40. ਬਿਨੈਕਾਰ ਵੱਲੋਂ ਹੁੰਗਾਰੇ ਦਾ ਸਮਾਂ ਕੀ ਹੋਵੇਗਾ, ਜੇ ਔਨਲਾਈਨ ਅਰਜ਼ੀ ਵਿੱਚ ਕੋਈ ਸੁਆਲ ਪੁੱਛਿਆ ਜਾਂਦਾ ਹੈ?**

ਉੱਤਰ. ਜੇ ਪੁਸ਼ਟੀ ਦੀ ਪ੍ਰਕਿਰਿਆ ਦੌਰਾਨ, ਕੋਈ ਟੈਕਸ ਅਥਾਰਟੀ ਕੋਈ ਸੁਆਲ

ਪੁੱਛਦੀ ਹੈ ਜਾਂ ਕਿਸੇ ਗ਼ਲਤੀ ਬਾਰੇ ਨੋਟਿਸ ਦਿੰਦੀ ਹੈ, ਤਾਂ ਉਸ ਬਾਰੇ 3 ਸਾਂਝੇ ਕੰਮਕਾਜੀ ਦਿਵਸਾਂ ਦੇ ਅੰਦਰ ਜੀ.ਐਸ.ਟੀ. ਕੱਮਨ ਪੋਰਟਲ ਰਾਹੀਂ ਬਿਨੈਕਾਰ ਅਤੇ ਦੂਜੀ ਟੈਕਸ ਅਥਾਰਟੀ ਨੂੰ ਸੂਚਿਤ ਕੀਤਾ ਜਾਵੇਗਾ। ਬਿਨੈਕਾਰ ਕਮੀ ਦੀ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਤੋਂ ਸੱਤ ਦਿਨਾਂ ਦੇ ਸਮੇਂ ਅੰਦਰ ਉਸ ਪ੍ਰਸ਼ਨ/ਗ਼ਲਤੀ ਠੀਕ ਕਰਨ/ਪ੍ਰਸ਼ਨ ਦਾ ਉੱਤਰ ਉਸੇ ਸਮਾਂ-ਮਿਆਦ ਅੰਦਰ ਦੇਵੇਗਾ।

ਵਧੀਕ ਦਸਤਾਵੇਜ਼ ਜਾਂ ਪੁਸ਼ਟੀ ਦੀ ਪ੍ਰਾਪਤੀ ਤੋਂ ਬਾਅਦ, ਵਾਜਬ ਟੈਕਸ ਅਥਾਰਟੀ ਸੱਤ ਆਮ ਕੰਮਕਾਜੀ ਦਿਵਸਾਂ ਦੇ ਅੰਦਰ ਹੁੰਗਾਰਾ ਦੇਵੇਗੀ।

**ਪ੍ਰਸ਼ਨ 41. ਰਜਿਸਟਰੇਸ਼ਨ ਰੱਦ ਕੀਤੇ ਜਾਣ ਦੀ ਕੀ ਪ੍ਰਕਿਰਿਆ ਹੈ?**

ਉੱਤਰ. ਜੇ ਰਜਿਸਟਰੇਸ਼ਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਬਿਨੈਕਾਰ ਨੂੰ ਅਜਿਹੇ ਇਨਕਾਰ ਦੇ ਕਾਰਨਾਂ ਬਾਰੇ ਬੋਲਣ ਦੀ ਵਿਵਸਥਾ ਰਾਹੀਂ ਸੂਚਿਤ ਕੀਤਾ ਜਾਵੇਗਾ। ਬਿਨੈਕਾਰ ਨੂੰ ਅਥਾਰਟੀ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਦਾ ਅਧਿਕਾਰ ਹੋਵੇਗਾ। ਸੀ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 26 ਦੇ ਅਨੁਛੇਦ 19 ਦੇ ਉੱਪ-ਅਨੁਛੇਦ (2) ਅਨੁਸਾਰ, ਕਿਸੇ ਅਥਾਰਟੀ ਵੱਲੋਂ ਰਜਿਸਟਰੇਸ਼ਨ ਦੀ ਅਰਜ਼ੀ ਰੱਦ ਕੀਤੇ ਜਾਣ (ਭਾਵ ਸੀ.ਜੀ.ਐਸ.ਟੀ. ਕਾਨੂੰਨ/ਐਸ.ਜੀ.ਐਸ.ਟੀ. ਅਧੀਨ) ਦੀ ਹਾਲਤ ਵਿੱਚ, ਰਜਿਸਟਰੇਸ਼ਨ ਲਈ ਅਰਜ਼ੀ ਨੂੰ ਦੂਜੀ ਟੈਕਸ ਅਥਾਰਟੀ (ਭਾਵ ਐਸ.ਜੀ.ਐਸ.ਟੀ. ਕਾਨੂੰਨ/ਯੂ.ਟੀਜੀ.ਐੱਸ.ਟੀ./ਸੀ.ਜੀ.ਐਸ.ਟੀ. ਕਾਨੂੰਨ) ਵੱਲੋਂ ਵੀ ਰੱਦ ਕੀਤਾ ਮੰਨਿਆ ਜਾਵੇਗਾ।

**ਪ੍ਰਸ਼ਨ 42. ਜਿਸ ਅਰਜ਼ੀ ਦਾ ਨਿਬੇੜਾ ਕੀਤਾ ਗਿਆ ਹੈ, ਕੀ ਉਸ ਬਾਰੇ ਕੋਈ ਸੂਚਨਾ ਦਿੱਤੀ ਜਾਵੇਗੀ?**

ਉੱਤਰ. ਬਿਨੈਕਾਰ ਨੂੰ ਉਸ ਦੀ ਰਜਿਸਟਰੇਸ਼ਨ ਅਰਜ਼ੀ ਦੇ ਪ੍ਰਵਾਨ ਜਾਂ ਰੱਦ ਹੋਣ ਬਾਰੇ ਜੀ.ਐਸ.ਟੀ. ਕੌਮਨ ਪੋਰਟਲ ਵੱਲੋਂ ਈ-ਮੇਲ ਅਤੇ ਐਸ.ਐਮ.ਐਸ. ਰਾਹੀਂ ਸੂਚਿਤ ਕੀਤਾ ਜਾਵੇਗਾ। ਇਸ ਪੜਾਅ ਉੱਤੇ ਬਿਨੈਕਾਰ ਨੂੰ ਅਧਿਕਾਰ-ਖੇਤਰ ਦੇ ਵੇਰਵਿਆਂ ਬਾਰੇ ਸੂਚਿਤ ਕੀਤਾ ਜਾਵੇਗਾ।

**ਪ੍ਰਸ਼ਨ 43. ਜੀ ਰਜਿਸਟਰੇਸ਼ਨ ਸਰਟੀਫ਼ਿਕੇਟ ਨੂੰ ਜੀ.ਐਸ.ਟੀ.ਐਨ. ਪੋਰਟਲ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ?**

ਉੱਤਰ. ਜੇ ਰਜਿਸਟਰੇਸ਼ਨ ਪ੍ਰਵਾਨ ਹੋ ਗਈ, ਤਦ ਬਿਨੈਕਾਰ ਜੀ.ਐਸ.ਟੀ. ਦੇ ਸਾਂਝੇ ਪੋਰਟਲ ਤੋਂ ਰਜਿਸਟਰੇਸ਼ਨ ਸਰਟੀਫ਼ਿਕੇਟ ਡਾਊਨਲੋਡ ਕਰ ਸਕਦਾ ਹੈ।

**ਪ੍ਰਸ਼ਨ 44. ਕੀ ਰਜਿਸਟਰੇਸ਼ਨ ਰੱਦ ਕਰਨ ਦਾ ਆਦੇਸ਼ ਰੱਦ ਹੋ ਸਕਦਾ ਹੈ?**

ਉੱਤਰ. ਜੀ ਹਾਂ, ਪਰ ਕੇਵਲ ਉਨ੍ਹਾਂ ਮਾਮਲਿਆਂ ਵਿੱਚ, ਜਿੱਥੇ ਮੁਢਲੇ ਤੌਰ ਉੱਤੇ ਵਾਜਬ ਅਧਿਕਾਰੀ ਨੇ ਆਪਣੇ-ਆਪ ਕਾਰਵਾਈ ਕਰਦਿਆਂ ਰੱਦ ਕੀਤਾ ਹੋਵੇ ਅਤੇ ਅਜਿਹਾ ਕਰਨ ਲਈ ਟੈਕਸਯੋਗ ਵਿਅਕਤੀ ਜਾਂ ਉਸ ਦੇ ਕਾਨੂੰਨੀ ਵਾਰਸਾਂ ਨੇ ਬੇਨਤੀ ਨਾ ਕੀਤੀ ਹੋਵੇ। ਉਹ ਵਿਅਕਤੀ, ਜਿਸ ਦੀ ਰਜਿਸਟਰੇਸ਼ਨ ਆਪਣੇ-ਆਪ ਹੀ ਰੱਦ ਕਰ ਦਿੱਤੀ ਗਈ ਹੈ, ਉਹ ਰੱਦ ਕੀਤੇ ਜਾਣ ਦੇ ਆਦੇਸ਼ ਦੀ ਸੂਚਨਾ ਮਿਲਣ ਦੀ ਮਿਤੀ ਦੇ 30 ਦਿਨਾਂ ਦੇ ਸਮੇਂ ਅੰਦਰ ਰਜਿਸਟਰੇਸ਼ਨ ਰੱਦ ਕੀਤੇ ਜਾਣ ਨੂੰ ਮਨਸੂਖ ਕਰਵਾਉਣ ਲਈ ਵਾਜਬ ਅਧਿਕਾਰੀ ਕੋਲ ਅਰਜ਼ੀ ਦੇ ਸਕਦਾ ਹੈ। ਵਾਜਬ ਅਧਿਕਾਰੀ ਰੱਦ ਕਰਨ ਨੂੰ ਮਨਸੂਖ਼ ਕਰਨ ਦੀ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਜਾਂ ਸੂਚਨਾ/ਪੁਸ਼ਟੀ ਪ੍ਰਾਪਤ ਹੋਣ ਦੀ ਮਿਤੀ ਦੇ 30 ਦਿਨਾਂ ਦੇ ਸਮੇਂ ਅੰਦਰ ਜਾਂ ਤਾਂ ਉਸ ਰੱਦ ਕਰਨ ਦੇ ਹੁਕਮ ਨੂੰ ਮਨਸੂਖ਼ ਕਰ ਸਕਦਾ ਹੈ ਭਾਵ ਰੱਦ ਕਰ ਸਕਦਾ ਹੈ ਜਾਂ ਬਿਨੈਕਾਰ ਦੀ ਅਜਿਹੀ ਅਰਜ਼ੀ ਰੱਦ ਕਰ ਸਕਦਾ ਹੈ।

**ਪ੍ਰਸ਼ਨ 45. ਕੀ ਰਜਿਸਟਰੇਸ਼ਨ ਰੱਦ ਹੋਣ ਨਾਲ ਉਸ ਵਿਅਕਤੀ ਉੱਤੇ ਕੋਈ ਟੈਕਸ ਜ਼ਿੰਮੇਵਾਰੀਆਂ ਪੈ ਜਾਂਦੀਆਂ ਹਨ, ਜਿਸ ਦੀ ਰਜਿਸਟਰੇਸ਼ਨ ਰੱਦ ਹੋਈ ਹੈ?**

ਉੱਤਰ. ਜੀ ਹਾਂ, ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 29(5) ਅਨੁਸਾਰ ਹਰੇਕ ਅਜਿਹਾ ਰਜਿਸਟਰਡ ਟੈਕਸਯੋਗ ਵਿਅਕਤੀ ਜਿਸ ਦੀ ਰਜਿਸਟਰੇਸ਼ਨ ਰੱਦ ਹੋਈ ਹੈ, ਉਹ ਇਲੈਕਟ੍ਰੌਨਿਕ ਕੈਸ਼/ਕ੍ਰੈਡਿਟ ਲੈਜਰ ਵਿੱਚ ਡੇਬਿਟ ਦੁਆਰਾ ਇੱਕ ਰਾਸ਼ੀ ਦਾ ਭੁਗਤਾਨ ਕਰੇਗਾ, ਜੋ ਅਜਿਹੀ ਰਜਿਸਟਰੇਸ਼ਨ ਰੱਦ ਹੋਣ ਦੀ ਮਿਤੀ ਤੋਂ ਤੁਰੰਤ ਪਹਿਲਾਂ ਦੇ ਦਿਨ ਸਟੌਕ ਜਾਂ ਪੂੰਜੀ ਵਸਤਾਂ ਜਾਂ ਪਲਾਂਟ ਤੇ ਮਸ਼ੀਨਰੀ ਵਿੱਚ ਮੌਜੂਦ ਸਟੱਾਕ ਤੇ ਇਨਪੁਟਸ ਵਿੱਚ ਰੱਖੀਆਂ ਇਨਪੁਟਸ ਦੇ ਸਬੰਧ ਵਿੱਚ ਇਨਪੁਟ ਟੈਕਸ ਦੇ ਕ੍ਰੈਡਿਟ ਦੇ ਸਮਾਨ ਹੋਵੇਗੀ ਜਾਂ ਅਜਿਹੀਆਂ ਵਸਤਾਂ ਉੱਤੇ ਅਦਾਇਗੀਯੋਗ ਉਤਪਾਦਨ ਟੈਕਸ ਦੇ ਸਮਾਨ, ਜੋ ਵੀ ਵੱਧ ਹੋਵੇ, ਅਦਾ ਕਰਨਾ ਹੋਵੇਗਾ।

**ਪ੍ਰਸ਼ਨ 46. ਅਚਨਚੇਤ (ਕੈਜ਼ੂਅਲ) ਅਤੇ ਗ਼ੈਰੀ ਰਿਹਾਇਸ਼ੀ ਟੈਕਸਯੋਗ**

**ਵਿਅਕਤੀਆਂ ਵਿਚਾਲੇ ਕੀ ਫ਼ਰਕ ਹੈ?**

ਉੱਤਰ. ਕੈਜ਼ੂਅਲ ਅਤੇ ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਕ੍ਰਮਵਾਰ ਸੈਕਸ਼ਨਾਂ 2(20) ਅਤੇ 2(77) ਵਿੱਚ ਵੱਖੋ-ਵੱਖਰੇ ਤੌਰ ਉੱਤੇ ਪਰਿਭਾਸ਼ਿਤ ਹੈ। ਕੁਝ ਫ਼ਰਕ ਇੱਥੇ ਹੇਠਾਂ ਦਰਸਾਏ ਗਏ ਹਨ:

| ਕੈਜ਼ੂਅਲ ਟੈਕਸਯੋਗ ਵਿਅਕਤੀ | ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ |
|---|---|
| ਕਿਸੇ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਕਦੀ-ਕਦਾਈਂ ਮਾਲ ਜਾਂ ਸੇਵਾਵਾਂ ਦੀ ਸਪਲਾਈ ਦੇ ਲੈਣ-ਦੇਣ ਕਰਦਾ ਹੈ, ਜਿੱਥੇ ਉਸ ਦੇ ਕਾਰੋਬਾਰ ਦਾ ਕੋਈ ਸਥਾਈ ਟਿਕਾਣਾ ਨਹੀਂ ਹੈ | ਕਦੀ-ਕਦਾਈਂ ਮਾਲ ਜਾਂ ਸੇਵਾਵਾਂ ਦੀ ਸਪਲਾਈ ਦੇ ਲੈਣ-ਦੇਣ ਕਰਦਾ ਹੈ, ਭਾਰਤ ਵਿੱਚ ਉਸ ਦੀ ਕਾਰੋਬਾਰੀ ਰਿਹਾਇਸ਼ ਦਾ ਕੋਈ ਸਥਾਈ ਟਿਕਾਣਾ ਨਹੀਂ ਹੈ |
| ਉਸ ਦਾ ਇੱਕ 'ਪੈਨ' (PAN) ਹੁੰਦਾ ਹੈ | ਕੋਈ 'ਪੈਨ' ਨਹੀਂ ਹੁੰਦਾ; ਇੱਕ ਗ਼ੈਰ-ਰਿਹਾਇਸ਼ੀ ਵਿਅਕਤੀ ਕੋਲ ਜੇ 'ਪੈਨ' ਹੋਵੇ, ਤਾਂ ਉਹ ਇੱਕ ਕੈਜ਼ੂਅਲ ਟੈਕਸਯੋਗ ਵਿਅਕਤੀ ਵਜੋਂ ਰਜਿਸਟਰੇਸ਼ਨ ਲੈ ਸਕਦਾ ਹੈ |
| ਰਜਿਸਟਰੇਸ਼ਨ ਲਈ ਉਹੀ ਬਿਨੈ-ਪੱਤਰ ਫ਼ਾਰਮ ਜੋ ਆਮ ਟੈਕਸਯੋਗ ਵਿਅਕਤੀਆਂ ਲਈ ਹਨ ਭਾਵ GST REG-01 | ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ ਵੱਲੋਂ ਰਜਿਸਟਰੇਸ਼ਨ ਲਈ ਵੱਖਰਾ ਬਿਨੈ-ਪੱਤਰ ਫ਼ਾਰਮ ਭਾਵ GST REG-9 |
| ਉਸ ਨੂੰ ਕੋਰਸ ਵਿੱਚ ਜਾਂ ਕਾਰੋਬਾਰ ਵਧਾਉਣ ਲਈ ਲੈਣ-ਦੇਣ ਕਰਨੇ ਪੈਂਦੇ ਹਨ | ਪਰਿਭਾਸ਼ਾ ਵਿੱਚ ਬਿਜ਼ਨੇਸ ਟੈਸਟ ਗ਼ਾਇਬ |
| ਆਮ GSTR-1, GSTR-2 ਅਤੇ GSTR-3 ਰਿਟਰਨਾਂ ਭਰਨੀਆਂ ਹੁੰਦੀਆਂ ਹਨ | ਫ਼ਾਰਮੈਟ GSTR-5 ਵਿੱਚ ਵੱਖਰੀ ਸਰਲੀਕ੍ਰਿਤ ਰਿਟਰਨ ਭਰਨੀ ਹੁੰਦੀ ਹੈ |

| | |
|---|---|
| ਅੰਦਰ ਆਉਣ ਵਾਲੀਆਂ ਸਾਰੀਆਂ ਸਪਲਾਈਜ਼ ਦਾ ਆਈ.ਟੀ.ਸੀ. ਕਲੇਮ ਕਰ ਸਕਦਾ ਹੈ | ਕੇਵਲ ਮਾਲ ਤੇ/ਜਾਂ ਸੇਵਾਵਾਂ ਦੀ ਦਰਾਮਦ ਦੇ ਸਬੰਧ ਵਿੱਚ ਹੀ ਆਈ.ਟੀ.ਸੀ. ਲੈ ਸਕਦਾ ਹੈ। |

# ਸਪਲਾਈ ਦਾ ਅਰਥ ਅਤੇ ਖੇਤਰ

# ਸਪਲਾਈ ਦਾ ਅਰਥ ਅਤੇ ਖੇਤਰ

**ਪ੍ਰਸ਼ਨ 1. ਜੀ.ਐਸ.ਟੀ. ਅਧੀਨ ਟੈਕਸਯੋਗ ਈਵੈਂਟ ਕੀ ਹੈ?**

ਉੱਤਰ. ਜੀ.ਐਸ.ਟੀ. ਅਧੀਨ ਟੈਕਸਯੋਗ ਈਵੈਂਟ ਅਜਿਹੇ ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਹੋਵੇਗੀ, ਜਿਸ ਨੂੰ ਕਾਰੋਬਾਰ ਦੇ ਘੇਰੇ ਵਿੱਚ ਵਿਚਾਰਿਆ ਜਾ ਸਕਦਾ ਹੈ ਜਾਂ ਉਸ ਤੋਂ ਅੱਗੇ ਕੋਈ ਹੋਰ ਕਾਰੋਬਾਰ ਕੀਤਾ ਜਾ ਸਕਦਾ ਹੈ। ਨਿਰਮਾਣ, ਵਿਕਰੀ ਜਾਂ ਸੇਵਾਵਾਂ ਦੀ ਵਿਵਸਥਾ ਜਿਹੇ ਮੌਜੂਦਾ ਅਸਿੱਧੇ ਟੈਕਸ ਕਾਨੂੰਨ ਅਧੀਨ ਟੈਕਸਯੋਗ ਈਵੈਂਟਸ ਨੂੰ 'ਸਪਲਾਈ' ਵਜੋਂ ਜਾਣੇ ਜਾਂਦੇ ਟੈਕਸਯੋਗ ਈਵੈਂਟ ਵਿੱਚ ਸ਼ਾਮਲ ਕੀਤਾ ਮੰਨਿਆ ਜਾਵੇਗਾ।

**ਪ੍ਰਸ਼ਨ 2. ਜੀ.ਐੱਸ.ਟੀ. ਕਾਨੂੰਨ ਅਧੀਨ 'ਸਪਲਾਈ' ਦਾ ਕਾਰਜ-ਖੇਤਰ ਕੀ ਹੈ?**

ਉੱਤਰ. 'ਸਪਲਾਈ' ਦੀ ਮੱਦ ਆਪਣੀ ਦਰਾਮਦ ਵਿੱਚ ਬਹੁਤ ਵਿਆਪਕ ਹੈ ਅਤੇ ਇਸ ਵਿੱਚ ਇਹ ਸਾਰੀਆਂ ਵਸਤਾਂ ਅਤੇ/ਜਾਂ ਸੇਵਾਵਾਂ ਦੀ ਸਪਲਾਈਆਂ ਦੀਆਂ ਸਾਰੀਆਂ ਕਿਸਮਾਂ ਆ ਜਾਂਦੀਆਂ ਹਨ; ਜਿਵੇਂ ਕਿ ਵਿਕਰੀ, ਟ੍ਰਾਂਸਫ਼ਰ, ਬਾਰਟਰ, ਵਟਾਂਦਰਾ, ਲਾਇਸੈਂਸ, ਕਿਰਾਏ 'ਤੇ, ਪੱਟੇ ਭਾਵ ਲੀਜ਼ ਜਾਂ ਨਿਬੇੜਾ ਜੋ ਕਿਸੇ ਵਿਅਕਤੀ ਵੱਲੋਂ ਕਾਰੋਬਾਰ ਲਈ ਜਾਂ ਕੋਈ ਅਗਲੇਰਾ ਕਾਰੋਬਾਰ ਕਰਨ ਲਈ ਕੀਤਾ ਜਾਂਦਾ/ਕੀਤੀ ਜਾਂਦੀ ਹੈ। ਇਸ ਵਿੱਚ ਸੇਵਾ ਦੀ ਦਰਾਮਦ ਸ਼ਾਮਲ ਹੈ। ਮੱਡਲ ਜੀ.ਐਸ.ਟੀ. ਕਾਨੂੰਨ ਵਿੱਚ ਕੁਝ ਅਜਿਹੇ ਖ਼ਾਸ ਲੈਣ-ਦੇਣ ਨੂੰ ਵੀ ਸ਼ਾਮਲ ਕੀਤੇ ਜਾਣ ਦੀ ਵਿਵਸਥਾ ਹੈ, ਜੋ ਸਪਲਾਈ ਦੇ ਖੇਤਰ ਵਿੱਚ ਨਹੀਂ ਵਿਚਾਰੇ ਜਾਂਦੇ।

**ਪ੍ਰਸ਼ਨ 3. ਟੈਕਸਯੋਗ ਸਪਲਾਈ ਕੀ ਹੈ?**

ਉੱਤਰ. ਇੱਕ 'ਟੈਕਸਯੋਗ ਸਪਲਾਈ' ਦਾ ਅਰਥ ਹੈ ਅਜਿਹੀਆਂ ਵਸਤਾਂ ਅਤੇ/ਜਾਂ ਸੇਵਾਵਾਂ ਦੀ ਸਪਲਾਈ, ਜੋ ਜੀ.ਐਸ.ਟੀ. ਕਾਨੂੰਨ ਅਧੀਨ ਮਾਲ ਤੇ ਸੇਵਾ ਟੈਕਸ ਲਈ ਵਸੂਲੀਯੋਗ ਹੈ।

**ਪ੍ਰਸ਼ਨ 4. ਉਹ ਕਿਹੜੇ ਜ਼ਰੂਰੀ ਤੱਤ ਹਨ, ਜਿਨ੍ਹਾਂ ਨਾਲ ਐਮ.ਜੀ.ਐਲ. ਅਧੀਨ ਸਪਲਾਈ ਬਣਦੀ ਹੈ?**

ਉੱਤਰ. ਇੱਕ 'ਸਪਲਾਈ' ਦੇ ਗਠਨ ਲਈ, ਨਿਮਨਲਿਖਤ ਤੱਤਾਂ ਦੀ ਸੰਤੁਸ਼ਟੀ

ਕਰਨੀ ਆਵਸ਼ੱਕ ਹੋਵੇਗੀ, ਭਾਵ:-

(i) ਮਾਲ (ਵਸਤਾਂ) ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਵਿੱਚ ਸ਼ਾਮਲ ਗਤੀਵਿਧੀ;

(ii) ਸਪਲਾਈ ਕਿਸੇ ਵਿਚਾਰ ਲਈ ਹੈ ਜਾਂ ਜੇ ਦੂਜੀ ਤਰ੍ਹਾਂ ਵਿਸ਼ੇਸ਼ ਤੌਰ ਉੱਤੇ ਵਿਵਸਥਾ ਦਿੱਤੀ ਹੋਵੇ;

(iii) ਸਪਲਾਈ ਕਿਸੇ ਕਾਰੋਬਾਰ ਲਈ ਜਾਂ ਕਾਰੋਬਾਰ ਨੂੰ ਅੱਗੇ ਵਧਾਉਣ ਭਾਵ ਅਗਲੇਰੇ ਕਾਰੋਬਾਰ ਲਈ ਕੀਤੀ ਗਈ ਹੈ;

(iv) ਸਪਲਾਈ ਟੈਕਸਯੋਗ ਖੇਤਰ ਵਿੱਚ ਕੀਤੀ ਜਾਂਦੀ ਹੈ;

(v) ਸਪਲਾਈ ਇੱਕ ਟੈਕਸਯੋਗ ਸਪਲਾਈ ਹੈ; ਅਤੇ

(vi) ਸਪਲਾਈ ਕਿਸੇ ਟੈਕਸਯੋਗ ਵਿਅਕਤੀ ਵੱਲੋਂ ਕੀਤੀ ਗਈ ਹੈ।

**ਪ੍ਰਸ਼ਨ 5. ਕੀ ਅਜਿਹੇ ਕਿਸੇ ਲੈਣ-ਦੇਣ, ਜਿਸ ਵਿੱਚ ਉਪਰੋਕਤ ਵਰਣਿਤ ਮਾਪਦੰਡਾਂ ਵਿੱਚ ਕੋਈ ਜਾਂ ਵਧੇਰੇ ਦੀ ਪੂਰਤੀ ਨਹੀਂ ਹੁੰਦੀ, ਤਾਂ ਕੀ ਫਿਰ ਵੀ ਉਸ ਨੂੰ ਜੀ.ਐਸ.ਟੀ. ਅਧੀਨ ਸਪਲਾਈ ਮੰਨਿਆ ਜਾਵੇਗਾ?**

ਉੱਤਰ. ਜੀ ਹਾਂ। ਕੁਝ ਖ਼ਾਸ ਹਾਲਾਤ ਵਿੱਚ, ਜਿਵੇਂ ਸੇਵਾਵਾਂ ਨੂੰ ਦਰਾਮਦ ਕਰਨ (ਸੈਕਸ਼ਨ 7(1) (ਬੀ)) ਜਾਂ ਬਿਨਾ ਵਿਚਾਰ ਦੇ ਕੀਤੀਆਂ ਸਪਲਾਈਜ਼, ਜਿਵੇਂ ਕਿ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੀ ਅਨੁਸੂਚੀ-1 ਅਧੀਨ ਵਰਣਿਤ ਹੈ, ਜਿੱਥੇ ਪ੍ਰਸ਼ਨ ਨੰਬਰ 4 ਦੇ ਜਵਾਬ ਵਿੱਚ ਵਰਣਿਤ ਇੱਕ ਜਾਂ ਵਧੇਰੇ ਸੰਘਟਕਾਂ ਦੀ ਸੰਤੁਸ਼ਟੀ ਨਹੀਂ ਹੁੰਦੀ, ਉਸ ਨੂੰ ਜੀ.ਐਸ.ਟੀ. ਕਾਨੂੰਨ ਅਧੀਨ ਫਿਰ ਵੀ ਸਪਲਾਈ ਵਜੋਂ ਵਿਚਾਰਿਆ ਜਾਵੇਗਾ।

**ਪ੍ਰਸ਼ਨ 6. ਵਸਤਾਂ ਜਾਂ ਮਾਲ ਦੀ ਦਰਾਮਦ ਸੈਕਸ਼ਨ 7 ਵਿੱਚ ਇਸ ਦੀ ਅਣਹੋਂਦ ਦੁਆਰਾ ਸਪੱਸ਼ਟ ਹੈ, ਕਿਉਂ?**

ਉੱਤਰ. ਵਸਤਾਂ ਜਾਂ ਮਾਲ ਦੀ ਦਰਾਮਦ ਨਾਲ ਕਸਟਮਜ਼ ਕਾਨੂੰਨ, 1962 ਅਧੀਨ ਵੱਖਰੇ ਤੌਰ 'ਤੇ ਸਿੱਝਿਆ ਜਾਂਦਾ ਹੈ, ਜਿਸ ਵਿੱਚ ਕਸਟਮਜ਼ ਟੈਰਿਫ਼ ਐਕਟ, 1975 ਅਧੀਨ ਬੁਨਿਆਦੀ ਕਸਟਮਜ਼ ਡਿਊਟੀ ਤੋਂ ਇਲਾਵਾ ਆਈ.ਜੀ.ਐਸ.ਟੀ. ਦੀ ਵਸੂਲੀ ਕਸਟਮਜ਼ ਦੀ ਵਧੀਕ ਡਿਊਟੀ ਵਜੋਂ ਕੀਤੀ ਜਾਂਦੀ ਹੈ।

**ਪ੍ਰਸ਼ਨ 7. ਕੀ ਜੀ.ਐਸ.ਟੀ. ਅਧੀਨ ਸਵੈ-ਸਪਲਾਈਜ਼ ਟੈਕਸਯੋਗ ਹਨ?**

ਉੱਤਰ. ਕਿਸੇ ਦੂਜੇ ਰਾਜ ਵਿੱਚ ਸਵੈ-ਸਪਲਾਈਜ਼ ਜਿਵੇਂ ਕਿ ਸਟਾੱਕ ਟ੍ਰਾਂਸਫ਼ਰਜ਼, ਬ੍ਰਾਂਚ ਟ੍ਰਾਂਸਫ਼ਰਜ਼ ਜਾਂ ਕਨਸਾਈਨਮੈਂਟ ਵਿਕਰੀਆਂ ਨੂੰ ਆਈ.ਜੀ.ਐੱਸ.ਟੀ. ਅਧੀਨ ਟੈਕਸਯੋਗ ਮੰਨਿਆ ਜਾਵੇਗਾ; ਭਾਵੇਂ ਅਜਿਹੇ ਲੈਣ-ਦੇਣਾਂ ਉੱਤੇ ਵਿਚਾਰ ਦਾ ਭੁਗਤਾਨ ਸ਼ਾਮਲ ਨਹੀਂ ਹੋ ਸਕਦਾ। ਜੀ.ਐੱਸ.ਟੀ. ਕਾਨੂੰਨ ਅਧੀਨ ਹਰੇਕ ਸਪਲਾਇਰ ਨੂੰ ਉਸ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਰਜਿਸਟਰ ਕਰਵਾਉਣਾ ਪੈਂਦਾ ਹੈ, ਜਿੱਥੋਂ ਉਹ ਮਾੱਡਲ ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 22 ਦੀਆਂ ਮੱਦਾਂ ਵਿੱਚ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਟੈਕਸਯੋਗ ਸਪਲਾਈ ਕਰਦਾ ਹੈ। ਉਂਝ, ਰਾਜ ਦੇ ਅੰਦਰ ਸਵੈ-ਸਪਲਾਈਜ਼ ਟੈਕਸਯੋਗ ਨਹੀਂ ਹਨ ਬਸ਼ਰਤੇ ਬਿਜ਼ਨਸ ਵਰਟੀਕਲ ਵਜੋਂ ਰਜਿਸਟਰੇਸ਼ਨ ਦਾ ਵਿਕਲਪ ਨਹੀਂ ਲਿਆ ਗਿਆ ਹੈ।।

ਅਜਿਹੇ ਲੈਣ-ਦੇਣ ਟੈਕਸਯੋਗ ਹੋਣਗੇ, ਭਾਵੇਂ ਇਹ ਕਿਤੇ ਵਿਚਾਰਨਯੋਗ ਨਹੀਂ ਹਨ। ਉਂਝ, ਇੱਕੋ ਰਾਜ ਦੇ ਅੰਦਰ ਕੀਤੀਆਂ ਜਾਣ ਵਾਲੀਆਂ ਸਵੈ-ਸਪਲਾਈਜ਼ ਟੈਕਸਯੋਗ ਨਹੀਂ ਹਨ।

**ਪ੍ਰਸ਼ਨ 8. ਮਾਲ ਦੀ ਸਪਲਾਈ ਦੇ ਗਠਨ ਲਈ ਲੈਣ-ਦੇਣ ਵਾਸਤੇ ਕੀ ਟਾਈਟਲ ਅਤੇ/ਜਾਂ ਕਬਜ਼ੇ ਦੀ ਟ੍ਰਾਂਸਫ਼ਰ ਜ਼ਰੂਰੀ ਹੈ?**

ਉੱਤਰ. ਜੇ ਕਿਸੇ ਲੈਣ-ਦੇਣ ਨੂੰ 'ਵਸਤਾਂ ਜਾਂ ਮਾਲ ਦੀ ਸਪਲਾਈ' ਵਜੋਂ ਵਿਚਾਰ ਕੀਤਾ ਜਾਣਾ ਹੈ, ਤਾਂ ਟਾਈਟਲ ਅਤੇ ਕਬਜ਼ੇ ਦੋਵਾਂ ਦੀ ਟ੍ਰਾਂਸਫ਼ਰ ਜ਼ਰੂਰੀ ਹੈ। ਜੇ ਟਾਈਟਲ ਨੂੰ ਟ੍ਰਾਂਸਫ਼ਰ ਨਹੀਂ ਕੀਤਾ ਜਾਂਦਾ, ਤਾਂ ਉਸ ਲੈਣ-ਦੇਣ ਨੂੰ ਅਨੁਸੂਚੀ II(1) ਦੀਆਂ ਮੱਦਾਂ ਵਿੱਚ ਸੇਵਾ ਦੀ ਸਪਲਾਈ ਮੰਨਿਆ ਜਾਵੇਗਾ। ਕੁਝ ਮਾਮਲਿਆਂ ਵਿੱਚ, ਕਬਜ਼ਾ ਤੁਰੰਤ ਟ੍ਰਾਂਸਫ਼ਰ ਕੀਤਾ ਜਾ ਸਕਦਾ ਹੈ ਪਰ ਟਾਈਟਲ ਨੂੰ ਪ੍ਰਵਾਨਗੀ ਜਾਂ ਕਿਰਾਇਆ ਖ਼ਰੀਦ ਵਿਵਸਥਾ ਦੇ ਆਧਾਰ ਉੱਤੇ ਵਿਕਰੀ ਦੇ ਮਾਮਲੇ ਵਿੱਚ ਭਵਿੱਖ ਦੀ ਕਿਸੇ ਮਿਤੀ ਵਿੱਚ ਟ੍ਰਾਂਸਫ਼ਰ ਕੀਤਾ ਜਾ ਸਕਦਾ ਹੈ। ਅਜਿਹੇ ਲੈਣ-ਦੇਣ ਵੀ ਮਾਲ ਦੀ ਸਪਲਾਈ ਸਮਝੇ ਜਾਣਗੇ।

**ਪ੍ਰਸ਼ਨ 9. 'ਕਾਰੋਬਾਰ ਲਈ ਜਾਂ ਕਾਰੋਬਾਰ ਨੂੰ ਅੱਗੇ ਵਧਾਉਣ ਭਾਵ ਅਗਲੇਰੇ ਕਾਰੋਬਾਰ ਲਈ ਕੀਤੀ ਸਪਲਾਈ' ਦਾ ਕੀ ਅਰਥ ਹੈ?**

ਉੱਤਰ. 'ਬਿਜ਼ਨੇਸ' ਭਾਵ 'ਵਪਾਰ' ਨੂੰ ਸੈਕਸ਼ਨ 2(17) ਅਧੀਨ ਕਿਸੇ ਵਪਾਰ,

ਵਣਜ, ਨਿਰਮਾਣ, ਕਿੱਤੇ, ਪੇਸ਼ੇ ਆਦਿ ਸਮੇਤ ਪਰਿਭਾਸ਼ਿਤ ਕੀਤਾ ਗਿਆ ਹੈ; ਭਾਵੇਂ ਆਰਥਿਕ ਲਾਭ ਲਈ ਕੀਤਾ ਗਿਆ ਹੋਵੇ ਜਾਂ ਨਾ। ਵਪਾਰ ਵਿੱਚ ਕੋਈ ਅਜਿਹੀ ਗਤੀਵਿਧੀ ਜਾਂ ਲੈਣ-ਦੇਣ ਵੀ ਸ਼ਾਮਲ ਹੈ, ਜੋ ਕਦੇ-ਕਦੇ ਹੁੰਦੀ ਹੈ ਜਾਂ ਉਪਰੋਕਤ ਵਰਣਿਤ ਸੂਚੀਬੱਧ ਗਤੀਵਿਧੀਆਂ ਵਿੱਚ ਸਹਾਇਕ ਹੈ। ਇਸ ਤੋਂ ਇਲਾਵਾ, ਕੇਂਦਰ ਸਰਕਾਰ ਜਾਂ ਸੂਬਾ ਸਰਕਾਰ ਜਾਂ ਕਿਸੇ ਸਥਾਨਕ ਅਥਾਰਟੀ ਵੱਲੋਂ ਕੀਤੀ ਗਈ ਕੋਈ ਗਤੀਵਿਧੀ, ਜਿਸ ਵਿੱਚ ਉਹ ਜਨਤਕ ਅਥਾਰਟੀ ਵਜੋਂ ਸ਼ਾਮਲ ਹੁੰਦੇ ਹਨ, ਉਹ ਵੀ ਬਿਜਨੇਸ ਮੰਨੇ ਜਾਣਗੇ। ਉਪਰੋਕਤ ਤੋਂ ਇਹ ਨੋਟ ਕੀਤਾ ਜਾ ਸਕਦਾ ਹੈ ਕਿ ਅਜਿਹੀ ਕੋਈ ਵੀ ਗਤੀਵਿਧੀ ਜੋ ਕੋਈ ਕਾਰੋਬਾਰ ਨੂੰ ਅੱਗੇ ਵਧਾਉਣ ਲਈ ਜਾਂ ਉਤਸ਼ਾਹਿਤ ਕਰਨ ਲਈ ਕੀਤੀ ਜਾਂਦੀ ਹੈ, ਉਸ ਨੂੰ ਜੀ.ਐੱਸ.ਟੀ. ਕਾਨੂੰਨ ਅਧੀਨ ਇੱਕ ਸਪਲਾਈ ਸਮਝਿਆ ਜਾਵੇਗਾ।

**ਪ੍ਰਸ਼ਨ 10. ਕੋਈ ਵਿਅਕਤੀ ਆਪਣੀ ਨਿਜੀ ਵਰਤੋਂ ਲਈ ਇੱਕ ਕਾਰ ਖ਼ਰੀਦਦਾ ਹੈ ਅਤੇ ਇੱਕ ਸਾਲ ਬਾਅਦ ਉਸ ਨੂੰ ਕਿਸੇ ਕਾਰ ਡੀਲਰ ਕੋਲ ਵੇਚ ਦਿੰਦਾ ਹੈ। ਕੀ ਇਹ ਲੈਣ-ਦੇਣ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੀਆਂ ਮੱਦਾਂ ਵਿੱਚ ਇੱਕ ਸਪਲਾਈ ਹੋਵੇਗੀ? ਉੱਤਰ ਲਈ ਕਾਰਨ ਦੇਵੋ।**

ਉੱਤਰ. ਨਹੀਂ, ਕਿਉਂਕਿ ਕਿਸੇ ਵਿਅਕਤੀ ਵੱਲੋਂ ਸਪਲਾਈ ਵਪਾਰ ਲਈ ਜਾਂ ਵਪਾਰ ਨੂੰ ਅੱਗੇ ਵਧਾਉਣ ਜਾਂ ਅਗਲੇਰੇ ਕਾਰੋਬਾਰ ਲਈ ਨਹੀਂ ਕੀਤੀ ਜਾਂਦੀ। ਇਸ ਲਈ, ਅਜਿਹੀ ਕਾਰ ਦੀ ਪ੍ਰਾਪਤੀ ਵੇਲੇ ਉਸ ਉੱਤੇ ਕੋਈ ਇਨਪੁਟ ਟੈਕਸ ਕ੍ਰੈਡਿਟ ਪ੍ਰਵਾਨਗੀਯੋਗ ਨਹੀਂ ਹੈ ਕਿਉਂਕਿ ਇਹ ਗ਼ੈਰ-ਕਾਰੋਬਾਰੀ ਵਰਤੋਂ ਲਈ ਕੀਤਾ ਗਿਆ ਹੈ।

**ਪ੍ਰਸ਼ਨ 11. ਏਅਰ-ਕੰਡੀਸ਼ਨਰਜ਼ ਦਾ ਇੱਕ ਡੀਲਰ ਆਪਣੇ ਵਪਾਰਕ ਸਟੱਾਕ ਵਿੱਚੋਂ ਇੱਕ ਕੰਡੀਸ਼ਨਰ ਆਪਣੀ ਨਿਜੀ ਵਰਤੋਂ ਲਈ ਆਪਣੀ ਰਿਹਾਇਸ਼ਗਾਹ 'ਤੇ ਟ੍ਰਾਂਸਫ਼ਰ ਕਰ ਦਿੰਦਾ ਹੈ। ਕੀ ਉਹ ਲੈਣ-ਦੇਣ ਇੱਕ ਸਪਲਾਈ ਮੰਨਿਆ ਜਾਵੇਗਾ?**

ਉੱਤਰ. ਜੀ ਹਾਂ। ਅਨੁਸੂਚੀ-I (1) ਅਨੁਸਾਰ ਵਪਾਰਕ ਸੰਪਤੀਆਂ ਦੀ ਸਥਾਈ ਟ੍ਰਾਂਸਫ਼ਰ ਜਾਂ ਨਿਬੇੜਾ, ਜਿੱਥੇ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਅਜਿਹੀਆਂ ਸੰਪਤੀਆਂ ਉੱਤੇ ਲਿਆ ਗਿਆ ਹੈ, ਨੂੰ ਜੀ.ਐੱਸ.ਟੀ. ਅਧੀਨ ਇੱਕ ਸਪਲਾਈ ਮੰਨਿਆ ਜਾਵੇਗਾ, ਭਾਵੇਂ ਕੋਈ ਵਿਚਾਰ ਸ਼ਾਮਲ ਨਾ ਹੋਵੇ।

**ਪ੍ਰਸ਼ਨ 12. ਕੀ ਕਿਸੇ ਕਲੱਬ ਜਾਂ ਐਸੋਸੀਏਸ਼ਨ ਜਾਂ ਸੁਸਾਇਟੀ ਜਾਂ ਉਸ ਦੇ ਮੈਂਬਰਾਂ**

**ਵੱਲੋਂ ਕਿਸੇ ਸੇਵਾ ਜਾਂ ਮਾਲ ਦੀ ਵਿਵਸਥਾ ਨੂੰ ਸਪਲਾਈ ਮੰਨਿਆ ਜਾਵੇਗਾ ਕਿ ਨਹੀਂ?**

ਉੱਤਰ. ਹਾਂ। ਕਿਸੇ ਕਲੱਬ, ਐਸੋਸੀਏਸ਼ਨ, ਸੁਸਾਇਟੀ ਜਾਂ ਕੋਈ ਅਜਿਹੀ ਇਕਾਈ ਜਾਂ ਸੰਸਥਾ ਆਪਣੇ ਮੈਂਬਰਾਂ ਲਈ ਸੁਵਿਧਾਵਾਂ ਦੀ ਵਿਵਸਥਾ ਕਰਦੀ ਹੈ, ਤਾਂ ਉਸ ਨੂੰ ਸਪਲਾਈ ਮੰਨਿਆ ਜਾਵੇਗਾ। ਇਹ ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਦੇ ਅਨੁਛੇਦ 2(17) ਵਿੱਚ 'ਕਾਰੋਬਾਰ' ਦੀ ਪਰਿਭਾਸ਼ਾ ਵਿੱਚ ਸ਼ਾਮਲ ਹੈ।

**ਪ੍ਰਸ਼ਨ 13. ਜੀ.ਐੱਸ.ਟੀ. ਕਾਨੂੰਨ ਅਧੀਨ ਵਿਭਿੰਨ ਪ੍ਰਕਾਰ ਦੀਆਂ ਸਪਲਾਈਜ਼ ਕੀ ਹਨ?**

ਉੱਤਰ. (1) ਟੈਕਸਯੋਗ ਅਤੇ ਛੋਟ-ਪ੍ਰਾਪਤ ਸਪਲਾਈਜ਼, (2) ਅੰਤਰਰਾਜੀ ਅਤੇ ਰਾਜ ਦੇ ਅੰਦਰ ਸਪਲਾਈਜ਼, (3) ਸੰਗਠਤ ਤੇ ਮਿਸ਼ਰਤ ਸਪਲਾਈਜ਼ ਅਤੇ (4) ਜ਼ੀਰੋ ਰੇਟਡ ਸਪਲਾਈਜ਼

**ਪ੍ਰਸ਼ਨ 14. ਅੰਤਰ-ਰਾਜੀ (ਇੰਟਰ-ਸਟੇਟ) ਸਪਲਾਈਜ਼ ਅਤੇ ਕਿਸੇ ਰਾਜ ਦੇ ਅੰਦਰ (ਇੰਟਰਾ-ਸਟੇਟ) ਸਪਲਾਈਜ਼ ਕੀ ਹਨ?**

ਉੱਤਰ. ਅੰਤਰ-ਰਾਜੀ ਅਤੇ ਕਿਸੇ ਰਾਜ ਦੇ ਅੰਦਰ ਸਪਲਾਈਜ਼ ਨੂੰ ਵਿਸ਼ੇਸ਼ ਤੌਰ 'ਤੇ ਆਈ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 7(1), 7(2) ਅਤੇ 8(1) ਵਿੱਚ ਕ੍ਰਮਵਾਰ ਪ੍ਰਭਾਸ਼ਿਤ ਕੀਤਾ ਗਿਆ ਹੈ। ਵਿਆਪਕ ਰੂਪ ਵਿੱਚ, ਜਿੱਥੇ ਸਪਲਾਇਰ ਦਾ ਸਥਾਨ ਅਤੇ ਸਪਲਾਈ ਦਾ ਸਥਾਨ ਇੱਕੋ ਰਾਜ ਹੁੰਦੇ ਹਨ, ਤਾਂ ਉਸ ਨੂੰ ਉਸੇ ਜਾਂ ਕਿਸੇ ਇੱਕ ਰਾਜ ਦੇ ਅੰਦਰ (ਇੰਟਰਾ-ਸਟੇਟ) ਅਤੇ ਜਿੱਥੇ ਸਪਲਾਈਜ਼ ਵੱਖਰੇ ਰਾਜਾਂ ਵਿੱਚ ਹੁੰਦੀਆਂ ਹਨ, ਤਦ ਉਹ ਅੰਤਰ-ਰਾਜੀ (ਇੰਟਰ-ਸਟੇਟ) ਸਪਲਾਈਜ਼ ਹੁੰਦੀਆਂ ਹਨ।

**ਪ੍ਰਸ਼ਨ 15. ਕੀ ਮਾਲ ਦੀ ਵਰਤੋਂ ਦੇ ਅਧਿਕਾਰ ਦੇ ਟ੍ਰਾਂਸਫ਼ਰ ਨੂੰ ਉਸ ਮਾਲ ਦੀ ਸਪਲਾਈ ਜਾਂ ਸੇਵਾ ਦੀ ਸਪਲਾਈ ਮੰਨਿਆ ਜਾਵੇਗਾ?**

ਉੱਤਰ. ਮਾਲ ਵਰਤਣ ਦਾ ਅਧਿਕਾਰ ਟ੍ਰਾਂਸਫ਼ਰ ਕੀਤੇ ਜਾਣ ਨੂੰ ਸੇਵਾ ਦੀ ਸਪਲਾਈ ਮੰਨਿਆ ਜਾਵੇਗਾ ਕਿਉਂਕਿ ਅਜਿਹੀਆਂ ਸਪਲਾਈਜ਼ ਵਿੱਚ ਟਾਈਟਲ ਦਾ ਕੋਈ ਟ੍ਰਾਂਸਫ਼ਰ ਨਹੀਂ ਹੁੰਦਾ। ਅਜਿਹੇ ਲੈਣ-ਦੇਣ ਨੂੰ ਵਿਸੇਸ਼ ਤੌਰ 'ਤੇ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੀ ਅਨੁਸੂਚੀ-II ਵਿੱਚ ਸੇਵਾ ਦੀ ਸਪਲਾਈ ਮੰਨਿਆ ਗਿਆ ਹੈ।

**ਪ੍ਰਸ਼ਨ 16. ਕੀ ਕੰਮਾਂ ਦੇ ਠੇਕੇ ਅਤੇ ਕੇਟਰਿੰਗ ਸਰਵਿਸੇਜ਼ ਨੂੰ ਮਾਲ ਦੀ ਸਪਲਾਈ ਜਾਂ ਸੇਵਾਵਾਂ ਦੀ ਸਪਲਾਈ ਮੰਨਿਆ ਜਾਵੇਗਾ? ਕਿਉਂ?**

ਉੱਤਰ. ਕੰਮਾਂ ਦੇ ਠੇਕੇ ਅਤੇ ਕੇਟਰਿੰਗ ਸੇਵਾਵਾਂ ਨੂੰ ਸੇਵਾ ਦੀ ਸਪਲਾਈ ਮੰਨਿਆ ਜਾਵੇਗਾ, ਜਿਵੇਂ ਕਿ ਦੋਵੇਂ ਮਾੱਡਲ ਜੀ.ਐੱਸ.ਟੀ. ਕਾਨੂੰਨ ਦੀ ਅਨੁਸੂਚੀ-II ਵਿੱਚ ਲੜੀ ਨੰਬਰ 6(ਏ) ਅਤੇ (ਬੀ) ਵਿੱਚ ਵਰਣਿਤ ਹੈ।

**ਪ੍ਰਸ਼ਨ 17. ਕੀ ਸੱਾਫਟਵੇਅਰ ਦੀ ਸਪਲਾਈ ਨੂੰ ਜੀ.ਐੱਸ.ਟੀ. ਕਾਨੂੰਨ ਅਧੀਨ ਮਾਲ ਦੀ ਸਪਲਾਈ ਜਾਂ ਸੇਵਾਵਾਂ ਦੀ ਸਪਲਾਈ ਸਮਝਿਆ ਜਾਵੇਗਾ?**

ਉੱਤਰ. ਡਿਵੈਲਪਮੈਂਟ ਡਿਜ਼ਾਇਨ, ਪ੍ਰੋਗਰਾਮਿੰਗ, ਕਸਟਮਾਇਜ਼ੇਸ਼ਨ, ਐਡਾਪਟੇਸ਼ਨ, ਅਪਗ੍ਰੇਡੇਸ਼ਨ, ਵਾਧਾ, ਸੂਚਨਾ ਤਕਨਾਲੋਜੀ ਸੱਾਫ਼ਟਵੇਅਰ ਲਾਗੂ ਕਰਨ ਨੂੰ ਮਾੱਡਲ ਜੀ.ਐੱਸ.ਟੀ. ਕਾਨੂੰਨ ਦੀ ਅਨੁਸੂਚੀ- II ਦੇ ਲੜੀ ਨੰਬਰ 5(2)(ਡੀ) ਵਿੱਚ ਸੇਵਾਵਾਂ ਦੀ ਸਪਲਾਈ ਮੰਨਿਆ ਗਿਆ ਹੈ।

**ਪ੍ਰਸ਼ਨ 18. ਕੀ ਕਿਰਾਇਆ-ਖ਼ਰੀਦ (ਹਾਇਰ ਪਰਚੇਜ਼) ਦੇ ਆਧਾਰ ਉੱਤੇ ਸਪਲਾਈ ਕੀਤੇ ਗਏ ਮਾਲ ਨੂੰ ਮਾਲ ਦੀ ਸਪਲਾਈ ਜਾਂ ਸੇਵਾਵਾਂ ਦੀ ਸਪਲਾਈ ਮੰਨਿਆ ਜਾਵੇਗਾ? ਕਿਉਂ?**

ਉੱਤਰ. ਕਿਰਾਇਆ-ਖ਼ਰੀਦ ਦੇ ਆਧਾਰ ਉੱਤੇ ਮਾਲ ਦੀ ਸਪਲਾਈ ਨੂੰ ਮਾਲ ਦੀ ਸਪਲਾਈ ਮੰਨਿਆ ਜਾਵੇਗਾ ਕਿਉਂਕਿ ਟਾਈਟਲ ਦਾ ਟ੍ਰਾਂਸਫ਼ਰ ਮੌਜੂਦ ਹੈ, ਭਾਵੇਂ ਉਹ ਭਵਿੱਖ ਦੀ ਕਿਸੇ ਮਿਤੀ ਨੂੰ ਹੋਵੇ।

**ਪ੍ਰਸ਼ਨ 19. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐੱਸ.ਟੀ. ਕਾਨੂੰਨ ਅਧੀਨ ਸੰਯੁਕਤ ਸਪਲਾਈ ਕੀ ਹੈ?**

ਉੱਤਰ. ਸਾਝੀ ਸਪਲਾਈ ਦਾ ਅਰਥ ਹੈ ਕਿਸੇ ਟੈਕਸਯੋਗ ਵਿਅਕਤੀ ਵੱਲੋਂ ਕਿਸੇ ਪ੍ਰਾਪਤਕਰਤਾ ਨੂੰ ਕੀਤੀ ਗਈ ਇੱਥ ਸਪਲਾਈ, ਜਿਸ ਵਿੱਚ ਦੋ ਜਾਂ ਵਧੇਰੇ ਵਸਤਾਂ ਜਾਂ ਸੇਵਾਵਾਂ ਜਾਂ ਉਨ੍ਹਾਂ ਦੇ ਕਿਸੇ ਸੁਮੇਲ ਦੀ ਸਪਲਾਈ ਸ਼ਾਮਲ ਹੈ ਜੋ ਕੁਦਰਤੀ ਤੌਰ ਉੱਤੇ ਜੁੜੇ ਹੋਏ ਹਨ ਅਤੇ ਇੱਕ ਦੂਜੇ ਨਾਲ ਜੋੜ ਕੇ ਕਾਰੋਬਾਰ ਦੀ ਆਮ ਪ੍ਰਕਿਰਿਆ ਵਿੱਚ ਸਪਲਾਈ ਕੀਤੇ ਜਾਂਦੇ ਹਨ, ਜਿਸ ਵਿੱਚੋਂ ਇੱਕ ਪ੍ਰਮੁੱਖ ਸਪਲਾਈ ਹੈ। ਉਦਾਹਰਨ ਵਜੋਂ, ਜਿੱਥੇ ਵਸਤਾਂ ਪੈਕ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਬੀਮੇ ਨਾਲ ਟਰਾਂਸਪੋਰਟ ਕੀਤਾ ਜਾਂਦਾ ਹੈ, ਵਸਤਾਂ ਦੀ ਸਪਲਾਈ, ਪੈਕਿੰਗ ਸਮੱਗਰੀਆਂ, ਟਰਾਂਸਪੋਰਟ ਤੇ ਬੀਮਾ ਇੱਕ ਸੰਯੁਕਤ ਸਪਲਾਈ ਹੈ ਅਤੇ ਵਸਤਾਂ ਦੀ ਸਪਲਾਈ

ਪ੍ਰਮੁੱਖ ਸਪਲਾਈ ਹੈ।

**ਪ੍ਰਸ਼ਨ 20. ਜੀ.ਐੱਸ.ਟੀ. ਅਧੀਨ ਨਿਰਧਾਰਤ ਕਿਸੇ ਸੰਯੁਕਤ ਸਪਲਾਈ ਉੱਤੇ ਟੈਕਸ ਦੇਣਦਾਰੀ ਕਿਵੇਂ ਹੋਵੇਗੀ?**

ਉੱਤਰ. ਇੱਕ ਸਾਂਝੀ ਸਪਲਾਈ ਵਿੱਚ ਦੋ ਜਾਂ ਵਧੇਰੇ ਸਪਲਾਈਜ਼ ਹੋਣਗੀਆਂ, ਇਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਸਪਲਾਈ ਹੈ, ਉਸ ਨੂੰ ਅਜਿਹੀ ਪ੍ਰਮੁੱਖ ਸਪਲਾਈ ਮੰਨਿਆ ਜਾਵੇਗਾ।।

**ਪ੍ਰਸ਼ਨ 21. ਇੱਕ ਮਿਸ਼ਰਤ ਸਪਲਾਈ ਕੀ ਹੈ?**

ਉੱਤਰ. ਮਿਸ਼ਰਤ ਸਪਲਾਈ ਦਾ ਅਰਥ ਮਾਲ ਜਾਂ ਸੇਵਾਵਾਂ ਜਾਂ ਉਨ੍ਹਾਂ ਦੇ ਕਿਸੇ ਸੁਮੇਲ ਦੀ ਜਾਂ ਵਧੇਰੇ ਵਿਅਕਤੀਗਤ ਸਪਲਾਈਜ਼ ਹੁੰਦਾ ਹੈ, ਜੋ ਕਿਸੇ ਟੈਕਸਯੋਗ ਵਿਅਕਤੀ ਵੱਲੋਂ ਇੱਕ ਦੂਜੇ ਨਾਲ ਜੋੜ ਕੇ ਇਕਹਿਰੀ ਕੀਮਤ ਉੱਤੇ ਕੀਤੀ ਜਾਂਦੀ ਹੈ, ਜਿੱਥੇ ਅਜਿਹੀ ਸਪਲਾਈ ਇੱਕ ਸਾਂਝੀ ਸਪਲਾਈ ਨਹੀਂ ਬਣਦੀ। ਉਦਾਹਰਨ ਵਜੋਂ ਡੱਬਾ ਬੰਦ ਭੋਜਨਾਂ, ਮਿਠਾਈਆਂ, ਚੌਕਲੇਟਾਂ, ਕੇਕਾਂ, ਡ੍ਰਾਈ ਫ਼ਰੂਟਾਂ, ਏਅਰੇਟਡ ਡ੍ਰਿੰਕ ਤੇ ਫਲਾਂ ਦੇ ਜੂਸ ਵਾਲੇ ਪੈਕੇਜ ਦੀ ਸਪਲਾਈ ਜਦੋਂ ਇੱਕ ਇਕਹਿਰੀ ਕੀਮਤ ਲਈ ਕੀਤੀ ਜਾਂਦੀ ਹੈ, ਤਾਂ ਇਹ ਮਿਸ਼ਰਤ ਸਪਲਾਈ ਹੈ। ਅਜਿਹੀ ਹਰੇਕ ਵਸਤੂ ਵੱਖੋ ਵੱਖਰੇ ਤੌਰ ਉੱਤੇ ਸਪਲਾਈ ਕੀਤੀ ਜਾ ਸਕਦੀ ਹੈ ਅਤੇ ਇਹ ਇੱਕ ਦੂਜੇ ਉੱਤੇ ਨਿਰਭਰ ਨਹੀਂ ਹੈ। ਇਹ ਇੱਕ ਮਿਸ਼ਰਤ ਸਪਲਾਈ ਨਹੀਂ ਹੋਵੇਗੀ, ਜੇ ਇਨ੍ਹਾਂ ਵਸਤਾਂ ਨੂੰ ਵੱਖਰੇ ਤੌਰ ਉੱਤੇ ਸਪਲਾਈ ਕੀਤਾ ਜਾਂਦਾ ਹੈ।

**ਪ੍ਰਸ਼ਨ 22. ਜੀ.ਐੱਸ.ਟੀ. ਅਧੀਨ ਇੱਕ ਮਿਸ਼ਰਤ ਸਪਲਾਈ ਉੱਤੇ ਟੈਕਸ ਦੇਣਦਾਰੀ ਕਿਵੇਂ ਨਿਰਧਾਰਤ ਕੀਤੀ ਜਾਵੇਗੀ?**

ਉੱਤਰ. ਦੋ ਜਾਂ ਵਧੇਰੇ ਸਪਲਾਈਜ਼ ਵਾਲੀ ਇੱਕ ਮਿਸ਼ਰਤ ਸਪਲਾਈ ਨੂੰ ਉਸ ਵਿਸ਼ੇਸ਼ ਸਪਲਾਈ ਦੀ ਸਪਲਾਈ ਮੰਨਿਆ ਜਾਵੇਗਾ, ਜੋ ਸਭ ਤੋਂ ਵੱਧ ਟੈਕਸ ਦੀ ਦਰ ਖਿੱਚਦੀ ਹੈ।

**ਪ੍ਰਸ਼ਨ 23. ਕੀ ਕੋਈ ਅਜਿਹੀਆਂ ਗਤੀਵਿਧੀਆਂ ਹਨ, ਜੋ ਨਾ ਤਾਂ ਵਸਤਾਂ ਦੀ ਸਪਲਾਈ ਸਮਝੀਆਂ ਜਾਂਦੀਆਂ ਹਨ ਅਤੇ ਨਾ ਹੀ ਸੇਵਾਵਾਂ ਦੀ ਸਪਲਾਈ?**

ਉੱਤਰ. ਜੀ ਹਾਂ। ਮੌਡਲ ਜੀ.ਐੱਸ.ਟੀ. ਕਾਨੂੰਨ ਦੀ ਅਨੁਸੂਚੀ-III ਵਿੱਚ ਉਹ ਗਤੀਵਿਧੀਆਂ ਸ਼ਾਮਲ ਹਨ, ਜਿਵੇਂ ਕਿ (1) ਇੱਕ ਮੁਲਾਜ਼ਮ ਦੀਆਂ

ਰੋਜ਼ਗਾਰਦਾਤਾ/ਨਿਯੋਕਤਾ ਨੂੰ ਸੇਵਾਵਾਂ ਆਪਣੇ ਰੋਜ਼ਗਾਰ ਦੇ ਸਬੰਧ ਵਿੱਚ (2) ਕਿਸੇ ਕਾਨੂੰਨ ਅਧੀਨ ਸਥਾਪਤ ਕਿਸੇ ਕੋਰਟ ਜਾਂ ਟ੍ਰਿਬਿਊਨਲ ਦੀਆਂ ਸੇਵਾਵਾਂ (3) ਸੰਸਦ, ਵਿਧਾਨ ਸਭਾਵਾਂ ਦੇ ਮੈਂਬਰਾਂ, ਸਥਾਨਕ ਅਥਾਰਟੀਆਂ ਦੇ ਮੈਂਬਰਾਂ, ਸੰਵਿਧਾਨਕ ਅਹੁਦਿਆਂ (4) ਅਰਥੀ, ਦਫ਼ਨਾਉਣ, ਅੰਤਿਮ ਸਸਕਾਰ ਜਾਂ ਮੁਰਦਾਖਾਨੇ ਦੀਆਂ ਸੇਵਾਵਾਂ ਅਤੇ (5) ਜ਼ਮੀਨ ਦੀ ਵਿਕਰੀ ਅਤੇ (6) ਲਾਟਰੀ, ਸ਼ਰਤ ਤੇ ਜੂਏਬਾਜ਼ੀ ਤੋਂ ਇਲਾਵਾ ਕਾਰਵਾਈਯੋਗ ਦਾਅਵਿਆਂ ਨੂੰ ਨਾ ਤਾਂ ਮਾਲ ਦੀ ਸਪਲਾਈ ਅਤੇ ਨਾ ਹੀ ਸੇਵਾਵਾਂ ਦੀ ਸਪਲਾਈ ਮੰਨਿਆ ਜਾਵੇਗਾ।

**ਪ੍ਰਸ਼ਨ 24. ਜੀ.ਐੱਸ.ਟੀ. ਅਧੀਨ ਜ਼ੀਰੋ ਰੇਟਡ ਸਪਲਾਈ ਦਾ ਕੀ ਅਰਥ ਹੈ?**

ਉੱਤਰ. ਜ਼ੀਰੋ ਰੇਟਡ ਸਪਲਾਈ ਦਾ ਅਰਥ ਹੈ ਮਾਲ ਅਤੇ/ਜਾਂ ਸੇਵਾਵਾਂ ਦੀ ਬਰਾਮਦ ਜਾਂ ਮਾਲ ਅਤੇ/ਸੇਵਾਵਾਂ ਦੀ ਵਿਸ਼ੇਸ਼ ਆਰਥਿਕ ਜ਼ੋਨ ਦੇ ਡਿਵੈਲਪਰ ਜਾਂ ਵਿਸ਼ੇਸ਼ ਆਰਥਿਕ ਜ਼ੋਨ ਦੀ ਇਾਈ ਨੂੰ ਸਪਲਾਈ।

**ਪ੍ਰਸ਼ਨ 25. ਕੀ ਬਿਨਾ ਵਿਚਾਰ ਦੇ ਸੇਵਾਵਾਂ ਦੀ ਦਰਾਮਦ ਜੀ.ਐੱਸ.ਟੀ. ਅਧੀਨ ਟੈਕਸਯੋਗ ਹੋਵੇਗੀ?**

ਉੱਤਰ. ਆਮ ਸਿਧਾਂਤ ਦੇ ਤੌਰ ਉੱਤੇ, ਬਿਨਾ ਵਿਚਾਰਾ ਦੇ ਸੇਵਾਵਾਂ ਦੀ ਦਰਾਮਦ ਨੂੰ ਸੈਕਸ਼ਨ 7 ਦੀਆਂ ਮੱਦਾਂ ਵਿੱਚ ਜੀ.ਐੱਸ.ਟੀ. ਕਾਨੂੰਲ ਅੀਨ ਸਪਲਾਈ ਨਹੀਂ ਮੰਨਿਆ ਜਾਵੇਗਾ। ਉਂਝ, ਇੱਕ ਟੈਕਸਯੋਗ ਵਿਅਕਤੀ ਵੱਲੋਂ ਇੱਕ ਸਬੰਧਤ ਵਿਅਕਤੀ ਤੋਂ ਸੇਵਾਵਾਂ ਦੀ ਦਰਾਮਦ ਜਾਂ ਭਾਰਤ ਤੋਂ ਬਾਹਰ ਉਸ ਦੀ ਹੋਰ ਸਥਾਪਨਾ ਤੋਂ ਅਜਿਹੀ ਦਰਾਮਦ, ਕੋਰਸ ਵਿੱਚ ਜਾਂ ਕਾਰੋਬਾਰ ਵਧਾਉਣ ਲਈ ਕੀਤੀ ਜਾਂਦੀ ਹੈ, ਤਾਂ ਬਿਨਾ ਵਿਚਾਰ ਦੇ ਵੀ ਉਸ ਨੂੰ ਅਨੁਸੂਚੀ 1 ਦੇ ਲੜੀ ਨੰਬਰ 4 ਦੀਆਂ ਮੱਦਾਂ ਵਿੱਚ ਸਪਲਾਈ ਮੰਨਿਆ ਜਾਵੇਗਾ।

# ਸਪਲਾਈ ਦਾ ਸਮਾਂ

# ਸਪਲਾਈ ਦਾ ਸਮਾਂ

**ਪ੍ਰਸ਼ਨ 1. ਸਪਲਾਈ ਦਾ ਸਮਾਂ ਕੀ ਹੈ?**

ਉੱਤਰ. ਸਪਲਾਈ ਦਾ ਸਮਾਂ ਉਹ ਨੁਕਤਾ ਨਿਰਧਾਰਤ ਕਰਦਾ ਹੈ, ਜਦੋਂ ਜੀ.ਐਸ.ਟੀ. ਵਸੂਲੀ ਦੀ ਜ਼ਿੰਮੇਵਾਰੀ ਪੈਦਾ ਹੁੰਦੀ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ, ਕਿ ਕੋਈ ਸਪਲਾਈ ਕਦੋਂ ਕੀਤੀ ਗਈ ਹੈ। ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਕਾਨੂੰਨ ਮਾਲ ਤੇ ਸੇਵਾਵਾਂ ਲਈ ਸਪਲਾਈ ਲਈ ਵੱਖਰਾ ਸਮਾਂ ਪ੍ਰਦਾਨ ਕਰਦਾ ਹੈ।

**ਪ੍ਰਸ਼ਨ 2. ਮਾਲ ਦੀ ਸਪਲਾਈ ਦੇ ਸਬੰਧ ਵਿੱਚ ਜੀ.ਐਸ.ਟੀ. ਭੁਗਤਾਨ ਦੀ ਜ਼ਿੰਮੇਵਾਰੀ ਕਦੋਂ ਪੈਦਾ ਹੁੰਦੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 12 ਅਤੇ 13 ਵਿੱਚ ਮਾਲ ਦੀ ਸਪਲਾਈ ਦੇ ਸਮੇਂ ਲਈ ਵਿਵਸਥਾ ਹੈ। ਮਾਲ ਦੇ ਸਪਲਾਈ ਦਾ ਸਮਾਂ ਨਿਮਨਲਿਖਤ ਦਾ ਸਭ ਤੋਂ ਪਹਿਲਾ ਸਮਾਂ ਹੋਵੇਗਾ, ਜਿਵੇਂ,

(i) ਸਪਲਾਇਰ ਵੱਲੋਂ ਇਨਵੁਆਇਸ ਜਾਰੀ ਕੀਤੇ ਜਾਣ ਦੀ ਮਿਤੀ ਜਾਂ ਆਖ਼ਰੀ ਮਿਤੀ, ਜਦੋਂ ਤੱਕ ਉਸ ਨੇ ਸੈਕਸ਼ਨ 31 ਅਧੀਨ ਸਪਲਾਈ ਦੇ ਸਬੰਧ ਵਿੱਚ ਇਨਵੁਆਇਸ ਜਾਰੀ ਕਰਨ ਦੀ ਜ਼ਰੂਰਤ ਹੁੰਦੀ ਹੈ; ਜਾਂ

(ii) ਉਹ ਮਿਤੀ, ਜਦੋਂ ਸਪਲਾਇਰ ਨੂੰ ਸਪਲਾਈ ਦੇ ਸਬੰਧ ਵਿੱਚ ਭੁਗਤਾਨ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ 3. ਮਾਲ ਤੇ ਸੇਵਾਵਾਂ ਦੇ ਸਬੰਧ ਵਿੱਚ ਵਾਊਚਰਾਂ ਦੀ ਸਪਲਾਈ ਦੇ ਮਾਮਲੇ ਵਿੱਚ ਸਪਲਾਈ ਦਾ ਸਮਾਂ ਕੀ ਹੈ?**

ਉੱਤਰ. ਮਾਲ ਤੇ ਸੇਵਾਵਾਂ ਦੇ ਸਬੰਧ ਵਿੱਚ ਵਾਊਚਰ ਦੀ ਸਪਲਾਈ ਦਾ ਸਮਾਂ ਹੋਵੇਗਾ;

ੳ) ਵਾਊਚਰ ਜਾਰੀ ਹੋਣ ਦੀ ਮਿਤੀ, ਜੇ ਸਪਲਾਈ ਉਸ ਬਿੰਦੂ ਉੱਤੇ ਸ਼ਨਾਖ਼ਤਯੋਗ ਹੈ; ਜਾਂ

ਅ) ਵਾਊਚਰ ਦੀ ਰਿਡੈਂਪਸ਼ਨ ਦੀ ਮਿਤੀ, ਹੋਰ ਸਾਰੇ ਮਾਮਲਿਆਂ ਵਿੱਚ।

**ਪ੍ਰਸ਼ਨ 4. ਸੀ.ਜ਼ੀ.ਐੱਸ.ਟੀ./ਐੱਸ.ਜ਼ੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 12 ਦੇ ਉੱਪ-ਅਨੁਛੇਦ 2, 3, 4 ਜਾਂ ਅਨੁਛੇਦ 13 ਦੀਆਂ ਮੱਦਾਂ ਵਿੱਚ ਸਪਲਾਈ ਦਾ ਸਮਾਂ ਨਿਰਧਾਰਨ ਜਿੱਥੇ ਸੰਭਵ ਨਹੀਂ ਹੁੰਦਾ, ਉੱਥੇ ਸਪਲਾਈ ਦਾ ਸਮਾਂ ਕਿਵੇਂ ਨਿਰਧਾਰਤ ਕੀਤਾ ਜਾਵੇਗਾ?**

ਉੱਤਰ. ਅਨੁਛੇਦ 12(5) ਦੇ ਨਾਲ–ਨਾਲ 13(5) ਵਿੱਚ ਬਕਾਇਆ ਇੰਦਰਾਜ਼ (ਐਂਟਰੀ) ਹੈ, ਜੋ ਦੱਸਦਾ ਹੈ ਕਿ ਜੇ ਸਮੇਂ–ਸਮੇਂ 'ਤੇ ਰਿਟਰਨ ਭਰੀ ਜਾਂਦੀ ਹੈ, ਤਾਂ ਅਜਿਹੀ ਨਿਯਤ–ਕਾਲੀ ਰਿਟਰਨ ਭਰਨ ਦੀ ਬਣਦੀ ਮਿਤੀ ਉਸ ਸਪਲਾਈ ਦਾ ਸਮਾਂ ਹੋਵੇਗਾ। ਦੂਜੇ ਮਾਮਲਿਆਂ ਵਿੱਚ, ਇਹ ਉਹ ਮਿਤੀ ਹੋਵੇਗੀ, ਜਦੋਂ ਸੀ.ਜ਼ੀ.ਐਸ.ਟੀ./ਐਸ.ਜ਼ੀ.ਐਸ.ਟੀ./ਆਈ.ਜ਼ੀ.ਐਸ.ਟੀ. ਅਸਲ ਵਿੱਚ ਅਦਾ ਕੀਤਾ ਜਾਂਦਾ ਹੈ।

**ਪ੍ਰਸ਼ਨ 5. ''ਭੁਗਤਾਨ ਦੀ ਪ੍ਰਾਪਤੀ ਦੀ ਮਿਤੀ'' ਤੋਂ ਕੀ ਅਰਥ ਹੈ?**

ਉੱਤਰ. ਇਹ ਉਹ ਛੇਤੀ ਤੋਂ ਛੇਤੀ ਵਾਲੀ ਮਿਤੀ ਹੈ, ਜਿਸ ਦਿਨ ਭੁਗਤਾਨ ਨੂੰ ਸਪਲਾਇਰ ਦੀਆਂ ਖਾਤਾ–ਪੁਸਤਕਾਂ ਵਿੱਚ ਦਰਜ ਕੀਤਾ ਜਾਂਦਾ ਹੈ ਜਾਂ ਉਹ ਮਿਤੀ, ਜਿਸ ਦਿਨ ਉਹ ਭੁਗਤਾਨ ਉਸ ਦੇ ਬੈਂਕ ਖਾਤੇ ਵਿੱਚ ਪਾਇਆ ਜਾਂਦਾ ਹੈ।

**ਪ੍ਰਸ਼ਨ 6. ਮੰਨ ਲਓ, ਅੰਸ਼ਕ ਪੇਸ਼ਗੀ ਭੁਗਤਾਨ ਕਰ ਦਿੱਤਾ ਜਾਂਦਾ ਹੈ ਜਾਂ ਅੰਸ਼ਕ ਭੁਗਤਾਨ ਲਈ ਇਨਵੁਆਇਸ ਜਾਰੀ ਕਰ ਦਿੱਤੀ ਜਾਂਦੀ ਹੈ, ਕੀ ਸਪਲਾਈ ਦਾ ਸਮਾਂ ਮੁਕੰਮਲ ਸਪਲਾਈ ਕਵਰ ਕਰੇਗਾ?**

ਉੱਤਰ. ਜੀ ਨਹੀਂ। ਸਪਲਾਈ ਉਸ ਮਾਤਰਾ ਵਿੱਚ ਹੋ ਗਈ ਮੰਨੀ ਜਾਵੇਗੀ, ਜਿੰਨੀ ਕਿ ਇਨਵੁਆਇਸ ਜਾਂ ਅੰਸ਼ਕ ਭੁਗਤਾਨ ਦੁਆਰਾ ਕਵਰ ਹੁੰਦੀ ਹੈ।

**ਪ੍ਰਸ਼ਨ 7. ਰਿਵਰਸ ਚਾਰਜ ਅਧੀਨ ਅਦਾਇਗੀਯੋਗ ਟੈਕਸ ਦੇ ਮਾਮਲੇ ਵਿੱਚ ਵਸਤਾਂ/ਮਾਲ ਦੀ ਸਪਲਾਈ ਦਾ ਸਮਾਂ ਕੀ ਹੈ?**

ਉੱਤਰ. ਸਪਲਾਈ ਦਾ ਸਮਾਂ ਨਿਮਨਲਿਖਤ ਮਿਤੀਆਂ ਦਾ ਛੇਤੀ ਤੋਂ ਛੇਤੀ ਵਾਲਾ ਸਮਾਂ ਹੋਵੇਗਾ:

ੳ) ਮਾਲ ਪ੍ਰਾਪਤੀ ਦੀ ਮਿਤੀ; ਜਾਂ

ਅ) ਉਹ ਮਿਤੀ ਜਦੋਂ ਭੁਗਤਾਨ ਕੀਤਾ ਜਾਂਦਾ ਹੈ; ਜਾਂ

ੲ) ਸਪਲਾਇਰ ਵੱਲੋਂ ਇਨਵੁਆਇਸ ਜਾਰੀ ਕਰਨ ਦੀ ਮਿਤੀ ਤੋਂ ਤੁਰੰਤ ਬਾਅਦ ਦੇ 30 ਦਿਨਾਂ ਦੀ ਮਿਤੀ।

**ਪ੍ਰਸ਼ਨ 8. ਰਿਵਰਸ ਚਾਰਜ ਅਧੀਨ ਅਦਾਇਗੀਯੋਗ ਟੈਕਸ ਦੇ ਮਾਮਲੇ ਵਿੱਚ ਸੇਵਾ ਦੀ ਸਪਲਾਈ ਦਾ ਸਮਾਂ ਕੀ ਹੈ?**

ਉੱਤਰ. ਸਪਲਾਈ ਦਾ ਸਮਾਂ ਨਿਮਨਲਿਖਤ ਮਿਤੀਆਂ ਦਾ ਜਲਦੀ ਤੋਂ ਜਲਦੀ ਦਾ ਸਮਾਂ ਹੋਵੇਗਾ:

ੳ) ਉਹ ਮਿਤੀ ਜਦੋਂ ਭੁਗਤਾਨ ਕੀਤਾ ਜਾਂਦਾ ਹੈ; ਜਾਂ

ਅ) ਸਪਲਾਇਰ ਵੱਲੋਂ ਇਨਵੁਆਇਸ ਜਾਰੀ ਹੋਣ ਦੀ ਮਿਤੀ ਤੋਂ ਤੁਰੰਤ 60 ਦਿਨ ਬਾਅਦ ਦੀ ਮਿਤੀ।

**ਪ੍ਰਸ਼ਨ 9. ਵਿਆਜ ਦੇ ਢੰਗ, ਲੇਟ ਫ਼ੀਸ ਜਾਂ ਜੁਰਮਾਨਾ ਜਾਂ ਦੇਰੀ ਨਾਲ ਭੁਗਤਾਨ ਦੁਆਰਾ ਕੀਮਤ ਵਿੱਚ ਵਾਧੇ ਦੇ ਸਬੰਧ ਵਿੱਚ ਸਪਲਾਈ ਦਾ ਕੀ ਸਮਾਂ ਲਾਗੂ ਹੁੰਦਾ ਹੈ?**

ਉੱਤਰ. ਵਿਆਜ, ਲੇਟ ਫ਼ੀਸ ਜਾਂ ਜੁਰਮਾਨਾ ਜਾਂ ਦੇਰੀ ਨਾਲ ਭੁਗਤਾਨ ਕਾਰਨ ਕੀਮਤ ਵਿੱਚ ਵਾਧੇ ਦੇ ਸਬੰਧ ਵਿੱਚ ਸਪਲਾਈ ਦਾ ਸਮਾਂ ਉਹ ਮਿਤੀ ਹੋਵੇਗੀ, ਜਦੋਂ ਸਪਲਾਇਰ ਨੇ ਅਜਿਹਾ ਵਧੀਕ ਵਿਚਾਰ ਪ੍ਰਾਪਤ ਕੀਤਾ ਹੋਵੇਗਾ।

**ਪ੍ਰਸ਼ਨ 10. ਕੀ ਸਪਲਾਈ ਦੇ ਸਮੇਂ ਵਿੱਚ ਕੋਈ ਤਬਦੀਲੀ ਹੋਈ ਹੈ, ਜਿੱਥੇ ਟੈਕਸ ਦੀ ਦਰ ਵਿੱਚ ਤਬਦੀਲੀ ਤੋਂ ਬਾਅਦ ਜਾਂ ਉਸ ਤੋਂ ਪਹਿਲਾਂ ਸਪਲਾਈ ਮੁਕੰਮਲ ਹੋ ਜਾਂਦੀ ਹੈ?**

ਉੱਤਰ. ਜੀ ਹਾਂ। ਅਜਿਹੇ ਮਾਮਲਿਆਂ ਵਿੱਚ ਸੈਕਸ਼ਨ 14 ਦੀਆਂ ਵਿਵਸਥਾਵਾਂ ਲਾਗੂ ਹੋਣਗੀਆਂ।

**ਪ੍ਰਸ਼ਨ 11. ਸਪਲਾਈ ਦਾ ਸਮਾਂ ਕੀ ਹੈ, ਜਿੰਥੇ ਟੈਕਸ ਦੀ ਦਰ ਵਿੱਚ ਤਬਦੀਲੀ ਤੋਂ ਪਹਿਲਾਂ ਸਪਲਾਈ ਮੁਕੰਮਲ ਹੋ ਜਾਂਦੀ ਹੈ?**

ਉੱਤਰ. ਅਜਿਹੇ ਮਾਮਲਿਆਂ ਵਿੱਚ ਸਪਲਾਈ ਦਾ ਸਮਾਂ ਹੋਵੇਗਾ

(1) ਜਿੱਥੇ ਕੁਝ ਲਈ ਇਨਵੁਆਇਸ ਜਾਰੀ ਕੀਤੀ ਗਈ ਹੈ ਅਤੇ ਭੁਗਤਾਨ ਟੈਕਸ ਦੀ ਦਰ ਵਿੱਚ ਤਬਦੀਲੀ ਤੋਂ ਬਾਅਦ ਵੀ ਪ੍ਰਾਪਤ ਕੀਤਾ ਜਾਂਦਾ ਹੈ, ਤਾਂ ਸਪਲਾਈ ਦਾ ਸਮਾਂ ਭੁਗਤਾਨ ਦੀ ਪ੍ਰਾਪਤੀ ਦੀ ਮਿਤੀ ਜਾਂ

ਇਨਵੁਆਇਸ ਜਾਰੀ ਹੋਣ ਦੀ ਮਿਤੀ, ਜੋ ਵੀ ਪਹਿਲਾਂ ਹੋਵੇਗਾ, ਹੋਵੇਗੀ; ਜਾਂ

(2) ਜਿੱਥੇ ਇਨਵੁਆਇਸ ਟੈਕਸ ਦੀ ਦਰ ਵਿੱਚ ਕੋਈ ਤਬਦੀਲੀ ਆਉਣ ਤੋਂ ਪਹਿਲਾਂ ਜਾਰੀ ਹੋਈ ਹੈ, ਪਰ ਭੁਗਤਾਨ ਟੈਕਸ ਦਰ ਵਿੱਚ ਤਬਦੀਲੀ ਤੋਂ ਬਾਅਦ ਪ੍ਰਾਪਤ ਹੁੰਦਾ ਹੈ, ਤਾਂ ਸਪਲਾਈ ਦਾ ਸਮਾਂ ਇਨਵੁਆਇਸ ਜਾਰੀ ਹੋਣ ਦੀ ਮਿਤੀ ਹੋਵੇਗੀ; ਜਾਂ

(3) ਜਿੱਥੇ ਭੁਗਤਾਨ, ਟੈਕਸ ਦਰ ਵਿੱਚ ਤਬਦੀਲੀ ਤੋਂ ਪਹਿਲਾਂ ਪ੍ਰਾਪਤ ਹੁੰਦਾ ਹੈ, ਪਰ ਉਸ ਦੀ ਇਨਵੁਆਇਸ ਟੈਕਸ ਦਰ ਵਿੱਚ ਤਬਦੀਲੀ ਤੋਂ ਬਾਅਦ ਜਾਰੀ ਹੁੰਦੀ ਹੈ, ਉੱਥੇ ਸਪਲਾਈ ਦਾ ਸਮਾਂ ਭੁਗਤਾਨ ਪ੍ਰਾਪਤੀ ਦੀ ਮਿਤੀ ਹੋਵੇਗਾ;

**ਪ੍ਰਸ਼ਨ 12. ਸਪਲਾਈ ਦਾ ਸਮਾਂ ਕੀ ਹੈ, ਜਿੱਥੇ ਸਪਲਾਈ ਟੈਕਸ ਦਰ ਵਿੱਚ ਤਬਦੀਲੀ ਤੋਂ ਬਾਅਦ ਮੁਕੰਮਲ ਹੁੰਦੀ ਹੈ?**

ਉੱਤਰ. ਅਜਿਹੇ ਮਾਮਲਿਆਂ ਵਿੱਚ ਸਪਲਾਈ ਦਾ ਸਮਾਂ ਹੋਵੇਗਾ

(1) ਜਿੱਥੇ ਭੁਗਤਾਨ; ਟੈਕਸ ਦਰ ਵਿੱਚ ਤਬਦੀਲੀ ਤੋਂ ਬਾਅਦ ਪ੍ਰਾਪਤ ਹੁੰਦਾ ਹੈ ਪਰ ਇਨਵੁਆਇਸ ਟੈਕਸ ਦਰ ਵਿੱਚ ਤਬਦੀਲੀ ਤੋਂ ਪਹਿਲਾਂ ਜਾਰੀ ਹੋ ਚੁੱਕੀ ਹੈ, ਸਪਲਾਈ ਦਾ ਸਮਾਂ ਭੁਗਤਾਨ ਪ੍ਰਾਪਤੀ ਦੀ ਮਿਤੀ ਹੋਵੇਗਾ; ਜਾਂ

(2) ਜਿੱਥੇ ਇਨਵੁਆਇਸ ਜਾਰੀ ਹੋ ਚੁੱਕੀ ਹੈ ਅਤੇ ਭੁਗਤਾਨ ਟੈਕਸ ਦਰ ਵਿੱਚ ਤਬਦੀਲੀ ਤੋਂ ਪਹਿਲਾਂ ਪ੍ਰਾਪਤ ਹੋ ਜਾਂਦਾ ਹੈ, ਤਾਂ ਸਪਲਾਈ ਦਾ ਸਮਾਂ ਭੁਗਤਾਨ ਪ੍ਰਾਪਤੀ ਦੀ ਮਿਤੀ ਹੋਵੇਗਾ ਜਾਂ ਇਨਵੁਆਇਸ ਜਾਰੀ ਹੋਣ ਦੀ ਮਿਤੀ, ਜੋ ਵੀ ਪਹਿਲਾਂ ਹੋਵੇ, ਹੋਵੇਗਾ; ਜਾਂ

(3) ਜਿੱਥੇ ਇਨਵੁਆਇਸ; ਟੈਕਸ ਦਰ ਵਿੱਚ ਤਬਦੀਲੀ ਤੋਂ ਬਾਅਦ ਜਾਰੀ ਹੋਈ ਹੈ ਪਰ ਭੁਗਤਾਨ ਉਸ ਟੈਕਸ ਦਰ ਵਿੱਚ ਤਬਦੀਲੀ ਤੋਂ ਪਹਿਲਾਂ ਪ੍ਰਾਪਤ ਕਰ ਲਿਆ ਜਾਂਦਾ ਹੈ, ਤਾਂ ਸਪਲਾਈ ਦਾ ਸਮਾਂ ਇਨਵੁਆਇਸ ਜਾਰੀ ਹੋਣ ਦੀ ਮਿਤੀ ਹੋਵੇਗਾ।

**ਪ੍ਰਸ਼ਨ 13. ਮੰਨ ਲਵੋ ਕਿ 1 ਜੂਨ, 2017 ਤੋਂ ਟੈਕਸ ਦਰ ਨੂੰ 18% ਤੋਂ ਵਧਾ ਕੇ 20% ਕਰ ਦਿੱਤਾ ਗਿਆ ਸੀ। ਉੱਥੇ ਕਿਹੜੀ ਟੈਕਸ ਦਰ ਲਾਗੂ ਹੋਵੇਗੀ, ਜਦੋਂ**

**ਅਪ੍ਰੈਲ 2017 ਵਿੱਚ ਦਰ ਵਿੱਚ ਕਿਸੇ ਤਬਦੀਲੀ ਤੋਂ ਪਹਿਲਾਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਅਤੇ ਇਨਵੁਆਇਸ ਜਾਰੀ ਕੀਤਾ ਗਿਆ, ਪਰ ਭੁਗਤਾਨ ਜੂਨ 2017 ਵਿੱਚ ਦਰ ਵਿੱਚ ਤਬਦੀਲੀ ਤੋਂ ਬਾਅਦ ਪ੍ਰਾਪਤ ਕੀਤਾ ਗਿਆ?**

ਉੱਤਰ. 18% ਦੀ ਪੁਰਾਣੀ ਦਰ ਲਾਗੂ ਹੋਵੇਗੀ ਕਿਉਂਕਿ ਸੇਵਾਵਾਂ 1 ਜੂਨ, 2017 ਤੋਂ ਪਹਿਲਾਂ ਪ੍ਰਦਾਨ ਕੀਤੀਆਂ ਗਈਆਂ ਸਨ।

**ਪ੍ਰਸ਼ਨ 14. ਮੰਨ ਲਵੋ ਕਿ 1 ਜੂਨ, 2017 ਤੋਂ ਟੈਕਸ ਦਰ ਨੂੰ 18% ਤੋਂ ਵਧਾ ਕੇ 20% ਕਰ ਦਿੱਤਾ ਗਿਆ ਸੀ। ਉੱਥੇ ਕਿਹੜੀ ਟੈਕਸ ਦਰ ਲਾਗੂ ਹੋਵੇਗੀ, ਜਦੋਂ ਜੂਨ 2017 ਵਿੱਚ ਦਰ ਵਿੱਚ ਕਿਸੇ ਤਬਦੀਲੀ ਤੋਂ ਬਾਅਦ ਇਨਵੁਆਇਸ ਜਾਰੀ ਕੀਤੀ ਗਈ, ਪਰ ਮੁਕੰਮਲ ਪੇਸ਼ਗੀ ਭੁਗਤਾਨ ਅਪ੍ਰੈਲ 2017 ਵਿੱਚ ਪ੍ਰਾਪਤ ਕੀਤਾ ਗਿਆ ਸੀ?**

ਉੱਤਰ. 20 ਫ਼ੀ ਸਦੀ ਦੀ ਨਵੀਂ ਦਰ ਲਾਗੂ ਹੋਵੇਗੀ, ਕਿਉਂਕਿ ਮਾਲ ਦੀ ਸਪਲਾਈ ਤੇ ਇਨਵੁਆਇਸ 1 ਜੂਨ, 2017 ਤੋਂ ਬਾਅਦ ਜਾਰੀ ਕੀਤੀ ਗਈ ਹੈ।

**ਪ੍ਰਸ਼ਨ 15. ਉਹ ਸਮਾਂ ਮਿਆਦ ਕੀ ਹੈ, ਜਿਸ ਦੇ ਅੰਦਰ ਮਾਲ ਦੀ ਸਪਲਾਈ ਲਈ ਇਨਵੁਆਇਸ ਜਾਰੀ ਕੀਤੀ ਜਾਣੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 31 ਅਨੁਸਾਰ ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਵਿਆਖਿਆ, ਮਾਤਰਾ ਤੇ ਮਾਲ ਦੀ ਕੀਮਤ, ਉਸ ਉੱਤੇ ਵਸੂਲ ਕੀਤਾ ਟੈਕਸ ਅਤੇ ਹੋਰ ਨਿਰਧਾਰਤ ਵੇਰਵੇ ਦਰਸਾਉਂਦਿਆਂ ਇੱਕ ਟੈਕਸ ਇਨਵੁਆਇਸ ਇਸ ਸਮੇਂ ਤੋਂ ਪਹਿਲਾਂ ਜਾਂ ਇਸ ਸਮੇਂ ਮੌਕੇ ਜਾਰੀ ਕਰੇਗਾ

(ੳ) ਪ੍ਰਾਪਤਕਰਤਾ ਦੀ ਸਪਲਾਈ ਲਈ ਮਾਲ ਨੂੰ ਹਟਾਉਣਾ, ਜਿੱਥੇ ਸਪਲਾਈ ਵਿੱਚ ਵਸਤਾਂ ਦੀ ਹਿੱਲਜੁੱਲ ਸ਼ਾਮਲ ਹੈ ਜਾਂ

(ਅ) ਮਾਲ ਦੀ ਡਿਲੀਵਰੀ ਜਾਂ ਹੋਰ ਮਾਮਲਿਆਂ ਵਿੱਚ ਪ੍ਰਾਪਤਕਰਤਾ ਨੂੰ ਉਹ ਉਪਲਬਧ ਕਰਵਾਉਣਾ।

**ਪ੍ਰਸ਼ਨ 16. ਉਹ ਸਮਾਂ ਮਿਆਦ ਕੀ ਹੈ, ਜਿਸ ਦੇ ਅੰਦਰ ਸੇਵਾਵਾਂ ਦੀ ਸਪਲਾਈ ਲਈ ਇਨਵੁਆਇਸ ਜਾਰੀ ਕੀਤੀ ਜਾਣੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 31 ਅਨੁਸਾਰ ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਸੇਵਾ ਦੀ ਵਿਵਸਥਾ ਤੋਂ

ਪਹਿਲਾਂ ਜਾਂ ਬਾਅਦ ਵਿੱਚ, ਪਰ ਇਸ ਦੀ ਤਰਫ਼ੋਂ ਨਿਰਧਾਰਤ ਸਮੇਂ ਅੰਦਰ ਇੱਕ ਟੈਕਸ ਇਨਵੁਆਇਸ ਜਾਰੀ ਕਰੇਗਾ ਤੇ ਉਸ ਵਿੱਚ ਵਿਆਖਿਆ, ਮਾਲ ਦੀ ਕੀਮਤ, ਉਨ੍ਹਾਂ ਉੱਤੇ ਭੁਗਤਾਨਯੋਗ ਟੈਕਸ ਅਤੇ ਹੋਰ ਨਿਰਧਾਰਤ ਵੇਰਵੇ ਦੇਵੇਗਾ।

**ਪ੍ਰਸ਼ਨ 17. ਉਹ ਸਮਾਂ-ਮਿਆਦ ਕੀ ਹੈ, ਜਿਸ ਦੇ ਅੰਦਰ ਮਾਲ ਦੀ ਨਿਰੰਤਰ ਸਪਲਾਈ ਦੇ ਮਾਮਲੇ ਵਿੱਚ ਇਨਵੁਆਇਸ ਜਾਰੀ ਕੀਤੀ ਜਾਣੀ ਹੈ?**

ਉੱਤਰ. ਮਾਲ ਜਾਂ ਵਸਤਾਂ ਦੀ ਨਿਰੰਤਰ ਸਪਲਾਈ ਦੇ ਮਾਮਲੇ ਵਿੱਚ, ਜਿੱਥੇ ਖਾਤਿਆਂ ਦੀਆਂ ਬਾਅਦ ਦੀਆਂ ਸਟੇਟਮੈਂਟਸ ਜਾਂ ਬਾਅਦ ਦੇ ਭੁਗਤਾਨ ਸ਼ਾਮਲ ਹੁੰਦੇ ਹਨ, ਇਨਵੁਆਇਸ ਅਜਿਹੀ ਹਰੇਕ ਸਟੇਟਮੈਂਟ ਜਾਰੀ ਹੋਣ ਤੋਂ ਪਹਿਲਾਂ ਜਾਂ ਉਸ ਸਮੇਂ ਜਾਰੀ ਹੋਵੇਗੀ, ਜਿਵੇਂ ਵੀ ਉਹ ਮਾਮਲਾ ਹੋਵੇਗਾ, ਜਦੋਂ ਅਜਿਹਾ ਹਰੇਕ ਭੁਗਤਾਨ ਹਾਸਲ ਕੀਤਾ ਜਾਂਦਾ ਹੈ।

**ਪ੍ਰਸ਼ਨ 18. ਉਹ ਸਮਾਂ ਮਿਆਦ ਕੀ ਹੈ, ਜਿਸ ਦੇ ਅੰਦਰ ਸੇਵਾਵਾਂ ਦੀ ਨਿਰੰਤਰ ਸਪਲਾਈ ਦੇ ਮਾਮਲੇ ਵਿੱਚ ਇਨਵੁਆਇਸ ਜਾਰੀ ਕੀਤੀ ਜਾਣੀ ਹੈ?**

ਉੱਤਰ. ਸੇਵਾਵਾਂ ਦੀ ਨਿਰੰਤਰ ਸਪਲਾਈ ਦੇ ਮਾਮਲੇ ਵਿੱਚ,

(ੳ) ਜਿੱਥੇ ਕੰਟਰੈਕਟ ਤੋਂ ਭੁਗਤਾਨ ਦੀ ਬਣਦੀ ਮਿਤੀ ਯਕੀਨੀ ਬਣਾਈ ਜਾ ਸਕਦੀ ਹੋਵੇ, ਤਾਂ ਇਨਵੁਆਇਸ ਪ੍ਰਾਪਤਕਰਤਾ ਵੱਲੋਂ ਦਿੱਤੇ ਜਾਣ ਵਾਲੇ ਭੁਗਤਾਨ ਦੀ ਤੈਅਸ਼ੁਦਾ ਮਿਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਰੀ ਹੋਵੇਗੀ ਪਰ ਇਸ ਵਿੱਚ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸੇਵਾ ਲਈ ਸਪਲਾਇਰ ਵੱਲੋਂ ਕੋਈ ਭੁਗਤਾਨ ਭਾਵੇਂ ਪ੍ਰਾਪਤ ਕੀਤਾ ਜਾਵੇ ਚਾਹੇ ਨਾ;

(ਅ) ਜਿੱਥੇ ਭੁਗਤਾਨ ਦੀ ਬਣਦੀ ਮਿਤੀ ਕੰਟਰੈਕਟ ਤੋਂ ਯਕੀਨੀ ਨਹੀਂ ਬਣ ਸਕਦੀ, ਤਾਂ ਇਨਵੁਆਇਸ ਅਜਿਹੇ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਰੀ ਕੀਤੀ ਜਾਵੇਗੀ, ਜਦੋਂ ਸੇਵਾ ਦੇ ਸਪਲਾਇਰ ਨੂੰ ਭੁਗਤਾਨ ਪ੍ਰਾਪਤ ਹੁੰਦਾ ਹੈ ਪਰ ਇਸ ਦੀ ਤਰਫ਼ੋਂ ਨਿਰਧਾਰਤ ਸਮਾਂ-ਸੀਮਾ ਦੇ ਅੰਦਰ;

(ੲ) ਜਿੱਥੇ ਭੁਗਤਾਨ ਕੋਈ ਸਮਾਰੋਹ/ਈਵੈਂਟ ਮੁਕੰਮਲ ਹੋਣ ਨਾਲ ਜੁੜਿਆ ਹੁੰਦਾ ਹੈ, ਉੱਥੇ ਇਨਵੁਆਇਸ ਉਸ ਦੇ ਮੁਕੰਮਲ ਹੋਣ ਦੇ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਰੀ ਕੀਤੀ ਜਾਵੇਗੀ ਪਰ ਇਸ ਦੀ ਤਰਫ਼ੋਂ ਨਿਰਧਾਰਤ ਸਮਾਂ ਸੀਮਾ ਦੇ ਅੰਦਰ।

**ਪ੍ਰਸ਼ਨ 19. ਉਹ ਸਮਾਂ-ਮਿਆਦ ਕੀ ਹੈ, ਜਿਸ ਦੇ ਅੰਦਰ ਇਨਵੁਆਇਸ ਜਾਰੀ ਕੀਤੀ ਜਾਣੀ ਹੈ ਜਿੱਥੇ ਵਸਤਾਂ ਜਾਂ ਮਾਲ ਨੂੰ ਭੇਜਿਆ ਜਾ ਰਿਹਾ ਹੈ ਜਾਂ ਵਿਕਰੀ ਵਾਸਤੇ ਮਨਜ਼ੂਰੀ ਲਈ ਾਂਦੀ ਹੈ?**

ਉੱਤਰ. ਭੇਜੇ ਮਾਲ ਜਾਂ ਵਿਕਰੀ ਲਈ ਮਨਜ਼ੂਰੀ ਲੈਣ ਜਾਂ ਵਾਪਸੀ ਦੇ ਸਬੰਧ ਵਿੱਚ ਇਨਵੁਆਇਸ ਸਪਲਾਈ ਦੇ ਸਮੇਂ ਤੋਂ ਪਹਿਲਾਂ ਜਾਂ ਸਪਲਾਈ ਸਮੇਂ; ਪ੍ਰਵਾਨਗੀ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ, ਜੋ ਵੀ ਪਹਿਲਾਂ ਹੋਵੇਗਾ, ਜਾਰੀ ਹੋਵੇਗੀ।

# ਜੀ.ਐਸ.ਟੀ. ਵਿੱਚ ਮੁਲਾਂਕਣ ਜਾਂ ਮੁੱਲ-ਨਿਰਧਾਰਣ

# ਜੀ.ਐਸ.ਟੀ. ਵਿੱਚ ਮੁਲਾਂਕਣ ਜਾਂ ਮੁੱਲ-ਨਿਰਧਾਰਣ

**ਪ੍ਰਸ਼ਨ 1. ਜੀ.ਐਸ.ਟੀ. ਦੀ ਵਸੂਲੀ ਲਈ ਅਪਣਾਇਆ ਜਾਣ ਵਾਲਾ ਟੈਕਸਯੋਗ ਸਪਲਾਈ ਦਾ ਮੁੱਲ ਕੀ ਹੈ?**

ਉੱਤਰ. ਮਾਲ ਅਤੇ ਸੇਵਾਵਾਂ ਦੀ ਟੈਕਸਯੋਗ ਸਪਲਾਈ ਦਾ ਮੁੱਲ ਆਮ ਤੌਰ ’ਤੇ ‘ਲੈਣ-ਦੇਣ ਦੀ ਕੀਮਤ’ ਹੋਵੇਗਾ, ਜੋ ਕਿ ਅਸਲ ਵਿੱਚ ਅਦਾ ਕੀਤੀ ਗਈ ਜਾਂ ਭੁਗਤਾਨਯੋਗ ਕੀਮਤ ਹੋਵੇਗੀ, ਜਦੋਂ ਧਿਰਾਂ ਸਬੰਧਤ ਨਾ ਹੋਣ ਅਤੇ ਕੇਵਲ ਕੀਮਤ ਦੇ ਆਧਾਰ ਉੱਤੇ ਹੀ ਵਿਚਾਰ ਹੋਣਾ ਹੈ। ਸੀ.ਜੀ.ਐੱਸ.ਮੀ./ਐੱਸ.ਜੀ.ਐੱਸ.ਟੀ. ਦਾ ਸੈਕਸ਼ਨ 15 ਅੱਗੇ ਇਹ ਵਿਸਥਾਰ ਨਾਲ ਦੱਸਦਾ ਹੈ ਕਿ ਲੈਣ-ਦੇਣ ਦੀ ਕੀਮਤ ਦੇ ਘੇਰੇ ਵਿੱਚੋਂ ਕਿਹੜੀਆਂ ਵਿਭਿੰਨ ਗੱਲਾਂ ਨੂੰ ਸ਼ਾਮਲ ਕੀਤਾ ਜਾਣਾ ਹੈ ਤੇ ਬਾਹਰ ਰੱਖਿਆ ਜਾਣਾ ਹੈ। ਉਦਾਹਰਣ ਵਜੋਂ, ਲੈਣ-ਦੇਣ ਦੀ ਕੀਮਤ ਵਿੱਚ ਰੀਫ਼ੰਡੇਬਲ ਡਿਪਾੱਜ਼ਿਟ, ਸਪਲਾਈ ਤੋਂ ਪਹਿਲਾਂ ਜਾਂ ਸਪਲਾਈ ਦੇ ਸਮੇਂ ਪ੍ਰਵਾਨਿਤ ਕਟੌਤੀ ਸ਼ਾਮਲ ਨਹੀਂ ਹੋਣਗੇ।

**ਪ੍ਰਸ਼ਨ 2. ਲੈਣ-ਦੇਣ (ਟ੍ਰਾਂਜ਼ੈਕਸ਼ਨ) ਦੀ ਕੀਮਤ ਕੀ ਹੈ?**

ਉੱਤਰ. ਲੈਣ-ਦੇਣ (ਟ੍ਰਾਂਜ਼ੈਕਸ਼ਨ) ਦੀ ਕੀਮਤ ਦਾ ਮਤਲਬ ਉਸ ਕੀਮਤ ਤੋਂ ਹੈ, ਜਿਹੜੀ ਮਾਲ ਭਾਵ ਵਸਤਾਂ ਜਾਂ ਸੇਵਾਵਾਂ ਦੀ ਸਪਲਾਈ ਲਈ ਅਸਲ ਵਿੱਚ ਕੀਤੀ ਗਈ ਹੈ ਜਾਂ ਅਦਾਇਗੀਯੋਗ ਹੈ, ਜਿੱਥੇ ਸਪਲਾਇਰ ਅਤੇ ਪ੍ਰਾਪਤਕਰਤਾ ਦਾ ਕੋਈ ਸਬੰਧ ਨਹੀਂ ਹੁੰਦਾ ਅਤੇ ਸਪਲਾਈ ਲਈ ਕੀਮਤ ਹੀ ਇੱਕੋ-ਇੱਕ ਵਿਚਾਰਨਯੋਗ ਹੁੰਦੀ ਹੈ। ਇਸ ਵਿੱਚ ਅਜਿਹੀ ਕੋਈ ਵੀ ਕੀਮਤ ਸ਼ਾਮਲ ਹੁੰਦੀ ਹੈ, ਜਿਹੜੀ ਸਪਲਾਇਰ ਵੱਲੋਂ ਭੁਗਤਾਨਯੋਗ ਹੈ ਪਰ ਜਿਸ ਨੂੰ ਸਪਲਾਈ ਦੇ ਪ੍ਰਾਪਤਕਰਤਾ ਨੇ ਅਦਾ ਕਰਨਾ ਹੁੰਦਾ ਹੈ।

**ਪ੍ਰਸ਼ਨ 3. ਸੀ.ਜੀ.ਐਸ.ਟੀ., ਐਸ.ਜੀ.ਐਸ.ਟੀ. ਅਤੇ ਆਈ.ਜੀ.ਐਸ.ਟੀ. ਅਤੇ ਮਾਲ ਅਤੇ ਸੇਵਾਵਾਂ ਲਈ ਕੀ ਵੱਖੋ-ਵੱਖਰੇ ਮੁਲਾਂਕਣ ਦੀਆਂ ਵਿਵਸਥਾਵਾਂ ਹਨ।**

ਉੱਤਰ. ਨਹੀਂ, ਸਾਰੇ ਤਿੰਨ ਟੈਕਸਾਂ ਲਈ ਸੈਕਸ਼ਨ 15 ਸਾਂਝਾ ਹੈ ਅਤੇ ਮਾਲ ਤੇ

ਸੇਵਾਵਾਂ ਲਈ ਵੀ ਸਾਂਝਾ ਹੈ।

**ਪ੍ਰਸ਼ਨ 4. ਕੀ ਸਪਲਾਈ ਦੇ ਮੁਲਾਂਕਣ ਨੂੰ ਨਿਰਧਾਰਤ ਕਰਨ ਲਈ ਠੇਕਾ ਕੀਮਤ ਕਾਫ਼ੀ ਨਹੀਂ ਹੈ?**

ਉੱਤਰ. ਠੇਕਾ (ਕੰਟਰੈਕਟ) ਕੀਮਤ ਨੂੰ ਜ਼ਿਆਦਾ ਸਪੱਸ਼ਟ ਤਰੀਕੇ ਨਾਲ 'ਲੈਣ-ਦੇਣ ਦੀ ਕੀਮਤ' (ਟ੍ਰਾਂਜ਼ੈਕਸ਼ਨ ਵੈਲਿਯੂ) ਆਖਿਆ ਜਾਂਦਾ ਹੈ ਅਤੇ ਟੈਕਸ ਦੀ ਗਣਨਾ ਲਈ ਆਧਾਰ ਉਹੀ ਹੈ।

ਉਂਝ, ਜਦੋਂ ਕੀਮਤ ਉੱਤੇ ਧਿਰਾਂ ਦੇ ਸਬੰਧ ਜਿਹੇ ਕੁਝ ਤੱਤਾਂ ਦਾ ਪ੍ਰਭਾਵ ਪੈਂਦਾ ਹੈ ਜਾਂ ਕੁਝ ਲੈਣ-ਦੇਣਾਂ ਨੂੰ ਸਪਲਾਈ ਸਮਝਿਆ ਜਾਂਦਾ ਹੈ, ਜਿਸ ਦੀ ਕੋਈ ਕੀਮਤ ਨਹੀਂ ਹੁੰਦੀ; ਤਦ ਲੈਣ-ਦੇਣ ਦੀ ਸਹੀ ਕੀਮਤ ਦਾ ਨਿਰਧਾਰਨ ਜੀ.ਐੱਸ.ਟੀ. ਮੁਲਾਂਕਣ ਦੇ ਨਿਯਮਾਂ ਅਨੁਸਾਰ ਕਰਨਾ ਹੋਵੇਗਾ।

**ਪ੍ਰਸ਼ਨ 5. ਕੀ ਸਾਰੇ ਮਾਮਲਿਆਂ ਵਿੱਚ ਜੀ.ਐੱਸ.ਟੀ. ਮੁਲਾਂਕਣ ਦੇ ਨਿਯਮਾਂ ਦਾ ਹਵਾਲਾ ਦੇਣ ਦੀ ਜ਼ਰੂਰਤ ਹੁੰਦੀ ਹੈ?**

ਉੱਤਰ. ਨਹੀਂ। ਜੀ.ਐੱਸ.ਟੀ. ਮੁਲਾਂਕਣ ਨਿਯਮਾਂ ਦਾ ਹਵਾਲਾ ਕੇਵਲ ਉਨ੍ਹਾਂ ਮਾਮਲਿਆਂ ਲਈ ਜ਼ਰੂਰੀ ਹੁੰਦਾ ਹੈ, ਜਿੱਥੇ ਕੀਮਤ ਅਨੁਛੇਦ 15 ਦੇ ਉਪ-ਅਨੁਛੇਦ(1) ਅਧੀਨ ਨਿਰਧਾਰਤ ਨਹੀਂ ਕੀਤੀ ਜਾ ਸਕਦੀ।

**ਪ੍ਰਸ਼ਨ 6. ਕੀ ਅਨੁਛੇਦ 15(1) ਅਧੀਨ ਐਲਾਨੀ ਗਈ ਲੈਣ-ਦੇਣ ਦੀ ਕੀਮਤ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ?**

ਉੱਤਰ. ਹਾਂ, ਇਸ ਨੂੰ ਅਨੁਛੇਦ 15(2) ਵਿੱਚ ਸ਼ਮੂਲੀਅਤਾਂ ਲਈ ਨਿਰੀਖਣ ਤੋਂ ਬਾਅਦ ਪ੍ਰਵਾਨ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ, ਲੈਣ-ਦੇਣ ਦੀ ਕੀਮਤ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ, ਜਿੱਥੇ ਸਪਲਾਇਰ ਅਤੇ ਪ੍ਰਾਪਤਕਰਤਾ ਸਬੰਧਤ ਹਨ, ਬਸ਼ਰਤੇ ਸਬੰਧ ਨੇ ਕੀਮਤ ਉੱਤੇ ਅਸਰ ਨਾ ਪਾਇਆ ਹੋਵੇ।

**ਪ੍ਰਸ਼ਨ 7. ਕੀ ਸਪਲਾਈ ਤੋਂ ਬਾਅਦ ਦੀਆਂ ਕਟੌਤੀਆਂ ਜਾਂ ਪ੍ਰੋਤਸਾਹਨ (ਇੰਸੈਂਟਿਵਜ਼) ਨੂੰ ਲੈਣ-ਦੇਣ ਦੀ ਕੀਮਤ ਵਿੱਚ ਸ਼ਾਮਲ ਕਰਨਾ ਹੁੰਦਾ ਹੈ?**

ਉੱਤਰ. ਹਾਂ। ਜਦੋਂ ਤੱਕ ਸਮਝੌਤੇ ਅਨੁਸਾਰ ਸਪਲਾਈ ਤੋਂ ਬਾਅਦ ਕਟੌਤੀ ਸਥਾਪਤ ਨਹੀਂ ਹੋ ਜਾਂਦੀ, ਅਤੇ ਸਪਲਾਈ ਸਮੇਂ ਜਾਂ ਪਹਿਲਾਂ ਇਸ ਬਾਰੇ ਪਤਾ ਲਗਦਾ ਹੈ ਅਤੇ ਖ਼ਾਸ ਤੌਰ ਉੱਤੇ ਵਾਜਬ ਇਨਵੁਆਇਸ ਨਾਲ ਸਬੰਧਤ ਹੈ ਅਤੇ ਪ੍ਰਾਪਤਕਰਤਾ ਨੇ ਅਜਿਹੀ ਕਟੌਤੀ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਨੂੰ

ਪਲਟ ਦਿੱਤਾ ਹੈ, ਤਾਂ ਕਟੌਤੀ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਜਿੰਨੀ ਮੱਾਡਲ ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 15 ਅਧੀਨ ਕਟੌਤੀਯੋਗ ਹੈ।

**ਪ੍ਰਸ਼ਨ 8. ਕੀ ਸਪਲਾਈ ਤੋਂ ਪਹਿਲਾਂ ਦੀਆਂ ਕਟੌਤੀਆਂ; ਜਿਨ੍ਹਾਂ ਦੀ ਇਜਾਜ਼ਤ ਸਪਲਾਈ ਤੋਂ ਪਹਿਲਾਂ ਜਾਂ ਸਪਲਾਈ ਦੇ ਸਮੇਂ ਦਿੱਤੀ ਗਈ ਸੀ, ਲੈਣ-ਦੇਣ ਦੀ ਕੀਮਤ ਵਿੱਚ ਸ਼ਾਮਲ ਕਰਨਯੋਗ ਹਨ?**

ਉੱਤਰ. ਨਹੀਂ, ਬਸ਼ਰਤੇ ਇਸ ਦੀ ਇਜਾਜ਼ਤ ਆਮ ਵਪਾਰਕ ਅਭਿਆਸ ’ਚ ਕੀਤੀ ਗਈ ਹੋਵੇ ਅਤੇ ਇਸ ਦਾ ਜ਼ਿਕਰ ਬਾਕਾਇਦਾ ਇਨਵੁਆਇਸ ਵਿੱਚ ਕੀਤਾ ਗਿਆ ਹੋਵੇ।

**ਪ੍ਰਸ਼ਨ 9. ਮੁਲਾਂਕਣ ਨਿਯਮ ਦੀਆਂ ਵਿਵਸਥਾਵਾਂ ਕਦੋਂ ਲਾਗੂ ਹੁੰਦੀਆਂ ਹਨ?**

ਉੱਤਰ. ਮੁਲਾਂਕਣ ਨਿਯਮ ਲਾਗੂ ਹੁੰਦੇ ਹਨ ਜਦੋਂ (i) ਮੁਕੰਮਲ ਜਾਂ ਅੰਸ਼ ਤੌਰ ਉੱਤੇ ਧਨ ਦੀਆਂ ਮੱਦਾਂ ਵਿੱਚ ਨਹੀਂ ਵਿਚਾਰਿਆ ਜਾਂਦਾ; (ii) ਧਿਰਾਂ ਸਬੰਧਤ ਹਨ ਜਾਂ ਸਪਲਾਈ ਕਿਸੇ ਵਿਸ਼ੇਸ਼ ਵਰਗ ਦੇ ਸਪਲਾਇਰ ਤੋਂ ਆਈ ਹੈ; ਅਤੇ (iii) ਲੈਣ–ਦੇਣ ਦੀ ਐਲਾਨੀ ਕੀਮਤ ਭਰੋਸੇਯੋਗ ਨਹੀਂ।

**ਪ੍ਰਸ਼ਨ 10. ਅਨੁਛੇਦ 15(2) ਵਿੱਚ ਹੋਰ ਕੀ ਕੁਝ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਨੂੰ ਲੈਣ-ਦੇਣ (ਟ੍ਰਾਂਜ਼ੈਕਸ਼ਨ) ਦੀ ਕੀਮਤ ਵਿੱਚ ਜੋੜਿਆ ਜਾ ਸਕਦਾ ਹੈ?**

ਉੱਤਰ. ਅਨੁਛੇਦ 15(2) ਵਿੱਚ ਵਰਣਿਤ ਸੰਮਿਲਨ, ਜਿਹੜੇ ਲੈਣ–ਦੇਣ (ਟ੍ਰਾਂਜ਼ੈਕਸ਼ਨ) ਵਿੱਚ ਜੋੜੇ ਜਾ ਸਕਦੇ ਹਨ, ਨਿਮਨਲਿਖਤ ਅਨੁਸਾਰ ਹਨ:

ੳ) ਐੱਸ.ਜੀ.ਐੱਸ.ਟੀ./ਸੀ.ਜੀ.ਐੱਸ.ਟੀ. ਕਾਨੂੰਨ ਅਤੇ ਸੇਵਾ ਟੈਕਸ (ਸੂਬਿਆਂ ਨੂੰ ਆਮਦਨ ਦੇ ਨੁਕਸਾਨ ਲਈ ਮੁਆਵਜ਼ਾ) ਕਾਨੂੰਨ 2016 ਤੋਂ ਇਲਾਵਾ ਕੋਈ ਟੈਕਸ, ਡਿਊਟੀਆਂ, ਸੈੱਸਜ਼, ਫ਼ੀਸਾਂ ਤੇ ਚਾਰਜਿਸ ਜੋ ਕਿਸੇ ਕਾਨੂੰਨ ਅਧੀਨ ਲਾਉਣਯੋਗ ਹੁੰਦੇ ਹਨ, ਜੇ ਸਪਲਾਇਰ ਵੱਲੋਂ ਪ੍ਰਾਪਤਕਰਤਾ ਤੋਂ ਵੱਖਰੇ ਤੌਰ ਉੱਤੇ ਵਸੂਲ ਕੀਤੇ ਜਾਂਦੇ ਹਨ;

ਅ) ਕੋਈ ਅਜਿਹੀ ਰਕਮ ਜੋ ਸਪਲਾਇਰ ਅਜਿਹੀ ਸਪਲਾਈ ਦੇ ਸਬੰਧ ਵਿੱਚ ਦੇਣ ਲਈ ਜ਼ਿੰਮੇਵਾਰ ਹੁੰਦਾ ਹੈ ਪਰ ਜੋ ਸਪਲਾਈ ਦੇ ਪ੍ਰਾਪਤਕਰਤਾ ਵੱਲੋਂ ਦਿੱਤਾ ਜਾਣਾ ਹੈ ਅਤੇ ਉਸ ਅਸਲ ਅਦਾ ਕੀਤੀ ਕੀਮਤ ਜਾਂ ਵਸਤਾਂ/ਮਾਲ ਅਤੇ/ਜਾਂ ਸੇਵਾਵਾਂ ਲਈ ਭੁਗਤਾਨਯੋਗ ਰਕਮ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ;

ਏ) ਮੌਕੇ ’ਤੇ ਹੋਣ ਵਾਲੇ ਖ਼ਰਚੇ, ਜਿਵੇਂ ਕਿ ਕਮਿਸ਼ਨ ਅਤੇ ਪੈਕਿੰਗ ਸਪਲਾਈ ਦੇ ਪ੍ਰਾਪਤਕਰਤਾ ਨੂੰ ਸਪਲਾਇਰ ਵੱਲੋਂ ਅਦਾ ਕੀਤੇ ਜਾਂਦੇ ਹਨ, ਮਾਲ ਦੀ ਡਿਲੀਵਰੀ ਜਾਂ ਸੇਵਾਵਾਂ ਦੀ ਸਪਲਾਈ (ਜਿਵੇਂ ਵੀ ਮਾਮਲਾ ਹੋਵੇ) ਸਮੇਂ ਜਾਂ ਉਸ ਤੋਂ ਪਹਿਲਾਂ ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਦੇ ਸਬੰਧ ਵਿੱਚ ਸਪਲਾਇਰ ਵੱਲੋਂ ਕੁਝ ਕੀਤੇ ਹੋਣ ਲਈ ਵਸੂਲੀ ਜਾਣ ਵਾਲੀ ਕੋਈ ਰਕਮ ਸਮੇਤ;

ਸ) ਕਿਸੇ ਸਪਲਾਈ ਹਿਤ ਦੇਰੀ ਨਾਲ ਭੁਗਤਾਨ ਲਈ ਵਿਆਜ ਜਾਂ ਲੇਟ ਫ਼ੀਸ ਜਾਂ ਜੁਰਮਾਨਾ; ਅਤੇ

ਹ) ਕੀਮਤ ਨਾਲ ਸਿੱਧੀਆਂ ਜੁੜੀਆਂ ਸਬਸਿਡੀਆਂ, ਕੇਂਦਰ ਤੇ ਸੂਬਾ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਬਸਿਡੀਆਂ ਨੂੰ ਛੱਡ ਕੇ।

# ਟੈਕਸ ਦਾ ਜੀ.ਐਸ.ਟੀ. ਭੁਗਤਾਨ

# ਟੈਕਸ ਦਾ ਜੀ.ਐਸ.ਟੀ. ਭੁਗਤਾਨ

**ਪ੍ਰਸ਼ਨ 1. ਜੀ.ਐਸ.ਟੀ. ਸ਼ਾਸਨ ਵਿੱਚ ਕੀਤੇ ਜਾਣ ਵਾਲੇ ਭੁਗਤਾਨ ਕੀ ਹਨ?**

ਉੱਤਰ. ਜੀ.ਐਸ.ਟੀ. ਸ਼ਾਸਨ ਵਿੱਚ, ਕਿਸੇ ਰਾਜ ਦੀ ਅੰਦਰੂਨੀ ਸਪਲਾਈ ਲਈ, ਅਦਾ ਕੀਤੇ ਜਾਣ ਵਾਲੇ ਟੈਕਸ ਕੇਂਦਰੀ ਜੀ.ਐਸ.ਟੀ. (ਸੀ.ਜੀ.ਐਸ.ਟੀ., ਕੇਂਦਰ ਸਰਕਾਰ ਦੇ ਖਾਤੇ ਵਿੱਚ ਜਾ ਰਿਹਾ ਹੈ) ਅਤੇ ਸੂਬਾਈ/ਯੂ.ਟੀ. ਜੀ.ਐਸ.ਟੀ. (ਐਸ.ਜੀ.ਐਸ.ਟੀ., ਜੋ ਸਬੰਧਤ ਸੂਬਾ ਸਰਕਾਰ ਦੇ ਖਾਤੇ ਵਿੱਚ ਜਾ ਰਿਹਾ ਹੈ)। ਕਿਸੇ ਅੰਤਰ-ਰਾਜੀ ਸਪਲਾਈ ਲਈ, ਅਦਾ ਕੀਤਾ ਜਾਣ ਵਾਲਾ ਟੈਕਸ ਸੰਗਠਤ ਜੀ.ਐਸ.ਟੀ. (ਆਈ.ਜੀ.ਐਸ.ਟੀ.) ਹੈ, ਜਿਸ ਵਿੱਚ ਸੀ.ਜੀ.ਐਸ.ਟੀ. ਅਤੇ ਐਸ.ਜੀ.ਐਸ.ਟੀ. ਦੋਵਾਂ ਦੇ ਤੱਤ ਹੋਣਗੇ। ਇਸ ਤੋਂ ਇਲਾਵਾ, ਰਜਿਸਟਰਡ ਵਿਅਕਤੀਆਂ ਦੇ ਕੁਝ ਨਿਸ਼ਚਤ ਵਰਗਾਂ ਨੂੰ ਸਰਕਾਰੀ ਖਾਤੇ ਵਿੱਚ 'ਸਰੋਤ ਉੱਤੇ ਕੱਟਿਆ ਟੈਕਸ' (ਟੀ.ਡੀ.ਐਸ.) ਅਤੇ 'ਸਰੋਤ ਉੱਤੇ ਇਕੱਠਾ ਕੀਤਾ ਟੈਕਸ' (ਟੀ.ਸੀ.ਐਸ.) ਅਦਾ ਕਰਨਾ ਹੋਵੇਗਾ। ਇਸ ਤੋਂ ਇਲਾਵਾ, ਜਿੱਥੇ ਵੀ ਲਾਗੂ ਹੁੰਦਾ ਹੈ, ਵਿਆਜ, ਜੁਰਮਾਨਾ, ਫ਼ੀਸ ਅਤੇ ਹੋਰ ਕੋਈ ਭੁਗਤਾਨ ਵੀ ਕਰਨ ਦੀ ਜ਼ਰੂਰਤ ਹੋਵੇਗੀ।

**ਪ੍ਰਸ਼ਨ 2. ਜੀ.ਐਸ.ਟੀ. ਅਦਾ ਕਰਨ ਲਈ ਕੌਣ ਜ਼ਿੰਮੇਵਾਰ ਹੈ?**

ਉੱਤਰ. ਆਮ ਤੌਰ 'ਤੇ, ਮਾਲ ਜਾਂ ਸੇਵਾ ਦਾ ਸਪਲਾਇਰ ਜੀ.ਐਸ.ਟੀ. ਅਦਾ ਕਰਨ ਲਈ ਜ਼ਿੰਮੇਵਾਰ ਹੈ। ਉਂਝ, ਕੁਝ ਵਿਸ਼ੇਸ਼ ਮਾਮਲਿਆਂ ਜਿਵੇਂ ਦਰਾਮਦਾਂ ਅਤੇ ਹੋਰ ਅਧਿਸੂਚਿਤ ਸਪਲਾਈਜ਼ ਵਿੱਚ, ਰਿਵਰਸ ਚਾਰਜ ਪ੍ਰਬੰਧ ਅਧੀਨ ਇਹ ਜ਼ਿੰਮੇਵਾਰੀ ਪ੍ਰਾਪਤਕਰਤਾ ਉੱਤੇ ਪੈ ਸਕਦੀ ਹੈ। ਸੇਵਾਵਾਂ ਦੀ ਰਾਜ ਦੇ ਅੰਦਰ ਕੁਝ ਅਧਿਸੂਚਿਤ ਮਾਮਲਿਆਂ ਵਿੱਚ, ਜੀ.ਐੱਸ.ਟੀ. ਅਦਾ ਕਰਨ ਦੀ ਜ਼ਿੰਮੇਵਾਰੀ ਈ-ਕਾਮਰਸ ਔੱਪਰੇਟਰਜ਼ ਉੱਤੇ ਜਾ ਸਕਦੀ ਹੈ, ਜਿਨ੍ਹਾਂ ਰਾਹੀਂ ਅਜਿਹੀਆਂ ਸੇਵਾਵਾਂ ਦੀ ਸਪਲਾਈ ਕੀਤੀ ਜਾਂਦੀ ਹੈ। ਵਿਕਰੇਤਾਵਾਂ ਨੂੰ ਭੁਗਤਾਨ ਕਰਨ ਵਾਲੇ ਸਰਕਾਰੀ ਵਿਭਾਗ ਵੀ ਜਦੋਂ ਉੱਪਰ ਦਰਸਾਈ ਇੱਕ ਵਿਸ਼ੇਸ਼ ਸੀਮਾ (2.5 ਲੱਖ ਇੱਕ ਕੰਟਰੈਕਟ ਅਧੀਨ ਐੱਸੰ51(1)(ਡੀ) ਅਨੁਸਾਰ) ਤੋਂ ਵੱਧ ਭੁਗਤਾਨ ਕਰਦੇ ਹਨ, ਤਾਂ ਉਨ੍ਹਾਂ ਨੂੰ ਟੈਕਸ ਕਟੌਤੀ (ਟੀ.ਡੀ.ਐੱਸ.) ਕਰਨੀ ਹੁੰਦੀ ਹੈ ਅਤੇ ਈ-ਕਾਮਰਸ ਔੱਪਰੇਟਰਜ਼ ਨੇ ਸਪਲਾਈਜ਼ ਦੀ ਸ਼ੁੱਧ ਕੀਮਤ (ਭਾਵ ਮਾਲ

ਅਤੇ/ਸੇਵਾਵਾਂ ਦੀ ਟੈਕਸਯੋਗ ਸਪਲਾਈਜ਼ ਦੀ ਕੁੱਲ ਕੀਮਤ ਪਰ ਅਜਿਹੀਆਂ ਸੇਵਾਵਾਂ ਦੀ ਕੀਮਤ ਨੂੰ ਛੱਡ ਕੇ, ਜਿਸ ਉੱਤੇ ਆੱਪਰੇਟਰ ਨੇ ਸੀ.ਜੀ.ਐੱਸ.ਟੀ. ਕਾਨੂੰਨ 2017 ਦੇ ਸੈਕਸ਼ਨ 9(5) ਅਧੀਨ ਜੀ.ਐੱਸ.ਟੀ. ਅਦਾ ਕਰਨਾ ਹੁੰਦਾ ਹੈ) ਉੱਤੇ ਟੈਕਸ (ਟੀ.ਸੀ.ਐੱਸ.) ਇਕੱਠਾ ਕਰਨਾ ਹੁੰਦਾ ਹੈ ਅਤੇ ਸਰਕਾਰ ਕੋਲ ਜਮ੍ਹਾ ਕਰਵਾਉਣਾ ਹੁੰਦਾ ਹੈ।

**ਪ੍ਰਸ਼ਨ 3. ਟੈਕਸਯੋਗ ਵਿਅਕਤੀ ਵੱਲੋਂ ਜੀ.ਐਸ.ਟੀ. ਭੁਗਤਾਨ ਕਦੋਂ ਕੀਤਾ ਜਾਂਦਾ ਹੈ?**

ਉੱਤਰ. ਮਾਲ ਦੀ ਸਪਲਾਈ ਦੇ ਸਮੇਂ ਇਹ ਦੇਣਦਾਰੀ ਬਣਦੀ ਹੈ, ਜਿਵੇਂ ਕਿ ਅਨੁਛੇਦ 12 ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਅਤੇ ਸੇਵਾਵਾਂ ਦੀ ਸਪਲਾਈ ਦੇ ਸਮੇਂ ਜਿਵੇਂ ਕਿ ਅਨੁਛੇਦ 13 ਵਿੱਚ ਵਿਸਥਾਰ ਦਿੱਤਾ ਗਿਆ ਹੈ।

ਤਿੰਨੇ ਈਵੈਂਟਸ – ਭੁਗਤਾਨ ਪ੍ਰਾਪਤ ਕਰਨ ਦਾ, ਇਨਵੁਆਇਸ ਜਾਰੀ ਕਰਨ ਦਾ ਜਾਂ ਸਪਲਾਈ ਮੁਕੰਮਲ ਹੋਣ ਦਾ – ਵਿੱਚੋਂ ਆਮ ਤੌਰ ਉੱਤੇ ਸਭ ਤੋਂ ਪਹਿਲਾਂ ਵਾਲਾ ਇੱਕ ਸਮਾਂ ਗਿਣਿਆ ਜਾਂਦਾ ਹੈ। ਵਿਭਿੰਨ ਸਥਿਤੀਆਂ ਬਾਰੇ ਵਿਚਾਰ ਕੀਤਾ ਗਿਆ ਹੈ ਅਤੇ ਵਿਭਿੰਨ ਟੈਕਸ ਨੁਕਤਿਆਂ ਦਾ ਵਿਸਥਾਰ ਉਪਰੋਕਤ ਵਰਣਿਤ ਅਨੁਛੇਦਾਂ (ਸੈਕਸ਼ਨਜ਼) ਵਿੱਚ ਦਿੱਤਾ ਗਿਆ ਹੈ।

**ਪ੍ਰਸ਼ਨ 4. ਜੀ.ਐਸ.ਟੀ. ਭੁਗਤਾਨ ਪ੍ਰਕਿਰਿਆ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?**

ਉੱਤਰ. ਪ੍ਰਸਤਾਵਿਤ ਜੀ.ਐਸ.ਟੀ. ਕਾਨੂੰਨ(ਾਂ) ਅਧੀਨ ਭੁਗਤਾਨ ਦੀ ਪ੍ਰਕਿਰਿਆ ਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਹੋਣਗੀਆਂ:

- ਭੁਗਤਾਨ ਦੀਆਂ ਸਾਰੀਆਂ ਵਿਧੀਆਂ ਵਿੱਚ ਜੀ.ਐਸ.ਟੀ.ਐਨ. ਕੌਮਨ ਪੋਰਟਲ ਤੋਂ ਇਲੈਕਟ੍ਰੌਨਿਕ ਤਰੀਕੇ ਬਣਿਆ ਚਲਾਨ ਅਤੇ ਹੱਥ ਨਾਲ ਤਿਆਰ ਕੀਤਾ ਚਲਾਨ ਵਰਤਣ ਦਾ ਕੋਈ ਫ਼ਾਇਦਾ ਨਹੀਂ;
- ਟੈਕਸ ਭੁਗਤਾਨ ਦੀ ਵਿਧੀ ਬਿਲਕੁਲ ਝੰਜਟ-ਮੁਕਤ, ਕਿਸੇ ਵੀ ਸਮੇਂ, ਕਿਤੇ ਵੀ ਭੁਗਤਾਨ ਦੀ ਸੇਵਾ ਪ੍ਰਦਾਨ ਕਰ ਕੇ ਟੈਕਸਦਾਤੇ ਲਈ ਸੁਵਿਧਾ;
- ਆੱਨਲਾਈਨ ਭੁਗਤਾਨ ਕਰਨ ਦੀ ਸੁਵਿਧਾ;
- ਇਲੈਕਟ੍ਰੌਨਿਕ ਫ਼ਾਰਮੈਟ ਵਿੱਚ ਤਰਕਪੂਰਨ ਟੈਕਸ ਇਕੱਤਰੀਕਰਣ

ਡਾਟਾ;

- ਸਰਕਾਰੀ ਖਾਤੇ ਵਿੱਚ ਟੈਕਸ ਦੀ ਆਮਦਨ ਤੇਜ਼ੀ ਨਾਲ ਚਲੀ ਜਾਂਦੀ ਹੈ;
- ਕਾਗਜ਼-ਮੁਕਤ ਲੈਣ-ਦੇਣ;
- ਤੇਜ਼ ਰਫ਼ਤਾਰ ਅਕਾਊਂਟਿੰਗ ਅਤੇ ਰਿਪੋਰਟਿੰਗ;
- ਸਾਰੀਆਂ ਰਸੀਦਾਂ ਦੀ ਇਲੈਕਟ੍ਰੌਨਿਕ ਇੱਕਸੁਰਤਾ;
- ਬੈਂਕਾਂ ਦੀ ਸਰਲੀਕ੍ਰਿਤ ਕਾਰਜ-ਵਿਧੀ
- ਡਿਜੀਟਲ ਚਲਾਨ ਦੀ ਵੇਅਰਹਾਊਸਿੰਗ।

**ਪ੍ਰਸ਼ਨ 5. ਭੁਗਤਾਨ ਕਿਵੇਂ ਕੀਤਾ ਜਾ ਸਕਦਾ ਹੈ?**

ਉੱਤਰ. ਭੁਗਤਾਨ ਨਿਮਨਲਿਖਤ ਵਿਧੀਆਂ ਨਾਲ ਕੀਤਾ ਜਾ ਸਕਦਾ ਹੈ:

(i) ਟੈਕਸਦਾਤੇ ਦੇ ਕ੍ਰੈਡਿਟ ਲੈਜਰ ਦੇ ਡੇਬਿਟ ਰਾਹੀਂ ਜਿਸ ਦਾ ਹਿਸਾਬ ਕੌਮਨ ਪੋਰਟਲ ਉੱਤੇ ਰੱਖਿਆ ਜਾਂਦਾ ਹੈ - ਕੇਵਲ ਟੈਕਸ ਅਦਾ ਕੀਤਾ ਜਾ ਸਕਦਾ ਹੈ। ਵਿਆਜ, ਜੁਰਮਾਨਾ ਅਤੇ ਫ਼ੀਸ ਦੀ ਅਦਾਇਗੀ ਕ੍ਰੈਡਿਟ ਲੈਜਰ ਵਿੱਚ ਡੇਬਿਟ ਰਾਹੀਂ ਨਹੀਂ ਕੀਤੀ ਜਾ ਸਕਦੀ। ਟੈਕਸ-ਦਾਤਿਆਂ ਨੂੰ ਇਨਪੁਟਸ (ਇਨਪੁਟ ਟੈਕਸ ਕ੍ਰੈਡਿਟ) ਉੱਤੇ ਅਦਾ ਕੀਤੇ ਟੈਕਸਾਂ ਦੀ ਛੋਟ ਲੈਣ ਅਤੇ ਉਤਪਾਦਨ ਟੈਕਸ ਦੇ ਭੁਗਤਾਨ ਲਈ ਉਨ੍ਹਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਹੋਵੇਗੀ। ਉਂਝ, ਸੀ.ਜੀ.ਐਸ.ਟੀ. ਦੇ ਖਾਤੇ ਵਿੱਚ ਕਿਸੇ ਇਨਪੁਟ ਟੈਕਸ ਕ੍ਰੈਡਿਟ ਦੀ ਉਪਯੋਗਤਾ ਐਸ.ਜੀ.ਐਸ.ਟੀ. ਦੇ ਭੁਗਤਾਨ ਲਈ ਨਹੀਂ ਕੀਤੀ ਜਾ ਸਕਦੀ ਅਤੇ ਇਸ ਦੇ ਉਲਟ (vice versa)। ਆਈ.ਜੀ.ਐਸ.ਟੀ. ਦੀ ਛੋਟ ਨੂੰ ਆਈ.ਜੀ.ਐਸ.ਟੀ., ਸੀ.ਜੀ.ਐਸ.ਟੀ. ਅਤੇ ਐਸ.ਜੀ.ਐਸ.ਟੀ. ਦੇ ਭੁਗਤਾਨ ਲਈ ਉਸੇ ਕ੍ਰਮ ਵਿੱਚ ਉਪਯੋਗ ਕਰਨ ਦੀ ਇਜਾਜ਼ਤ ਹੋਵੇਗੀ।

(ii) ਕੌਮਨ ਪੋਰਟਲ ਉੱਤੇ ਕਾਇਮ ਰੱਖੇ ਗਏ ਟੈਕਸ-ਦਾਤੇ ਦੇ ਕੈਸ਼ ਲੈਜਰ ਵਿੱਚ ਡੇਬਿਟ ਦੁਆਰਾ ਨਕਦ ਰੂਪ ਵਿੱਚ। ਕੈਸ਼ ਲੈਜਰ ਵਿੱਚ ਧਨ ਵੱਖੋ-ਵੱਖਰੀਆਂ ਵਿਧੀਆਂ ਰਾਹੀਂ ਜਮ੍ਹਾ ਕਰਵਾਇਆ ਜਾ ਸਕਦਾ ਹੈ; ਜਿਵੇਂ ਈ-ਭੁਗਤਾਨ (ਇੰਟਰਨੈੱਟ ਬੈਂਕਿੰਗ, ਕ੍ਰੈਡਿਟ ਕਾਰਡ, ਡੇਬਿਟ ਕਾਰਡ);

ਰੀਅਲ ਟਾਈਮ ਗ੍ਰੌਸ ਸੈਟਲਮੈਂਟ (ਆਰ.ਟੀ.ਜੀ.ਐਸ.)/ਨੈਸ਼ਨਲ ਇਲੈਕਟ੍ਰੌਨਿਕ ਫ਼ੰਡ ਟ੍ਰਾਂਸਫ਼ਰ (ਐਨ.ਈ.ਐਫ਼.ਟੀ.); ਜੀ.ਐਸ. ਦਾ ਡਿਪਾੱਜ਼ਿਟ ਪ੍ਰਵਾਨ ਕਰਨ ਲਈ ਅਧਿਕਾਰਤ ਬੈਂਕਾਂ ਦੀਆਂ ਸ਼ਾਖ਼ਾਵਾਂ ਵਿੱਚ ਕਾਊਂਟਰ ’ਤੇ ਭੁਗਤਾਨ ਦੁਆਰਾ।

**ਪ੍ਰਸ਼ਨ 6. ਸਪਲਾਇਰ ਵੱਲੋਂ ਟੈਕਸਾਂ ਦਾ ਭੁਗਤਾਨ ਕਦੋਂ ਕੀਤਾ ਜਾਂਦਾ ਹੈ?**

ਉੱਤਰ. ਆਮ ਟੈਕਸ-ਦਾਤੇ ਵੱਲੋਂ ਟੈਕਸਾਂ ਦਾ ਭੁਗਤਾਨ ਮਾਸਿਕ ਆਧਾਰ ’ਤੇ ਅਗਲੇ ਮਹੀਨੇ ਦੀ 20 ਤਾਰੀਖ਼ ਤੱਕ ਕਰਨਾ ਹੁੰਦਾ ਹੈ। ਨਕਦ ਭੁਗਤਾਨ ਪਹਿਲਾਂ ਕੈਸ਼ ਲੈਜਰ ਵਿੱਚ ਜਮ੍ਹਾ ਕਰਵਾਉਣੇ ਹੋਣਗੇ ਅਤੇ ਟੈਕਸਦਾਤਾ ਮਾਸਿਕ ਰਿਟਰਨਾਂ ਵਿੱਚ ਭੁਗਤਾਨ ਕਰਦੇ ਸਮੇਂ ਲੈਜਰ ਡੇਬਿਟ ਕਰੇਗਾ ਅਤੇ ਆਪਣੀ ਰਿਟਰਨ ਵਿੱਚ ਵਾਜਬ ਡੇਬਿਟ ਇੰਦਰਾਜ਼ ਨੰਬਰ ਪ੍ਰਤੀਬਿੰਬਤ ਕਰੇਗਾ। ਜਿਵੇਂ ਕਿ ਪਹਿਲਾਂ ਵਰਣਨ ਕੀਤਾ ਜਾ ਗਿਆ ਹੈ, ਭੁਗਤਾਨ ਕ੍ਰੈਡਿਟ ਲੈਜਰ ਵਿੱਚੋਂ ਵੀ ਡੇਬਿਟ ਕੀਤਾ ਜਾ ਸਕਦਾ ਹੈ। ਮਾਰਚ ਮਹੀਨੇ ਲਈ ਟੈਕਸਾਂ ਦਾ ਭੁਗਤਾਨ 20 ਅਪ੍ਰੈਲ ਤੱਕ ਕੀਤਾ ਜਾਵੇਗਾ। ਕੰਪੋਜ਼ੀਸ਼ਨ ਟੈਕਸਦਾਤਿਆਂ ਨੂੰ ਤਿਮਾਹੀ ਆਧਾਰ ਉੱਤੇ ਟੈਕਸ ਅਦਾ ਕਰਨ ਦੀ ਜ਼ਰੂਰਤ ਹੋਵੇਗੀ।

**ਪ੍ਰਸ਼ਨ 7. ਕੀ ਟੈਕਸ ਭੁਗਤਾਨ ਦੀ ਸਮਾ ਨੂੰ ਵਧਾਇਆ ਜਾ ਸਕਦਾ ਹੈ ਜਾਂ ਇਸ ਨੂੰ ਮਾਸਿਕ ਕਿਸ਼ਤਾਂ ਵਿੱਚ ਅਦਾ ਕੀਤਾ ਜਾ ਸਕਦਾ ਹੈ?**

ਉੱਤਰ. ਨਹੀਂ, ਸਵੈ-ਮੁਲਾਂਕਿਤ ਜ਼ਿੰਮੇਵਾਰੀ/ਦੇਣਦਾਰੀ ਦੇ ਮਾਮਲੇ ਵਿੱਚ ਇਸ ਦੀ ਇਜਾਜ਼ਤ ਨਹੀਂ ਹੈ। ਹੋਰ ਮਾਮਲਿਆਂ ਵਿੱਚ, ਸਮਰੱਥ ਅਧਿਕਾਰੀ ਨੂੰ ਸਮਾਂ-ਮਿਆਦ ਅੱਗੇ ਵਧਾਉਣ ਜਾਂ ਕਿਸ਼ਤਾਂ ਵਿੱਚ ਭੁਗਤਾਨ ਦੀ ਇਜਾਜ਼ਤ ਦੇਣ ਦੇ ਅਧਿਕਾਰ ਹੋਣਗੇ। (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 80)।

**ਪ੍ਰਸ਼ਨ 8. ਕੀ ਵਾਪਰਦਾ ਹੈ ਜੇ ਟੈਕਸਯੋਗ ਵਿਅਕਤੀ ਰਿਟਰਨ ਦਾਇਰ ਕਰਦਾ ਹੈ ਪਰ ਟੈਕਸ ਦਾ ਭੁਗਤਾਨ ਨਹੀਂ ਕਰਦਾ?**

ਉੱਤਰ. ਅਜਿਹੇ ਮਾਮਲਿਆਂ ਵਿੱਚ, ਰਿਟਰਨ ਨੂੰ ਵੈਧ ਰਿਟਰਨ ਨਹੀਂ ਮੰਨਿਆ ਜਾਂਦਾ। ਅਨੁਛੇਦ 2(117) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਕਿ ਸੈਕਸ਼ਨ 39 ਦੇ ਉੱਪ-ਸੈਕਸ਼ਨ (1) ਅਧੀਨ ਦਰਜ ਕਰਵਾਉਣ ਵਾਲੀ ਵੈਧ ਰਿਟਰਨ ਉਹ ਹੈ, ਜਿਸ ਉੱਤੇ ਸਵੈ-ਮੁਲਾਂਕਿਤ ਟੈਕਸ ਪੂਰੀ ਤਰ੍ਹਾਂ ਅਦਾ ਕੀਤਾ ਗਿਆ ਹੈ। ਕੇਵਲ ਵੈਧ ਰਿਟਰਨ ਨੂੰ ਹੀ ਪ੍ਰਾਪਤਕਰਤਾ ਲਈ ਇਨਪੁਟ ਟੈਕਸ ਕ੍ਰੈਡਿਟ

(ਆਈ.ਟੀ.ਸੀ.) ਲਈ ਵਰਤਣ ਦੀ ਇਜਾਜ਼ਤ ਹੋਵੇਗੀ। ਦੂਜੇ ਸ਼ਬਦਾਂ ਵਿੱਚ, ਜਦੋਂ ਤੱਕ ਸਪਲਾਇਰ ਨੇ ਪੂਰਾ ਸਵੈ-ਮੁਲਾਂਕਿਤ ਟੈਕਸ ਅਦਾ ਨਾ ਕਰ ਦਿੱਤਾ ਹੋਵੇ ਅਤੇ ਆਪਣੀ ਰਿਟਰਨ ਫ਼ਾਇਲ ਨਾ ਕਰ ਦਿੱਤੀ ਹੋਵੇ ਅਤੇ ਪ੍ਰਾਪਤਕਰਤਾ ਨੇ ਆਪਣੀ ਰਿਟਰਨ ਨਾ ਭਰ ਦਿੱਤੀ ਹੋਵੇ, ਪ੍ਰਾਪਤਕਰਤਾ ਦੀ ਆਈ.ਟੀ.ਸੀ. ਦੀ ਪੁਸ਼ਟੀ ਨਹੀਂ ਹੋਵੇਗੀ।

**ਪ੍ਰਸ਼ਨ 9. ਟੈਕਸ ਬਕਾਏ ਜਮ੍ਹਾ ਕਰਵਾਉਣ ਦੀ ਮਿਤੀ ਇਨ੍ਹਾਂ ’ਚੋਂ ਕਿਹੜੀ ਮੰਨੀ ਜਾਂਦੀ ਹੈ - ਚੈੱਕ ਪੇਸ਼ ਕਰਨ ਦੀ ਮਿਤੀ ਜਾਂ ਭੁਗਤਾਨ ਦੀ ਮਿਤੀ ਜਾਂ ਰਾਸ਼ੀ ਦੇ ਸਰਕਾਰੀ ਖਾਤੇ ਵਿੱਚ ਕ੍ਰੈਡਿਟ ਦੀ ਮਿਤੀ?**

ਉੱਤਰ. ਇਹ ਸਰਕਾਰੀ ਖਾਤੇ ਵਿੱਚ ਕ੍ਰੈਡਿਟ ਹੋਣ ਦੀ ਮਿਤੀ ਹੈ।

**ਪ੍ਰਸ਼ਨ 10. ਈ-ਲੈਜਰਸ ਕੀ ਹਨ?**

ਉੱਤਰ. ਹਰੇਕ ਰਜਿਸਟਰਡ ਟੈਕਸਦਾਤੇ ਦੇ ਸਬੰਧ ਵਿੱਚ ਇਲੈਕਟ੍ਰੌਨਿਕ ਲੈਜਰਸ ਜਾਂ ਈ-ਲੈਜਰਸ; ਨਕਦ ਅਤੇ ਇਨਪੁਟ ਟੈਕਸ ਕ੍ਰੈਡਿਟ ਦੀਆਂ ਸਟੇਟਮੈਂਟਸ ਹਨ। ਇਸ ਤੋਂ ਇਲਾਵਾ, ਹਰੇਕ ਟੈਕਸਦਾਤੇ ਨੂੰ ਆਪਣੇ ਕੋਲ ਇੱਕ ਇਲੈਕਟ੍ਰੌਨਿਕ ਟੈਕਸ ਦੇਣਦਾਰੀ ਰਜਿਸਟਰ ਰੱਖਣਾ ਹੋਵੇਗਾ। ਜਦੋਂ ਕੋਈ ਟੈਕਸਦਾਤਾ ਕੌਮਨ ਪੋਰਟਲ (ਜੀ.ਐਸ.ਟੀ.ਐਨ.) ਉੱਤੇ ਰਜਿਸਟਰਡ ਹੋ ਜਾਂਦਾ ਹੈ, ਤਾਂ 2 ਈ-ਲੈਜਰਸ (ਕੈਸ਼ ਅਤੇ ਇਨਪੁਟ ਟੈਕਸ ਕ੍ਰੈਡਿਟ) ਅਤੇ ਇੱਕ ਇਲੈਕਟ੍ਰੌਨਿਕ ਟੈਕਸ ਦੇਣਦਾਰੀ ਰਜਿਸਟਰ ਆਪਣੇ-ਆਪ ਹੀ ਖੁੱਲ੍ਹ ਜਾਂਦੇ ਹਨ ਅਤੇ ਹਰ ਸਮੇਂ ਉਸ ਦੇ ਡੈਸ਼ਬੋਰਡ ਉੱਤੇ ਪ੍ਰਦਰਸ਼ਿਤ ਹੁੰਦੇ ਹਨ।

**ਪ੍ਰਸ਼ਨ 11. ਟੈਕਸ ਦੇਣਦਾਰੀ ਰਜਿਸਟਰ ਕੀ ਹੈ?**

ਉੱਤਰ. ਟੈਕਸ ਦੇਣਦਾਰੀ ਰਜਿਸਟਰ ਵਿੱਚ ਕਿਸੇ ਟੈਕਸਦਾਤੇ ਦੀ ਵਿਸ਼ੇਸ਼ ਮਹੀਨੇ ਲਈ ਕੁੱਲ ਟੈਕਸ ਦੇਣਦਾਰੀ (ਨੈੱਟਿੰਗ ਤੋਂ ਬਾਅਦ) ਪ੍ਰਤੀਬਿੰਬਤ ਹੋਵੇਗੀ।

**ਪ੍ਰਸ਼ਨ 12. ਕੈਸ਼ ਲੈਜਰ ਕੀ ਹੈ?**

ਉੱਤਰ. ਕੈਸ਼ ਲੈਜਰ; ਟੈਕਸਦਾਤੇ ਦੇ ਖਾਤੇ ਵਿੱਚ ਨਕਦ ਵਿੱਚ ਕੀਤੇ ਸਾਰੇ ਡਿਪਾੱਜ਼ਿਟਸ ਅਤੇ ਟੀ.ਡੀ.ਐਸ./ਟੀ.ਸੀ.ਐਸ. ਪ੍ਰਤੀਬਿੰਬਤ ਕਰੇਗਾ। ਉਹ ਜਾਣਕਾਰੀ ਉਸੇ ਸਮੇਂ ਦੇ ਆਧਾਰ ਉੱਤੇ ਪ੍ਰਤੀਬਿੰਬਤ ਹੋਵੇਗੀ। ਇਸ ਲੈਜਰ ਦੀ ਵਰਤੋਂ ਜੀ.ਐਸ.ਟੀ. ਦੇ ਖਾਤੇ ਵਿੱਚ ਕੋਈ ਵੀ ਭੁਗਤਾਨ ਲਈ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 13. ਆਈ.ਟੀ.ਸੀ. ਲੈਜਰ ਕੀ ਹੈ?**
ਉੱਤਰ. ਮਾਸਿਕ ਰਿਟਰਨਾਂ ਵਿੱਚ ਸਵੈ-ਮੁਲਾਂਕਿਤ ਵਜੋਂ ਇਨਪੁਟ ਟੈਕਸ ਕ੍ਰੈਡਿਟ ਨੂੰ ਆਈ.ਟੀ.ਸੀ. ਲੈਜਰ ਵਿੱਚ ਪ੍ਰਤੀਬਿੰਬਤ ਕੀਤਾ ਜਾਵੇਗਾ। ਇਸ ਲੈਜਰ ਵਿੱਚ ਕ੍ਰੈਡਿਟ ਦੀ ਵਰਤੋਂ ਕੇਵਲ ਟੈਕਸ ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ ਅਤੇ ਹੋਰ ਕਿਸੇ ਰਕਮਾਂ ਦੇ ਭੁਗਤਾਨ ਜਿਵੇਂ ਵਿਆਜ, ਜੁਰਮਾਨਾ, ਫ਼ੀਸ ਆਦਿ ਲਈ ਨਹੀਂ।

**ਪ੍ਰਸ਼ਨ 14. ਜੀ.ਐਸ.ਟੀ.ਐਨ. ਅਤੇ ਅਧਿਕਾਰਤ ਬੈਂਕਾਂ ਵਿਚਾਲੇ ਕੀ ਸਬੰਧ ਹੈ?**
ਉੱਤਰ. ਜੀ.ਐਸ.ਟੀ.ਐਨ. ਅਤੇ ਬੈਂਕ ਦੇ ਕੋਰ ਬੈਂਕਿੰਗ ਸਾਲਿਯੂਸ਼ਨ (ਸੀ.ਬੀ.ਐਸ.) ਵਿਚਾਲੇ ਬਿਲਕੁਲ ਰੀਅਲ ਟਾਈਮ ਦੋ ਤਰਫ਼ਾ ਲਿੰਕੇਜ ਹੋਵੇਗਾ। ਪੁਸ਼ਟੀ ਅਤੇ ਭੁਗਤਾਨ ਪ੍ਰਾਪਤ ਕਰਨ ਲਈ ਇਲੈਕਟ੍ਰੌਨਿਕ ਸਟ੍ਰਿੰਗ ਰਾਹੀਂ ਸੀ.ਪੀ.ਆਈ.ਐਨ. ਆਪਣੇ-ਆਪ ਹੀ ਬੈਂਕ ਵੱਲ ਜਾਵੇਗਾ ਅਤੇ ਬੈਂਕ ਵੱਲੋਂ ਆਪਣੇ-ਆਪ ਇੱਕ ਚਲਾਨ ਸ਼ਨਾਖ਼ਤ ਨੰਬਰ (ਸੀ.ਆਈ.ਐਨ.) ਕੌਮਨ ਪੋਰਟਲ ਨੂੰ ਭੇਜਿਆ ਜਾਵੇਗਾ, ਜਿਸ ਵਿੱਚ ਭੁਗਤਾਨ ਪ੍ਰਾਪਤੀ ਦੀ ਪੁਸ਼ਟੀ ਹੋਵੇਗੀ। ਇਸ ਪ੍ਰਕਿਰਿਆ ਵਿੱਚ ਬੈਂਕ ਦੇ ਖ਼ਜ਼ਾਨਚੀ ਜਾਂ ਟੈਲਰ ਜਾਂ ਟੈਕਸਦਾਤੇ ਸਮੇਤ ਕਿਸੇ ਦਾ ਵੀ ਕੋਈ ਹੱਥੀਂ-ਦਖ਼ਲ ਨਹੀਂ ਹੋਵੇਗਾ।

**ਪ੍ਰਸ਼ਨ 15. ਕੀ ਇੱਕ ਟੈਕਸਦਾਤਾ ਕਈ ਬੈਠਕਾਂ ਵਿੱਚ ਚਲਾਨ ਬਣਾ ਸਕਦਾ ਹੈ?**
ਉੱਤਰ. ਜੀ ਹਾਂ, ਇੱਕ ਟੈਕਸਦਾਤਾ ਅੰਸ਼ਕ ਤੌਰ ’ਤੇ ਚਲਾਨ ਫ਼ਾਰਮ ਭਰ ਸਕਦਾ ਹੈ ਅਤੇ ਅਸਥਾਈ ਤੌਰ ਉੱਤੇ ਉਸ ਚਲਾਨ ਨੂੰ ‘ਸੇਵ’ ਕਰ ਸਕਦਾ ਹੈ, ਤਾਂ ਜੋ ਉਹ ਬਾਅਦ ਦੇ ਪੜਾਅ ’ਤੇ ਉਸ ਨੂੰ ਭਰ ਸਕੇ। ਅੰਤਿਮ ਰੂਪ ਦੇਣ ਤੋਂ ਪਹਿਲਾਂ, ਸੇਵ ਕੀਤੇ ਚਲਾਨ ਨੂੰ ‘ਸੰਪਾਦਿਤ’ ਕੀਤਾ ਜਾ ਸਕਦਾ ਹੈ। ਟੈਕਸਦਾਤੇ ਵੱਲੋਂ ਚਲਾਨ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ, ਉਹ ਟੈਕਸਾਂ ਦੇ ਭੁਗਤਾਨ ਦੀ ਵਰਤੋਂ ਲਈ ਚਲਾਨ ਬਣਾਏਗਾ (ਜੈਨਰੇਟ ਕਰੇਗਾ)। ਜਮ੍ਹਾ ਕਰਵਾਉਣ ਵਾਲੇ ਕੋਲ ਆਪਣੇ ਰਿਕਾਰਡ ਲਈ ਉਸ ਚਲਾਨ ਦਾ ਪ੍ਰਿੰਟ ਲੈਣ ਦਾ ਵਿਕਲਪ ਹੋਵੇਗਾ।

**ਪ੍ਰਸ਼ਨ 16. ਕੀ ਔਨਲਾਈਨ ਬਣਾਏ ਚਲਾਨ ਵਿੱਚ ਕੋਈ ਸੋਧ ਕੀਤੀ ਜਾ ਸਕਦੀ ਹੈ?**
ਉੱਤਰ. ਨਹੀਂ। ਜੀ.ਐਸ.ਟੀ.ਐਨ. ਪੋਰਟਲ ਵਿੱਚ ਚਲਾਨ ਦੀ ਜੈਨਰੇਸ਼ਨ ਲਈ ਲੌਗਿੰਗ ਤੋਂ ਬਾਅਦ ਟੈਕਸਦਾਤੇ ਜਾਂ ਉਸ ਦੇ ਅਧਿਕਾਰਤ ਵਿਅਕਤੀ ਨੂੰ

ਭੁਗਤਾਨ ਦੇ ਵੇਰਵੇ ਭਰਨੇ ਹੋਣਗੇ। ਉਹ ਭਵਿੱਖ ਵਿੱਚ ਅਪਡੇਸ਼ਨ ਲਈ ਚਲਾਨ ਨੂੰ ਅੱਧ-ਵਿਚਕਾਰ ਸੇਵ ਕਰ ਸਕਦਾ ਹੈ। ਉਂਝ, ਇੱਕ ਵਾਰ ਚਲਾਨ ਨੂੰ ਜਦੋਂ ਅੰਤਿਮ ਰੂਪ ਮਿਲ ਜਾਂਦਾ ਹੈ ਅਤੇ ਸੀ.ਪੀ.ਆਈ.ਐਨ (ਸੀਪਿੰਨ - CPIN) ਜੈਨਰੇਟ ਹੋ ਜਾਂਦਾ ਹੈ, ਤਾਂ ਟੈਕਸਦਾਤਾ ਉਸ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਨਹੀਂ ਕਰ ਸਕਦਾ।

**ਪ੍ਰਸ਼ਨ 17. ਕੀ ਚਲਾਨ ਦੀ ਵੈਧਤਾ ਮਿਆਦ ਹੁੰਦੀ ਹੈ?**

ਉੱਤਰ. ਹਾਂ, ਇੱਕ ਚਲਾਨ ਉਸ ਨੂੰ ਜੈਨਰੇਟ ਕੀਤੇ ਜਾਣ ਤੋਂ ਬਾਅਦ 15 ਦਿਨਾਂ ਲਈ ਵੈਧ ਹੋਵੇਗਾ ਅਤੇ ਉਸ ਤੋਂ ਬਾਅਦ ਸਿਸਟਮ ਤੋਂ ਹਟ ਜਾਵੇਗਾ। ਫਿਰ ਵੀ, ਟੈਕਸਦਾਤਾ ਆਪਣੀ ਸੁਵਿਧਾ ਲਈ ਇੱਕ ਹੋਰ ਚਲਾਨ ਜੈਨਰੇਟ ਕਰ ਸਕਦਾ ਹੈ।

**ਪ੍ਰਸ਼ਨ 18. ਸੀ.ਪੀ.ਆਈ.ਐਨ. (ਸੀਪਿੰਨ - CPIN) ਕੀ ਹੁੰਦਾ ਹੈ?**

ਉੱਤਰ. ਸੀ.ਪੀ.ਆਈ.ਐਨ. ਦਾ ਮਤਲਬ ਹੈ 'ਕੌਮਨ ਪੋਰਟਲ ਆਇਡੈਂਟੀਫ਼ਿਕੇਸ਼ਨ ਨੰਬਰ' (ਸੀਪਿੰਨ - ਸਾਂਝਾ ਪੋਰਟਲ ਸ਼ਨਾਖ਼ਤ ਨੰਬਰ), ਜੋ ਚਲਾਨ ਜੈਨਰੇਸ਼ਨ ਸਮੇਂ ਦਿੱਤਾ ਜਾਂਦਾ ਹੈ। ਇਹ ਚਲਾਨ ਦੀ ਸ਼ਨਾਖ਼ਤ ਕਰਨ ਲਈ 14 ਅੰਕਾਂ ਦਾ ਇੱਕ ਵਿਲੱਖਣ ਨੰਬਰ ਹੁੰਦਾ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਸੀ.ਪੀ.ਆਈ.ਐਨ. 15 ਦਿਨਾਂ ਲਈ ਵੈਧ ਰਹਿੰਦਾ ਹੈ।

**ਪ੍ਰਸ਼ਨ 19. ਸੀ.ਆਈ.ਐਨ. ਕੀ ਹੈ ਅਤੇ ਇਸ ਦੀ ਕੀ ਪ੍ਰਾਸੰਗਿਕਤਾ ਹੈ?**

ਉੱਤਰ. ਸੀ.ਆਈ.ਐਨ. ਦਾ ਮਤਲਬ ਹੈ 'ਚਲਾਨ ਆਇਡੈਂਟੀਫ਼ਿਕੇਸ਼ਨ ਨੰਬਰ'। ਇਹ 17 ਅੰਕਾਂ ਦਾ ਨੰਬਰ ਹੁੰਦਾ ਹੈ, ਜਿਸ ਵਿੱਚ 14 ਅੰਕਾਂ ਦਾ 'ਸੀਪਿੰਨ' (ਸੀ.ਪੀ.ਆਈ.ਐਨ.) + 3 ਅੰਕਾਂ ਦਾ ਬੈਂਕ ਕੋਡ ਹੁੰਦਾ ਹੈ। ਸੀ.ਆਈ.ਐਨ. ਅਧਿਕਾਰਤ ਬੈਂਕਾਂ/ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵੱਲੋਂ ਜੈਨਰੇਟ ਕੀਤਾ ਜਾਂਦਾ ਹੈ, ਜਦੋਂ ਅਜਿਹੇ ਅਧਿਕਾਰਤ ਬੈਂਕਾਂ ਜਾਂ ਆਰ.ਬੀ.ਆਈ. ਵੱਲੋਂ ਭੁਗਤਾਨ ਸੱਚਮੁਚ ਪ੍ਰਾਪਤ ਕਰ ਲਿਆ ਜਾਂਦਾ ਹੈ ਅਤੇ ਉਹ ਉਨ੍ਹਾਂ ਕੋਲ ਮੌਜੂਦ ਵਾਜਬ ਸਰਕਾਰੀ ਖਾਤੇ ਵਿੱਚ ਜਾਂਦਾ ਹੈ। ਇਹ ਇਸ ਗੱਲ ਦਾ ਸੂਚਕ ਹੈ ਕਿ ਭੁਗਤਾਨ ਹੋ ਗਿਆ ਹੈ ਅਤੇ ਵਾਜਬ ਸਰਕਾਰੀ ਖਾਤੇ ਵਿੱਚ ਕ੍ਰੈਡਿਟ ਹੋ ਗਿਆ ਹੈ। ਅਧਿਕਾਰਤ ਬੈਂਕ ਵੱਲੋਂ ਸੀ.ਆਈ.ਐਨ. ਬਾਰੇ ਸੂਚਨਾ ਟੈਕਸਦਾਤੇ ਦੇ ਨਾਲ-ਨਾਲ ਜੀ.ਐਸ.ਟੀ.ਐਨ. ਨੂੰ ਭੇਜੀ ਜਾਂਦੀ ਹੈ।

**ਪ੍ਰਸ਼ਨ 20. ਟੈਕਸ ਦੇ ਭੁਗਤਾਨ ਦਾ ਕ੍ਰਮ ਉਸ ਹਾਲਤ ਵਿੱਚ ਕੀ ਹੈ, ਜਿੱਥੇ ਟੈਕਸਦਾਤੇ ਦੀਆਂ ਪਿਛਲੇ ਮਹੀਨੇ ਦੀਆਂ ਦੇਣਦਾਰੀਆਂ ਵੀ ਪਈਆਂ ਹਨ?**

ਉੱਤਰ. ਅਨੁਛੇਦ 49(8) ਭੁਗਤਾਨ ਦਾ ਇੱਕ ਕ੍ਰਮ ਨਿਰਧਾਰਤ ਕਰਦਾ ਹੈ, ਜਿੱਥੇ ਟੈਕਸਦਾਤੇ ਦੀ ਮੌਜੂਦਾ ਰਿਟਰਨ ਮਿਆਦ ਤੋਂ ਅਗਾਂਹ ਵੀ ਟੈਕਸ ਦੇਣਦਾਰੀ ਹੈ। ਅਜਿਹੀ ਹਾਲਤ ਵਿੱਚ, ਭੁਗਤਾਨ ਦਾ ਕ੍ਰਮ ਨਿਮਨਲਿਖਤ ਅਨੁਸਾਰ ਹੋਵੇਗਾ: ਪਹਿਲਾਂ ਸਵੈ-ਮੁਲਾਂਕਿਤ ਟੈਕਸ ਅਤੇ ਪਿਛਲੇ ਮਹੀਨੇ ਦਾ ਵਿਆਜ; ਉਸ ਤੋਂ ਬਾਅਦ ਵਰਤਮਾਨ ਮਿਆਦ ਲਈ ਸਵੈ-ਮੁਲਾਂਕਿਤ ਟੈਕਸ ਅਤੇ ਵਿਆਜ; ਅਤੇ ਉਸ ਤੋਂ ਬਾਅਦ ਅਨੁਛੇਦ 51 ਅਧੀਨ ਕਿਸੇ ਪੁਸ਼ਟੀ-ਪ੍ਰਾਪਤ ਮੰਗਾਂ ਸਮੇਤ ਅਦਾਇਗੀਯੋਗ ਹੋਰ ਰਕਮਾਂ। ਕਾਨੂੰਨ ਅਨੁਸਾਰ ਇਸ ਕ੍ਰਮ ਦੀ ਪਾਲਣਾ ਕਰਨਾ ਜ਼ਰੂਰੀ ਹੁੰਦੀ ਹੈ।

**ਪ੍ਰਸ਼ਨ 21. ਉਪਰੋਕਤ ਦੇ ਹਵਾਲੇ ਨਾਲ “ਹੋਰ ਬਕਾਇਆਂ” ਦੇ ਪ੍ਰਗਟਾਵੇ ਦਾ ਕੀ ਅਰਥ ਹੈ?**

ਉੱਤਰ. ਪ੍ਰਗਟਾਵੇ “ਹੋਰ ਬਕਾਇਆਂ” ਦਾ ਅਰਥ ਹੈ ਵਿਆਜ, ਜੁਰਮਾਨਾ, ਫ਼ੀਸ ਜਾਂ ਕਾਨੂੰਨ ਜਾਂ ਉਨ੍ਹਾਂ ਦੇ ਆਧਾਰ ਉੱਤੇ ਬਣਾਏ ਗਏ ਨਿਯਮਾਂ ਅਧੀਨ ਹੋਰ ਕੋਈ ਭੁਗਤਾਨਯੋਗ ਰਾਸ਼ੀ।

**ਪ੍ਰਸ਼ਨ 22. ਇੱਕ ਈ-ਐਫ.ਪੀ.ਬੀ. ਕੀ ਹੁੰਦਾ ਹੈ?**

ਉੱਤਰ. ਈ.-ਐਫ਼.ਪੀ.ਬੀ. ਦਾ ਮਤਲਬ ਹੈ ‘ਇਲੈਕਟ੍ਰੌਨਿਕ ਫ਼ੋਕਲ ਪੁਆਇੰਟ ਬ੍ਰਾਂਚ’। ਇਹ ਅਜਿਹੇ ਅਧਿਕਾਰਤਾਂ ਬੈਂਕਾਂ ਦੀਆਂ ਸ਼ਾਖਾਵਾਂ ਹਨ, ਜੋ ਜੀ.ਐਸ.ਟੀ. ਭੁਗਤਾਨ ਇਕੱਠਾ ਕਰਨ ਲਈ ਅਧਿਕਾਰਤ ਹਨ। ਹਰੇਕ ਅਧਿਕਾਰਤ ਬੈਂਕ;ਪੈਨ ਇੰਡੀਆ ਟ੍ਰਾਂਜ਼ੈਕਸ਼ਨਜ਼ ਲਈ ਆਪਣੇ ਈ-ਐਫ਼.ਪੀ.ਬੀ. ਵਜੋਂ ਕੇਵਲ ਇੱਕ ਸ਼ਾਖ਼ਾ ਨਾਮਜ਼ਦ ਕਰੇਗਾ। ਈ.-ਐਫ਼.ਪੀ.ਬੀ. ਨੂੰ ਸਾਰੀਆਂ ਸਰਕਾਰਾਂ ਲਈ ਅਜਿਹੇ ਹਰੇਕ ਮੇਜਰ ਹੈੱਡ ਅਧੀਨ ਖਾਤੇ ਖੋਲ੍ਹਣੇ ਹੋਣਗੇ। ਕੁੱਲ 38 ਖਾਤੇ (ਸੀ.ਜੀ.ਐਸ.ਟੀ., ਆਈ.ਜੀ.ਐਸ.ਟੀ. ਲਈ ਇੱਕ-ਇੱਕ ਅਤੇ ਹਰੇਕ ਸੂਬੇ/ਕੇਂਦਰ ਸ਼ਾਸਤ ਪ੍ਰਦੇਸ਼ ਦੀ ਸਰਕਾਰ ਲਈ ਐਸ.ਜੀ.ਐਸ.ਟੀ. ਵਾਸਤੇ ਇੱਕ-ਇੱਕ) ਖੋਲ੍ਹਣੇ ਹੋਣਗੇ। ਜੀ.ਐਸ.ਟੀ. ਲਈ ਅਜਿਹੇ ਈ-ਐਫ਼.ਪੀ.ਬੀ. ਵੱਲੋਂ ਪ੍ਰਾਪਤ ਕੋਈ ਵੀ ਰਕਮ ਅਜਿਹੇ ਈ-ਐਫ਼.ਪੀ.ਬੀ. ਕੋਲ ਮੌਜੂਦ ਵਾਜਬ ਖਾਤੇ ਵਿੱਚ ਕ੍ਰੈਡਿਟ ਕਰ ਦਿੱਤੀ ਜਾਵੇਗੀ।

ਐਨ.ਈ.ਐਫ਼.ਟੀ./ਆਰ.ਟੀ.ਜੀ.ਐਸ. ਲੈਣ-ਦੇਣਾਂ ਲਈ, ਆਰ.ਬੀ.ਆਈ. ਈ-ਐਫ਼.ਪੀ.ਬੀ. ਵਜੋਂ ਕੰਮ ਕਰੇਗਾ।

**ਪ੍ਰਸ਼ਨ 23. ਟੀ.ਡੀ.ਐਸ. ਕੀ ਹੈ?**

ਉੱਤਰ. ਟੀ.ਡੀ.ਐਸ. ਦਾ ਮਤਲਬ ਹੈ 'ਟੈਕਸ ਡਿਡਕਟਡ ਐਟ ਸੋਰਸ' (ਟੀ.ਡੀ.ਐਸ. - ਸਰੋਤ ਉੱਤੇ ਕੀਤੀ ਟੈਕਸ ਕਟੌਤੀ)। ਅਨੁਛੇਦ 51 ਅਨੁਸਾਰ, ਇਹ ਵਿਵਸਥਾ ਸਰਕਾਰੀ ਅਤੇ ਸਰਕਾਰੀ ਉਪਕ੍ਰਮਾਂ ਤੇ ਹੋਰ ਅਧਿਸੂਚਿਤ ਇਕਾਈਆਂ ਲਈ ਹੈ, ਜਿਹੜੀਆਂ ਸਪਲਾਇਰਜ਼ ਨੂੰ 2.5 ਲੱਖ ਰੁਪਏ ਤੋਂ ਵੱਧ ਦੇ ਠੇਕਾ-ਭੁਗਤਾਨ ਕਰਦੇ ਹਨ। ਅਜਿਹਾ ਕੋਈ ਭੁਗਤਾਨ ਕਰਦੇ ਸਮੇਂ, ਸਬੰਧਤ ਸਰਕਾਰੀ/ਅਥਾਰਟੀ ਨੂੰ ਕੁੱਲ ਅਦਾਇਗੀਯੋਗ ਰਕਮ ਵਿੱਚੋਂ 1 ਫ਼ੀ ਸਦੀ ਰਕਮ ਕੱਟ ਲੈਣੀ ਹੋਵੇਗੀ ਅਤੇ ਉਸ ਨੂੰ ਜੀ.ਐਸ.ਟੀ. ਦੇ ਵਾਜਬ ਖਾਤੇ ਵਿੱਚ ਜਮ੍ਹਾ ਕਰਵਾ ਦੇਣਾ ਹੋਵੇਗਾ।

**ਪ੍ਰਸ਼ਨ 24. ਸਪਲਾਇਰ ਇਸ ਟੀ.ਡੀ.ਐਸ. ਦਾ ਹਿਸਾਬ ਆਪਣੀ ਰਿਟਰਨ ਫ਼ਾਇਲ ਕਰਦੇ ਸਮੇਂ ਕਿਵੇਂ ਕਰੇਗਾ?**

ਉੱਤਰ. ਟੀ.ਡੀ.ਐਸ. ਵਜੋਂ ਦਰਸਾਈ ਗਈ ਕੋਈ ਵੀ ਰਕਮ ਸਬੰਧਤ ਸਪਲਾਇਰ ਦੇ ਇਲੈਕਟ੍ਰੌਨਿਕ ਕੈਸ਼ ਲੈਜਰ ਵਿੱਚ ਪ੍ਰਤੀਬਿੰਬਤ ਹੋਵੇਗੀ। ਉਹ ਇਸ ਰਕਮ ਦੀ ਉਪਯੋਗਤਾ ਟੈਕਸ, ਵਿਆਜ, ਫ਼ੀਸ ਤੇ ਹੋਰ ਕਿਸੇ ਰਕਮ ਦੀ ਆਪਣੀ ਦੇਣਦਾਰੀ ਅਦਾ ਕਰਨ ਲਈ ਕਰ ਸਕਦਾ ਹੈ।

**ਪ੍ਰਸ਼ਨ 25. ਟੀ.ਡੀ.ਐਸ. ਕਟੌਤੀਕਾਰ ਅਜਿਹੇ ਟੀ.ਡੀ.ਐਸ. ਦਾ ਹਿਸਾਬ ਕਿਵੇਂ ਰੱਖੇਗਾ?**

ਉੱਤਰ. ਟੀ.ਡੀ.ਐਸ. ਕਟੌਤੀਕਾਰ (ਡਿਡਕਟਰ) ਅਜਿਹੇ ਟੀ.ਡੀ.ਐਸ. ਦਾ ਹਿਸਾਬ ਨਿਮਨਲਿਖਤ ਤਰੀਕਿਆਂ ਨਾਲ ਕਰੇਗਾ:

1. ਅਜਿਹੇ ਕਟੌਤੀਕਾਰਾਂ ਨੂੰ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 24 ਅਧੀਨ ਲਾਜ਼ਮੀ ਤੌਰ 'ਤੇ ਰਜਿਸਟਰੇਸ਼ਨ ਕਰਵਾਉਣ ਦੀ ਜ਼ਰੂਰਤ ਹੋਵੇਗੀ।
2. ਉਨ੍ਹਾਂ ਨੂੰ ਇਹ ਟੀ.ਡੀ.ਐਸ., ਜਿਹੜੇ ਵੀ ਮਹੀਨੇ ਇਕੱਤਰ ਕੀਤਾ ਗਿਆ ਸੀ, ਉਸ ਤੋਂ ਅਗਲੇ ਮਹੀਨੇ ਦੇ 10ਵੇਂ ਦਿਨ ਤੱਕ ਜਮ੍ਹਾ ਕਰਵਾਉਣਾ

ਹੋਵੇਗਾ ਤੇ ਇਸ ਦੀ ਰਿਪੋਰਟ ਜੀ.ਐਸ.ਟੀ.ਆਰ. 7 ਵਿੱਚ ਕਰਨੀ ਹੋਵੇਗੀ।

3. ਜਮ੍ਹਾ ਹੋਈ ਰਕਮ ਨੂੰ ਸਪਲਾਇਰ ਦੇ ਇਲੈਕਟ੍ਰੌਨਿਕ ਕੈਸ਼ ਲੈਜਰ ਵਿੱਚ ਟੀ.ਡੀ.ਐਸ. ਵਜੋਂ ਪ੍ਰਤੀਬਿੰਬਤ ਕੀਤਾ/ਦਰਸਾਇਆ ਜਾਵੇਗਾ।

4. ਉਨ੍ਹਾਂ ਨੂੰ ਟੀ.ਡੀ.ਐਸ. ਦੀ ਕਟੌਤੀ ਕਰਨ ਬਾਰੇ 5 ਦਿਨਾਂ ਦੇ ਅੰਦਰ ਅਜਿਹੇ ਟੀ.ਡੀ.ਐਸ. ਦਾ ਸਰਟੀਫ਼ਿਕੇਟ 'ਡਿਡਕਟੀ' (ਜਿਸ ਦਾ ਟੀ.ਡੀ.ਐਸ. ਕੱਟਿਆ ਗਿਆ ਹੈ) ਨੂੰ ਜਾਰੀ ਕਰਨ ਦੀ ਲੋੜ ਹੋਵੇਗੀ, ਅਜਿਹਾ ਨਾ ਕਰਨ ਦੀ ਹਾਲਤ ਵਿੱਚ 100 ਰੁਪਏ ਪ੍ਰਤੀ ਦਿਨ ਅਤੇ ਵੱਧ ਤੋਂ ਵੱਧ 5,000/- ਰੁਪਏ ਤੱਕ ਦਾ ਜੁਰਮਾਨਾ ਅਜਿਹੇ ਕਟੌਤੀਕਾਰ ਨੂੰ ਦੇਣਾ ਹੋਵੇਗਾ।

**ਪ੍ਰਸ਼ਨ 26. 'ਟੈਕਸ ਕੁਲੈਕਟਡ ਐਟ ਸੋਰਸ' (ਟੀ.ਸੀ.ਐਸ. - ਸਰੋਤ ਉੱਤੇ ਇਕੱਤਰ ਕੀਤਾ ਟੈਕਸ) ਕੀ ਹੈ?**

ਉੱਤਰ. ਇਹ ਵਿਵਸਥਾ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 52 ਅਧੀਨ ਕੇਵਲ ਈ-ਕਾਮਰਸ ਅੱਪਰੇਟਰ ਲਈ ਲਾਗੂ ਹੈ। ਹਰੇਕ ਈ-ਕਾਮਰਸ ਅੱਪਰੇਟਰ, ਜੋ ਇੱਕ ਏਜੰਟ ਨਹੀਂ ਹੋਵੇਗਾ, ਨੂੰ ਇੱਕ ਰਾਸ਼ੀ ਰੋਕ ਕੇ ਰੱਖਣ ਦੀ ਲੋੜ ਹੋਵੇਗੀ, ਜਿਸ ਦੀ ਗਿਣਤੀ ਇਸ ਰਾਹੀਂ ਕੀਤੀਆਂ "**ਟੈਕਸਯੋਗ ਸਪਲਾਈਜ਼ ਦੀ ਸ਼ੁੱਧ ਕੀਮਤ**" ਦੇ ਵੱਧ ਤੋਂ ਵੱਧ ਇੱਕ ਫ਼ੀ ਸਦੀ ਦੀ ਦਰ ਨਾਲ ਕੀਤੀ ਜਾਵੇਗੀ, ਜਿੱਥੇ ਅਜਿਹੀਆਂ ਸਪਲਾਈਜ਼ ਦੇ ਸਬੰਧ ਵਿੱਚ ਇਹ ਅੱਪਰੇਟਰ ਵੱਲੋਂ ਇਕੱਤਰ ਕੀਤੀ ਜਾਵੇਗੀ। ਅਜਿਹੀ ਰੋਕ ਕੇ ਰੱਖੀ ਰਾਸ਼ੀ ਈ-ਕੱਮਰਸ ਅੱਪਰੇਟਰ ਵੱਲੋਂ ਅਗਲੇ ਮਹੀਨੇ ਦੀ 10 ਤਾਰੀਖ਼ ਤੱਕ ਵਾਜਬ ਜੀ.ਐੱਸ.ਟੀ. ਖਾਤੇ ਵਿੱਚ ਜਮ੍ਹਾ ਕਰਵਾਉਣੀ ਹੋਵੇਗੀ। ਟੀ.ਸੀ.ਐੱਸ. ਵਜੋਂ ਜਮ੍ਹਾ ਜਮ੍ਹਾ ਕਰਵਾਈ ਗਈ ਰਾਸ਼ੀ ਨੂੰ ਸਪਲਾਇਰ ਦੇ ਇਲੈਕਟ੍ਰੌਨਿਕ ਕੈਸ਼ ਲੈਜਰ ਵਿੱਚ ਪ੍ਰਤੀਬਿੰਬਤ ਕੀਤਾ ਜਾਵੇਗਾ।

**ਪ੍ਰਸ਼ਨ 27. ਪ੍ਰਗਟਾਵੇ "ਟੈਕਸਯੋਗ ਸਪਲਾਈਜ਼ ਦੀ ਸ਼ੁੱਧ ਕੀਮਤ" ਦਾ ਕੀ ਅਰਥ ਹੈ?**

ਉੱਤਰ. ਪ੍ਰਗਟਾਵੇ "ਟੈਕਸਯੋਗ ਸਪਲਾਈਜ਼ ਦੀ ਸ਼ੁੱਧ ਕੀਮਤ" ਦਾ ਅਰਥ ਹੈ

ਸਾਰੇ ਰਜਿਸਟਰਡ ਟੈਕਸਯੋਗ ਵਿਅਕਤੀਆਂ ਵੱਲੋਂ ਕਿਸੇ ਮਹੀਨੇ ਦੌਰਾਨ ਮਾਲ ਜਾਂ ਸੇਵਾਵਾਂ (ਜੋ ਸੈਕਸ਼ਨ 9(5) ਅਧੀਨ ਅਧਿਸੂਚਿਤ ਹੋਰ ਸੇਵਾਵਾਂ ਤੋਂ ਇਲਾਵਾ ਹੋਣ) ਦੀਆਂ ਔਪਰੇਟਰ ਦੁਆਰਾ ਕੀਤੀਆਂ ਟੈਕਸਯੋਗ ਸਪਲਾਈਜ਼ ਦੀ ਕੁੱਲ ਕੀਮਤ ਜੋ ਵਰਣਿਤ ਮਹੀਨੇ ਦੌਰਾਨ ਸਪਲਾਇਰਜ਼ ਨੂੰ ਮੋੜੀਆਂ ਗਈਆਂ ਟੈਕਸਯੋਗ ਸਪਲਾਈਜ਼ ਦੀ ਕੁੱਲ ਕੀਮਤ ਨਾਲ ਘਟਾਈਆਂ ਗਈਆਂ ਹੋਣ।

**ਪ੍ਰਸ਼ਨ 28. ਕੀ ਜੀ.ਐਸ.ਟੀ. ਭੁਗਤਾਨ ਲਈ ਜੀ.ਐਸ.ਟੀ.ਐਨ. ਪੋਰਟਲ ਵਿੱਚ ਕ੍ਰੈਡਿਟ ਕਾਰਡ ਦੀ ਪ੍ਰੀ-ਰਜਿਸਟਰੇਸ਼ਨ ਜ਼ਰੂਰੀ ਹੈ?**

ਉੱਤਰ. ਜੀ ਹਾਂ। ਟੈਕਸਦਾਤੇ ਨੂੰ ਆਪਣਾ ਉਹ ਕ੍ਰੈਡਿਟ ਕਾਰਡ ਪੂਰਵ–ਰਜਿਸਟਰ ਕਰਵਾਉਣ ਦੀ ਜ਼ਰੂਰਤ ਹੋਵੇਗੀ, ਜਿਸ ਵਿੱਚੋਂ ਟੈਕਸ ਭੁਗਤਾਨ; ਜੀ.ਐਸ.ਟੀ.ਐਨ. ਨਾਲ ਜੁੜੇ ਕੌਮਨ ਪੋਰਟਲ ਰਾਹੀਂ ਕੀਤਾ ਜਾਣਾ ਹੈ। ਜੀ.ਐਸ.ਟੀ.ਐਨ. ਇੱਕ ਅਜਿਹੀ ਪ੍ਰਣਾਲੀ ਸਥਾਪਤ ਕਰਨ ਦਾ ਜਤਨ ਵੀ ਕਰ ਸਕਦਾ ਹੈ, ਜਿਸ ਰਾਹੀਂ ਕ੍ਰੈਡਿਟ ਕਾਰਡ ਸੇਵਾ ਪ੍ਰਦਾਤਾ ਤੋਂ ਕ੍ਰੈਡਿਟ ਕਾਰਡ ਦੀ ਪੁਸ਼ਟੀ ਵੀ ਹੋ ਸਕੇ। ਕ੍ਰੈਡਿਟ ਕਾਰਡ ਰਾਹੀਂ ਕੀਤੇ ਭੁਗਤਾਨਾਂ ਕਰ ਕੇ ਬਾਅਦ ਵਿੱਚ ਬਿਨਾ ਕਿਸੇ ਮੁਦਰਕ ਸੀਮਾ ਦੀ ਇਜਾਜ਼ਤ ਹੋਵੇਗੀ, ਤਾਂ ਜੋ ਕਾਰੋਬਾਰ ਕਰਨਾ ਸੁਖਾਲਾ ਬਣਾਇਆ ਜਾ ਸਕੇ।

# ਇਲੈਕਟ੍ਰੌਨਿਕ ਕੱਾਮਰਸ

# ਇਲੈਕਟ੍ਰੌਨਿਕ ਕੱਾਮਰਸ

**ਪ੍ਰਸ਼ਨ 1. ਇਲੈਕਟ੍ਰੌਨਿਕ-ਕੱਾਮਰਸ ਕੀ ਹੈ?**
ਉੱਤਰ. ਇਲੈਕਟ੍ਰੌਨਿਕ ਕੱਾਮਰਸ ਨੂੰ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਡਿਜੀਟਲ ਜਾਂ ਇਲੈਕਟ੍ਰੌਨਿਕ ਨੈੱਟਵਰਕ ਰਾਹੀਂ ਡਿਜੀਟਲ ਉਤਪਾਦਾਂ ਸਮੇਤ ਸਪਲਾਈ।

**ਪ੍ਰਸ਼ਨ 2. ਈ-ਕਾਮਰਸ ਅੱਾਪਰੇਟਰ ਕੌਣ ਹੈ?**
ਉੱਤਰ. ਇੱਕ 'ਇਲੈਕਟ੍ਰੌਨਿਕ ਕੱਾਮਰਸ ਅੱਾਪਰੇਟਰ' (ਅੱਾਪਰੇਟਰ) ਨੂੰ ਅਜਿਹੇ ਉਸ ਵਿਅਕਤੀ ਵਜੋਂ ਪਰਿਭਾਸ਼ਿਤ ਕਰਦਾ ਹੈ, ਜਿਸ ਦਾ ਆਪਣਾ ਖ਼ੁਦ ਦੀ ਡਿਜੀਟਲ ਜਾਂ ਇਲੈਕਟ੍ਰੌਨਿਕ ਸੁਵਿਧਾ ਜਾਂ ਇਲੈਕਟ੍ਰੌਨਿਕ ਵਣਜ ਲਈ ਮੰਚ ਹੈ, ਜਿਸ ਦਾ ਉਹ ਸੰਚਾਲਨ ਕਰਦਾ/ਕਰਦੀ ਹੈ ਤੇ ਉਸਦਾ ਪ੍ਰਬੰਧ ਵੇਖਦਾ/ਵੇਖਦੀ ਹੈ।

**ਪ੍ਰਸ਼ਨ 3. ਕੀ ਇੱਕ ਈ-ਕੱਾਮਰਸ ਅੱਾਪਰੇਟਰ ਲਈ ਰਜਿਸਟਰੇਸ਼ਨ ਲੈਣੀ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ?**
ਉੱਤਰ. ਜੀ ਹਾਂ। ਈ-ਕੱਾਮਰਸ ਅੱਾਪਰੇਟਰਜ਼ ਲਈ ਕਿਸੇ ਸੀਮਾ ਤੱਕ ਛੋਟ ਉਪਲਬਧ ਨਹੀਂ ਹੈ ਅਤੇ ਉਹ ਰਜਿਸਟਰੇਸ਼ਨ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ, ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਸਪਲਾਈ ਦੀ ਕੀਮਤ ਭਾਵੇਂ ਕਿੰਨੀ ਵੀ ਕਿਉਂ ਨਾ ਹੋਵੇ।

**ਪ੍ਰਸ਼ਨ 4. ਕੀ ਮਾਲ/ਸੇਵਾਵਾਂ ਦਾ ਇੱਕ ਸਪਲਾਇਰ ਜੋ ਈ-ਕੱਾਮਰਸ ਅੱਾਪਰੇਟਰ ਰਾਹੀਂ ਸਪਲਾਈ ਕਰ ਰਿਹਾ ਹੈ, ਕਿਸੇ ਸੀਮਾ ਤੱਕ ਛੋਟ ਦਾ ਹੱਕਦਾਰ ਹੋਵੇਗਾ?**
ਉੱਤਰ. ਨਹੀਂ। ਅਜਿਹੇ ਸਪਲਾਇਰਜ਼ ਨੂੰ ਕਿਸੇ ਸੀਮਾ ਤੱਕ ਛੋਟ ਉਪਲਬਧ ਨਹੀਂ ਹੈ ਅਤੇ ਉਹ ਰਜਿਸਟਰੇਸ਼ਨ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ, ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਸਪਲਾਈ ਦੀ ਕੀਮਤ ਭਾਵੇਂ ਕਿੰਨੀ ਵੀ ਕਿਉਂ ਨਾ ਹੋਵੇ। ਉਂਝ, ਇਹ ਆਵਸ਼ਕਤਾ ਕੇਵਲ ਤਦ ਹੀ ਲਾਗੂ ਹੁੰਦੀ ਹੈ, ਜੇ ਸਪਲਾਈ ਅਜਿਹੇ ਇਲੈਕਟ੍ਰੌਨਿਕ ਕੱਾਮਰਸ ਅੱਾਪਰੇਟਰ ਰਾਹੀਂ ਕੀਤੀ ਗਈ ਹੋਵੇ, ਜਿਸ ਨੂੰ ਸਰੋਤ ਉੱਤੇ ਟੈਕਸ ਇਕੱਤਰ ਕਰਨ ਦੀ ਜ਼ਰੂਰਤ ਹੁੰਦੀ ਹੈ।

**ਪ੍ਰਸ਼ਨ 5. ਕੀ ਇੱਕ ਈ-ਕੱਾਮਰਸ ਅੱਾਪਰੇਟਰ ਅਸਲ ਸਪਲਾਇਰ ਦੀ ਥਾਂ ਇਸ ਰਾਹੀਂ ਕੀਤੀ ਮਾਲ ਜਾਂ ਸੇਵਾਵਾਂ ਦੀ ਸਪਲਾਈ ਦੇ ਸੰਬੰਧ ਵਿੱਚ ਟੈਕਸ ਅਦਾ ਕਰਨ ਲਈ**

**ਜ਼ਿੰਮੇਵਾਰ ਹੈ?**

ਉੱਤਰ. ਜੀ ਹਾਂ, ਪਰ ਕੇਵਲ ਕੁਝ ਖ਼ਾਸ ਅਧਿਸੂਚਿਤ ਸੇਵਾਵਾਂ ਦੇ ਮਾਮਲੇ ਵਿੱਚ। ਅਜਿਹੇ ਮਾਮਲਿਆਂ ਵਿੱਚ ਇਲੈਕਟ੍ਰੌਨਿਕ ਕੱਮਰਸ ਅੱਪਰੇਟਰ ਵੱਲੋਂ ਟੈਕਸ ਦੀ ਅਦਾਇਗੀ ਕੀਤੀ ਜਾਵੇਗੀ, ਜੇ ਅਜਿਹੀਆਂ ਸੇਵਾਵਾਂ ਦੀ ਸਪਲਾਈ ਇਸ ਰਾਹੀਂ ਕੀਤੀ ਜਾਂਦੀ ਹੈ ਅਤੇ ਕਾਨੂੰਨ ਦੀਆਂ ਸਾਰੀਆਂ ਵਿਵਸਥਾਵਾਂ ਅਜਿਹੇ ਇਲੈਕਟ੍ਰੌਨਿਕ ਕੱਮਰਸ ਅੱਪਰੇਟਰ ਉੱਤੇ ਲਾਗੂ ਹੋਣਗੀਆਂ, ਜਿਵੇਂ ਉਹ ਵਿਅਕਤੀ ਅਜਿਹੀਆਂ ਸੇਵਾਵਾਂ ਦੀ ਸਪਲਾਈ ਦੇ ਸਬੰਧ ਵਿੱਚ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।

**ਪ੍ਰਸ਼ਨ 6. ਕੀ ਇੱਕ ਨਿਸ਼ਚਤ ਸੀਮਾ ਤੱਕ ਛੋਟ ਇਲੈਕਟ੍ਰੌਨਿਕ ਕੱਮਰਸ ਅੱਪਰੇਟਰਜ਼ ਲਈ ਉਪਲਬਧ ਹੋਵੇਗੀ, ਜੋ ਅਧਿਸੂਚਿਤ ਸੇਵਾਵਾਂ ਉੱਤੇ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹਨ?**

ਉੱਤਰ. ਜੀ ਨਹੀਂ। ਨਿਸ਼ਚਤ ਸੀਮਾ ਤੱਕ ਛੋਟ ਈ-ਕੱਮਰਸ ਅੱਪਰੇਟਰਾਂ ਲਈ ਉਪਲਬਧ ਨਹੀਂ ਹੈ, ਜਿਨ੍ਹਾਂ ਨੇ ਉਨ੍ਹਾਂ ਰਾਹੀਂ ਪ੍ਰਦਾਨ ਹੋਈਆਂ ਅਧਿਸੂਚਿਤ ਸੇਵਾਵਾਂ ਉੱਤੇ ਟੈਕਸ ਅਦਾ ਕਰਨ ਦੀ ਲੋੜ ਹੈ।

**ਪ੍ਰਸ਼ਨ 7. 'ਟੈਕਸ ਕੁਲੈਕਸ਼ਨ ਐਟ ਸੋਰਸ' (ਟੀ.ਸੀ.ਐਸ. - ਸਰੋਤ ਉੱਤੇ ਟੈਕਸ ਇਕੱਤਰੀਕਰਨ) ਕੀ ਹੈ?**

ਉੱਤਰ. ਈ-ਕੱਮਰਸ ਅੱਪਰੇਟਰ ਨੂੰ ਅਜਿਹੇ ਅੱਪਰੇਟਰ ਰਾਹੀਂ ਹੋਈਆਂ ਮਾਲ ਤੇ/ਜਾਂ ਸੇਵਾਵਾਂ ਦੀ ਸਪਲਾਈਜ਼ ਦੇ ਸਬੰਧ ਵਿੱਚ ਮਾਲ ਜਾਂ ਸੇਵਾਵਾਂ ਦੇ ਅਸਲ ਸਪਲਾਇਰ ਨੂੰ ਅਦਾ ਕੀਤੀ ਜਾਂ ਅਦਾਇਗੀਯੋਗ ਰਕਮ ਵਿੱਚੋਂ ਟੈਕਸਯੋਗ ਸਪਲਾਈਜ਼ ਦੀ ਸ਼ੁੱਧ ਕੀਮਤ ਦੇ ਵੱਧ ਤੋਂ ਵੱਧ ਇੱਕ ਫ਼ੀ ਸਦੀ ਦੀ ਦਰ ਨਾਲ ਇੱਕ ਰਾਸ਼ੀ ਨੂੰ ਇਕੱਤਰ (ਭਾਵ ਕਟੌਤੀ ਕਰਨੀ) ਕਰਨਾ ਹੋਵੇਗਾ। ਇੰਝ ਕਟੌਤੀ/ਇਕੱਤਰ ਕੀਤੀ ਗਈ ਰਕਮ ਨੂੰ 'ਟੈਕਸ ਕੁਲੈਕਸ਼ਨ ਐਟ ਸੋਰਸ' (ਟੀ.ਸੀ.ਐਸ.) ਕਿਹਾ ਜਾਂਦਾ ਹੈ।

**ਪ੍ਰਸ਼ਨ 8. ਇਹ ਬਹੁਤ ਆਮ ਗੱਲ ਹੈ ਕਿ ਈ-ਕਾਮਰਸ ਕੰਪਨੀਆਂ ਦੇ ਗਾਹਕ ਮਾਲ ਜਾਂ ਵਸਤਾਂ ਵਾਪਸ ਕਰਦੇ ਹਨ। ਇਹ ਵਾਪਸੀਆਂ ਕਿਵੇਂ ਐਡਜਸਟ ਕੀਤੀਆਂ ਜਾਂਦੀਆਂ ਹਨ?**

ਉੱਤਰ. ਇੱਕ ਈ-ਕੱਮਰਸ ਕੰਪਨੀ ਨੂੰ ਕੇਵਲ ਟੈਕਸਯੋਗ ਸਪਲਾਈਜ਼ ਦੀ ਸ਼ੁੱਧ

ਕੀਮਤ ਉੱਤੇ ਟੈਕਸ ਇਕੱਠਾ ਕਰਨ ਦੀ ਜ਼ਰੂਰਤ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਵਾਪਸ ਆਉਣ ਵਾਲੀਆਂ ਸਪਲਾਈਜ਼ ਦੀ ਕੀਮਤ ਨੂੰ ਟੈਕਸਯੋਗ ਸਪਲਾਈਜ਼ ਦੀ ਕੁੱਲ ਕੀਮਤ ਵਿੱਚ ਐਡਜਸਟ ਕੀਤਾ ਜਾਂਦਾ ਹੈ।

**ਪ੍ਰਸ਼ਨ 9. "ਟੈਕਸਯੋਗ ਸਪਲਾਈਜ਼ ਦੀ ਸ਼ੁੱਧ ਕੀਮਤ" ਦਾ ਕੀ ਅਰਥ ਹੈ?**

ਉੱਤਰ. "ਟੈਕਸਯੋਗ ਸਪਲਾਈਜ਼ ਦੀ ਸ਼ੁੱਧ ਕੀਮਤ" ਦਾ ਅਰਥ ਹੈ ਕਿਸੇ ਮਹੀਨੇ ਦੌਰਾਨ ਵਸਤਾਂ/ਮਾਲ ਜਾਂ ਸੇਵਾਵਾਂ ਜਾਂ ਦੋਵਾਂ (ਉਨ੍ਹਾਂ ਸੇਵਾਵਾਂ ਤੋਂ ਇਲਾਵਾ ਜਿਨ੍ਹਾਂ ਉੱਤੇ ਈ-ਕੱਮਰਸ ਅੱਪਰੇਟਰ ਨੇ ਸਮੁੱਚਾ ਟੈਕਸ ਦੇਣਾ ਹੁੰਦਾ ਹੈ) ਦੀਆਂ ਟੈਕਸਯੋਗ ਸਪਲਾਈਜ਼ ਦੀ ਕੁੱਲ ਕੀਮਤ ਉੱਤੇ ਅਜਿਹੇ ਅੱਪਰੇਟਰ ਰਾਹੀਂ ਸਾਰੇ ਰਜਿਸਟਰਡ ਵਿਅਕਤੀਆਂ ਵੱਲੋਂ ਦਿੱਤੀ ਜਾਂਦੀ ਹੈ ਅਤੇ ਜਿਸ ਵਿੱਚੋਂ ਵਰਣਿਤ ਮਹੀਨੇ ਦੌਰਾਨ ਸਪਲਾਇਰਜ਼ ਕੋਲ ਵਾਪਸ ਆਈਆਂ ਟੈਕਸਯੋਗ ਸਪਲਾਈਜ਼ ਦੀ ਕੁੱਲ ਕੀਮਤ ਘਟਾਈ ਜਾਂਦੀ ਹੈ।

**ਪ੍ਰਸ਼ਨ 10. ਕੀ ਹਰੇਕ ਈ-ਕੱਮਰਸ ਅੱਪਰੇਟਰ ਨੂੰ ਅਸਲ ਸਪਲਾਇਰ ਦੀ ਤਰਫ਼ੋਂ ਟੈਕਸ ਇਕੱਠਾ ਕਰਨ ਦੀ ਆਵਸ਼ੱਕਤਾ ਹੁੰਦੀ ਹੈ?**

ਉੱਤਰ. 'ਜੀ ਹਾਂ, ਹਰੇਕ ਈ-ਕੱਮਰਸ ਅੱਪਰੇਟਰ ਨੂੰ ਟੈਕਸ ਇਕੱਤਰ ਕਰਨ ਦੀ ਆਵਸ਼ੱਕਤਾ ਹੁੰਦੀ ਹੈ, ਜਿੱਥੇ ਈ-ਕੱਮਰਸ ਅੱਪਰੇਟਰ ਵੱਲੋਂ ਸਪਲਾਈ ਇਕੱਤਰ ਕੀਤੀ ਜਾਂਦੀ ਹੈ।

**ਪ੍ਰਸ਼ਨ 11. ਈ-ਕੱਮਰਸ ਅੱਪਰੇਟਰ ਨੂੰ ਕਿਸ ਸਮੇਂ ਅਜਿਹੀ ਕੁਲੈਕਸ਼ਨ ਕਰਨੀ ਚਾਹੀਦੀ ਹੈ?**

ਉੱਤਰ. ਈ-ਕੱਮਰਸ ਅੱਪਰੇਟਰ ਨੂੰ ਉਸ ਮਹੀਨੇ ਦੌਰਾਨ ਕੁਲੈਕਸ਼ਨ ਕਰਨੀ ਚਾਹੀਦੀ ਹੈ, ਜਿਸ ਵਿੱਚ ਸਪਲਾਈ ਕੀਤੀ ਗਈ ਸੀ।

**ਪ੍ਰਸ਼ਨ 12. ਕਿੰਨੇ ਸਮੇਂ ਅੰਦਰ ਈ-ਕੱਮਰਸ ਅੱਪਰੇਟਰ ਨੂੰ ਅਜਿਹਾ ਟੀ.ਸੀ.ਐਸ. ਸਰਕਾਰ ਦੇ ਖਾਤੇ ਵਿੱਚ ਜਮ੍ਹਾ ਕਰਵਾਉਣਾ ਹੋਵੇਗਾ?**

ਉੱਤਰ. ਅੱਪਰੇਟਰ ਵੱਲੋਂ ਇਕੱਠੀ ਕੀਤੀ ਗਈ ਰਕਮ ਵਾਜਬ ਸਰਕਾਰੀ ਖਾਤੇ ਵਿੱਚ ਉਸ ਮਹੀਨੇ ਦੇ ਅੰਤ ਤੋਂ ਬਾਅਦ 10 ਦਿਨਾਂ ਅੰਦਰ ਜਮ੍ਹਾ ਕਰਵਾਉਣੀ ਹੋਵੇਗੀ, ਜਿਸ ਵਿੱਚ ਇਸ ਨੂੰ ਇਕੱਤਰ ਕੀਤਾ ਗਿਆ ਸੀ।

**ਪ੍ਰਸ਼ਨ 13. ਅਸਲ ਸਪਲਾਇਰਜ਼ ਇਸ ਟੀ.ਸੀ.ਐਸ. ਦਾ ਕ੍ਰੈਡਿਟ ਕਿਵੇਂ ਕਲੇਮ ਕਰ**

**ਸਕਦੇ ਹਨ?**

ਉੱਤਰ. ਟੀ.ਸੀ.ਐਸ. ਦੀ ਰਾਸ਼ੀ ਜੋ ਆੱਪਰੇਟਰ ਵੱਲੋਂ ਵਾਜਬ ਸਰਕਾਰ ਕੋਲ ਜਮ੍ਹਾ ਕਰਵਾਈ ਗਈ ਹੈ, ਉਹ ਆੱਪਰੇਟਰ ਵੱਲੋਂ ਫ਼ਾਇਲ ਕੀਤੀ ਸਟੇਟਮੈਂਟ ਦੇ ਆਧਾਰ ਉੱਤੇ ਅਸਲ ਰਜਿਸਟਰਡ ਸਪਲਾਇਰ (ਜਿਸ ਦੇ ਖਾਤੇ ਵਿੱਚ ਅਜਿਹੀ ਕੁਲੈਕਸ਼ਨ ਕੀਤੀ ਗਈ ਹੈ) ਦੇ ਕੈਸ਼ ਲੈਜਰ ਵਿੱਚ ਪ੍ਰਤੀਬਿੰਬਤ ਹੋਵੇਗਾ। ਉਸ ਦੀ ਵਰਤੋਂ ਅਸਲ ਸਪਲਾਇਰ ਵੱਲੋਂ ਸਪਲਾਈ ਦੇ ਸਬੰਧ ਵਿੱਚ ਟੈਕਸ ਦੇਣਦਾਰੀ ਅਦਾ ਕਰਨ ਸਮੇਂ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 14. ਕੀ ਈ-ਕੱਮਰਸ ਆੱਪਰੇਟਰ ਲਈ ਸਰਕਾਰ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ? ਸਟੇਟਮੈਂਟ ਵਿੱਚ ਕਿਹੜੇ ਵੇਰਵੇ ਦੇਣ ਦੀ ਜ਼ਰੂਰਤ ਹੁੰਦੀ ਹੈ?**

ਉੱਤਰ. ਜੀ ਹਾਂ, ਹਰੇਕ ਆੱਪਰੇਟਰ ਨੂੰ ਇੱਕ ਸਟੇਟਮੈਂਟ ਇਲੈਕਟ੍ਰੌਨਿਕ ਤੌਰ ਉੱਤੇ ਜਮ੍ਹਾ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ, ਜਿਸ ਵਿੱਚ ਉਸ ਰਾਹੀਂ ਮਾਲ ਜਾਂ ਸੇਵਾਵਾਂ ਦੀਆਂ ਬਾਹਰ ਕੀਤੀਆਂ ਗਈਆਂ ਸਪਲਾਈਜ਼ ਦੇ ਵੇਰਵੇ ਦਰਜ ਹੋਣ ਅਤੇ ਉਸ ਵਿੱਚ ਵਾਪਸ ਆਏ ਮਾਲ ਜਾਂ ਸੇਵਾਵਾਂ ਦੀ ਸਪਲਾਈਜ਼ ਦੇ ਨਾਲ-ਨਾਲ ਇੱਕ ਮਹੀਨੇ ਦੌਰਾਨ ਟੀ.ਸੀ.ਐੱਸ. ਵਜੋਂ ਇਕੱਤਰ ਕੀਤੀ ਰਾਸ਼ੀ ਦੇ ਵੇਰਵੇ ਵੀ ਹੋਣੇ ਚਾਹੀਦੇ ਹਨ। ਆੱਪਰੇਟਰ ਨੇ ਉਸ ਵਿੱਤੀ ਸਾਲ ਦੇ ਅੰਤ ਤੋਂ ਬਾਅਦ 31 ਦਸੰਬਰ ਤੱਕ ਸਾਲਾਨਾ ਸਟੇਟਮੈਂਟ ਫ਼ਾਇਲ ਕਰਨੀ ਹੁੰਦੀ ਹੈ, ਜਿਸ ਵਿੱਚ ਟੈਕਸ ਇਕੱਤਰ ਕੀਤਾ ਗਿਆ ਸੀ।

**ਪ੍ਰਸ਼ਨ 15. ਈ-ਕੱਮਰਸ ਵਿਵਸਥਾਵਾਂ ਵਿੱਚ ਮੈਚਿੰਗ (ਮੇਲਣ) ਦੀ ਧਾਰਨਾ ਕੀ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ?**

ਉੱਤਰ. ਸਪਲਾਈਜ਼ ਦੇ ਵੇਰਵੇ ਅਤੇ ਇੱਕ ਕੈਲੰਡਰ ਮਹੀਨੇ ਦੌਰਾਨ ਇਕੱਠੀ ਕੀਤੀ ਰਕਮ, ਅਤੇ ਹਰੇਕ ਆੱਪਰੇਟਰ ਵੱਲੋਂ ਆਪਣੀ ਸਟੇਟਮੈਂਟ ਵਿੱਚ ਦਿੱਤੀ ਗਈ ਜਾਣਕਾਰੀ ਨੂੰ ਸਬੰਧਤ ਸਪਲਾਇਰ ਵੱਲੋਂ ਉਸੇ ਕੈਲੰਡਰ ਮਹੀਨੇ ਜਾਂ ਪਿਛਲੇ ਮਹੀਨੇ ਫ਼ਾਇਲ ਕੀਤੀ ਆਪਣੀ ਵੈਧ ਰਿਟਰਨ ਵਿੱਚ ਦਿੱਤੇ ਬਾਹਰ ਕੀਤੀਆਂ ਸਪਲਾਈਜ਼ ਦੇ ਵੇਰਵਿਆਂ ਨਾਲ ਮੇਲ (ਮੈਚ ਕਰ) ਕੇ ਵੇਖਿਆ ਜਾਵੇਗਾ। ਜਿੱਥੇ ਬਾਹਰ ਕੀਤੀ ਸਪਲਾਈ ਦੇ ਵੇਰਵੇ, ਜਿਨ੍ਹਾਂ ਉੱਤੇ ਟੈਕਸ ਇਕੱਠਾ ਕੀਤਾ ਗਿਆ ਹੈ, ਜਿਵੇਂ ਕਿ ਆੱਪਰੇਟਰ ਨੇ ਆਪਣੀ ਸਟੇਟਮੈਂਟ ਵਿੱਚ ਐਲਾਨ ਕੀਤਾ ਹੈ, ਸਪਲਾਇਰ ਵੱਲੋਂ ਐਲਾਨੇ ਵੇਰਵਿਆਂ ਨਾਲ ਮੇਲ ਨਹੀਂ ਖਾਂਦੇ, ਤਾਂ ਅਜਿਹੀ ਗ਼ਲਤੀ ਬਾਰੇ ਦੋਵੇਂ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਵੇਗਾ।

**ਪ੍ਰਸ਼ਨ 16. ਕੀ ਵਾਪਰੇਗਾ, ਜੇ ਵੇਰਵੇ ਆਪਸ ਵਿੱਚ ਮੇਲ ਨਹੀਂ ਖਾਂਦੇ?**

ਉੱਤਰ. ਕਿਸੇ ਭੁਗਤਾਨ ਨਾਲ ਸਬੰਧਤ ਕਿਸੇ ਸਪਲਾਈ ਦੀ ਕੀਮਤ, ਜਿਸ ਬਾਰੇ ਗ਼ਲਤੀ ਸੂਚਿਤ ਕੀਤੀ ਗਈ ਹੈ ਅਤੇ ਸਪਲਾਇਰ ਨੇ ਉਸ ਨੂੰ ਉਸ ਮਹੀਨੇ ਦੀ ਆਪਣੀ ਵੈਧ ਰਿਟਰਨ ਵਿੱਚ ਸੋਧਿਆ ਨਹੀਂ ਹੈ, ਜਿਸ ਬਾਰੇ ਗ਼ਲਤੀ ਸੂਚਿਤ ਕੀਤੀ ਗਈ ਸੀ; ਤਦ ਉਸ ਨੂੰ ਉਸ ਵਰਣਿਤ ਸਪਲਾਇਰ ਦੇ ਉਸ ਗ਼ਲਤੀ ਵਾਲੇ ਮਹੀਨੇ ਤੋਂ ਅਗਲੇ ਕੈਲੰਡਰ ਮਹੀਨੇ ਦੀ ਉਤਪਾਦਨ ਦੇਣਦਾਰੀ ਵਿੱਚ ਸ਼ਾਮਲ ਕਰ ਦਿੱਤਾ ਜਾਵੇਗਾ। ਸਬੰਧਤ ਸਪਲਾਇਰ, ਜਿਸ ਦੀ ਉਤਪਾਦਨ ਟੈਕਸ ਦੇਣਦਾਰੀ ਵਿੱਚ ਕੋਈ ਰਕਮ ਜੋੜੀ ਗਈ ਹੈ, ਉਹ ਅਜਿਹੀ ਸਪਲਾਈ ਦੇ ਸਬੰਧ ਵਿੱਚ ਭੁਗਤਾਨਯੋਗ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ ਸਮੇਤ ਵਿਆਜ, ਜਿਸ ਦੀ ਦਰ ਵਰਣਿਤ ਕੀਤੀ ਗਈ ਹੈ, ਜੋ ਜੋੜੀ ਗਈ ਰਾਸ਼ੀ ਉੱਤੇ ਹੋਵੇਗਾ ਅਤੇ ਅਜਿਹਾ ਟੈਕਸ ਉਸ ਦੇ ਭੁਗਤਾਨ ਦੀ ਮਿਤੀ ਤੱਕ ਬਕਾਇਆ ਬਣਿਆ ਰਹੇਗਾ।

**ਪ੍ਰਸ਼ਨ 17. ਕੀ ਟੈਕਸ ਅਧਿਕਾਰੀਆਂ ਕੋਲ ਕੋਈ ਵਧੀਕ ਸ਼ਕਤੀਆਂ ਉਪਲਬਧ ਹਨ?**

ਉੱਤਰ. ਘੱਟੋ-ਘੱਟ ਡਿਪਟੀ ਕਮਿਸ਼ਨਰ ਦਰਜੇ ਦਾ ਅਧਿਕਾਰੀ ਇਲੈਕਟ੍ਰੌਨਿਕ ਅੱਪਰੇਟਰ ਨੂੰ ਵਿਸ਼ੇਸ਼ ਵੇਰਵੇ ਪੇਸ਼ ਕਰਨ ਲਈ ਇੱਕ ਨੋਟਿਸ ਜਾਰੀ ਕਰ ਸਕਦਾ ਹੈ, ਜਿਸ ਦਾ ਜਵਾਬ ਉਸ ਨੇ ਅਜਿਹਾ ਨੋਟਿਸ ਮਿਲਣ ਦੀ ਮਿਤੀ ਤੋਂ 15 ਕੰਮਕਾਜੀ ਦਿਨਾਂ ਦੇ ਸਮੇਂ ਅੰਦਰ ਜਮ੍ਹਾ ਕਰਵਾਉਣਾ ਹੁੰਦਾ ਹੈ।

# ਜੌਬ-ਵਰਕ

# ਜੌਬ-ਵਰਕ

**ਪ੍ਰਸ਼ਨ 1. ਜੌਬ-ਵਰਕ ਕੀ ਹੈ?**

ਉੱਤਰ. 'ਜੌਬ–ਵਰਕ' ਦਾ ਅਰਥ ਹੈ ਕਿਸੇ ਹੋਰ ਰਜਿਸਟਰਡ ਟੈਕਸਯੋਗ ਵਿਅਕਤੀ ਨਾਲ ਸਬੰਧਤ ਮਾਲ ਦੀ ਪ੍ਰਕਿਰਿਆ 'ਜਾਂ ਕੋਈ ਵਿਵਹਾਰ ਇੱਕ ਵਿਅਕਤੀ ਵੱਲੋਂ ਕਿਸੇ ਹੋਰ ਰਜਿਸਟਰਡ ਟੈਕਸਯੋਗ ਵਿਅਕਤੀ ਨੂੰ ਕੀਤਾ ਜਾਂਦਾ ਹੈ। ਜੋ ਵਿਅਕਤੀ ਦੂਜੇ ਵਿਅਕਤੀ ਨੂੰ ਵਸਤਾਂ ਜਾਂ ਮਾਲ ਦੇਣ ਦੀ ਪ੍ਰਕਿਰਿਆ ਕਰਦਾ ਹੈ ਜਾਂ ਅਜਿਹਾ ਵਿਵਹਾਰ ਕਰਦਾ ਹੈ, ਉਸ ਨੂੰ 'ਜੌਬ ਵਰਕਰ' ਕਿਹਾ ਜਾਂਦਾ ਹੈ ਅਤੇ ਉਹ ਵਿਅਕਤੀ, ਜਿਸ ਦੀਆਂ ਵਸਤਾਂ ਹੁੰਦੀਆਂ ਹਨ, ਉਸ ਨੂੰ 'ਪ੍ਰਿੰਸੀਪਲ' ਕਿਹਾ ਜਾਂਦਾ ਹੈ।

ਇਹ ਪਰਿਭਾਸ਼ਾ ਉਸ ਪਰਿਭਾਸ਼ਾ ਨਾਲੋਂ ਵਧੇਰੇ ਵਿਆਪਕ ਹੈ, ਜਿਹੜੀ ਨੋਟੀਫ਼ਿਕੇਸ਼ਨ ਨੰਬਰ 214/86 – ਸੀ.ਈ. ਮਿਤੀ 23 ਮਾਰਚ, 1986 ਵਿੱਚ ਸੋਧ ਕੇ ਦਿੱਤੀ ਗਈ ਹੈ, ਜਿਸ ਵਿੱਚ ਜੌਬ–ਵਰਕ ਨੂੰ ਇਸ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜੌਬ–ਵਰਕ ਦੀ ਗਤੀਵਿਧੀ ਜ਼ਰੂਰ ਹੀ ਨਿਰਮਾਣ ਨਾਲ ਸਬੰਧਤ ਹੋ ਸਕੇ। ਇਸ ਪ੍ਰਕਾਰ ਜੌਬ–ਵਰਕ ਦੀ ਪਰਿਭਾਸ਼ਾ ਆਪਣੇ ਹੀ ਪ੍ਰਸਤਾਵਿਤ ਜੀ.ਐਸ.ਟੀ. ਸ਼ਾਸਨ ਵਿੱਚ ਜੌਬ–ਵਰਕ ਨਾਲ ਸਬੰਧਤ ਟੈਕਸੇਸ਼ਨ (ਕਰਾਧਾਨ) ਦੀ ਬੁਨਿਆਦੀ ਯੋਜਨਾ ਵਿੱਚ ਤਬਦੀਲੀ ਨੂੰ ਪ੍ਰਤੀਬਿੰਬਤ ਕਰਦੀ ਹੈ।

**ਪ੍ਰਸ਼ਨ 2. ਕੀ ਕਿਸੇ ਟੈਕਸਯੋਗ ਵਿਅਕਤੀ ਵੱਲੋਂ ਇੱਕ ਜੌਬ-ਵਰਕਰ ਨੂੰ ਭੇਜੀਆਂ ਗਈਆਂ ਵਸਤਾਂ ਜਾਂ ਮਾਲ ਨੂੰ ਸਪਲਾਈ ਮੰਨਿਆ ਜਾਵੇਗਾ ਅਤੇ ਉਸ ਲਈ ਜੀ.ਐਸ.ਟੀ. ਦੀ ਜ਼ਿੰਮੇਵਾਰੀ ਬਣੇਗਾ? ਕਿਉਂ?**

ਉੱਤਰ. ਇਸ ਨੂੰ ਸਪਲਾਈ ਮੰਨਿਆ ਜਾਵੇਗਾ ਕਿਉਂਕਿ ਸਪਲਾਈ ਵਿੱਚ ਹਰ ਪ੍ਰਕਾਰ ਦੀ ਸਪਲਾਈ ਸ਼ਾਮਲ ਹੁੰਦੀ ਹੈ, ਜਿਵੇਂ ਕਿ ਵਿਕਰੀ, ਟ੍ਰਾਂਸਫ਼ਰ ਆਦਿ। ਫਿਰ ਵੀ, ਰਜਿਸਟਰਡ ਟੈਕਸਯੋਗ ਵਿਅਕਤੀ (ਪ੍ਰਿੰਸੀਪਲ), ਸੂਚਨਾ ਅਧੀਨ ਅਤੇ ਅਜਿਹੀਆਂ ਸ਼ਰਤਾਂ ਦੇ ਆਧਾਰ ਉੱਤੇ, ਜੋ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ, ਕੋਈ ਇਨਪੁਟਸ ਅਤੇ/ਜਾਂ ਪੂੰਜੀ ਵਸਤਾਂ; ਟੈਕਸ ਦਾ ਭੁਗਤਾਨ ਕੀਤੇ ਬਿਨਾ ਇੱਥ ਜੌਬ ਵਰਕਰ ਨੂੰ ਜੌਬ ਵਰਕ ਲਈ ਭੇਜੇਗਾ ਅਤੇ ਉੱਥੋਂ ਬਾਅਦ ਵਿੱਚ

ਕਿਸੇ ਹੋਰ ਜੌਬ ਵਰਕਰ(ਾਂ) ਨੂੰ ਭੇਜੇਗਾ ਅਤੇ ਜੌਬ ਵਰਕ ਮੁਕੰਮਲ ਹੋਣ ਤੋਂ ਬਾਅਦ ਅਜਿਹੀਆਂ ਇਨਪੁਟਸ/ਪੂੰਜੀ ਵਸਤਾਂ ਵਾਪਸ ਲਿਆਵੇਗਾ ਜਾਂ ਦੂਜੀ ਤਰ੍ਹਾਂ ਅਜਿਹੀਆਂ ਵਸਤਾਂ ਜਾਂ ਅਜਿਹੀਆਂ ਇਨਪੁਟਸ/ਪੂੰਜੀ ਵਸਤਾਂ ਭੇਜੇ ਜਾਣ ਦੇ 1 ਸਾਲ/3 ਸਾਲਾਂ ਦੇ ਅੰਦਰ ਭਾਰਤ ਅੰਦਰ ਟੈਕਸ ਭੁਗਤਾਨ ਉੱਤੇ ਜਾਂ ਬਰਾਮਦ ਲਈ ਟੈਕਸ ਭੁਗਤਾਨ ਤੋਂ ਬਿਨਾ ਕਿਸੇ ਜੌਬ ਵਰਕਰ ਦੇ ਵਪਾਰਕ ਸਥਾਨ ਤੋਂ ਵਾਪਸ ਲਿਆਵੇਗਾ।

**ਪ੍ਰਸ਼ਨ 3. ਕੀ ਇੱਕ ਜੌਬ-ਵਰਕਰ ਨੂੰ ਰਜਿਸਟਰੇਸ਼ਨ ਲੈਣ ਦੀ ਜ਼ਰੂਰਤ ਹੈ?**

ਉੱਤਰ. ਜੀ ਹਾਂ, ਇੱਕ ਜੌਬ–ਵਰਕਰ ਸੇਵਾਵਾਂ ਦਾ ਸਪਲਾਇਰ ਹੋਵੇਗਾ, ਉਸ ਨੂੰ ਰਜਿਸਟਰੇਸ਼ਨ ਲੈਣ ਦੀ ਜ਼ਰੂਰਤ ਹੋਵੇਗੀ, ਜੇ ਉਸ ਦੀ ਕੁੱਲ ਟਰਨਓਵਰ ਨਿਰਧਾਰਤ ਸੀਮਾ ਨੂੰ ਪਾਰ ਕਰਦੀ ਹੈ।

**ਪ੍ਰਸ਼ਨ 4. ਕੀ ਜੌਬ-ਵਰਕਰ ਦੇ ਸਥਾਨ ਤੋਂ ਪ੍ਰਿੰਸੀਪਲ ਦਾ ਮਾਲ (ਵਸਤਾਂ) ਸਿੱਧਾ ਸਪਲਾਈ ਕੀਤੇ ਜਾਣ ਨਾਲ ਉਸ (ਉਨ੍ਹਾਂ) ਨੂੰ ਜੌਬ-ਵਰਕਰ ਦੀ ਕੁੱਲ ਟਰਨਓਵਰ ਵਿੱਚ ਸ਼ਾਮਲ ਕੀਤਾ ਜਾਵੇਗਾ?**

ਉੱਤਰ. ਨਹੀਂ। ਇਸ ਨੂੰ ਪ੍ਰਿੰਸੀਪਲ ਦੀ ਕੁੱਲ ਟਰਨਓਵਰ ਵਿੱਚ ਸ਼ਾਮਲ ਕੀਤਾ ਜਾਵੇਗਾ। ਉਂਞ, ਜੌਬ ਵਰਕਰ ਵੱਲੋਂ ਉਹ ਜੌਬ ਵਰਕ ਕਰਨ ਲਈ ਵਰਤੇ ਮਾਲ ਜਾਂ ਸੇਵਾਵਾਂ ਦੀ ਕੀਮਤ ਨੂੰ ਜੌਬ ਵਰਕਰ ਵੱਲੋਂ ਸਪਲਾਈ ਕੀਤੀਆਂ ਸੇਵਾਵਾਂ ਦੀ ਕੀਮਤ ਵਿੱਚ ਸ਼ਾਮਲ ਕੀਤਾ ਜਾਵੇਗਾ।

**ਪ੍ਰਸ਼ਨ 5. ਕੀ ਪ੍ਰਿੰਸੀਪਲ ਮਾਲ ਨੂੰ ਜੌਬ-ਵਰਕਰ ਦੇ ਸਥਾਨ ਤੋਂ ਆਪਣੇ ਖ਼ੁਦ ਦੇ ਸਥਾਨ ਉੱਤੇ ਵਾਪਸ ਲਿਆਏ ਬਿਨਾ ਸਿੱਧਾ ਸਪਲਾਈ ਕਰ ਸਕਦਾ ਹੈ?**

ਉੱਤਰ. ਜੀ ਹਾਂ, ਪ੍ਰਿੰਸੀਪਲ ਨੂੰ ਅਜਿਹਾ ਕਰਨ ਦੀ ਇਜਾਜ਼ਤ ਹੈ। ਇਨਪੁਟਸ ਜਾਂ ਪੂੰਜੀ ਵਸਤਾਂ ਉੱਤੇ ਅਦਾ ਕੀਤੇ ਟੈਕਸ ਦਾ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਵੀ ਪ੍ਰਿੰਸੀਪਲ ਅਜਿਹੇ ਦ੍ਰਿਸ਼ ਵਿੱਚ ਲੈ ਸਕਦਾ ਹੈ। ਇਨਪੁਟਸ ਜਾਂ ਪੂੰਜੀ ਵਸਤਾਂ ਜ਼ਰੂਰ ਹੀ ਇੱਥ ਸਾਲ ਜਾਂ ਤਿੰਨ ਸਾਲਾਂ ਦੇ ਸਮੇਂ ਅੰਦਰ ਜ਼ਰੂਰ ਵਾਪਸ ਲੈਣੀਆਂ ਹੋਣਗੀਆਂ, ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਅਸਲ ਲੈਣ–ਦੇਣ ਨੂੰ ਸਪਲਾਈ ਮੰਨਿਆ ਜਾਵੇਗਾ ਅਤੇ ਪ੍ਰਿੰਸੀਪਲ ਨੂੰ ਉਸੇ ਹਿਸਾਬ ਨਾਲ ਟੈਕਸ ਅਦਾ ਕਰਨਾ ਹੋਵੇਗਾ।

**ਪ੍ਰਸ਼ਨ 6. ਕੀ ਪ੍ਰਿੰਸੀਪਲ ਵਸਤਾਂ ਦੀ ਸਪਲਾਈ ਸਿੱਧੀ ਜੌਬ ਵਰਕਰ ਦੇ ਪਰਿਸਰ ਤੋਂ ਬਿਨਾ ਆਪਣੇ ਪਰਿਸਰ ਵਿੱਚ ਵਾਪਸ ਲਿਆਂਦਿਆਂ ਕਰ ਸਕਦਾ ਹੈ।**

ਉੱਤਰ. ਜੀ ਹਾਂ। ਪਰ ਪ੍ਰਿੰਸੀਪਲ ਨੇ ਇੱਕ ਅਣਰਜਿਸਟਰਡ ਜੌਬ ਵਰਕਰ ਦੇ ਪਰਿਸਰ ਨੂੰ ਆਪਣੇ ਕਾਰੋਬਾਰ ਦਾ ਵਧੀਕ ਸਥਾਨ ਐਲਾਨਿਆ ਹੋਣਾ ਚਾਹੀਦਾ ਹੈ। ਜੇ ਜੌਬ ਵਰਕਰ ਇੱਕ ਰਜਿਸਟਰਡ ਵਿਅਕਤੀ ਹੈ, ਤਦ ਮਾਲ ਦੀ ਸਪਲਾਈ ਸਿੱਧੇ ਜੌਬ ਵਰਕਰ ਦੇ ਪਰਿਸਰ ਤੋਂ ਕੀਤੀ ਜਾ ਸਕਦੀ ਹੈ। ਕਮਿਸ਼ਨਰ ਵੀ ਅਜਿਹੇ ਮਾਲ ਨੂੰ ਅਧਿਸੂਚਿਤ ਕਰ ਸਕਦਾ ਹੈ, ਜਿਸ ਵਿੱਚ ਜੌਬ ਵਰਕ ਲਈ ਭੇਜਿਆ ਮਾਲ ਸਿੱਧਾ ਜੌਬ ਵਰਕਰ ਦੇ ਪਰਿਸਰ ਤੋਂ ਸਿੱਧਾ ਸਪਲਾਈ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 7. ਕਿਹੜੇ ਹਾਲਾਤ ਵਿੱਚ ਕੀ ਪ੍ਰਿੰਸੀਪਲ; ਜੌਬ ਵਰਕਰ ਦੇ ਪਰਿਸਰ ਨੂੰ ਆਪਣੇ ਕਾਰੋਬਾਰ ਦਾ ਵਧੀਕ ਸਥਾਨ ਐਲਾਨੇ ਬਗ਼ੈਰ ਸਿੱਧਾ ਜੌਬ ਵਰਕਰ ਦੇ ਪਰਿਸਰ ਤੋਂ ਮਾਲ ਦੀ ਸਪਲਾਈ ਕਰ ਸਕਦਾ ਹੈ**

ਉੱਤਰ. ਮਾਲ ਦੀ ਸਪਲਾਈ ਸਿੱਧੀ ਜੌਬ ਵਰਕਰ ਦੇ ਸਥਾਨ ਤੋਂ ਉਸ ਨੂੰ ਕਾਰੋਬਾਰ ਦਾ ਵਧੀਕ ਸਥਾਨ ਐਲਾਨੇ ਬਗ਼ੈਰ ਵੀ ਦੋ ਪਰਿਸਥਿਤੀਆਂ ਵਿੱਚ ਕੀਤੀ ਜਾ ਸਕਦੀ ਹੈ; ਜਿੱਥੇ ਜੌਬ ਵਰਕਰ ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਹੈ ਜਾਂ ਜਿੱਥੇ ਪ੍ਰਿੰਸੀਪਲ ਕਿਸੇ ਅਜਿਹੀਆਂ ਵਸਤਾਂ ਜਾਂ ਮਾਲ ਦੀ ਸਪਲਾਈ ਵਿੱਚ ਸ਼ਾਮਲ ਹੈ, ਜਿਹੜੀਆਂ ਕਮਿਸ਼ਨਰ ਵੱਲੋਂ ਅਧਿਸੂਚਿਤ ਕੀਤੀਆਂ ਗਈਆਂ ਹੋ ਸਕਦੀਆਂ ਹਨ।

**ਪ੍ਰਸ਼ਨ 8. ਇੱਕ ਜੌਬ-ਵਰਕਰ ਨੂੰ ਭੇਜੇ ਇਨਪੁਟਸ/ਪੂੰਜੀ ਵਸਤਾਂ ਦੇ ਸੰਬੰਧ ਵਿੱਚ ਆਈ.ਟੀ.ਸੀ. ਲੈਣ ਨਾਲ ਸੰਬੰਧਤ ਕੀ ਵਿਵਸਥਾਵਾਂ ਹਨ?**

ਉੱਤਰ. ਪ੍ਰਿੰਸੀਪਲ ਨੂੰ ਇੱਕ ਜੌਬ ਵਰਕਰ ਨੂੰ ਭੇਜੀਆਂ ਇਨਪੁਟਸ ਜਾਂ ਪੂੰਜੀ ਵਸਤਾਂ ਉੱਤੇ ਅਦਾ ਕੀਤੇ ਟੈਕਸਾਂ ਦਾ ਕ੍ਰੈਡਿਟ ਲੈਣ ਦਾ ਹੱਕ ਹੋਵੇਗਾ ਭਾਵੇਂ ਉਨ੍ਹਾਂ ਨੂੰ ਆਪਣੇ ਕਾਰੋਬਾਰੀ ਸਥਾਨ ’ਤੇ ਪ੍ਰਾਪਤ ਕਰਨ ਤੋਂ ਬਾਅਦ ਭੇਜਿਆ ਗਿਆ ਹੋਵੇ ਜਾਂ ਅਜਿਹੀਆਂ ਇਨਪੁਟਸ ਜਾਂ ਪੂੰਜੀ ਵਸਤਾਂ ਨੂੰ ਆਪਣੇ ਕਾਰੋਬਾਰੀ ਸਥਾਨ ਉੱਤੇ ਲਿਆਏ ਬਿਨਾ ਸਿੱਧੇ ਇੱਕ ਜੌਬ ਵਰਕਰ ਕੋਲ ਭੇਜਿਆ ਗਿਆ ਹੋਵੇ। ਉਂਞ, ਇਨਪੁਟਸ ਜਾਂ ਪੂੰਜੀ ਵਸਤਾਂ, ਉਹ ਜੌਬ ਵਰਕ ਮੁਕੰਮਲ ਹੋਣ ਤੋਂ ਬਾਅਦ ਇੱਕ ਸਾਲ ਦੇ ਸਮੇਂ ਅੰਦਰ ਜਾਂ ਉਨ੍ਹਾਂ ਨੂੰ ਭੇਜਣ ਦੇ ਤਿੰਨ ਸਾਲਾਂ ਦੇ ਸਮੇਂ ਅੰਦਰ ਵਾਪਸ ਲੈਣਾ ਹੋਵੇਗਾ ਜਾਂ ਜੌਬ ਵਰਕਰ ਦੇ ਪਰਿਸਰ ਤੋਂ ਸਪਲਾਈ ਕਰਨਾ ਹੋਵੇਗਾ, ਜਿਵੇਂ ਵੀ ਮਾਮਲਾ ਹੋਵੇ।

**ਪ੍ਰਸ਼ਨ 9. ਕੀ ਵਾਪਰਦਾ ਹੈ, ਜਦੋਂ ਇਨਪੁਟਸ ਜਾਂ ਪੂੰਜੀ ਵਸਤਾਂ ਵਾਪਸ ਨਹੀਂ ਲਈਆਂ ਜਾਂਦੀਆਂ ਜਾਂ ਨਿਸ਼ਚਤ ਸਮਾਂ ਸੀਮਾ ਦੇ ਅੰਦਰ ਹੀ ਜੌਬ ਵਰਕਰ ਦੇ ਕਾਰੋਬਾਰੀ ਸਥਾਨ ਤੋਂ ਉਨ੍ਹਾਂ ਨੂੰ ਸਪਲਾਈ ਕਰ ਦਿੱਤਾ ਜਾਂਦਾ ਹੈ?**

ਉੱਤਰ. ਜੇ ਪ੍ਰਿੰਸੀਪਲ ਵੱਲੋਂ ਇਨਪੁਟਸ ਜਾਂ ਪੂੰਜੀ ਵਸਤਾਂ ਨੂੰ ਵਾਪਸ ਨਹੀਂ ਲਿਆ ਜਾਂਦਾ ਜਾਂ ਉਨ੍ਹਾਂ ਨੂੰ ਨਿਸ਼ਚਤ ਸਮਾਂ ਸੀਮਾ ਦੇ ਅੰਦਰ ਜੌਬ ਵਰਕਰ ਦੇ ਕਾਰੋਬਾਰੀ ਸਥਾਨ ਤੋਂ ਹੀ ਸਪਲਾਈ ਕਰ ਦਿੱਤਾ ਜਾਂਦਾ ਹੈ, ਇਸ ਨੂੰ ਇਹ ਮੰਨਿਆ ਜਾਵੇਗਾ ਕਿ ਅਜਿਹੀਆਂ ਇਨਪੁਟਸ ਜਾਂ ਪੂੰਜੀ ਵਸਤਾਂ ਪ੍ਰਿੰਸੀਪਲ ਵੱਲੋਂ ਜੌਬ ਵਰਕਰ ਨੂੰ ਉਸ ਦਿਨ ਸਪਲਾਈ ਕੀਤੀਆਂ ਗਈਆਂ ਸਨ, ਜਦੋਂ ਵਰਣਿਤ ਇਨਪੁਟਸ ਜਾਂ ਪੂੰਜੀ ਵਸਤਾਂ ਨੂੰ ਪ੍ਰਿੰਸੀਪਲ ਵੱਲੋਂ ਭੇਜਿਆ ਗਿਆ ਸੀ (ਜਾਂ ਜੌਬ ਵਰਕਰ ਵੱਲੋਂ ਪ੍ਰਾਪਤੀ ਦੀ ਮਿਤੀ, ਜਿੱਥੇ ਇਨਪੁਟਸ ਜਾਂ ਪੂੰਜੀ ਵਸਤਾਂ ਜੌਬ ਵਰਕਰ ਦੇ ਕਾਰੋਬਾਰੀ ਸਥਾਨ ਉੱਤੇ ਸਿੱਧੀਆਂ ਭੇਜੀਆਂ ਗਈਆਂ ਸਨ)। ਇਸ ਪ੍ਰਕਾਰ ਪ੍ਰਿੰਸੀਪਲ ਉਸੇ ਅਨੁਸਾਰ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ।

**ਪ੍ਰਸ਼ਨ 10. ਕੁਝ ਪੂੰਜੀ ਵਸਤਾਂ ਜਿਵੇਂ ਕਿ ਜਿਗਸ ਅਤੇ ਫ਼ਿਕਸਚਰਜ਼ ਵਰਤੋਂ ਤੋਂ ਬਾਅਦ ਵਰਤੋਂਯੋਗ ਨਹੀਂ ਰਹਿ ਜਾਂਦੇ ਅਤੇ ਆਮ ਤੌਰ ਉੱਤੇ ਉਨ੍ਹਾਂ ਨੂੰ ਕਬਾੜ ਵਜੋਂ ਵੇਚਿਆ ਜਾਂਦਾ ਹੈ। ਅਜਿਹੀਆਂ ਵਸਤਾਂ ਦਾ ਜੌਬ ਵਰਕ ਦੀਆਂ ਵਿਵਸਥਾਵਾਂ ਵਿੱਚ ਕੀ ਵਿਵਹਾਰ ਹੈ?**

ਉੱਤਰ. ਮੋਲਡਜ਼, ਡਾਈਆਂ, ਜਿਗਸ ਅਤੇ ਫ਼ਿਕਸਚਰਜ਼ ਜਾਂ ਟੂਲਜ਼ ਉੱਤੇ ਤਿੰਨ ਸਾਲਾਂ ਅੰਦਰ ਪੂੰਜੀ ਵਸਤਾਂ ਵਾਪਸ ਲਿਆਉਣ ਦੀ ਸ਼ਰਤ ਲਾਗੂ ਨਹੀਂ ਹੁੰਦੀ।

**ਪ੍ਰਸ਼ਨ 11. ਜੌਬ ਵਰਕ ਦੌਰਾਨ ਇਕੱਠਾ ਹੋਣ ਵਾਲੇ ਫਾਲਤੂ ਕਬਾੜ ਦਾ ਕੀ ਕੀਤਾ ਜਾਵੇਗਾ?**

ਉੱਤਰ. ਜੌਬ ਵਰਕ ਦੌਰਾਨ ਇਕੱਠਾ ਹੋਣ ਵਾਲਾ ਫਾਲਤੂ ਕਬਾੜ ਜੌਬ ਵਰਕਰ ਵੱਲੋਂ ਆਪਣੇ ਕਾਰੋਬਾਰੀ ਸਥਾਨ ਤੋਂ ਟੈਕਸ ਭੁਗਤਾਨ ਉੱਤੇ ਸਿੱਧਾ ਸਪਲਾਈ ਕੀਤਾ ਜਾ ਸਕਦਾ ਹੈ, ਜੇ ਉਹ ਰਜਿਸਟਰਡ ਹੈ। ਜੇ ਉਹ ਰਜਿਸਟਰਡ ਨਹੀਂ ਹੈ, ਤਾਂ ਅਜਿਹਾ ਸਮਾਨ ਟੈਕਸ ਦੇ ਭੁਗਤਾਨ ਉੱਤੇ ਪ੍ਰਿੰਸੀਪਲ ਵੱਲੋਂ ਸਪਲਾਈ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 12. ਕੀ ਮੱਧਵਰਤੀ ਵਸਤਾਂ ਵੀ ਜੌਬ ਵਰਕ ਲਈ ਭੇਜੀਆਂ ਜਾ ਸਕਦੀਆਂ ਹਨ?**

ਉੱਤਰ. ਜੀ ਹਾਂ। ਜੌਬ ਵਰਕ ਦੇ ਮੰਤਵ ਲਈ ਮੱਦ ਇਨਪੁਟਸ ਵਿੱਚ ਕਿਸੇ ਵਿਵਹਾਰ ਜਾਂ ਪ੍ਰਕਿਰਿਆ ਰਾਹੀਂ ਪੈਦਾ ਹੋਈਆਂ ਮੱਧਵਰਤੀ ਵਸਤਾਂ ਸ਼ਾਮਲ ਹਨ, ਜਿਹੜੀਆਂ ਪ੍ਰਿੰਸੀਪਲ ਜਾਂ ਜੌਬ ਵਰਕਰ ਵੱਲੋਂ ਇਨਪੁਟਸ ਉੱਤੇ ਲਈਆਂ ਜਾਂਦੀਆਂ ਹਨ।

**ਪ੍ਰਸ਼ਨ 13. ਜੌਬ ਵਰਕ ਨਾਲ ਸਬੰਧਤ ਵਾਜਬ ਖਾਤਿਆਂ ਦੇ ਰੱਖ-ਰਖਾਅ ਲਈ ਕੌਣ ਜ਼ਿੰਮੇਵਾਰ ਹੈ?**

ਉੱਤਰ. ਇਹ ਜ਼ਿੰਮੇਵਾਰੀ ਪੂਰੀ ਤਰ੍ਹਾਂ ਪ੍ਰਿੰਸੀਪਲ ਦੀ ਹੈ ਕਿ ਉਹ ਇਨਪੁਟਸ ਅਤੇ ਪੂੰਜੀ ਵਸਤਾਂ ਨਾਲ ਸਬੰਧਤ ਜੌਬ ਵਰਕ ਦੇ ਵਾਜਬ ਖਾਤਿਆਂ ਦਾ ਰੱਖ–ਰਖਾਅ ਕਰੇ।

**ਪ੍ਰਸ਼ਨ 14. ਕੀ ਜੌਬ ਵਰਕ ਦੀਆਂ ਵਿਵਸਥਾਵਾਂ ਸਾਰੇ ਵਰਗਾਂ ਦੇ ਮਾਲ ਉੱਤੇ ਲਾਗੂ ਹੁੰਦੀਆਂ ਹਨ?**

ਉੱਤਰ. ਜੀ ਨਹੀਂ। ਜੌਬ ਵਰਕ ਨਾਲ ਸਬੰਧਤ ਵਿਵਸਥਾਵਾਂ ਕੇਵਲ ਉਦੋਂ ਹੀ ਲਾਗੂ ਹੁੰਦੀਆਂ ਹਨ, ਜਦੋਂ ਰਜਿਸਟਰਡ ਟੈਕਸਯੋਗ ਵਿਅਕਤੀ ਦੀ ਇੱਛਾ ਟੈਕਸਯੋਗ ਵਸਤਾਂ ਭੇਜਣ ਦੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਅਜਿਹੀਆਂ ਵਿਵਸਥਾਵਾਂ ਛੋਟ ਪ੍ਰਾਪਤ ਜਾਂ ਗ਼ੈਰ–ਟੈਕਸਯੋਗ ਵਸਤਾਂ ਜਾਂ ਮਾਲ ਉੱਤੇ ਲਾਗੂ ਨਹੀਂ ਹੁੰਦੀਆਂ ਜਾਂ ਜਦੋਂ ਭੇਜਣ ਵਾਲਾ ਵਿਅਕਤੀ ਰਜਿਸਟਰਡ ਟੈਕਸਯੋਗ ਵਿਅਕਤੀ ਤੋਂ ਇਲਾਵਾ ਕੋਈ ਹੋਰ ਹੈ।

**ਪ੍ਰਸ਼ਨ 15. ਕੀ ਇਹ ਲਾਜ਼ਮੀ ਹੈ ਕਿ ਜੌਬ ਵਰਕ ਦੀਆਂ ਵਿਵਸਥਾਵਾਂ ਦੀ ਪਾਲਣਾ ਪ੍ਰਿੰਸੀਪਲ ਵੱਲੋਂ ਕੀਤੀ ਜਾਣੀ ਚਾਹੀਦੀ ਹੈ?**

ਉੱਤਰ. ਜੀ ਨਹੀਂ। ਪ੍ਰਿੰਸੀਪਲ ਇਨਪੁਟਸ ਜਾਂ ਪੂੰਜੀ ਵਸਤਾਂ ਨੂੰ ਜੀ.ਐੱਸ.ਟੀ. ਦੇ ਭੁਗਤਾਨ ਤੋਂ ਬਾਅਦ ਬਿਨਾ ਕਿਸੇ ਵਿਸ਼ੇਸ਼ ਕਾਰਜ ਵਿਧੀ ਦੀ ਪਾਲਣਾ ਕੀਤਿਆਂ ਭੇਜ ਸਕਦਾ ਹੈ। ਅਜਿਹੇ ਮਾਮਲੇ ਵਿੱਚ ਜੌਬ ਵਰਕਰ ਇਨਪੁਟ ਟੈਕਸ ਕ੍ਰੈਡਿਟ ਲਵੇਗਾ ਅਤੇ ਪ੍ਰੋਸੈਸ ਕੀਤੀਆਂ ਵਸਤਾਂ ਜਾਂ ਮਾਲ ਦੀ ਸਪਲਾਈ ਜੀ.ਐੱਸ.ਟੀ. ਦੇ ਭੁਗਤਾਨ ’ਤੇ ਵਾਪਸ ਭੇਜੇਗਾ (ਜੌਬ ਵਰਕ ਮੁਕੰਮਲ ਹੋਣ ਤੋਂ ਬਾਅਦ)।

**ਪ੍ਰਸ਼ਨ 16. ਕੀ ਜੌਬ ਵਰਕਰ ਅਤੇ ਪ੍ਰਿੰਸੀਪਲ ਨੂੰ ਇੱਕੋ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸਥਿਤ ਹੋਣਾ ਚਾਹੀਦਾ ਹੈ?**

ਉੱਤਰ. ਜੀ ਨਹੀਂ, ਇਹ ਜ਼ਰੂਰੀ ਨਹੀਂ ਹੈ ਕਿਉਂਕਿ ਜੌਬ ਵਰਕ ਨਾਲ ਸਬੰਧਤ

ਵਿਵਸਥਾਵਾਂ ਆਈ.ਜ਼ੀ.ਐੱਸ.ਟੀ. ਕਾਨੂੰਨ ਦੇ ਨਾਲ ਨਾਲ ਯੂ.ਟੀ.ਜ਼ੀ.ਐੱਸ.ਟੀ. ਵਿੱਚ ਵੀ ਅਪਣਾਈਆਂ ਗਈਆਂ ਹਨ ਅਤੇ ਜੌਬ ਵਰਕਰ ਅਤੇ ਪ੍ਰਿੰਸੀਪਲ ਇੱਕੋ ਰਾਜ ਜਾਂ ਇੱਕੋ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸਥਿਤ ਹੋ ਸਕਦੇ ਹਨ ਜਾਂ ਵੱਖੋ-ਵੱਖਰੇ ਰਾਜਾਂ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੀ ਰਹਿੰਦੇ ਹੋ ਸਕਦੇ ਹਨ।

# ਇਨਪੁਟ ਟੈਕਸ ਕ੍ਰੈਡਿਟ

# ਇਨਪੁਟ ਟੈਕਸ ਕ੍ਰੈਡਿਟ

**ਪ੍ਰਸ਼ਨ 1. ਇਨਪੁਟ ਟੈਕਸ ਕੀ ਹੈ?**

ਉੱਤਰ. ਇਨਪੁਟ ਟੈਕਸ ਦਾ ਅਰਥ ਕੇਂਦਰੀ ਟੈਕਸ (ਸੀ.ਜੀ.ਐਸ.ਟੀ.), ਸੂਬਾਈ ਟੈਕਸ (ਐੱਸ.ਜੀ.ਐੱਸ.ਟੀ.), ਇੰਟੈਗਰੇਟਡ ਟੈਕਸ (ਆਈ.ਜੀ.ਐੱਸ.ਟੀ.) ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਟੈਕਸ (ਯੂ.ਟੀ.ਜੀ.ਐੱਸ.ਟੀ.) ਹੈ, ਜੋ ਅਜਿਹੇ ਮਾਲ ਅਤੇ/ਜਾਂ ਸੇਵਾਵਾਂ ਜਾਂ ਦੋਵਾਂ ਦੀ ਇੱਕ ਰਜਿਸਟਰਡ ਵਿਅਕਤੀ ਨੂੰ ਕੀਤੀ ਸਪਲਾਈ ਉੱਤੇ ਵਸੂਲ ਕੀਤਾ ਜਾਂਦਾ ਹੈ। ਇਸ ਵਿੱਚ ਰਿਵਰਸ ਚਾਰਜ ਆਧਾਰ ਉੱਤੇ ਅਦਾ ਕੀਤਾ ਟੈਕਸ, ਮਾਲ ਦੀ ਦਰਾਮਦ ਉੱਤੇ ਵਸੂਲ ਕੀਤਾ ਇੰਟੈਗਰੇਟਡ ਟੈਕਸ ਮਾਲ ਤੇ ਸੇਵਾਵਾਂ ਟੈਕਸ ਵੀ ਸ਼ਾਮਲ ਹੁੰਦਾ ਹੈ। ਇਸ ਵਿੱਚ ਕੰਪੋਜ਼ੀਸ਼ਨ ਲੇਵੀ ਅਧੀਨ ਅਦਾ ਕੀਤਾ ਟੈਕਸ ਸ਼ਾਮਲ ਨਹੀਂ ਹੁੰਦਾ।

**ਪ੍ਰਸ਼ਨ 2. ਕੀ ਰਿਵਰਸ ਚਾਰਜ ਆਧਾਰ ਉੱਤੇ ਅਦਾ ਕੀਤੇ ਜੀ.ਐੱਸ.ਟੀ. ਨੂੰ ਇਨਪੁਟ ਟੈਕਸ ਵਜੋਂ ਵਿਚਾਰਿਆ ਜਾ ਸਕਦਾ ਹੈ?**

ਉੱਤਰ. ਜੀ ਹਾਂ। ਇਨਪੁਟ ਟੈਕਸ ਦੀ ਪਰਿਭਾਸ਼ਾ ਵਿੱਚ ਰਿਵਰਸ ਚਾਰਜ ਅਧੀਨ ਭੁਗਤਾਨਯੋਗ ਟੈਕਸ ਸ਼ਾਮਲ ਹੈ।

**ਪ੍ਰਸ਼ਨ 3. ਕੀ ਇਨਪੁਟ ਟੈਕਸ ਵਿੱਚ ਇਨਪੁਟ ਵਸਤਾਂ, ਇਨਪੁਟ ਸੇਵਾਵਾਂ ਅਤੇ ਪੂੰਜੀ ਸਵਤਾਂ ਉੱਤੇ ਅਦਾ ਕੀਤਾ ਟੈਕਸ (ਸੀ.ਜੀ.ਐੱਸ.ਟੀ./ ਆਈ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ.) ਸ਼ਾਮਲ ਹੈ?**

ਉੱਤਰ. ਜੀ ਹਾਂ, ਇਸ ਵਿੱਚ ਇਨਪੁਟ ਵਸਤਾਂ, ਇਨਪੁਟ ਸੇਵਾਵਾਂ ਅਤੇ ਪੂੰਜੀ ਵਸਤਾਂ ਉੱਤੇ ਅਦਾ ਕੀਤਾ ਟੈਕਸ ਸ਼ਾਮਲ ਹੈ। ਪੂੰਜੀ ਵਸਤਾਂ ਉੱਤੇ ਅਦਾ ਕੀਤੇ ਟੈਕਸ ਦੇ ਕ੍ਰੈਡਿਟ ਦਾ ਲਾਭ ਇੱਕ ਕਿਸ਼ਤ ਵਿੱਚ ਲੈਣ ਦੀ ਇਜਾਜ਼ਤ ਹੁੰਦੀ ਹੈ।

**ਪ੍ਰਸ਼ਨ 2. ਕੀ ਜੀ.ਐੱਸ.ਟੀ. ਅਧੀਨ ਮਾਲ ਜਾਂ ਸੇਵਾਵਾਂ ਦੀ ਸਪਲਾਈ ਉੱਤੇ ਵਸੂਲ ਕੀਤੇ ਸਾਰੇ ਇਨਪੁਟ ਟੈਕਸ ਦਾ ਕ੍ਰੈਡਿਟ ਲੈਣ ਲੈਣ ਦੀ ਇਜਾਜ਼ਤ ਹੈ?**

ਉੱਤਰ. ਇੱਕ ਰਜਿਸਟਰਡ ਵਿਅਕਤੀ ਨੂੰ ਅਜਿਹੇ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਆਪਣੇ ਕੋਲ ਹੋਈ ਸਪਲਾਈ ਉੱਤੇ ਵਸੂਲ ਕੀਤੇ ਗਏ ਇਨਪੁਟ ਟੈਕਸ ਦਾ ਕ੍ਰੈਡਿਟ ਲੈਣ ਦਾ ਅਧਿਕਾਰ ਹੁੰਦਾ ਹੈ, ਜਿਨ੍ਹਾਂ ਦੀ ਵਰਤੋਂ ਵਪਾਰਕ ਪ੍ਰਕਿਰਿਆ ਜਾਂ

ਉਸ ਨੂੰ ਅੱਗੇ ਵਧਾਉਣ ਲਈ ਕੀਤੀ ਜਾਂਦੀ ਹੈ, ਬਸ਼ਰਤੇ ਹੋਰ ਸ਼ਰਤਾਂ ਤੇ ਪਾਬੰਦੀਆਂ ਦੀ ਪਾਲਣਾ ਕੀਤੀ ਜਾਵੇ।

**ਪ੍ਰਸ਼ਨ 5. ਆਈ.ਟੀ.ਸੀ. ਹਾਸਲ ਕਰਨ ਲਈ ਜ਼ਰੂਰੀ ਸ਼ਰਤਾਂ ਕੀ ਹਨ?**

ਉੱਤਰ. ਆਈ.ਟੀ.ਸੀ. ਹਾਸਲ ਕਰਨ ਲਈ ਰਜਿਸਟਰਡ ਟੈਕਸਯੋਗ ਵਿਅਕਤੀ ਨੂੰ ਨਿਮਨਲਿਖਤ ਚਾਰ ਸ਼ਰਤਾਂ ਦੀ ਤਸੱਲੀ ਕਰਵਾਉਣੀ ਹੋਵੇਗੀ:

(ੳ) ਉਸ ਕੋਲ ਟੈਕਸ ਇਨਵੁਆਸ ਜਾਂ ਡੇਬਿਟ ਨੋਟ ਜਾਂ ਅਜਿਹੇ ਹੋਰ ਟੈਕਸ ਅਦਾਇਗੀ ਦਸਤਾਵੇਜ਼ ਹਨ, ਜਿਹੜੇ ਨਿਰਧਾਰਤ ਕੀਤੇ ਹੋ ਸਕਦੇ ਹਨ;

(ਅ) ਉਸ ਨੇ ਮਾਲ ਜਾਂ ਸੇਵਾਵਾਂ ਜਾਂ ਦੋਵੇਂ ਪ੍ਰਾਪਤ ਕੀਤੀਆਂ ਹਨ;

(ੲ) ਸਪਲਾਇਰ ਨੇ ਸੱਚਮੁਚ ਸਪਲਾਈ ਦੇ ਸਬੰਧ ਵਿੱਚ ਟੈਕਸ ਸਰਕਾਰ ਨੂੰ ਅਦਾ ਕਰ ਦਿੱਤਾ ਹੈ; ਅਤੇ

(ਸ) ਉਸ ਨੇ ਸੈਕਸ਼ਨ 39 ਅਧੀਨ ਰਿਟਰਨ ਭਰ ਦਿੱਤੀ ਹੈ।

**ਪ੍ਰਸ਼ਨ 6. ਇੱਕ ਇਨਵੁਆਇਸ ਦੇ ਆਧਾਰ ਉੱਤੇ ਮਾਲ ਲੌਟਸ ਜਾਂ ਕਿਸ਼ਤਾਂ ਵਿੱਚ ਕਿੱਥੇ ਪ੍ਰਾਪਤ ਕੀਤਾ ਜਾਂਦਾ ਹੈ, ਇੱਕ ਰਜਿਸਟਰਡ ਵਿਅਕਤੀ ਆਈ.ਟੀ.ਸੀ. ਦਾ ਹੱਕਦਾਰ ਕਿਵੇਂ ਹੋਵੇਗਾ?**

ਉੱਤਰ. ਰਜਿਸਟਰਡ ਵਿਅਕਤੀ ਕੇਵਲ ਆਖ਼ਰੀ ਲੌਟ ਜਾਂ ਕਿਸ਼ਤ ਦੀ ਪ੍ਰਾਪਤੀ ’ਤੇ ਹੀ ਕ੍ਰੈਡਿਟ ਲੈਣ ਦਾ ਹੱਕਦਾਰ ਹੋਵੇਗਾ।

**ਪ੍ਰਸ਼ਨ 7. ਕੀ ਇੱਕ ਵਿਅਕਤੀ ਸਪਲਾਇਰ ਨੂੰ ਟੈਕਸ ਨਾਲ ਸਪਲਾਈ ਲਈ ਵਿਚਾਰ ਦੇ ਭੁਗਤਾਨ ਤੋਂ ਬਿਨਾ ਇਨਪੁਟ ਟੈਕਸ ਕ੍ਰੈਡਿਟ ਲੈ ਸਕਦਾ ਹੈ?**

ਉੱਤਰ. ਜੀ ਹਾਂ, ਪ੍ਰਾਪਤਕਰਤਾ ਆਈ.ਟੀ.ਸੀ. ਲੈ ਸਕਦਾ ਹੈ। ਪਰ ਉਸ ਨੂੰ ਇਨਵੁਆਇਸ ਜਾਰੀ ਹੋਣ ਦੀ ਮਿਤੀ ਦੇ 180 ਦਿਨਾਂ ਦੇ ਅੰਦਰ ਟੈਕਸ ਨਾਲ ਵਿਚਾਰ ਦਾ ਭੁਗਤਾਨ ਕਰਨਾ ਹੋਵੇਗਾ। ਇਹ ਸ਼ਰਤ ਤਦ ਲਾਗੂ ਨਹੀਂ ਹੁੰਦੀ, ਜਿੱਥੇ ਟੈਕਸ ਰਿਵਰਸ ਚਾਰਜ ਆਧਾਰ ਉੱਤੇ ਅਦਾਇਗੀਯੋਗ ਹੈ।

**ਪ੍ਰਸ਼ਨ 8. ਇੱਕ ਅਜਿਹੇ ਰਜਿਸਟਰਡ ਵਿਅਕਤੀ ਵੱਲੋਂ ਲਈ ਆਈ.ਟੀ.ਸੀ. ਨਾਲ ਕੀ ਵਾਪਰੇਗਾ, ਜੇ ਉਸ ਨੇ ਇਨਵੁਆਇਸ ਜਾਰੀ ਹੋਣ ਦੀ ਮਿਤੀ ਤੋਂ 180 ਦਿਨਾਂ ਦੇ ਅੰਦਰ ਟੈਕਸ ਦਾ ਭੁਗਤਾਨ ਨਹੀਂ ਕੀਤਾ?**

ਉੱਤਰ. ਆਈ.ਟੀ.ਸੀ. ਦੀ ਰਕਮ ਉਸ ਵਿਅਕਤੀ ਦੀ ਉਤਪਾਦਨ ਟੈਕਸ ਦੇਣਦਾਰੀ ਵਿੱਚ ਜੁੜ ਜਾਵੇਗੀ। ਉਸ ਨੂੰ ਵਿਆਜ ਦੀ ਅਦਾਇਗੀ ਵੀ ਕਰਨੀ ਹੋਵੇਗੀ। ਉਂਝ, ਉਹ ਟੈਕਸ ਭੁਗਤਾਨ ਉੱਤੇ ਮੁੜ ਆਈ.ਟੀ.ਸੀ. ਲੈ ਸਕਦਾ ਹੈ।

**ਪ੍ਰਸ਼ਨ 9. ਆਈ.ਟੀ.ਸੀ. ਉਸ ਹਾਲਤ ਵਿੱਚ ਕੌਣ ਲਵੇਗਾ, ਜਿੱਥੇ ਮਾਲ ਟੈਕਸਯੋਗ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਡਿਲਿਵਰ ਕੀਤਾ ਗਿਆ ਹੈ ('ਬਿਲ ਟੂ' - 'ਸ਼ਿਪ ਟੂ' ਸਿਨੇਰੀਓਜ਼)?**

ਉੱਤਰ. ਇਹ ਸਮਝਿਆ ਜਾਵੇਗਾ ਕਿ ਰਜਿਸਟਰਡ ਵਿਅਕਤੀ ਨੇ ਮਾਲ ਦੀ ਪ੍ਰਾਪਤੀ ਕੀਤੀ ਹੈ ਜਦੋਂ ਮਾਲ ਅਜਿਹੇ ਟੈਕਸਯੋਗ ਵਿਅਕਤੀ ਦੀ ਹਦਾਇਤ ਉੱਤੇ ਕਿਸੇ ਤੀਜੀ ਧਿਰ ਕੋਲ ਡਿਲਿਵਰ ਕਰ ਦਿੱਤਾ ਜਾਂਦਾ ਹੈ। ਇਸ ਲਈ ਆਈ.ਟੀ.ਸੀ. ਉਸ ਵਿਅਕਤੀ ਲਈ ਉਪਲਬਧ ਹੋਵੇਗੀ, ਜਿਸ ਦੇ ਹੁਕਮ ਉੱਤੇ ਮਾਲ ਜਾਂ ਵਸਤਾਂ ਤੀਜੇ ਵਿਅਕਤੀ ਕੋਲ ਡਿਲਿਵਰ ਕੀਤੀਆਂ ਗਈਆਂ ਹਨ।

**ਪ੍ਰਸ਼ਨ 10. ਆਈ.ਟੀ.ਸੀ. ਲੈਣ ਲਈ ਸਮਾਂ ਸੀਮਾ ਅਤੇ ਉਨ੍ਹਾਂ ਦੇ ਕੀ ਕਾਰਨ ਹਨ?**

ਉੱਤਰ. ਇੱਕ ਰਜਿਸਟਰਡ ਵਿਅਕਤੀ ਮਾਲ ਜਾਂ ਸੇਵਾਵਾਂ ਦੀ ਸਪਲਾਈ ਲਈ ਕਿਸੇ ਇਨਵੁਆਇਸ ਜਾਂ ਡੇਬਿਟ ਨੋਟ ਦੇ ਸਬੰਧ ਵਿੱਚ, ਡੇਬਿਟ ਨਾਲ ਸਬੰਧਤ ਅਜਿਹੀ ਇਨਵੁਆਇਸ/ਇਨਵੁਆਇਸ ਵਾਲਾ ਵਿੱਤੀ ਸਾਲ ਖ਼ਤਮ ਹੋਣ ਤੋਂ ਬਾਅਦ ਸਤੰਬਰ ਮਹੀਨੇ ਸੈਕਸ਼ਨ 39 ਅਧੀਨ ਰਿਟਰਨ ਭਰਨ ਦੀ ਬਣਦੀ ਮਿਤੀ ਤੋਂ ਬਾਅਦ ਜਾਂ ਵਾਜਬ ਸਾਲਾਨਾ ਰਿਟਰਨ ਭਰਨ ਤੋਂ ਬਾਅਦ, ਜੋ ਵੀ ਪਹਿਲਾਂ ਹੋਵੇ, ਆਈ.ਟੀ.ਸੀ. ਨਹੀਂ ਲੈ ਸਕਦਾ। ਇਸ ਲਈ, ਆਈ.ਟੀ.ਸੀ. ਲੈਣ ਲਈ ਉੱਪਰਲੀ ਸਮਾਂ ਸੀਮਾ ਅਗਲੇ ਵਿੱਤੀ ਸਾਲ ਦੀ 20 ਅਕਤੂਬਰ ਜਾਂ ਸਾਲਾਨਾ ਰਿਟਰਨ ਭਰਨ ਦੀ ਮਿਤੀ, ਜੋ ਵੀ ਪਹਿਲਾਂ ਹੋਵੇ, ਹੈ।

ਇਸ ਪਾਬੰਦੀ ਲਈ ਪ੍ਰਮੁੱਖ ਤਰਕ ਇਹ ਹੈ ਕਿ ਅਗਲੇ ਵਿੱਤੀ ਵਰ੍ਹੇ ਦੇ ਸਤੰਬਰ ਮਹੀਨੇ ਤੋਂ ਬਾਅਦ ਰਿਟਰਨ ਵਿੱਚ ਕੋਈ ਤਬਦੀਲੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਜੇ ਸਤੰਬਰ ਮਹੀਨੇ ਤੋਂ ਬਾਅਦ ਸਾਲਾਨਾ ਰਿਟਰਨ ਭਰੀ ਜਾਂਦੀ ਹੈ, ਤਾਂ ਸਾਲਾਨਾ ਰਿਟਰਨ ਭਰਨ ਤੋਂ ਬਾਅਦ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

**ਪ੍ਰਸ਼ਨ 11. ਜਿੱਥੇ ਰਜਿਸਟਰਡ ਟੈਕਸਯੋਗ ਵਿਅਕਤੀ ਆਮਦਨ ਟੈਕਸ ਕਾਨੂੰਨ, 1961 ਦੀਆਂ ਵਿਵਸਥਾਵਾਂ ਅਧੀਨ ਪੂੰਜੀ ਵਸਤਾਂ ਦੀ ਲਾਗਤ ਦੇ ਟੈਕਸ ਕੰਪੋਨੈਂਟ**

**ਉੱਤੇ ਅਵਮੁੱਲਣ ਲਈ ਕਲੇਮ ਕਰ ਚੁੱਕਾ ਹੈ, ਕੀ ਅਜਿਹੇ ਮਾਮਲਿਆਂ ਵਿੱਚ ਆਈ.ਟੀ.ਸੀ. ਦੀ ਇਜਾਜ਼ਤ ਹੋਵੇਗੀ?**

ਉੱਤਰ. ਇਨਪੁਟ ਟੈਕਸ ਕ੍ਰੈਡਿਟ ਦੀ ਇਜਾਜ਼ਤ ਉਸ ਟੈਕਸ ਕੰਪੋਨੈਂਟ ਉੱਤੇ ਨਹੀਂ ਹੋਵੇਗੀ, ਜਿਸ ਦੇ ਸਬੰਧ ਵਿੱਚ ਅਵਮੁੱਲਣ ਕਲੇਮ ਕੀਤਾ ਗਿਆ ਹੈ।

**ਪ੍ਰਸ਼ਨ 12. ਕੀ ਜੀ.ਐੱਸ.ਟੀ. ਅਧੀਨ ਟੈਕਸਯੋਗ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਲਈ ਵਰਤੇ ਹਰੇਕ ਇਨਪੁਟ ਉੱਤੇ ਅਦਾ ਕੀਤੇ ਟੈਕਸ ਦੇ ਕ੍ਰੈਡਿਟ ਦੀ ਇਜਾਜ਼ਤ ਹੈ?**

ਉੱਤਰ. ਜੀ ਹਾਂ, ਕਾਨੂੰਨ ਵਿੱਚ ਦਿੱਤੀਆਂ ਵਸਤਾਂ ਦੀ ਇੱਕ ਛੋਟੀ ਸੂਚੀ ਨੂੰ ਛੱਡ ਕੇ ਸਾਰੀਆਂ ਵਸਤਾਂ ਉੱਤੇ ਕ੍ਰੈਡਿਟ ਦੀ ਇਜਾਜ਼ਤ ਹੈ। ਇਸ ਸੂਚੀ ਵਿੱਚ ਮੁੱਖ ਤੌਰ ਉੱਤੇ ਨਿਜੀ ਖਪਤ ਦੀਆਂ ਵਸਤਾਂ ਸ਼ਾਮਲ ਹਨ, ਜਿਨ੍ਹਾਂ ਦੀ ਇਨਪੁਟਸ ਵਰਤੋਂ ਇੱਕ ਅਚੱਲ ਜਾਇਦਾਦ ਦੇ ਨਿਰਮਾਣ ਲਈ ਕੀਤੀ ਜਾਂਦੀ ਹੈ (ਪਲਾਂਟ ਅਤੇ ਮਸ਼ੀਨਰੀ ਤੋਂ ਇਲਾਵਾ), ਦੂਰਸੰਚਾਰ ਟਾੱਵਰਜ਼, ਫ਼ੈਕਟਰੀ ਪਰਿਸਰਾਂ ਦੇ ਬਾਹਰ ਵਿਛਾਈਆਂ ਜਾਣ ਵਾਲੀਆਂ ਪਾਈਪਲਾਈਨਜ਼ ਅਤੇ ਟੈਕਸ ਚੋਰੀ ਦੀ ਸ਼ਨਾਖ਼ਤ ਦੇ ਨਤੀਜੇ ਵਜੋਂ ਭਰੇ ਗਏ ਟੈਕਸ।

**ਪ੍ਰਸ਼ਨ 13. ਇੱਕ ਟੈਕਸਯੋਗ ਵਿਅਕਤੀ ਸੂਚਨਾ ਤਕਨਾਲੋਜੀ ਦੇ ਕਾਰੋਬਾਰ ਵਿੱਚ ਹੈ। ਉਹ ਆਪਣੇ ਕਾਰਜਕਾਰੀ ਨਿਰਦੇਸ਼ਕਾਂ ਦੀ ਵਰਤੋਂ ਇੱਕ ਮੋਟਰ ਵਾਹਨ ਖ਼ਰੀਦਦਾ ਹੈ। ਕੀ ਉਹ ਅਜਿਹੇ ਮੋਟਰ ਵਾਹਨ ਦੀ ਖ਼ਰੀਦ ਉੱਤੇ ਅਦਾ ਕੀਤੇ ਜੀ.ਐੱਸ.ਟੀ. ਦੇ ਸਬੰਧ ਵਿੱਚ ਆਈ.ਟੀ.ਸੀ. ਦਾ ਲਾਭ ਲੈ ਸਕਦਾ ਹੈ?**

ਉੱਤਰ. ਨਹੀਂ। ਮੋਟਰ ਵਾਹਨਾਂ ਉੱਤੇ ਆਈ.ਟੀ.ਸੀ. ਦਾ ਲਾਭ ਕੇਵਲ ਤਦ ਲਿਆ ਜਾ ਸਕਦਾ ਹੈ, ਜੇ ਟੈਕਸਯੋਗ ਵਿਅਕਤੀ ਯਾਤਰੀਆਂ ਮਾਲ ਦੇ ਟਰਾਂਸਪੋਰਟ ਦੇ ਕਾਰੋਬਾਰ ਵਿੱਚ ਹੈ ਜਾਂ ਮੋਟਰ ਵਾਹਨਾਂ ਦੀ ਸਿਖਲਾਈ ਦੀਆਂ ਸੇਵਾਵਾਂ ਦਿੰਦਾ ਹੈ।

**ਪ੍ਰਸ਼ਨ 14. ਕੁਝ ਵਾਰ ਵਿਭਿੰਨ ਕਾਰਨਾਂ ਕਰ ਕੇ ਮਾਲ ਨਸ਼ਟ ਹੋ ਜਾਂਦਾ ਹੈ ਜਾਂ ਗੁਆਚ ਜਾਂਦਾ ਹੈ। ਕੀ ਇੱਕ ਵਿਅਕਤੀ ਅਜਿਹੀਆਂ ਵਸਤਾਂ/ਮਾਲ ਦੇ ਸਬੰਧ ਵਿੱਚ ਆਈ.ਟੀ.ਸੀ. ਲੈ ਸਕਦਾ ਹੈ?**

ਉੱਤਰ. ਜੀ ਨਹੀਂ। ਇੱਕ ਵਿਅਕਤੀ ਗੁਆਚੀਆਂ, ਚੋਰੀ, ਨਸ਼ਟ ਜਾਂ ਖ਼ਤਮ ਹੋਈਆਂ ਵਸਤਾਂ ਦੇ ਸਬੰਧ ਵਿੱਚ ਆਈ.ਟੀ.ਸੀ. ਨਹੀਂ ਲੈ ਸਕਦਾ। ਇਸ ਤੋਂ

ਇਲਾਵਾ, ਤੋਹਫ਼ਿਆਂ ਜਾਂ ਮੁਫ਼ਤ ਸੈਂਪਲਾਂ ਵਜੋਂ ਦਿੱਤੀਆਂ ਵਸਤਾਂ ਦੇ ਸਬੰਧ ਵਿੱਚ ਵੀ ਆਈ.ਟੀ.ਸੀ. ਦੀ ਇਜਾਜ਼ਤ ਨਹੀਂ ਹੁੰਦੀ।

**ਪ੍ਰਸ਼ਨ 15. ਕੀ ਇੱਥ ਰਜਿਸਟਰਡ ਵਿਅਕਤੀ ਕਾਰੋਬਾਰੀ ਉਦੇਸ਼ਾਂ ਲਈ ਇੱਕ ਇਮਾਰਤ ਦੇ ਨਿਰਮਾਣ ਲਈ ਵਰਤੀਆਂ ਜਾਣ ਵਾਲੀਆਂ ਵਸਤਾਂ ਜਾਂ ਸੇਵਾਵਾਂ ਦੇ ਸਬੰਧ ਵਿੱਚ ਆਈ.ਟੀ.ਸੀ. ਲੈ ਸਕਦਾ ਹੈ?**

ਉੱਤਰ. ਨਹੀਂ। ਇੱਕ ਵਿਅਕਤੀ ਵੱਲੋਂ ਪਲਾਂਟ ਤੇ ਮਸ਼ੀਨਰੀ ਤੋਂ ਇਲਾਵਾ ਹੋਰ ਅਚੱਲ ਸੰਪਤੀ ਦੇ ਨਿਰਮਾਣ ਲਈ ਮਾਲ ਜਾਂ ਸੇਵਾਵਾਂ ਉੱਤੇ ਆਈ.ਟੀ.ਸੀ. ਦੀ ਇਜਾਜ਼ਤ ਨਹੀਂ ਹੈ। ਪਲਾਂਟ ਅਤੇ ਮਸ਼ੀਨਰੀ ਵਿੱਚ ਕੇਵਲ ਧਰਤੀ ਵਿੱਚ ਇੱਕ ਥਾਂ ਫ਼ਿਕਸ ਕਰ ਕੇ ਰੱਖਣ ਵਾਲੇ ਯੰਤਰ, ਉਪਕਰਨ ਅਤੇ ਮਸ਼ੀਨਰੀ ਹੀ ਕਵਰ ਹੁੰਦੇ ਹਨ ਅਤੇ ਹੋਰਨਾਂ ਚੀਜ਼ਾਂ ਤੋਂ ਇਲਾਵਾ ਜ਼ਮੀਨ ਤੇ ਇਮਾਰਤ ਨੂੰ ਬਾਹਰ ਰੱਖਿਆ ਜਾਂਦਾ ਹੈ।

**ਪ੍ਰਸ਼ਨ 16. ਇੱਕ ਨਵੇਂ ਰਜਿਸਟਰਡ ਵਿਅਕਤੀ ਦੀ ਆਈ.ਟੀ.ਸੀ. ਹੱਕਦਾਰੀ ਕੀ ਹੈ?**

ਉੱਤਰ. ਰਜਿਸਟਰੇਸ਼ਨ ਲਈ ਅਰਜ਼ੀ ਦੇਣ ਵਾਲਾ ਇੱਕ ਵਿਅਕਤੀ ; ਰਜਿਸਟਰੇਸ਼ਨ ਮਨਜ਼ੂਰ ਹੋਣ ਦੀ ਮਿਤੀ ਦੇ ਨਾਲ ਲਗਦੇ ਪਿਛਲੇ ਦਿਨ ਤੋਂ ਸਟਾੱਕ ਵਿੱਚ ਰੱਖੀਆਂ ਅਰਧ-ਬਣੀਆਂ ਜਾਂ ਬਣੀਆਂ ਵਸਤਾਂ ਵਿੱਚ ਦਰਜ ਇਨਪੁਟਸ ਅਤੇ ਸਟਾੱਕ ਵਿੱਚ ਰੱਖੀਆਂ ਇਨਪੁਟਸ ਦਾ ਇਨਪੁਟ ਟੈਕਸ ਕ੍ਰੈਡਿਟ ਲੈ ਸਕਦਾ ਹੈ। ਜੇ ਉਹ ਵਿਅਕਤੀ ਰਜਿਸਟਰੇਸ਼ਨ ਲਈ ਜ਼ਿੰਮੇਵਾਰ ਸੀ ਅਤੇ ਉਸ ਨੇ ਰਜਿਸਟਰੇਸ਼ਨ ਲਈ ਜ਼ਿੰਮੇਵਾਰ ਬਣਨ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ ਰਜਿਸਟਰੇਸ਼ਨ ਲਈ ਅਰਜ਼ੀ ਦੇ ਦਿੱਤੀ ਹੈ, ਤਦ ਉਹ ਜਿਸ ਮਿਤੀ ਨੂੰ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋਇਆ ਸੀ, ਉਸ ਮਿਤੀ ਤੋਂ ਤੁਰੰਤ ਪਹਿਲਾਂ ਦੇ ਇੱਕ ਦਿਨ 'ਚ ਮੌਜੂਦ ਸਟਾੱਕ ਵਿੱਚ ਰੱਖੀਆਂ ਅਰਧ ਤੌਰ ਉੱਤੇ ਤਿਆਰ ਜਾਂ ਤਿਆਰ ਵਸਤਾਂ ਵਿੱਚ ਦਰਜ ਇਨਪੁਟਸ ਅਤੇ ਸਟਾੱਕ ਵਿੱਚ ਮੌਜੂਦ ਇਨਪੁਟਸ ਦਾ ਇਨਪੁਟ ਟੈਕਸ ਕ੍ਰੈਡਿਟ ਲੈ ਸਕਦਾ ਹੈ।

**ਪ੍ਰਸ਼ਨ 17. ਇੱਕ ਵਿਅਕਤੀ 1 ਅਗਸਤ, 2017 ਨੂੰ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋ ਜਾਂਦਾ ਹੈ ਅਤੇ ਉਸ ਨੇ 15 ਅਗਸਤ, 2017 ਨੂੰ ਰਜਿਸਟਰੇਸ਼ਨ ਹਾਸਲ ਕਰ ਲਈ ਹੈ। ਅਜਿਹਾ ਵਿਅਕਤੀ ਸਟਾੱਕ ਵਿੱਚ ਮੌਜੂਦ ਇਨਪੁਟਸ ਉੱਤੇ**

**ਇਨਪੁਟ ਟੈਕਸ ਕ੍ਰੈਡਿਟ ਲਈ ਇਸ ਤਾਰੀਖ਼ ਨੂੰ ਯੋਗ ਹੈ:**

(**ੳ**) 1 ਅਗਸਤ, 2017

(**ਅ**) 31 ਜੁਲਾਈ, 2017

(**ੲ**) 15 ਅਗਸਤ, 2017

(**ਸ**) ਉਹ ਪਿਛਲੇ ਸਮੇਂ ਲਈ ਕ੍ਰੈਡਿਟ ਨਹੀਂ ਲੈ ਸਕਦਾ

ਉੱਤਰ. 31 ਜੁਲਾਈ, 2017

**ਪ੍ਰਸ਼ਨ 18. ਜਿਹੜਾ ਵਿਅਕਤੀ ਆਪਣੀ ਮਰਜ਼ੀ ਨਾਲ ਰਜਿਸਟਰੇਸ਼ਨ ਲੈਂਦਾ ਹੈ, ਉਸ ਲਈ ਸਟੱਕ ਵਿੱਚ ਇਨਪੁਟਸ ਉੱਤ ਇਨਪੁਟ ਟੈਕਸ ਕ੍ਰੈਡਿਟ ਦੀ ਯੋਗਤਾ ਕੀ ਹੈ?**

ਉੱਤਰ. ਜਿਹੜਾ ਵਿਅਕਤੀ ਆਪਣੀ ਮਰਜ਼ੀ ਨਾਲ ਰਜਿਸਟਰੇਸ਼ਨ ਲੈਂਦਾ ਹੈ, ਉਹ ਰਜਿਸਟਰੇਸ਼ਨ ਦੀ ਮਿਤੀ ਤੋਂ ਤੁਰੰਤ ਪਹਿਲਾਂ ਦੇ ਦਿਨ ਦੌਰਾਨ ਸਟੱਕ ਵਿੱਚ ਅਰਧ-ਨਿਰਮਤ ਮਾਲ ਤੇ ਤਿਆਰ ਮਾਲ ਵਿੱਚ ਇਨਪੁਟਸ, ਸਟੱਕ ਵਿੱਚ ਇਨਪੁਟਸ ਉੱਤੇ ਇਨਪੁਟ ਟੈਕਸ ਦਾ ਇਨਪੁਟ ਟੈਕਸ ਲੈਣ ਦਾ ਹੱਕਦਾਰ ਹੈ।

**ਪ੍ਰਸ਼ਨ 19. ਅਜਿਹੇ ਮਾਮਲਿਆਂ ਵਿੱਚ ਇਨਪੁਟ ਟੈਕਸ ਯੋਗਤਾ ਕੀ ਹੋਵੇਗੀ, ਜਿੱਥੇ ਇੱਕ ਰਜਿਸਟਰਡ ਵਿਅਕਤੀ ਦੇ ਗਠਨ ਵਿੱਚ ਕੋਈ ਤਬਦੀਲੀ ਹੋ ਜਾਂਦੀ ਹੈ?**

ਉੱਤਰ. ਰਜਿਸਟਰਡ ਵਿਅਕਤੀ ਨੂੰ ਇਨਪੁਟ ਟੈਕਸ ਕ੍ਰੈਡਿਟ ਟ੍ਰਾਂਸਫ਼ਰ ਕਰਨ ਦੀ ਇਜਾਜ਼ਤ ਹੋਵੇਗੀ, ਜੋ ਉਸ ਦੇ ਇਲੈਕਟ੍ਰੌਨਿਕ ਕ੍ਰੈਡਿਟ ਵਿੱਚ ਨਵੀਂ ਸੰਪਤੀ ਵਿੱਚ ਜਾਣ ਤੋਂ ਅਣਉਪਯੋਗੀ ਰਹਿ ਜਾਂਦਾ ਹੈ, ਬਸ਼ਰਤੇ ਦੇਣਦਾਰੀਆਂ ਦੀ ਟ੍ਰਾਂਸਫ਼ਰ ਲਈ ਵਿਸ਼ੇਸ਼ ਵਿਵਸਥਾ ਹੋਵੇ।

**ਪ੍ਰਸ਼ਨ 20. ਜਿੱਥੇ ਇੱਕ ਟੈਕਸਯੋਗ ਵਿਅਕਤੀ ਵੱਲੋਂ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਵਰਤੋਂ ਟੈਕਸਯੋਗ ਤੇ .ਗੈਰ-ਟੈਕਸਯੋਗ ਸਪਲਾਈਜ਼ ਕਰਨ ਲਈ ਕੀਤੀ ਜਾਂਦੀ ਹੈ, ਕੀ ਰਜਿਸਟਰਡ ਟੈਕਸਯੋਗ ਵਿਅਕਤੀ ਲਈ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਹੈ?**

ਉੱਤਰ. ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦਾ ਇਨਪੁਟ ਟੈਕਸ ਕ੍ਰੈਡਿਟ ਰਜਿਸਟਰਡ ਵਿਅਕਤੀ ਵੱਲੋਂ ਕੇਵਲ ਟੈਕਸਯੋਗ ਸਪਲਾਈਜ਼ ਉੱਤੇ ਲਿਆ ਜਾ ਸਕਦਾ ਹੈ। ਯੋਗ ਕ੍ਰੈਡਿਟ ਦੀ ਗਣਨਾ ਦਾ ਢੰਗ ਨਿਯਮਾਂ ਦੁਆਰਾ ਦਿੱਤਾ ਜਾਵੇਗਾ।

**ਪ੍ਰਸ਼ਨ 21. ਜੇ ਇਨਪੁਟ ਟੈਕਸ ਕ੍ਰੈਡਿਟ ਦੀ ਪ੍ਰਵਾਨਗੀ ਕੇਵਲ ਟੈਕਸਯੋਗ ਸਪਲਾਈਜ਼ ਉੱਤੇ ਪ੍ਰਭਾਵ ਪਾਉਣ ਲਈ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੇ ਸਬੰਧ ਵਿੱਚ ਦਿੱਤੀ ਜਾਂਦੀ ਹੈ, ਕੀ ਇਸ ਨੂੰ ਜਦੋਂ ਬਰਾਮਦ ਕੀਤਾ ਜਾਵੇਗਾ, ਤਾਂ ਛੋਟ ਪ੍ਰਾਪਤ ਸਪਲਾਈਜ਼ ਉੱਤੇ ਇਨਪੁਟ ਟੈਕਸ ਕ੍ਰੈਡਿਟ ਦਾ ਨੁਕਸਾਨ ਨਹੀਂ ਹੋ ਜਾਵੇਗਾ?**

ਉੱਤਰ. ਜ਼ੀਰੋ-ਰੇਟਡ ਸਪਲਾਈਜ਼; ਇਨਪੁਟ ਟੈਕਸ ਕ੍ਰੈਡਿਟ ਦੀ ਇਜਾਜ਼ਤ ਦੇਣ ਦੇ ਮੰਤਵ ਲਈ ਟੈਕਸਯੋਗ ਸਪਲਾਈਜ਼ ਦੇ ਅੰਦਰ ਕਵਰ ਕੀਤੀਆਂ ਗਈਆਂ ਹਨ। ਜ਼ੀਰੋ-ਰੇਟਡ ਦਾ ਖੇਤਰ ਸੰਗਠਤ ਮਾਲ ਤੇ ਸੇਵਾਵਾਂ ਟੈਕਸ ਕਾਨੂੰਨ ਵਿੱਚ ਦਿੱਤਾ ਗਿਆ ਹੈ, ਜਿਸ ਵਿੱਚ ਛੋਟ ਪ੍ਰਾਪਤ ਸਪਲਾਈਜ਼ ਵੀ ਸ਼ਾਮਲ ਹਨ।

**ਪ੍ਰਸ਼ਨ 22. ਨਿਮਨਲਿਖਤ ਵਿੱਚੋਂ ਕਿਸ ਨੂੰ ਕ੍ਰੈਡਿਟ ਦਾ ਲਾਭ ਉਠਾਉਣ ਦੇ ਮੰਤਵ ਲਈ ਟੈਕਸਯੋਗ ਸਪਲਾਈਜ਼ ਦੀ ਗਿਣਤੀ ਵਾਸਤੇ ਸ਼ਾਮਲ ਕੀਤਾ ਜਾਂਦਾ ਹੈ?**

(ੳ) ਜ਼ੀਰੋ-ਰੇਟਡ ਸਪਲਾਈਜ਼

(ਅ) ਛੋਟ ਪ੍ਰਾਪਤ ਸਪਲਾਈਜ਼

(ੲ) ਦੋਵੇਂ

ਉੱਤਰ. ਜ਼ੀਰੋ-ਰੇਟਡ ਸਪਲਾਈਜ਼

**ਪ੍ਰਸ਼ਨ 23. ਜਿੱਥੇ ਇੱਕ ਰਜਿਸਟਰਡ ਵਿਅਕਤੀ ਵੱਲੋਂ ਪ੍ਰਾਪਤ ਮਾਲ ਜਾਂ ਸੇਵਾਵਾਂ ਦੀ ਵਰਤੋਂ ਅੰਸ਼ਕ ਤੌਰ ਉੱਤੇ ਵਪਾਰਕ ਮੰਤਵ ਲਈ ਅਤੇ ਅੰਸ਼ਕ ਤੌਰ ਉੱਤੇ ਹੋਰ ਮੰਤਵਾਂ ਲਈ ਕੀਤੀ ਜਾਂਦੀ ਹੈ, ਤਦ ਕੀ ਅਜਿਹੇ ਵਿਅਕਤੀ ਲਈ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਹੋਵੇਗਾ?**

ਉੱਤਰ. ਰਜਿਸਟਰਡ ਵਿਅਕਤੀ ਵੱਲੋਂ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦਾ ਇਨਪੁਟ ਟੈਕਸ ਕ੍ਰੈਡਿਟ ਜੋ ਕੇਵਲ ਕਾਰੋਬਾਰੀ ਉਦੇਸ਼ ਲਈ ਹੈ, ਹੀ ਲਿਆ ਜਾ ਸਕਦਾ ਹੈ। ਯੋਗ ਕ੍ਰੈਡਿਟ ਦੀ ਗਿਣਤੀ ਦਾ ਢੰਗ ਨਿਯਮਾਂ ਦੇ ਆਧਾਰ ਉੱਤੇ ਕੀਤੀ ਜਾਵੇਗੀ।

**ਪ੍ਰਸ਼ਨ 24. ਇੱਕ ਵਿਅਕਤੀ ਕੰਪਾਊਂਡਿੰਗ ਯੋਜਨਾ ਅਧੀਨ ਟੈਕਸ ਅਦਾ ਕਰ ਰਿਹਾ ਹੈ, ਉਹ ਕੰਪਾਊਂਡਿੰਗ ਸੀਮਾ ਪਾਰ ਕਰ ਲੈਂਦਾ ਹੈ ਅਤੇ ਇੱਕ ਨਿਯਮਤ ਟੈਕਸਯੋਗ ਵਿਅਕਤੀ ਬਣ ਜਾਂਦਾ ਹੈ। ਕੀ ਉਹ ਆਈ.ਟੀ.ਸੀ. ਦਾ ਲਾਭ ਲੈ ਸਕਦਾ ਹੈ ਅਤੇ ਜੇ ਹਾਂ ਤਾਂ ਕਿਸ ਮਿਤੀ ਤੋਂ?**

ਉੱਤਰ. ਉਹ ਜਿਸ ਦਿਨ ਕੰਪੋਜ਼ੀਸ਼ਨ ਸਕੀਮ ਲਈ ਆਪਣੀ ਯੋਗਤਾ ਖ਼ਤਮ ਕਰ ਲੈਂਦਾ ਹੈ, ਉਸ ਮਿਤੀ ਤੋਂ ਤੁਰੰਤ ਇੱਕ ਦਿਨ ਪਹਿਲਾਂ ਪੂੰਜੀ ਵਸਤਾਂ (ਨਿਰਧਾਰਤ ਪ੍ਰਤੀਸ਼ਤਤਾ ਨੁਕਤਿਆਂ ਨਾਲ ਘਟਾਈ) ਉੱਤੇ ਅਤੇ ਸਟੱਾਕ ਵਿੱਚ ਮੌਜੂਦ ਅਰਧ-ਨਿਰਮਤ ਜਾਂ ਨਿਰਮਤ ਮਾਲ ਵਿੱਚ ਦਰਜ ਇਨਪੁਟਸ ਅਤੇ ਸਟੱਾਕ ਵਿੱਚ ਮੌਜੂਦ ਇਨਪੁਟਸ ਦੇ ਸਬੰਧ ਵਿੱਚ ਆਈ.ਟੀ.ਸੀ. ਦਾ ਲਾਭ ਉਠਾ ਸਕਦਾ ਹੈ। ਯੋਗ ਕ੍ਰੈਡਿਟ ਦੀ ਗਿਣਤੀ ਦਾ ਢੰਗ ਨਿਯਮਾਂ ਦੇ ਆਧਾਰ ਉੱਤੇ ਹੀ ਹੋਵੇਗਾ।

**ਪ੍ਰਸ਼ਨ 25. ਕੀ ਬੈਂਕਿੰਗ ਕੰਪਨੀਆਂ ਦੇ ਸਬੰਧ ਵਿੱਚ ਕੋਈ ਵਿਸ਼ੇਸ਼ ਵਿਵਸਥਾਵਾਂ ਹਨ?**

ਉੱਤਰ. ਵਿਸ਼ਸ਼ ਸੇਵਾਵਾਂ ਦੀ ਸਪਲਾਈ ਵਿੱਚ ਲੱਗੀ ਇੱਕ ਗ਼ੈਰ-ਬੈਂਕਿੰਗ ਵਿੱਤੀ ਕੰਪਨੀ ਸਮੇਤ ਇੱਕ ਬੈਂਕਿੰਗ ਕੰਪਨੀ ਜਾਂ ਇੱਕ ਵਿੱਤੀ ਸੰਸਥਾਨ ਜਾਂ ਤਾਂ ਅਨੁਪਾਤਕ ਕ੍ਰੈਡਿਟ ਦਾ ਲਾਭ ਉਠਾਏਗਾ ਜਾਂ 50% ਯੋਗ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਉਠਾਏਗਾ।

**ਪ੍ਰਸ਼ਨ 26. ਸ੍ਰੀਮਾਨ ਏ, ਇੱਕ ਰਜਿਸਟਰਡ ਵਿਅਕਤੀ 30 ਜੁਲਾਈ, 2017 ਤੱਕ ਕੰਪੋਜ਼ੀਸ਼ਨ ਯੋਜਨਾ ਅਧੀਨ ਟੈਕਸ ਅਦਾ ਕਰ ਰਿਹਾ ਸੀ। ਫਿਰ 31 ਜੁਲਾਈ, 2017 ਤੋਂ ਸ੍ਰੀਮਾਨ ਏ ਨਿਯਮਤ ਯੋਜਨਾ ਅਧੀਨ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੋ ਗਿਆ। ਕੀ ਉਹ ਆਈ.ਟੀ.ਸੀ. ਲਈ ਯੋਗ ਹੈ?**

ਉੱਤਰ. ਸ੍ਰੀਮਾਨ ਏ 30 ਜੁਲਾਈ, 2017 ਨੂੰ ਸਟੱਾਕ ਅਤੇ ਪੂੰਜੀ ਵਸਤਾਂ (ਅਜਿਹੇ ਪ੍ਰਤੀਸ਼ਤਤਾ ਅੰਕਾਂ ਨਾਲ ਘਟਾਏ ਹੋਏ, ਜਿਵੇਂ ਕਿ ਨਿਰਧਾਰਤ ਕੀਤਾ ਹੋ ਸਕਦਾ ਹੈ) ਵਿੱਚ ਮੌਜੂਦ ਅਰਧ-ਨਿਰਮਤ ਜਾਂ ਨਿਰਮਤ ਵਸਤਾਂ ਵਿੱਚ ਮੌਜੂਦ ਇਨਪੁਟਸ ਅਤੇ ਸਟੱਾਕ ਵਿੱਚ ਮੌਜੂਦ ਇਨਪੁਟਸ ਉੱਤੇ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਹਨ।

**ਪ੍ਰਸ਼ਨ 27. ਸ੍ਰੀਮਾਨ ਬੀ 5 ਜੂਨ, 2017 ਨੂੰ ਸਵੈ-ਇੱਛਾ ਨਾਲ ਰਜਿਸਟਰੇਸ਼ਨ ਲਈ ਅਰਜ਼ੀ ਦਿੰਦੇ ਹਨ ਅਤੇ ਉਨ੍ਹਾਂ ਨੂੰ 22 ਜੂਨ, 2017 ਨੂੰ ਰਜਿਸਟਰੇਸ਼ਨ ਮਿਲ ਜਾਂਦੀ ਹੈ। ਸ੍ਰੀਮਾਨ ਬੀ ਇਸ ਤਾਰੀਖ਼ ------ ਨੂੰ ਇਨਪੁਟਸ ਉੱਤੇ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਹੋ ਜਾਂਦੇ ਹਨ।**

ਉੱਤਰ. ਸ੍ਰੀਮਾਨ ਬੀ 21 ਜੂਨ, 2017 ਨੂੰ ਸਟੱਾਕ ਵਿੱਚ ਮੌਜੂਦ ਅਰਧ-ਨਿਰਮਤ ਜਾਂ ਨਿਰਮਤ ਵਸਤਾਂ/ਮਾਲ ਵਿੱਚ ਮੌਜੂਦ ਇਨਪੁਟਸ ਅਤੇ ਸਟੱਾਕ ਵਿੱਚ ਮੌਜੂਦ

ਇਨਪੁਟਸ ਉੱਤੇ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਹਨ। ਸ੍ਰੀਮਾਨ ਬੀ ਪੂੰਜੀ ਵਸਤਾਂ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਨਹੀਂ ਲੈ ਸਕਦੇ।

**ਪ੍ਰਸ਼ਨ 28. ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਲੈਣ ਵਾਲੇ ਇੱਕ ਅਜਿਹੇ ਰਜਿਸਟਰਡ ਵਿਅਕਤੀ ਦਾ ਕੀ ਹੋਵੇਗਾ, ਜੋ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਦਾ ਹੈ ਜਾਂ ਜਿੱਥੇ ਉਸ ਵੱਲੋਂ ਸਪਲਾਈ ਕੀਤੇ ਜਾਣ ਵਾਲੇ ਮਾਲ ਜਾਂ ਸੇਵਾਵਾਂ ਜਾਂ ਦੋਵੇਂ ਪੂਰੀ ਤਰ੍ਹਾਂ ਛੋਟ ਪ੍ਰਾਪਤ ਹੋ ਜਾਂਦੇ/ਜਾਂਦੀਆਂ ਹਨ।**

ਉੱਤਰ. ਰਜਿਸਟਰਡ ਵਿਅਕਤੀ ਨੂੰ ਛੋਟ ਮਿਲਣ ਦੀ ਮਿਤੀ ਜਾਂ ਵਿਕਲਪ ਚੁਣਨ ਦੀ ਮਿਤੀ ਤੋਂ ਤੁਰੰਤ ਪਹਿਲਾਂ ਦੇ ਇੱਕ ਦਿਨ ਦੌਰਾਨ ਮੌਜੂਦ ਸਟੱਕਸ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਦੇ ਸਮਾਨ ਰਾਸ਼ੀ ਅਦਾ ਕਰਨੀ ਹੋਵੇਗੀ। ਪੂੰਜੀ ਵਸਤਾਂ ਦੇ ਸਬੰਧ ਵਿੱਚ, ਅਦਾਇਗੀਯੋਗ ਰਾਸ਼ੀ ਦੀ ਗਣਨਾ ਇੱਕ ਨਿਰਧਾਰਤ ਪ੍ਰਤੀਸ਼ਤਤਾ ਬਿੰਦੂ ਘਟਾ ਕੇ ਕੀਤੀ ਜਾਵੇਗੀ। ਇਹ ਭੁਗਤਾਨ ਇਲੈਕਟ੍ਰੌਨਿਕ ਕ੍ਰੈਡਿਟ ਲੈਜਰ ਡੇਬਿਟ ਕਰ ਕੇ ਕੀਤੀ ਜਾ ਸਕਦੀ ਹੈ, ਜੇ ਕ੍ਰੈਡਿਟ ਲੈਜਰ ਵਿੱਚ ਕਾਫ਼ੀ ਬਕਾਇਆ ਹੈ ਜਾਂ ਅਜਿਹਾ ਇਲੈਕਟ੍ਰੌਨਿਕ ਕੈਸ਼ ਲੈਜਰ ਵਿੱਚ ਡੇਬਿਟ ਕਰ ਕੇ ਕੀਤਾ ਜਾ ਸਕਦਾ ਹੈ। ਜੇ ਕ੍ਰੈਡਿਟ ਲੈਜਰ ਵਿੱਚ ਕੋਈ ਬਕਾਇਆ ਰਹਿੰਦਾ ਹੈ, ਤਾਂ ਇਹ ਖ਼ਤਮ ਹੋ ਜਾਵੇਗਾ।

**ਪ੍ਰਸ਼ਨ 29. ਕੀ ਆਈ.ਟੀ.ਸੀ. ਦਾ ਲਾਭ ਲੈਣ ਵਾਲੇ ਸਮੇਂ ਉੱਤੇ ਕੋਈ ਪਾਬੰਦੀ ਹੈ?**

ਉੱਤਰ. ਨਵੀਂ ਰਜਿਸਟਰੇਸ਼ਨ ਦੇ ਮਾਮਲਿਆਂ ਵਿੱਚ ਕੰਪੋਜ਼ੀਸ਼ਨ ਤੋਂ ਆਮ ਯੋਜਨਾ ਵਿੱਚ ਤਬਦੀਲੀ, ਛੋਟ ਪ੍ਰਾਪਤ ਤੋਂ ਟੈਕਸ ਸਪਲਾਈਜ਼ ਦੀ ਤਬਦੀਲੀ, ਸਬੰਧਤ ਵਿਅਕਤੀ ਅਜਿਹੀ ਸਪਲਾਈ ਨਾਲ ਸਬੰਧਤ ਟੈਕਸ ਇਨਵੁਆਇਸ ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਖ਼ਤਮ ਹੋਣ ਤੋਂ ਬਾਅਦ ਆਈ.ਟੀ.ਸੀ. ਦਾ ਲਾਭ ਨਹੀਂ ਲੈ ਸਕਦਾ।

**ਪ੍ਰਸ਼ਨ 30. ਤਦ ਕੀ ਵਾਪਰਦਾ ਹੈ, ਜਿੱਥੇ ਪ੍ਰਾਪਤਕਰਤਾ ਵੱਲੋਂ ਆਉਣ ਵਾਲੀਆਂ ਸਪਲਾਈਜ਼ ਲਈ ਦਿੱਤੇ ਵੇਰਵੇ ਸਪਲਾਇਰ ਦੁਆਰਾ ਆਪਣੀ ਵੈਧ ਰਿਟਰਨ ਵਿੱਚ ਦਰਜ ਕੀਤੇ ਬਾਹਰ ਜਾਣ ਵਾਲੀ ਸਪਲਾਈ ਦੇ ਵੇਰਵਿਆਂ ਨਾਲ ਮੇਲ ਨਹੀਂ ਖਾਂਦੇ?**

ਉੱਤਰ. ਮੇਲ ਨਾ ਖਾਣ ਦੇ ਮਾਮਲੇ ਵਿੱਚ, ਦੋਵੇਂ ਧਿਰਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਜੇ ਇਸ ਬੇਮੇਲ ਵਿੱਚ ਸੋਧ ਨਹੀਂ ਕੀਤੀ ਜਾਂਦੀ, ਤਾਂ ਜਿਸ ਮਹੀਨੇ ਇਸ ਗ਼ਲਤੀ ਬਾਰੇ ਸੂਚਿਤ ਕੀਤਾ ਗਿਆ ਹੈ, ਉਸ ਤੋਂ ਅਗਲੇ ਮਹੀਨੇ

ਦੀ ਰਿਟਰਨ ਵਿੱਚ ਪ੍ਰਾਪਤਕਰਤਾ ਦੀ ਉਤਪਾਦਨ ਦੇਣਦਾਰੀ ਵਿੱਚ ਉਹ ਰਕਮ ਜੋੜ ਦਿੱਤੀ ਜਾਵੇਗੀ।

**ਪ੍ਰਸ਼ਨ 31. ਕੀ ਇਨਪੁਟ ਟੈਕਸ ਕ੍ਰੈਡਿਟ ਦੀ ਪ੍ਰਵਾਨਗੀ ਕੇਵਲ ਮੇਲਣ ਤੋਂ ਬਾਅਦ ਹੀ ਦਿੱਤੀ ਜਾਂਦੀ ਹੈ?**

ਉੱਤਰ. ਜੀ ਨਹੀਂ। ਇਨਪੁਟ ਟੈਕਸ ਕ੍ਰੈਡਿਟ ਦੀ ਇਜਾਜ਼ਤ ਅਸਥਾਈ ਤੌਰ ਉੱਤੇ ਦੋ ਮਹੀਨਿਆਂ ਲਈ ਦਿੱਤੀ ਜਾਂਦੀ ਹੈ। ਸਪਲਾਈ ਦੇ ਵੇਰਵੇ ਸਿਸਟਮ ਦੁਆਰਾ ਮਿਲਾਏ ਜਾਂਦੇ ਹਨ ਅਤੇ ਗ਼ਲਤੀਆਂ ਬਾਰੇ ਸਬੰਧਤ ਸਪਲਾਇਰ ਤੇ ਪ੍ਰਾਪਤਕਰਤਾ ਨੂੰ ਸੂਚਿਤ ਕੀਤਾ ਜਾਂਦਾ ਹੈ। ਜੇ ਇਹ ਬੇਮੇਲ ਜਾਰੀ ਰਹਿੰਦਾ ਹੈ, ਤਾਂ ਲਿਆ ਆਈ.ਟੀ.ਸੀ. ਆਪਣੇ-ਆਪ ਹੀ ਰਿਵਰਸ ਹੋ ਜਾਵੇਗਾ।

**ਪ੍ਰਸ਼ਨ 32. ਕੀ ਅਸਥਾਈ ਤੌਰ ਉੱਤੇ ਪ੍ਰਵਾਨਗੀ ਪ੍ਰਾਪਤ ਆਈ.ਟੀ.ਸੀ. ਦੀ ਵਰਤੋਂ ਸਾਰੀਆਂ ਦੇਣਦਾਰੀਆਂ ਦੇ ਭੁਗਤਾਨ ਲਈ ਕੀਤੀ ਜਾ ਸਕਦੀ ਹੈ?**

ਉੱਤਰ. ਜੀ ਨਹੀਂ, ਅਸਥਾਈ ਮਨਜ਼ੂਰੀ ਪ੍ਰਾਪਤ ਆਈ.ਟੀ.ਸੀ. ਦੀ ਵਰਤੋਂ ਕੇਵਲ ਰਿਟਰਨ ਵਿੱਚ ਸਵੈ-ਮੁਲਾਂਕਿਤ ਉਤਪਾਦਨ ਟੈਕਸ ਦੇ ਭੁਗਤਾਨ ਲਈ ਵਰਤੀ ਜਾ ਸਕਦੀ ਹੈ।

**ਪ੍ਰਸ਼ਨ 33. ਟੈਕਸ ਅਸਰ ਕੀ ਹੋਵੇਗਾ, ਜਦੋਂ ਟੈਕਸਯੋਗ ਵਿਅਕਤੀ ਵੱਲੋਂ ਸਪਲਾਈ ਕੀਤੀਆਂ ਪੂੰਜੀ ਵਸਤਾਂ ਉੱਤੇ ਆਈ.ਟੀ.ਸੀ. ਲਿਆ ਜਾਂਦਾ ਹੈ?**

ਉੱਤਰ. ਜੇ ਪੂੰਜੀ ਵਸਤਾਂ ਜਾਂ ਪਲਾਂਟ ਅਤੇ ਮਸ਼ੀਨਰੀ ਜਿਸ ਉੱਤੇ ਇਨਪੁਟ ਟੈਕਸ ਕ੍ਰੈਡਿਟ ਲਿਆ ਗਿਆ ਹੈ, ਰਜਿਸਟਰਡ ਵਿਅਕਤੀ ਅਜਿਹੀਆਂ ਪੂੰਜੀ ਵਸਤਾਂ ਦੇ ਲੈਣ-ਦੇਣ ਦੀ ਕੀਮਤ ਉੱਤੇ ਟੈਕਸ ਜਾਂ ਇਸ ਦੀ ਤਰਫ਼ੋਂ ਵਰਣਿਤ ਪ੍ਰਤੀਸ਼ਤਤਾ ਬਿੰਦੂਆਂ ਦੁਆਰਾ ਘਟਾਈਆਂ ਵਰਣਿਤ ਪੂੰਜੀ ਵਸਤਾਂ ਜਾਂ ਪਲਾਂਟ ਤੇ ਮਸ਼ੀਨਰੀ ਉੱਤੇ ਲਏ ਇਨਪੁਟ ਟੈਕਸ ਕ੍ਰੈਡਿਟ ਦੇ ਸਮਾਨ ਰਾਸ਼ੀ, ਜੋ ਵੀ ਵੱਧ ਹੋਵੇ, ਅਦਾ ਕਰੇਗਾ।

**ਪ੍ਰਸ਼ਨ 34. ਇੱਕ ਰਜਿਸਟਰਡ ਵਿਅਕਤੀ, ਜਿਸ ਨੇ ਅਜਿਹੀਆਂ ਪੂੰਜੀ ਵਸਤਾਂ ਉੱਤੇ ਆਈ.ਟੀ.ਸੀ. ਲਿਆ ਸੀ, ਵੱਲੋਂ ਪੂੰਜੀ ਵਸਤਾਂ ਦੀ ਸਪਲਾਈ ਦੀ ਟੈਕਸ ਗੁੰਝਲ ਕੀ ਹੈ?**

ਉੱਤਰ. ਰਜਿਸਟਰਡ ਵਿਅਕਤੀ ਆਈ.ਟੀ.ਸੀ. ਦੇ ਸਮਾਨ ਹੀ ਰਕਮ ਅਦਾ ਕਰੇਗਾ, ਜੋ ਨਿਰਧਾਰਤ ਪ੍ਰਤੀਸ਼ਤਤਾ ਬਿੰਦੂ ਦੁਆਰਾ ਘਟਾਈ ਗਈ ਹੋਵੇਗੀ ਜਾਂ

ਜਿੰਨੀ ਲੈਣ-ਦੇਣ ਦੀ ਕੀਮਤ ਹੋਵੇਗੀ, ਇਨ੍ਹਾਂ ਵਿੱਚੋਂ ਜੋ ਵੀ ਵੱਧ ਹੋਵੇ। ਪਰ ਰਿਫ਼ਰੈਕਟਰੀ ਇੱਟਾਂ, ਮੋਲਡਜ਼ ਤੇ ਡਾਈਜਆਂ, ਜਿਗਸ ਤੇ ਫ਼ਿਕਸਚਰਜ਼ ਦੇ ਮਾਮਲੇ ਵਿੱਚ ਜਦੋਂ ਇਨ੍ਹਾਂ ਦੀ ਸਪਲਾਈ ਕਬਾੜ ਵਜੋਂ ਕੀਤੀ ਜਾਂਦੀ ਹੈ, ਤਾਂ ਉਹ ਵਿਅਕਤੀ ਲੈਣ-ਦੇਣ ਦੀ ਕੀਮਤ ਉੱਤੇ ਟੈਕਸ ਅਦਾ ਕਰ ਸਕਦਾ ਹੈ।

# ਜੀ.ਐਸ.ਟੀ. ਵਿੱਚ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਦੀ ਧਾਰਨਾ

# ਜੀ.ਐਸ.ਟੀ. ਵਿੱਚ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਦੀ ਧਾਰਨਾ

**ਪ੍ਰਸ਼ਨ 1. ਇਨਪੁਟ ਸਰਵਿਸ ਡਿਸਟ੍ਰੀਬਿਊਟਰ (ਆਈ.ਐਸ.ਡੀ.) ਕੀ ਹੈ?**

ਉੱਤਰ. ਆਈ.ਐਸ.ਡੀ. ਦਾ ਅਰਥ ਹੈ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੇ ਸਪਲਾਇਰ ਦਾ ਦਫ਼ਤਰ, ਜੋ ਇਨਪੁਟ ਸੇਵਾਵਾਂ ਦੀ ਪ੍ਰਾਪਤੀ ਲਈ ਟੈਕਸ ਇਨਵੁਆਇਸਜ਼ ਪ੍ਰਾਪਤ ਕਰਦਾ ਹੈ ਅਤੇ ਟੈਕਸ ਇਨਵੁਆਇਸ ਜਾਂ ਟੈਕਸਯੋਗ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੇ ਸਪਲਾਇਰ, ਜਿਸ ਕੋਲ ਕੋਈ ਪੈਨ ਜਿਵੇਂ ਆਈ.ਐੱਸ.ਡੀ. ਹੁੰਦਾ ਹੈ, ਨੂੰ ਵਰਣਿਤ ਸੇਵਾਵਾਂ ਲਈ ਅਦਾ ਕੀਤੇ ਗਏ ਕੇਂਦਰੀ ਟੈਕਸ (ਸੀ.ਜੀ.ਐੱਸ.ਟੀ.), ਸੂਬਾਈ ਟੈਕਸ (ਐੱਸ.ਜੀ.ਐੱਸ.ਟੀ.)/ਕੇਂਦਰ ਸ਼ਾਸਤ ਪ੍ਰਦੇਸ਼ ਟੈਕਸ (ਯੂ.ਟੀ.ਜੀ.ਐੱਸ.ਟੀ.) ਜਾਂ ਇੰਟੈਗਰੇਟਡ ਟੈਕਸ (ਆਈ.ਜੀ.ਐਸ.ਟੀ.) ਦਾ ਕ੍ਰੈਡਿਟ ਵੰਡਣ ਦੇ ਉਦੇਸ਼ ਲਈ ਕੋਈ ਅਜਿਹਾ ਹੋਰ ਦਸਤਾਵੇਜ਼ ਜਾਰੀ ਕਰਦਾ ਹੈ।

**ਪ੍ਰਸ਼ਨ 2. ਆਈ.ਐਸ.ਡੀ. ਵਜੋਂ ਰਜਿਸਟਰੇਸ਼ਨ ਲਈ ਕੀ ਆਵਸ਼ਕਤਾਵਾਂ ਹਨ?**

ਉੱਤਰ. ਇੱਕ ਆਈ.ਐਸ.ਡੀ. ਨੂੰ ਵੱਖਰੀ ਰਜਿਸਟਰੇਸ਼ਨ ਲੈਣੀ ਪੈਂਦੀ ਹੈ, ਭਾਵੇਂ ਉਹ ਵੱਖਰੇ ਤੌਰ ਉੱਤੇ ਰਜਿਸਟਰਡ ਹੋ ਸਕਦਾ ਹੈ। ਆਈ.ਐਸ.ਡੀ. ਲਈ ਰਜਿਸਟਰੇਸ਼ਨ ਦੀ ਕੋਈ ਪ੍ਰਵੇਸ਼ ਵਰਗੀ ਸੀਮਾ ਨਹੀਂ ਹੁੰਦੀ। ਵਰਤਮਾਨ ਸ਼ਾਸਨ (ਭਾਵ ਸਰਵਿਸ ਟੈਕਸ ਅਧੀਨ) ਅਧੀਨ ਆਈ.ਐਸ.ਡੀ. ਦੀ ਰਜਿਸਟਰੇਸ਼ਨ; ਜੀ.ਐਸ.ਟੀ. ਸ਼ਾਸਨ ਵਿੱਚ ਮਾਈਗ੍ਰੇਟ ਨਹੀਂ ਹੋਵੇਗੀ। ਸਾਰੀਆਂ ਮੌਜੂਦਾ ਆਈ.ਐਸ.ਡੀਜ਼ ਨੂੰ ਨਵੇਂ ਸ਼ਾਸਨ ਅਧੀਨ ਤਾਜ਼ਾ ਰਜਿਸਟਰੇਸ਼ਨਾਂ ਪ੍ਰਾਪਤ ਕਰਨੀਆਂ ਹੋਣਗੀਆਂ, ਜੇ ਉਹ ਇੱਕ ਆਈ.ਐਸ.ਡੀ. ਵਜੋਂ ਅੱਪਰੇਟ ਕਰਨਾ ਚਾਹੁੰਦੇ ਹਨ।

**ਪ੍ਰਸ਼ਨ 3. ਆਈ.ਐੱਸ.ਡੀ. ਵੱਲੋਂ ਕ੍ਰੈਡਿਟ ਦੀ ਵੰਡ ਲਈ ਕਿਹੜੇ ਦਸਤਾਵੇਜ਼ ਹਨ?**

ਉੱਤਰ. ਕ੍ਰੈਡਿਟ ਦੀ ਵੰਡ ਇੱਥ ਦਸਤਾਵੇਜ਼ ਰਾਹੀਂ ਕੀਤੀ ਜਾਵੇਗੀ, ਜੋ ਇਸ ਉਦੇਸ਼ ਲਈ ਖ਼ਾਸ ਤੌਰ ਉੱਤੇ ਡਿਜ਼ਾਇਨ ਕੀਤਾ ਗਿਆ ਹੈ। ਵਰਣਿਤ ਦਸਤਾਵੇਜ਼ ਵਿੱਚ ਵੰਡੀ ਜਾਣ ਵਾਲੀ ਇਨਪੁਟ ਟੈਕਸ ਕ੍ਰੈਡਿਟ ਦੀ ਰਾਸ਼ੀ ਹੋਵੇਗੀ।

**ਪ੍ਰਸ਼ਨ 4. ਕੀ ਇੱਕ ਆਈ.ਐੱਸ.ਡੀ. ਸਾਰੇ ਸਪਲਾਇਰਜ਼ ਨੂੰ ਇਨਪੁਟ ਟੈਕਸ ਕ੍ਰੈਡਿਟ ਵੰਡ ਸਕਦਾ ਹੈ?**

ਉੱਤਰ. ਜੀ ਨਹੀਂ। ਇਨਪੁਟ ਸੇਵਾਵਾਂ ਦਾ ਇਨਪੁਟ ਟੈਕਸ ਕ੍ਰੈਡਿਟ ਕੇਵਲ ਉਨ੍ਹਾਂ ਰਜਿਸਟਰਡ ਵਿਅਕਤੀਆਂ ਵਿਚਾਲੇ ਵੰਡਿਆ ਜਾਵੇਗਾ, ਜਿਨ੍ਹਾਂ ਨੇ ਕਾਰੋਬਾਰ ਦੌਰਾਨ ਜਾਂ ਉਸ ਨੂੰ ਅੱਗੇ ਵਧਾਉਣ ਲਈ ਇਨਪੁਟ ਸੇਵਾਵਾਂ ਦੀ ਵਰਤੋਂ ਕੀਤੀ ਹੈ।

**ਪ੍ਰਸ਼ਨ 5. ਬਹੁਤ ਵਾਰ ਇੱਕ ਸਪਲਾਇਰ ਵੱਲੋਂ ਕਾਰੋਬਾਰ ਦੌਰਾਨ ਜਾਂ ਉਸ ਨੂੰ ਅੱਗੇ ਵਧਾਉਣ ਵਿੱਚ ਵਰਤੀਆਂ ਜਾਣ ਵਾਲੀਆਂ ਇਨਪੁਟ ਸੇਵਾਵਾਂ ਦੀ ਮਾਤਰਾ ਵਿਚਾਲੇ ਇਕੱਲਾ-ਇਕੱਲਾ ਸੰਪਰਕ ਸਥਾਪਤ ਕਰਨਾ ਸੰਭਵ ਨਹੀਂ ਹੁੰਦਾ। ਅਜਿਹੀਆਂ ਸਥਿਤੀਆਂ ਵਿੱਚ, ਆਈ.ਐੱਸ.ਡੀ. ਵੱਲੋਂ ਆਈ.ਟੀ.ਸੀ. ਦੀ ਵੰਡ ਕਿਵੇਂ ਕੀਤੀ ਜਾਂਦੀ ਹੈ?**

ਉੱਤਰ. ਅਜਿਹੇ ਹਾਲਾਤ ਵਿੱਚ, ਵੰਡ ਇੱਕ ਫ਼ਾਰਮੂਲੇ ਉੱਤੇ ਆਧਾਰਤ ਹੋਵੇਗੀ। ਸਭ ਤੋਂ ਪਹਿਲਾਂ ਤਾਂ, ਵੰਡ ਕੇਵਲ ਇਨਪੁਟ ਟੈਕਸ ਕ੍ਰੈਡਿਟ ਦੇ ਉਨ੍ਹਾਂ ਪ੍ਰਾਪਤਕਰਤਾਵਾਂ ਵਿਚਾਲੇ ਹੋਵੇਗੀ, ਜਿਨ੍ਹਾਂ ਨੂੰ ਇਨਪੁਟ ਸੇਵਾ ਵੰਡੀ ਜਾ ਰਹੀ ਹੈ, ਫਲਸਰੂਪ ਹਨ। ਦੂਜੇ, ਵੰਡ ਕੇਵਲ ਅੱਪਰੇਸ਼ਨਲ ਇਕਾਈਆਂ ਵਿਚਾਲੇ ਹੋਵੇਗੀ। ਤੀਜੇ, ਵੰਡ; ਇੱਕ ਸਮੇਂ ਦੌਰਾਨ ਪ੍ਰਾਪਤਕਰਤਾ ਦੇ ਇੱਕ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸਾਰੇ ਪ੍ਰਾਪਤਕਰਤਾਵਾਂ ਦੇ ਕੁੱਲ ਜੋੜ ਟਰਨਓਵਰ ਦਾ ਅਨੁਪਾਤ ਹੋਵੇਗੀ, ਜਿਨ੍ਹਾਂ ਨੂੰ ਇਨਪੁਟ ਸੇਵਾ ਵੰਡੀ ਜਾ ਰਹੀ ਹੈ, ਫਲਸਰੂਪ ਹੈ। ਅੰਤ ’ਚ, ਵੰਡਿਆ ਕ੍ਰੈਡਿਟ ਵੰਡ ਲਈ ਉਪਲਬਧ ਕ੍ਰੈਡਿਟ ਤੋਂ ਵਧਣਾ ਨਹੀਂ ਚਾਹੀਦਾ।

**ਪ੍ਰਸ਼ਨ 6. ਆਈ.ਐੱਸ.ਡੀ. ਕਵਰ ਲਈ ਵਰਤੀ ਗਈ ਟਰਨਓਵਰ ਕੀ ਹੈ?**

ਉੱਤਰ. ਆਈ.ਐੱਸ.ਡੀ. ਦੇ ਮੰਤਵ ਲਈ ਟਰਨਓਵਰ ਵਿੱਚ ਕੋਈ ਡਿਊਟੀ ਜਾਂ ਟੈਕਸ ਸ਼ਾਮਲ ਨਹੀਂ ਹੈ, ਜੋ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ 2 ਦੀ ਐਂਟਰੀ 51 ਅਤੇ 54 ਅਧੀਨ ਵਸੂਲ ਕੀਤਾ ਜਾਂਦਾ ਹੈ।

**ਪ੍ਰਸ਼ਨ 7. ਕੀ ਰਿਟਰਨ ਫ਼ਾਇਲ ਕਰਨ ਲਈ ਆਈ.ਐੱਸ.ਡੀ. ਲੋੜੀਂਦਾ ਹੈ?**

ਉੱਤਰ. ਜੀ ਹਾਂ, ਅਗਲੇ ਮਹੀਨੇ ਦੀ 13 ਤਾਰੀਖ਼ ਤੱਕ ਮਾਸਿਕ ਰਿਟਰਨ ਭਰਨ ਲਈ ਆਈ.ਐੱਸ.ਡੀ. ਲੋੜੀਂਦੀ ਹੈ।

**ਪ੍ਰਸ਼ਨ 8. ਕੀ ਇੱਕ ਕੰਪਨੀ ਦੀਆਂ ਕਈ ਆਈ.ਐੱਸ.ਡੀ. ਹੋ ਸਕਦੀਆਂ ਹਨ?**

ਉੱਤਰ. ਜੀ ਹਾਂ, ਮਾਰਕਿਟਿੰਗ ਡਿਵੀਜ਼ਨ, ਸਕਿਓਰਿਟੀ ਡਿਵੀਜ਼ਨ ਆਦਿ ਜਿਹੇ ਵੱਖੋ ਵੱਖਰੇ ਦਫ਼ਤਰ ਵੱਖੋ-ਵੱਖਰੀ ਆਈ.ਐੱਸ.ਡੀ. ਲਈ ਅਰਜ਼ੀ ਦੇ ਸਕਦੇ ਹਨ।

**ਪ੍ਰਸ਼ਨ 9. ਆਈ.ਐੱਸ.ਡੀ. ਵੱਲੋਂ ਵੱਧ/ਗ਼ਲਤ ਤਰੀਕੇ ਨਾਲ ਵੰਡੇ ਕ੍ਰੈਡਿਟ ਦੀ ਰੀਕਵਰੀ ਲਈ ਕੀ ਵਿਵਸਥਾਵਾਂ ਹਨ?**

ਉੱਤਰ. ਸੈਕਸ਼ਨ 73 ਤੇ 74 ਅਧੀਨ ਕਾਰਵਾਈ ਕਰਦਿਆਂ; ਵੱਧ/ਗ਼ਲਤ ਤਰੀਕੇ ਵੰਡਿਆ ਕ੍ਰੈਡਿਟ; ਕ੍ਰੈਡਿਟ ਦੇ ਪ੍ਰਾਪਤਕਰਤਾਵਾਂ ਤੋਂ ਵਾਪਸ ਲਿਆ ਜਾ ਸਕਦਾ ਹੈ।

**ਪ੍ਰਸ਼ਨ 10. ਕੀ ਸੀ.ਜੀ.ਐੱਸ.ਟੀ. ਅਤੇ ਆਈ.ਜੀ.ਐੱਸ.ਟੀ. ਕ੍ਰੈਡਿਟ ਆਈ.ਐੱਸ.ਡੀ. ਦੁਆਰਾ ਵੱਖੋ-ਵੱਖਰੇ ਸੂਬਿਆਂ ਵਿੱਚ ਸਥਿਤ ਪ੍ਰਾਪਤਕਰਤਾਵਾਂ ਨੂੰ ਆਈ.ਜੀ.ਐੱਸ.ਟੀ. ਕ੍ਰੈਡਿਟ ਵਜੋਂ ਵੰਡਿਆ ਜਾ ਸਕਦਾ ਹੈ?**

ਉੱਤਰ. ਜੀ ਹਾਂ, ਇੱਕ ਆਈ.ਐੱਸ.ਡੀ. ਵੱਲੋਂ ਸੀ.ਜੀ.ਐੱਸ.ਟੀ. ਕ੍ਰੈਡਿਟ; ਆਈ.ਜੀ.ਐੱਸ.ਟੀ. ਵਜੋਂ ਅਤੇ ਆਈ.ਜੀ.ਐੱਸ.ਟੀ. ਕ੍ਰੈਡਿਟ ਵੱਖੋ-ਵੱਖਰੇ ਸੂਬਿਆਂ ਵਿੱਚ ਸਥਿਤ ਪ੍ਰਾਪਤਕਰਤਾਵਾਂ ਲਈ ਸੀ.ਜੀ.ਐੱਸ.ਟੀ. ਵਜੋਂ ਵੰਡਿਆ ਜਾ ਸਕਦਾ ਹੈ।

**ਪ੍ਰਸ਼ਨ 11. ਕੀ ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐੱਸ.ਟੀ. ਕ੍ਰੈਡਿਟ ਵੱਖੋ-ਵੱਖਰੇ ਸੂਬਿਆਂ ਵਿੱਚ ਸਥਿਤ ਪ੍ਰਾਪਤਕਰਤਾਵਾਂ ਨੂੰ ਇੱਕ ਆਈ.ਐੱਸ.ਡੀ. ਵੱਲੋਂ ਆਈ.ਜੀ.ਐੱਸ.ਟੀ. ਕ੍ਰੈਡਿਟ ਵਜੋਂ ਵੰਡਿਆ ਜਾ ਸਕਦਾ ਹੈ?**

ਉੱਤਰ. ਜੀ ਹਾਂ, ਇੱਕ ਆਈ.ਐੱਸ.ਡੀ. ਵੱਖੋ-ਵੱਖਰੇ ਰਾਜਾਂ ਵਿੱਚ ਸਥਿਤ ਪ੍ਰਾਪਤਕਰਤਾਵਾਂ ਲਈ ਆਈ.ਜੀ.ਐੱਸ.ਟੀ. ਵਜੋਂ ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐੱਸ.ਟੀ. ਵੰਡ ਸਕਦਾ ਹੈ।

**ਪ੍ਰਸ਼ਨ 12. ਕੀ ਆਈ.ਐੱਸ.ਡੀ.; ਸੀ.ਜੀ.ਐੱਸ.ਟੀ. ਤੇ ਆਈ.ਜੀ.ਐੱਸ.ਟੀ. ਕ੍ਰੈਡਿਟ ਦੀ ਵੰਡ ਸੀ.ਜੀ.ਐੱਸ.ਟੀ. ਕ੍ਰੈਡਿਟ ਵਜੋਂ ਕਰ ਸਕਦਾ ਹੈ?**

ਉੱਤਰ. ਜੀ ਹਾਂ, ਸੀ.ਜੀ.ਐੱਸ.ਟੀ. ਅਤੇ ਆਈ.ਜੀ.ਐੱਸ.ਟੀ. ਦੀ ਵੰਡ ਇੱਕ ਆਈ.ਐੱਸ.ਡੀ. ਵੱਲੋਂ ਸੀ.ਜੀ.ਐੱਸ.ਟੀ. ਵਜੋਂ ਇੱਕੋ ਰਾਜ ਵਿੱਚ ਸਥਿਤ ਪ੍ਰਾਪਤਕਰਤਾਵਾਂ ਲਈ ਕੀਤੀ ਜਾ ਸਕਦੀ ਹੈ?

**ਪ੍ਰਸ਼ਨ 13. ਕੀ ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐੱਸ.ਟੀ. ਅਤੇ ਆਈ.ਜੀ.ਐੱਸ.ਟੀ. ਕ੍ਰੈਡਿਟ ਦੀ ਵੰਡ ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐਸ.ਟੀ. ਜੋਂ ਕੀਤੀ ਜਾ ਸਕਦੀ ਹੈ?**

ਉੱਤਰ. ਜੀ ਹਾਂ, ਆਈ.ਐੱਸ.ਡੀ.; ਐੱਸ.ਜੀ.ਐੱਸ.ਟੀ. ਅਤੇ ਆਈ.ਜੀ.ਐੱਸ.ਟੀ. ਕ੍ਰੈਡਿਟ ਦੀ ਵੰਡ ਇੱਕੋ ਰਾਜ ਵਿੱਚ ਸਥਿਛ ਪ੍ਰਾਪਤਕਰਤਾਵਾਂ

ਲਈ ਐੱਸ.ਜੀ.ਐੱਸ.ਟੀ./ਯੂ.ਟੀ.ਜੀ.ਐੱਸ.ਟੀ. ਕ੍ਰੈਡਿਟ ਵਜੋਂ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 14. ਇੱਕ ਆਈ.ਐੱਸ.ਡੀ. ਦੇ ਸਾਰੇ ਪ੍ਰਾਪਤਕਰਤਾਵਾਂ ਵਿਚਾਲੇ ਆਮ ਕ੍ਰੈਡਿਟ ਕਿਵੇਂ ਵੰਡਣਾ ਹੈ?**

ਉੱਤਰ. ਸਾਰੇ ਪ੍ਰਾਪਤਕਰਤਾਵਾਂ ਵੱਲੋਂ ਵਰਤਿਆ ਜਾਣ ਵਾਲਾ ਆਮ ਕ੍ਰੈਡਿਟ ਆਈ.ਐੱਸ.ਡੀ. ਵੱਲੋਂ ਪ੍ਰੋ ਰੈਟਾ ਆਧਾਰ ਉੱਤੇ ਭਾਵ ਜਿਨ੍ਹਾਂ ਵਿੱਚ ਕ੍ਰੈਡਿਟ ਵੰਡਿਆ ਜਾਂਦਾ ਹੈ, ਉਨ੍ਹਾਂ ਸਾਰੇ ਪ੍ਰਾਪਤਕਰਤਾਵਾਂ ਦੀ ਕੁੱਲ ਟਰਨਓਵਰ 'ਚੋਂ ਹਰੇਕ ਪ੍ਰਾਪਤਕਰਤਾ ਦੀ ਟਰਨਓਵਰ ਦੇ ਆਧਾਰ ਉੱਤੇ ਵੰਡਿਆ ਜਾ ਸਕਦਾ ਹੈ।

**ਪ੍ਰਸ਼ਨ 15. ਆਈ.ਐੱਸ.ਡੀ. ਰਾਜ ਤੋਂ ਬਾਹਰ ਦੇ ਪ੍ਰਾਪਤਕਰਤਾ ਨੂੰ ਸੀ.ਜੀ.ਐੱਸ.ਟੀ. ਤੇ ਆਈ.ਜੀ.ਐੱਸ.ਟੀ. ਕ੍ਰੈਡਿਟ ਦੀ ਵੰਡ ਇਸ ------------ ਵਜੋਂ ਕਰ ਸਕਦਾ ਹੈ**

**(ੳ) ਆਈ.ਜੀ.ਐੱਸ.ਟੀ.**

**(ਅ) ਸੀ.ਜੀ.ਐੱਸ.ਟੀ.**

**(ੲ) ਐਸ.ਜੀ.ਐੱਸ.ਟੀ.**

ਉੱਤਰ. (ੳ) ਆਈ.ਜੀ.ਐੱਸ.ਟੀ.

**ਪ੍ਰਸ਼ਨ 16. ਆਈ.ਐੱਸ.ਡੀ.; ਇੱਕ ਰਾਜ ਦੇ ਅੰਦਰ ਸੀ.ਜੀ.ਐੱਸ.ਟੀ. ਕ੍ਰੈਡਿਟ ਦੀ ਵੰਡ ਇਸ ---------- ਵਜੋਂ ਕਰ ਸਕਦਾ ਹੈ?**

**(ੳ) ਆਈ.ਜੀ.ਐੱਸ.ਟੀ.**

**(ਅ) ਸੀ.ਜੀ.ਐੱਸ.ਟੀ.**

**(ੲ) ਐੱਸ.ਜੀ.ਐੱਸ.ਟੀ.**

**(ਸ) ਉਪਰੋਕਤ ਵਿੱਚੋਂ ਕੋਈ ਵੀ**

ਉੱਤਰ. (ਅ) ਸੀ.ਜੀ.ਐੱਸ.ਟੀ.

**ਪ੍ਰਸ਼ਨ 17. ਇੱਕ ਤੋਂ ਵੱਧ ਸਪਲਾਇਰ ਵੱਲੋਂ ਵਰਤੀ ਇਨਪੁਟ ਸੇਵਾ ਉੱਤੇ ਅਦਾ ਕੀਤੇ ਟੈਕਸ ਦਾ ਕ੍ਰੈਡਿਟ ਹੈ ---------।**

(ੳ) ਉਨ੍ਹਾਂ ਸਪਲਾਇਰਜ਼ ਵਿੱਚ ਵੰਡੀ, ਜਿਨ੍ਹਾਂ ਨੇ ਅਜਿਹੇ ਰਾਜ ਵਿੱਚ ਅਜਿਹੀ

ਇਨਪੁਟ ਸੇਵਾ ਦੀ ਵਰਤੋਂ ਟਰਨਓਵਰ ਦੇ ਪ੍ਰੋ ਰੈਟਾ ਆਧਾਰ ਉੱਤੇ ਕੀਤੀ

(ਅ) ਸਾਰੇ ਸਪਲਾਇਰਾਂ ਵਿਚਾਲੇ ਸਮਾਨ ਢੰਗ ਨਾਲ ਵੰਡੀ

(ੲ) ਕੇਵਲ ਇੱਕ ਸਪਲਾਇਰ ਨੂੰ ਵੰਡੀ

(ਸ) ਵੰਡੀ ਨਹੀਂ ਜਾ ਸਕਦੀ

ਉੱਤਰ. (ੳ) ਉਨ੍ਹਾਂ ਸਪਲਾਇਰਜ਼ ਵਿੱਚ ਵੰਡੀ, ਜਿਨ੍ਹਾਂ ਨੇ ਅਜਿਹੇ ਰਾਜ ਵਿੱਚ ਅਜਿਹੀ ਇਨਪੁਟ ਸੇਵਾ ਦੀ ਵਰਤੋਂ ਟਰਨਓਵਰ ਦੇ ਪ੍ਰੋ ਰੈਟਾ ਆਧਾਰ ਉੱਤੇ ਕੀਤੀ।

**ਪ੍ਰਸ਼ਨ 18. ਕੀ ਵਿਭਾਗ ਵੱਲੋਂ ਆਈ.ਐੱਸ.ਡੀ. ਤੋਂ ਵਾਧੂ ਵੰਡੇ ਕ੍ਰੈਡਿਟ ਨੂੰ ਵਾਪਸ ਲਿਆ ਜਾ ਸਕਦਾ ਹੈ?**

ਉੱਤਰ. ਨਹੀਂ। ਵਾਧੂ ਕ੍ਰੈਡਿਟ ਵੰਡਿਆ ਵਿਆਜ ਸਮੇਤ ਕੇਵਲ ਪ੍ਰਾਪਤਕਰਤਾ ਤੋਂ ਵਿਆਜ ਸਮੇਤ ਵਾਪਸ ਲਿਆ ਜਾ ਸਕਦਾ ਹੈ ਤੇ ਆਈ.ਐੱਸ.ਡੀ. ਤੋਂ ਨਹੀਂ। ਸੈਕਸ਼ਨ 73 ਜਾਂ 74 ਦੀਆਂ ਵਿਵਸਥਾਵਾਂ ਕ੍ਰੈਡਿਟ ਦੀ ਰੀਕਵਰੀ ਲਈ ਲਾਗੂ ਹੋਣਗੀਆਂ।

**ਪ੍ਰਸ਼ਨ 19. ਕਾਨੂੰਨ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰ ਕੇ ਵੰਡੇ ਕ੍ਰੈਡਿਟ ਦੇ ਕੀ ਨਤੀਜੇ ਹਨ?**

ਉੱਤਰ. ਕਾਨੂੰਨ ਦੀ ਉਲੰਘਣਾ ਕਰ ਕੇ ਵੰਡਿਆ ਕ੍ਰੈਡਿਟ ਉਸ ਪ੍ਰਾਪਤਕਰਤਾ ਤੋਂ ਵਿਆਜ ਸਮੇਤ ਵਾਪਸ ਲਿਆ ਜਾ ਸਕਦਾ ਹੈ, ਜਿਸ ਨੂੰ ਇਹ ਵੰਡਿਆ ਗਿਆ ਸੀ।

# ਰਿਟਰਨ ਪ੍ਰਕਿਰਿਆ ਅਤੇ ਇਨਪੁਟ ਟੈਕਸ ਕ੍ਰੈਡਿਟ ਨੂੰ ਮੇਲਣਾ

# ਰਿਟਰਨ ਪ੍ਰਕਿਰਿਆ ਅਤੇ ਇਨਪੁਟ ਟੈਕਸ ਕ੍ਰੈਡਿਟ ਨੂੰ ਮੇਲਣਾ

**ਪ੍ਰਸ਼ਨ 1. ਰਿਟਰਨਾਂ ਦਾ ਕੀ ਉਦੇਸ਼ ਹੈ?**

ਉੱਤਰ. (ੳ) ਟੈਕਸ ਪ੍ਰਸ਼ਾਸਨ ਨੂੰ ਜਾਣਕਾਰੀ ਟ੍ਰਾਂਸਫ਼ਰ ਕਰਨ ਦੀ ਵਿਧੀ;

(ਅ) ਟੈਕਸ ਪ੍ਰਸ਼ਾਸਨ ਦੀ ਪਾਲਣਾ ਦੀ ਪੁਸ਼ਟੀ ਦਾ ਪ੍ਰੋਗਰਾਮ;

(ੲ) ਸੀਮਾ ਦੀ ਨਿਰਧਾਰਤ ਮਿਆਦ ਦੇ ਅੰਦਰ ਟੈਕਸਦਾਤੇ ਦੀਆਂ ਟੈਕਸ ਦੇਣਦਾਰੀਆਂ ਨੂੰ ਅੰਤਿਮ ਰੂਪ ਦੇਣਾ; ਇੱਕ ਨਿਸ਼ਚਤ ਸਮੇਂ ਲਈ ਟੈਕਸ ਦੇਣਦਾਰੀ ਐਲਾਨਣਾ;

(ਸ) ਨੀਤੀਗਤ ਫ਼ੈਸਲਾ ਲੈਣ ਲਈ ਜ਼ਰੂਰੀ ਇਨਪੁਟਸ ਮੁਹੱਈਆ ਕਰਵਾਉਣਾ;

(ਹ) ਟੈਕਸ ਪ੍ਰਸ਼ਾਸਨ ਦੇ ਆੱਡਿਟ ਅਤੇ ਟੈਕਸ-ਚੋਰੀ ਵਿਰੋਧੀ ਪ੍ਰੋਗਰਾਮਾਂ ਦਾ ਪ੍ਰਬੰਧਨ

**ਪ੍ਰਸ਼ਨ 2. ਜੀ.ਐਸ.ਟੀ. ਸ਼ਾਸਨ ਵਿੱਚ ਕਿਸ ਨੂੰ ਰਿਟਰਨ ਫ਼ਾਇਲ ਕਰਨ ਦੀ ਕੀ ਜ਼ਰੂਰਤ ਹੈ?**

ਉੱਤਰ. ਜੀ.ਐੱਸ.ਟੀ. ਅਧੀਨ ਰਜਿਸਟਰਡ ਹਰੇਕ ਟੈਕਸਯੋਗ ਵਿਅਕਤੀ ਨੂੰ ਕੁਝ ਫ਼ਾਰਮ ਜਾਂ ਹੋਰ ਵਿੱਚ ਰਿਟਰਨ ਫ਼ਾਇਲ ਕਰਨੀ ਹੁੰਦੀ ਹੈ। ਇੱਕ ਰਜਿਸਟਰਡ ਵਿਅਕਤੀ ਨੂੰ ਰਿਟਰਨਾਂ ਜਾਂ ਤਾਂ ਮਾਸਿਕ ਆਧਾਰ ਉੱਤੇ (ਆਮ ਸਪਲਾਇਰ) ਜਾਂ ਤਿਮਾਹੀ ਆਧਾਰ ਉੱਤੇ (ਜੋ ਸਪਲਾਇਰ ਕੰਪੋਜ਼ੀਸ਼ਨ ਸਕੀਮ ਦਾ ਵਿਕਲਪ ਰੱਖਦਾ ਹੈ) ਭਰਨੀਆਂ ਹੁੰਦੀਆਂ ਹਨ। ਇੱਕ ਆਈ.ਐੱਸ.ਡੀ. ਨੇ ਮਾਸਿਕ ਰਿਟਰਨਾਂ ਭਰਨੀਆਂ ਹੁੰਦੀਆਂ ਹਨ, ਜਿਸ ਵਿੱਚ ਉਸ ਮਹੀਨੇ ਵਿਸ਼ੇਸ਼ ਦੌਰਾਨ ਵੰਡੇ ਕ੍ਰੈਡਿਟ ਦੇ ਵੇਰਵੇ ਦਰਸਾਉਣੇ ਹੁੰਦੇ ਹਨ। ਇੱਕ ਵਿਅਕਤੀ, ਜਿਸ ਲਈ ਟੈਕਸ ਕਟੌਤੀ (ਟੀ.ਡੀ.ਐੱਸ.) ਕਰਨ ਅਤੇ ਜਿਹੜੇ ਵਿਅਕਤੀਆਂ ਨੇ ਟੈਕਸ ਇਕੱਠਾ (ਟੀ.ਸੀ.ਐੱਸ.) ਕਰਨਾ ਹੁੰਦਾ ਹੈ, ਨੇ ਵੀ ਮਾਸਿਕ ਰਿਟਰਨਾਂ ਫ਼ਾਇਲ ਕਰਨੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕਟੌਤੀ/ਇਕੱਠੀ ਕੀਤੀ ਰਕਮ ਤੇ ਹੋਰ ਨਿਰਧਾਰਤ ਵੇਰਵੇ ਦੇਣੇ ਹੁੰਦੇ ਹਨ। ਇੱਕ ਗ਼ੈਰ-ਰਿਹਾਇਸ਼ੀ ਟੈਕਸਯੋਗ ਵਿਅਕਤੀ ਨੇ ਵੀ

ਹਰੇਕ ਗਤੀਵਿਧੀ ਦੇ ਸਮੇਂ ਲਈ ਰਿਟਰਨਾਂ ਫ਼ਾਇਲ ਕਰਨੀਆਂ ਹੋਈਆਂ ਹੋਣਗੀਆਂ।

**ਪ੍ਰਸ਼ਨ 3. ਰਿਟਰਨ ਵਿੱਚ ਬਾਹਰ-ਵੱਲ ਕੀਤੀ ਕਿਸ ਕਿਸਮ ਦੀ ਸਪਲਾਈ ਦੇ ਵੇਰਵੇ ਫ਼ਾਇਲ ਕਰਨੇ ਹੋਣਗੇ?**

ਉੱਤਰ. ਇੱਕ ਆਮ ਰਜਿਸਟਰਡ ਟੈਕਸਦਾਤੇ ਨੂੰ ਇੱਕ ਮਹੀਨੇ ਦੌਰਾਨ ਵਿਭਿੰਨ ਪ੍ਰਕਾਰ ਦੀਆਂ ਸਪਲਾਈਜ਼ ਦੇ ਸਬੰਧ ਵਿੱਚ ਜੀ.ਐਸ.ਟੀ.ਆਰ.–1 ਵਿੱਚ ਬਾਹਰ–ਵੱਲ ਕੀਤੀ ਸਪਲਾਈ ਦੇ ਵੇਰਵੇ ਦੇਣੇ ਹੋਣਗੇ; ਜਿਵੇਂ ਕਿ ਰਜਿਸਟਰਡ ਵਿਅਕਤੀਆਂ ਨੂੰ ਬਾਹਰ–ਵੱਲ ਕੀਤੀਆਂ ਸਪਲਾਈਜ਼, ਅਣ–ਰਜਿਸਟਰਡ ਵਿਅਕਤੀਆਂ (ਖਪਤਕਾਰਾਂ) ਨੂੰ ਬਾਹਰ–ਵੱਲ ਕੀਤੀਆਂ ਸਪਲਾਈਜ਼, ਕ੍ਰੈਡਿਟ/ਡੇਬਿਟ ਨੋਟਸ ਦੇ ਵੇਰਵੇ, ਜ਼ੀਰੋ ਰੇਟਡ, ਛੋਟ–ਪ੍ਰਾਪਤ ਅਤੇ ਗ਼ੈਰ–ਜੀ.ਐਸ.ਟੀ. ਸਪਲਾਈਜ਼, ਬਰਾਮਦਾਂ ਅਤੇ ਭਵਿੱਖ ਦੀ ਸਪਲਾਈ ਦੇ ਸਬੰਧ ਵਿੱਚ ਪ੍ਰਾਪਤ ਹੋਈਆਂ ਪੇਸ਼ਗੀ ਰਕਮਾਂ।

**ਪ੍ਰਸ਼ਨ 4. ਕੀ ਜੀ.ਐਸ.ਟੀ.ਆਰ.-1 ਦੇ ਨਾਲ ਇਨਵੁਆਇਸਜ਼ ਦੀਆਂ ਸਕੈਨ ਕੀਤੀ ਕਾਪੀ ਅਪਲੋਡ ਕਰਨੀ ਹੋਵੇਗੀ?**

ਉੱਤਰ. ਨਹੀਂ, ਇਨਵੁਆਇਸਜ਼ ਦੀ ਸਕੈਨਡ ਕਾਪੀ ਅਪਲੋਡ ਕਰਨੀ ਹੋਵੇਗੀ। ਕੇਵਲ ਇਨਵੁਆਇਸਜ਼ ਦੀ ਜਾਣਕਾਰੀ ਦੇ ਕੁਝ ਖ਼ਾਸ ਨਿਰਧਾਰਤ ਖੇਤਰਾਂ ਨੂੰ ਹੀ ਅਪਲੋਡ ਕਰਨ ਦੀ ਜ਼ਰੂਰਤ ਹੋਵੇਗੀ।

**ਪ੍ਰਸ਼ਨ 5. ਕੀ ਸਾਰੀਆਂ ਇਨਵੁਆਇਸਜ਼ ਅਪਲੋਡ ਕਰਨੀਆਂ ਹੋਣਗੀਆਂ?**

ਉੱਤਰ. ਨਹੀਂ। ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕੀ ਬੀ2ਬੀ ਜਾਂ ਬੀ2ਸੀ ਪਲੱਸ ਕਿਸੇ ਇੱਕ ਰਾਜ ਦੇ ਅੰਦਰ ਜਾਂ ਅੰਤਰ–ਰਾਜੀ ਸਪਲਾਈਜ਼ ਹਨ।

ਬੀ2ਬੀ ਸਪਲਾਈਜ਼ ਲਈ, ਸਾਰੀਆਂ ਇਨਵੁਆਇਸਜ਼, ਉਹ ਚਾਹੇ ਇੱਕ ਰਾਜ ਵਿੱਚ ਹੋਣ ਜਾਂ ਅੰਤਰ–ਰਾਜੀ ਸਪਲਾਈਜ਼ ਹੋਣ, ਉਹ ਸਭ ਅਪਲੋਡ ਕਰਨੀਆਂ ਹੋਣਗੀਆਂ। ਅਜਿਹਾ ਕਿਉਂ? ਕਿਉਂਕਿ ਆਈ.ਟੀ.ਸੀ. ਪ੍ਰਾਪਤਕਰਤਾਵਾਂ ਨੇ ਲੈਣੀਆਂ ਹੋਣਗੀਆਂ, ਇਸ ਲਈ ਇਨਵੁਆਇਸ ਨੂੰ ਮੇਲਣ (ਮੈਚਿੰਗ) ਦੀ ਲੋੜ ਪਵੇਗੀ।

ਬੀ2ਸੀ ਸਪਲਾਈਜ਼ ਵਿੱਚ, ਆਮ ਤੌਰ ’ਤੇ ਅਪਲੋਡਿੰਗ ਦੀ ਜ਼ਰੂਰਤ ਨਹੀਂ ਪੈ ਸਕਦੀ ਕਿਉਂਕਿ ਖ਼ਰੀਦਦਾਰ ਆਈ.ਟੀ.ਸੀ. ਨਹੀਂ ਲਵੇਗਾ। ਉਂਝ, ਟਿਕਾਣਾ

ਆਧਾਰਤ ਸਿਧਾਂਤ ਨੂੰ ਲਾਗੂ ਕਰਨ ਲਈ ਅੰਤਰ–ਰਾਜੀ ਬੀ2ਬੀ ਵਿੱਚ 2.5 ਲੱਖ ਰੁਪਏ ਮੁੱਲ ਤੋਂ ਵੱਧ ਸਪਲਾਈਜ਼ ਦੀਆਂ ਇਨਵੁਆਇਸਜ਼ ਅਪਲੋਡ ਕਰਨੀਆਂ ਹੋਣਗੀਆਂ। ਇੱਕੋ ਰਾਜ ਦੇ ਅੰਦਰ ਦੀਆਂ 2.5 ਲੱਖ ਰੁਪਏ ਤੋਂ ਘੱਟ ਦੀਆਂ ਸਪਲਾਈਜ਼ ਅਤੇ ਇੱਕੋ ਰਾਜ ਅੰਦਰ ਹੋਈਆਂ ਸਾਰੀਆਂ ਸਪਲਾਈਜ਼ ਦੀਆਂ ਇਨਵੁਆਇਸਜ਼, ਸੂਬਾ ਕ੍ਰਮ ਦਾ ਸੰਖੇਪ ਖ਼ੁਲਾਸਾ ਹੀ ਕਾਫ਼ੀ ਹੋਵੇਗਾ।

**ਪ੍ਰਸ਼ਨ 6. ਕੀ ਇਨਵੁਆਇਸ ਦੀ ਹਰੇਕ ਮੱਦ ਦਾ ਵੇਰਵਾ ਅਪਲੋਡ ਕਰਨਾ ਹੋਵੇਗਾ?**

ਉੱਤਰ. ਨਹੀਂ। ਦਰਅਸਲ ਵੇਰਵਾ ਅਪਲੋਡ ਨਹੀਂ ਕਰਨਾ ਹੋਵੇਗਾ। ਮਾਲ ਦੀ ਸਪਲਾਈ ਦੇ ਸਬੰਧ ਵਿੱਚ ਕੇਵਲ ਐਚ.ਐਸ.ਐਨ. ਕੋਡ ਅਤੇ ਸੇਵਾਵਾਂ ਦੀ ਸਪਲਾਈ ਦੇ ਸਬੰਧ ਵਿੱਚ ਅਕਾਉਂਟਿੰਗ ਕੋਡ ਦੇਣਾ ਹੋਵੇਗਾ। ਫ਼ਾਇਲਰ (ਦਰਜ ਕਰਵਾਉਣ ਵਾਲਾ/ਵਾਲੀ) ਨੂੰ ਘੱਟ ਤੋਂ ਘੱਟ ਅੰਕ ਅਪਲੋਡ ਕਰਨੇ ਹੋਣਗੇ, ਇਹ ਪਿਛਲੇ ਸਾਲ ਦੀ ਉਸ ਦੀ ਟਰਨਓਵਰ ਉੱਤੇ ਨਿਰਭਰ ਕਰੇਗਾ।

**ਪ੍ਰਸ਼ਨ 7. ਕੀ ਹਰੇਕ ਲੈਣ-ਦੇਣ (ਟ੍ਰਾਂਜ਼ੈਕਸ਼ਨ) ਲਈ ਕੀਮਤ ਦਰਜ ਕਰਨੀ ਹੋਵੇਗੀ? ਉਸ ਹਾਲਤ ਵਿੱਚ ਜੇ ਕੋਈ ਸੋਚ-ਵਿਚਾਰ ਨਹੀਂ ਕੀਤਾ ਗਿਆ?**

ਉੱਤਰ. ਹਾਂ। ਕੇਵਲ ਕੀਮਤ ਹੀ ਨਹੀਂ, ਸਗੋਂ ਟੈਕਸਯੋਗ ਕੀਮਤ ਵੀ ਭਰਨੀ (ਫ਼ੀਡ ਕਰਨੀ) ਹੋਵੇਗੀ। ਕੁਝ ਮਾਮਲਿਆਂ ਵਿੱਚ ਦੋਵੇਂ ਵੱਖੋ–ਵੱਖ ਹੋ ਸਕਦੀਆਂ ਹਨ।

ਜੇ ਜੇ ਕੋਈ ਭੁਗਤਾਨ ਨਹੀਂ ਕੀਤਾ ਗਿਆ ਹੈ, ਪਰ ਅਨੁਸੂਚੀ 1 ਅਨੁਸਾਰ ਇਹ ਸਪਲਾਈ ਹੈ, ਤਦ ਟੈਕਸਯੋਗ ਕੀਮਤ ਅਪਲੋਡ ਕਰਨੀ ਹੋਵੇਗੀ।

**ਪ੍ਰਸ਼ਨ 8. ਕੀ ਕੋਈ ਪ੍ਰਾਪਤਕਰਤਾ ਆਪਣੀ ਜੀ.ਐਸ.ਟੀ.ਆਰ.-2 ਵਿੱਚ ਅਜਿਹੀ ਕੋਈ ਜਾਣਕਾਰੀ ਫ਼ੀਡ ਕਰ ਸਕਦਾ ਹੈ, ਜਿਸ ਨੂੰ ਦੇਣਾ ਸਪਲਾਇਰ ਖੁੰਝ ਗਿਆ ਹੈ?**

ਉੱਤਰ. ਜੀ ਹਾਂ, ਪ੍ਰਾਪਤਕਰਤਾ ਖ਼ੁਦ ਇਨਵੁਆਇਸਜ਼ ਫ਼ੀਡ ਕਰ ਸਕਦਾ ਹੈ, ਜੋ ਉਸ ਦੇ ਸਪਲਾਇਰ ਨੇ ਅਪਲੋਡ ਨਹੀਂ ਕੀਤੀਆਂ ਹਨ। ਅਜਿਹੀਆਂ ਇਨਵੁਆਇਸਜ਼ ਉੱਤੇ ਕ੍ਰੈਡਿਟ ਵੀ ਅਸਥਾਈ ਤੌਰ ’ਤੇ ਦਿੱਤਾ ਜਾਵੇਗਾ ਪਰ ਉਸ ਨੂੰ ਮੇਲਣਾ ਜ਼ਰੂਰ ਹੋਵੇਗਾ। ਮੇਲਣ ਤੋਂ ਬਾਅਦ, ਜੇ ਸਪਲਾਇਰ ਵੱਲੋਂ ਇਨਵੁਆਇਸ ਅਪਲੋਡ ਨਹੀਂ ਕੀਤੀ ਗਹੀ ਹੈ, ਉਨ੍ਹਾਂ ਦੋਵਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਜੇ ਉਹ ਬੇਮੇਲ ਵਾਲੀ ਸਥਿਤੀ ਠੀਕ ਕਰ ਦਿੱਤੀ ਗਈ

ਹੈ, ਤਾਂ ਅਸਥਾਈ ਕ੍ਰੈਡਿਟ ਦੀ ਪੁਸ਼ਟੀ ਕਰ ਦਿੱਤੀ ਜਾਵੇਗੀ। ਪਰ ਜੇ ਉਹ ਬੇਮੇਲ ਦੀ ਸਥਿਤੀ, ਸੂਚਨਾ ਦਿੱਤੇ ਜਾਣ ਤੋਂ ਬਾਅਦ ਵੀ ਜਾਰੀ ਰਹਿੰਦੀ ਹੈ, ਤਦ ਰਕਮ ਨੂੰ; ਜਿਸ ਮਹੀਨੇ ਇਸ ਗ਼ਲਤੀ ਬਾਰੇ ਸੂਚਿਤ ਕੀਤਾ ਗਿਆ ਸੀ, ਉਸ ਤੋਂ ਅਗਲੇ ਮਹੀਨੇ ਦੀ ਰਿਟਰਨ ਵਿੱਚ ਪ੍ਰਾਪਤਕਰਤਾ ਦੀ ਉਤਪਾਦਨ ਟੈਕਸ ਦੇਣਦਾਰੀ ਵਿੱਚ ਜੋੜ ਦਿੱਤਾ ਜਾਵੇਗਾ।

**ਪ੍ਰਸ਼ਨ 9. ਕੀ ਟੈਕਸਯੋਗ ਵਿਅਕਤੀ ਨੂੰ ਜੀ.ਐਸ.ਟੀ.ਆਰ.-2 ਵਿੱਚ ਕੋਈ ਚੀਜ਼ ਫ਼ੀਡ ਕਰਨੀ ਹੋਵੇਗੀ ਜਾਂ ਹਰ ਚੀਜ਼ ਜੀ.ਐਸ.ਟੀ.ਆਰ.-1 ਤੋਂ ਆਪਣੇ-ਆਪ ਹੀ ਪੱਪੂਲੇਟ ਹੋ ਜਾਂਦੀ ਹੈ?**

ਉੱਤਰ. ਜੀ.ਐਸ.ਟੀ.ਆਰ.-2 ਦਾ ਵੱਡਾ ਹਿੱਸਾ ਆਪਣੇ-ਆਪ ਹੀ ਪੱਪੂਲੇਟ ਹੋ ਜਾਵੇਗਾ, ਫਿਰ ਵੀ ਅਜਿਹੇ ਕੁਝ ਵੇਰਵੇ ਹੁੰਦੇ ਹਨ, ਜੋ ਕੇਵਲ ਪ੍ਰਾਪਤਕਰਤਾ ਹੀ ਭਰ ਸਕਦਾ ਹੈ; ਜਿਵੇਂ ਕਿ ਦਰਾਮਦਾਂ ਦੇ ਵੇਰਵੇ, ਕਿਸੇ ਅਣ-ਰਜਿਸਟਰਡ ਜਾਂ ਕੰਪੋਜ਼ੀਸ਼ਨ ਸਪਲਾਇਰਜ਼ ਤੋਂ ਕੀਤੀਆਂ ਖ਼ਰੀਦਦਾਰੀਆਂ ਅਤੇ ਛੋਟ-ਪ੍ਰਾਪਤ/ਗ਼ੈਰ-ਜੀ.ਐਸ.ਟੀ./ਨਿੱਲ ਜੀ.ਐਸ.ਟੀ. ਸਪਲਾਈਜ਼ ਆਦਿ ਦੇ ਵੇਰਵੇ।

**ਪ੍ਰਸ਼ਨ 10. ਉਸ ਹਾਲਤ ਵਿੱਚ ਕੀ, ਜੇ ਇਨਵੁਆਇਸਜ਼ ਆਪਸ ਵਿੱਚ ਮੇਲ ਨਹੀਂ ਖਾਂਦੀਆਂ, ਕੀ ਆਈ.ਟੀ.ਸੀ. ਦਿੱਤੀ ਗਈ ਹੈ ਜਾਂ ਇਨਕਾਰ ਕੀਤਾ ਗਿਆ ਹੈ? ਜੇ ਇਨਕਾਰ ਕੀਤਾ ਗਿਆ, ਤਦ ਸਪਲਾਇਰ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ?**

ਉੱਤਰ. ਜੇ ਜੀ.ਐਸ.ਟੀ.ਆਰ.-2 ਵਿੱਚ ਇਨਵੁਆਇਸਜ਼; ਕਾਊਂਟਰ-ਪਾਰਟੀ ਜੀ.ਐਸ.ਟੀ.ਆਰ.-1 ਦੀਆਂ ਇਨਵੁਆਇਸਜ਼ ਨਾਲ ਮੇਲ ਨਹੀਂ ਖਾਂਦੀਆਂ, ਤਦ ਆਈ.ਟੀ.ਸੀ. ਨੂੰ ਰਿਵਰਸ ਕਰ ਦਿੱਤਾ ਜਾਵੇਗਾ, ਜੇ ਦੋਵਾਂ ਨੂੰ ਸੂਚਿਤ ਕਰ ਦਿੱਤੇ ਜਾਣ ਤੋਂ ਬਾਅਦ ਵੀ ਉਹ ਬੇਮੇਲ ਦੀ ਸਥਿਤੀ ਜਾਰੀ ਰਹਿੰਦੀ ਹੈ ਅਤੇ ਉਸ ਨੂੰ ਠੀਕ ਨਹੀਂ ਕੀਤਾ ਜਾਂਦਾ। ਬੇਮੇਲ ਦੀ ਇਹ ਸਥਿਤੀ ਦੋ ਕਾਰਨਾਂ ਕਰ ਕੇ ਹੋ ਸਕਦੀ ਹੈ। ਪਹਿਲੀ, ਅਜਿਹਾ ਪ੍ਰਾਪਤਕਰਤਾ ਦੀ ਗ਼ਲਤੀ ਕਾਰਨ ਹੋ ਸਕਦਾ ਹੈ ਅਤੇ ਅਜਿਹੇ ਮਾਮਲੇ ਵਿੱਚ, ਕੋਈ ਅਗਲੇਰੀ ਕਾਰਵਾਈ ਦੀ ਜ਼ਰੂਰਤ ਨਹੀਂ ਹੈ। ਦੂਜੇ, ਇਹ ਸੰਭਵ ਹੋ ਸਕਦਾ ਹੈ ਕਿ ਵਰਣਿਤ ਇਨਵੁਆਇਸ ਸਪਲਾਇਰ ਵੱਲੋਂ ਜਾਰੀ ਕੀਤੀ ਗਈ ਸੀ ਪਰ ਉਸ ਨੇ ਇਸ ਨੂੰ ਅਪਲੋਡ ਨਹੀਂ ਕੀਤਾ ਅਤੇ ਇਸ ਉੱਤੇ ਟੈਕਸ ਅਦਾ ਨਹੀਂ ਕੀਤਾ। ਅਜਿਹੇ ਮਾਮਲੇ ਵਿੱਚ, ਰੀਕਵਰੀ ਲਈ ਕਾਰਵਾਈ ਉਸ ਸਪਲਾਇਰ ਵਿਰੁੱਧ ਕੀਤੀ ਜਾਵੇਗੀ। ਸੰਖੇਪ ਵਿੱਚ, ਹਰ ਪ੍ਰਕਾਰ ਦੇ ਬੇਮੇਲ ਵਾਲੀਆਂ ਸਥਿਤੀਆਂ ਕਾਰਨ ਕਾਰਵਾਈਆਂ ਹੋਣਗੀਆਂ, ਜੇ

ਸਪਲਾਇਰ ਨੇ ਕੋਈ ਸਪਲਾਈ ਤਾਂ ਕੀਤੀ ਹੈ ਪਰ ਉਸ ਉੱਤੇ ਟੈਕਸ ਅਦਾ ਨਹੀਂ ਕੀਤਾ।

**ਪ੍ਰਸ਼ਨ 11. ਰਿਵਰਸ ਕੀਤੇ ਇਨਪੁਟ ਟੈਕਸ ਕ੍ਰੈਡਿਟ ਦੇ ਸਬੰਧ ਵਿੱਚ ਕਾਨੂੰਨੀ ਸਥਿਤੀ ਕੀ ਹੋਵੇਗੀ ਜੇ ਸਪਲਾਇਰ ਬਾਅਦ ਵਿੱਚ ਗ਼ਲਤੀ ਨੂੰ ਮਹਿਸੂਸ ਕਰਦਾ ਹੈ ਅਤੇ ਜਾਣਕਾਰੀ ਫ਼ੀਡ ਕਰਦਾ ਹੈ?**

ਉੱਤਰ. ਕਿਸੇ ਵੀ ਪੜਾਅ ’ਤੇ, ਪਰ ਅਗਲੇ ਵਿੱਤੀ ਸਾਲ ਦੇ ਸਤੰਬਰ ਮਹੀਨੇ ਤੋਂ ਪਹਿਲਾਂ, ਸਪਲਾਇਰ ਇਨਵੁਆਇਸ ਅਪਲੋਡ ਕਰ ਸਕਦਾ ਹੈ ਤੇ ਉਸ ਮਹੀਨੇ ਦੀ ਆਪਣੀ ਜੀ.ਐੱਸ.ਟੀ.ਆਰ.–3 ਵਿੱਚ ਖੁੰਝ ਗਈਆਂ ਇਨਵੁਆਇਸਜ਼ ਨੂੰ ਵਿਆਜ ਤੇ ਡਿਊਟੀ ਅਦਾ ਕਰ ਸਕਦਾ ਹੈ, ਜਿਸ ਵਿੱਚ ਮਹੀਨੇ ਵਿੱਚ ਉਹ ਇਨਵੁਆਇਸ ਅਪਲੋਡ ਕਰਨ ਤੋਂ ਰਹਿ ਗਿਆ ਸੀ। ਪ੍ਰਾਪਤਕਰਤਾ ਆਪਣੀ ਟੈਕਸ ਦੇਣਦਾਰੀ ਨੂੰ ਉਸ ਰਕਮ ਦੀ ਮਾਤਰਾ ਦੇ ਸਬੰਧ ਵਿੱਚ ਘਟਾਉਣ ਦੇ ਯੋਗ ਹੋਵੇਗਾ, ਜਿਹੜੀ ਸਪਲਾਇਰ ਨੇ ਬੇਮੇਲ ਲਈ ਸੋਧੀ ਹੈ। ਪ੍ਰਾਪਤਕਰਤਾ ਵੱਲੋਂ ਰਿਵਰਸਲ ਦੇ ਸਮੇਂ ਅਦਾ ਕੀਤਾ ਵਿਆਜ ਵੀ ਪ੍ਰਪਤਕਰਤਾ ਨੂੰ ਉਸ ਦੇ ਇਲੈਕਟ੍ਰੌਨਿਕ ਕੈਸ਼ ਲੈਜਰ ਦੇ ਸਬੰਧਤ ਹੈੱਡ ਵਿੱਚ ਰਕਮ ਕ੍ਰੈਡਿਟ ਕਰ ਕੇ **ਰੀਫ਼ੰਡ ਕਰ ਦਿੱਤਾ** ਜਾਵੇਗਾ

**ਪ੍ਰਸ਼ਨ 12. ਜੀ.ਐਸ.ਟੀ.ਆਰ.-2 ਦੀ ਖ਼ਾਸ ਵਿਸ਼ੇਸ਼ਤਾ ਕੀ ਹੈ?**

ਉੱਤਰ. ਜੀ.ਐਸ.ਟੀ.ਆਰ.–2 ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਪ੍ਰਾਪਤ ਵੱਲੋਂ ਪ੍ਰਾਪਤ ਕੀਤੀਆਂ ਸਪਲਾਈਜ਼ ਦੇ ਵੇਰਵੇ; ਕਾਊਂਟਰ–ਪਾਰਟੀ ਸਪਲਾਇਰ ਵੱਲੋਂ ਆਪਣੀ ਜੀ.ਐਸ.ਟੀ.ਆਰ.–1 ਵਿੱਚ ਜਮ੍ਹਾ ਕਰਵਾਏ ਵੇਰਵਿਆਂ ਦੇ ਆਧਾਰ ’ਤੇ ਆੱਟੋ–ਪੱਪੂਲੇਟ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 13. ਕੀ ਕੰਪੋਜ਼ੀਸ਼ਨ ਯੋਜਨਾ ਅਧੀਨ ਟੈਕਸਦਾਤਿਆਂ ਨੂੰ ਵੀ ਵੀ ਜੀ.ਐਸ.ਟੀ.ਆਰ.-1 ਅਤੇ ਜੀ.ਐਸ.ਟੀ.ਆਰ.-2 ਫ਼ਾਇਲ ਕਰਨ ਦੀ ਜ਼ਰੂਰਤ ਹੈ?**

ਉੱਤਰ. ਨਹੀਂ। ਕੰਪੋਜ਼ੀਸ਼ਨ ਟੈਕਸਦਾਤਿਆਂ ਨੂੰ ਬਾਹਰ–ਵੱਲ ਜਾਂ ਅੰਦਰ–ਵੱਲ ਕੀਤੀਆਂ ਸਪਲਾਈਜ਼ ਦੀ ਕੋਈ ਸਟੇਟਮੈਂਟ ਫ਼ਾਇਲ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਉਨ੍ਹਾਂ ਨੂੰ ਤਿਮਾਹੀ ਦੇ ਅੰਤ ਤੋਂ ਬਾਅਦ ਦੇ ਮਹੀਨੇ ਦੀ ਪਹਿਲੀ ਤਾਰੀਖ਼ ਤੱਕ ਫ਼ਾਰਮ ਜੀ.ਐਸ.ਟੀ.ਆਰ.–4 ਵਿੱਚ ਤਿਮਾਹੀ ਰਿਟਰਨ ਫ਼ਾਇਲ ਕਰਨੀ ਹੋਵੇਗੀ। ਉਹ ਕਿਉਂਕਿ ਕਿਸੇ ਇਨਪੁਟ ਟੈਕਸ ਕ੍ਰੈਡਿਟ ਲਈ ਯੋਗ ਨਹੀਂ ਹੁੰਦੇ,

ਇਸ ਲਈ ਉਨ੍ਹਾਂ ਲਈ ਜੀ.ਐਸ.ਟੀ.ਆਰ.-2 ਦੀ ਕੋਈ ਪ੍ਰਾਸੰਗਿਕਤਾ ਨਹੀਂ ਹੈ ਅਤੇ ਉਹ ਕਿਉਂਕਿ ਆਪਣੇ ਪ੍ਰਾਪਤਕਰਤਾਵਾਂ ਨੂੰ ਕੋਈ ਕ੍ਰੈਡਿਟ ਵੀ ਅੱਗੇ ਨਹੀਂ ਦਿੰਦੇ, ਇਸ ਲਈ ਜੀ.ਐਸ.ਟੀ.ਆਰ.-1 ਦੀ ਉਨ੍ਹਾਂ ਲਈ ਕੋਈ ਪ੍ਰਾਸੰਗਿਕਤਾ ਨਹੀਂ ਹੈ। ਉਨ੍ਹਾਂ ਨੂੰ ਆਪਣੀ ਰਿਟਰਨ ਵਿੱਚ, ਉਨ੍ਹਾਂ ਨੂੰ ਟੈਕਸ ਭੁਗਤਾਨ ਦੇ ਵੇਰਵਿਆਂ ਨਾਲ ਆਪਣੀਆਂ ਬਾਹਰ-ਵੱਲ ਦੀਆਂ ਸਪਲਾਈਜ਼ ਦੇ ਸੰਖੇਪ ਵੇਰਵੇ ਐਲਾਨਣੇ ਹੋਣਗੇ। ਉਨ੍ਹਾਂ ਨੂੰ ਆਪਣੀ ਤਿਮਾਹੀ ਰਿਟਰਨ ਵਿੱਚ ਆਪਣੀਆਂ ਖ਼ਰੀਦਦਾਰੀਆਂ ਦੇ ਵੇਰਵੇ ਵੀ ਦੇਣੇ ਹੋਣਗੇ; ਜਿਨ੍ਹਾਂ ਵਿੱਚੋਂ ਬਹੁਤੀਆਂ ਔਟੋ-ਪੱਪੂਲੇਟਡ ਹੋਣਗੀਆਂ।

**ਪ੍ਰਸ਼ਨ 14. ਕੀ ਇਨਪੁਟ ਸਰਵਿਸ ਡਿਸਟ੍ਰੀਬਿਊਟਰਜ਼ (ਆਈ.ਐਸ.ਡੀਜ਼) ਨੂੰ ਆਪਣੀ ਰਿਟਰਨ ਨਾਲ ਬਾਹਰ-ਵੱਲ ਅਤੇ ਅੰਦਰ-ਵੱਲ ਕੀਤੀਆਂ ਸਪਲਾਈਜ਼ ਦੀ ਵੱਖਰੀ ਸਟੇਟਮੈਂਟ ਫ਼ਾਇਲ ਕਰਨ ਦੀ ਜ਼ਰੂਰਤ ਹੋਵੇਗੀ?**

ਉੱਤਰ. ਨਹੀਂ, ਆਈ.ਐਸ.ਡੀਜ਼ ਨੂੰ ਕੇਵਲ ਜੀ.ਐਸ.ਟੀ.ਆਰ.-6 ਵਿੱਚ ਹੀ ਇੱਕ ਰਿਟਰਨ ਫ਼ਾਇਲ ਕਰਨ ਦੀ ਜ਼ਰੂਰਤ ਹੋਵੇਗੀ ਅਤੇ ਉਸ ਰਿਟਰਨ ਵਿੱਚ ਉਨ੍ਹਾਂ ਵੱਲੋਂ ਸਰਵਿਸ-ਪ੍ਰਦਾਤਾ ਤੋਂ ਪ੍ਰਾਪਤ ਕੀਤੇ ਕ੍ਰੈਡਿਟ ਤੇ ਉਨ੍ਹਾਂ ਵੱਲੋਂ ਸਹਾਇਕ ਕੰਪਨੀਆਂ ਨੂੰ ਵੰਡੇ ਕ੍ਰੈਡਿਟ ਦੇ ਵੇਰਵੇ ਦਰਜ ਹੋਣਗੇ। ਉਨ੍ਹਾਂ ਦੀ ਰਿਟਰਨ ਕਿਉਂਕਿ ਆਪਣੇ-ਆਪ ਇਹ ਪੱਖ ਕਵਰ ਕਰਦੀ ਹੈ, ਇਸ ਲਈ ਅੰਦਰ-ਵੱਲ ਅਤੇ ਬਾਹਰ-ਵੱਲ ਕੀਤੀਆਂ ਸਪਲਾਈਜ਼ ਲਈ ਵੱਖਰੀ ਸਟੇਟਮੈਂਟ ਫ਼ਾਇਲ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

**ਪ੍ਰਸ਼ਨ 15. ਇੱਕ ਟੈਕਸਦਾਤਾ ਆਪਣੀ ਤਰਫ਼ੋਂ 'ਸਰੋਤ ਉੱਤੇ ਕੱਟੇ ਟੈਕਸ' (ਟੀ.ਡੀ.ਐਸ.) ਦੀ ਛੋਟ (ਕ੍ਰੈਡਿਟ) ਕਿਵੇਂ ਪ੍ਰਾਪਤ ਕਰੇਗਾ? ਕੀ ਉਸ ਨੂੰ ਉਹ ਕ੍ਰੈਡਿਟ ਲੈਣ ਲਈ ਉਹ ਟੈਕਸ ਕੱਟਣ ਵਾਲੇ (ਡਿਡਕਟੀ) ਤੋਂ ਟੀ.ਡੀ.ਐਸ. ਸਰਟੀਫ਼ਿਕੇਟ ਲੈਣ ਦੀ ਜ਼ਰੂਰਤ ਹੋਵੇਗੀ?**

ਉੱਤਰ. ਜੀ.ਐਸ.ਟੀ. ਅਧੀਨ, ਕਟੌਤੀਕਾਰ (ਡਿਡਕਟਰ) ਆਪਣੇ ਵੱਲੋਂ ਕੀਤੀਆਂ ਸਾਰੀਆਂ ਕਟੌਤੀਆਂ ਦੇ ਵੇਰਵੇ ਫ਼ਾਰਮ ਜੀ.ਐਸ.ਟੀ.ਆਰ.-7 ਵਿੱਚ ਆਪਣੀ ਉਸ ਰਿਟਰਨ 'ਚ ਡਿਡਕਟੀ-ਕ੍ਰਮ (ਡਿਡਕਟੀ-ਜਿਨ੍ਹਾਂ ਦੀ ਟੈਕਸ ਕਟੌਤੀ ਹੋਈ ਹੈ) ਅਨੁਸਾਰ ਵੇਰਵੇ ਜਮ੍ਹਾ ਕਰਵਾਏਗਾ; ਜਿਹੜੀ ਕਟੌਤੀ ਕੀਤੇ ਗਏ ਮਹੀਨੇ ਤੋਂ ਅਗਲੇ ਮਹੀਨੇ ਦੀ 10 ਤਾਰੀਖ਼ ਤੱਕ ਜਮ੍ਹਾ ਕਰਵਾਉਣੀ ਹੋਣੀ ਹੁੰਦੀ ਹੈ। ਕਟੌਤੀਕਾਰ ਵੱਲੋਂ ਅਪਲੋਡ ਕੀਤੇ ਕਟੌਤੀਆਂ ਦੇ ਵੇਰਵੇ; ਡਿਡਕਟੀ ਦੇ

ਜੀ.ਐਸ.ਟੀ.ਆਰ.-2 ਵਿੱਚ ਆਪਣੇ-ਆਪ ਹੀ ਪੱਪੂਲੇਟ ਹੋ ਜਾਣਗੇ। ਟੈਕਸਦਾਤੇ ਨੂੰ ਉਸ ਦੀ ਤਰਫ਼ੋਂ ਕੀਤੀਆਂ ਗਈਆਂ ਇਨ੍ਹਾਂ ਕਟੌਤੀਆਂ ਉੱਤੇ ਕ੍ਰੈਡਿਟ ਦਾ ਲਾਭ ਲੈਣ ਲਈ ਆਪਣੇ ਜੀ.ਐਸ.ਟੀ.ਆਰ.-2 ਵਿੱਚ ਇਨ੍ਹਾਂ ਵੇਰਵਿਆਂ ਦੀ ਪੁਸ਼ਟੀ ਕਰਨੀ ਹੋਵੇਗੀ। ਇਸ ਕ੍ਰੈਡਿਟ ਦਾ ਲਾਭ ਲੈਣ ਲਈ ਉਸ ਨੂੰ ਕਿਸੇ ਸਾਕਾਰ ਜਾਂ ਇਲੈਕਟ੍ਰੌਨਿਕ ਰੂਪ ਵਿੱਚ ਕੋਈ ਸਰਟੀਫ਼ਿਕੇਟ ਪੇਸ਼ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਇਹ ਸਰਟੀਫ਼ਿਕੇਟ ਕੇਵਲ ਟੈਕਸਦਾਤੇ ਦੇ ਆਪਣੇ ਰਿਕਾਰਡ ਵਿੱਚ ਰੱਖਣ ਲਈ ਹੋਵੇਗਾ ਅਤੇ ਉਸ ਨੂੰ ਕੌਮਨ ਪੋਰਟਲ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 16. ਕਿਸ ਪ੍ਰਕਾਰ ਦੇ ਟੈਕਸ-ਦਾਤਿਆਂ ਨੂੰ ਸਾਲਾਨਾ ਰਿਟਰਨ ਫ਼ਾਇਲ ਕਰਨ ਦੀ ਜ਼ਰੂਰਤ ਹੈ?**

ਉੱਤਰ. ਆਈ.ਐੱਸ.ਡੀਜ਼, ਕੰਪੋਜ਼ੀਸ਼ਨ ਯੋਜਨਾ ਅਧੀਨ ਕੈਜ਼ੂਅਲ/ਗ਼ੈਰ-ਰਿਹਾਇਸ਼ੀ ਟੈਕਸ-ਦਾਤਿਆਂ, ਟੀ.ਡੀ.ਐੱਸ/ਟੀ.ਸੀ.ਐੱਸ. ਡਿਡੱਕਟਰਜ਼ ਤੋਂ ਇਲਾਵਾ ਜੀ.ਐੱਸ.ਟੀ.ਆਰ-1 ਤੋਂ ਲੈ ਕੇ ਜੀ.ਐੱਸ.ਟੀ.ਆਰ.-3 ਤੱਕ ਵਿੱਚ ਰਿਟਰਨ ਫ਼ਾਇਲ ਕਰਨ ਵਾਲੇ ਸਾਰੇ ਟੈਕਸ-ਦਾਤਿਆਂ ਨੂੰ ਇੱਕ ਸਾਲਾਨਾ ਰਿਟਰਨ ਫ਼ਾਇਲ ਕਰਨੀ ਹੁੰਦੀ ਹੈ। ਕੈਜ਼ੂਅਲ ਟੈਕਸਦਾਤੇ, ਗ਼ੈਰ-ਰਿਹਾਇਸ਼ੀ ਟੈਕਸਦਾਤੇ, ਆਈ.ਐਸ.ਡੀਜ਼ ਅਤੇ 'ਸਰੋਤ ਉੱਤੇ ਟੈਕਸ ਕਟੌਤੀ' (ਟੀ.ਡੀ.ਐਸ.) ਕਰਨ ਲਈ ਅਧਿਕਾਰਤ ਵਿਅਕਤੀਆਂ ਨੂੰ ਸਾਲਾਨਾ ਰਿਟਰਨ ਭਰਨ ਦੀ ਜ਼ਰੂਰਤ ਨਹੀਂ ਹੁੰਦੀ।

**ਪ੍ਰਸ਼ਨ 17. ਕੀ ਸਾਲਾਨਾ ਰਿਟਰਨ ਅਤੇ ਫ਼ਾਈਨਲ ਰਿਟਰਨ ਦਾ ਇੱਕੋ ਹੀ ਅਰਥ ਹੈ?**

ਉੱਤਰ. ਨਹੀਂ, ਸਾਲਾਨਾ ਰਿਟਰਨ ਹਰੇਕ ਉਸ ਰਜਿਸਟਰਡ ਟੈਕਸਯੋਗ ਵਿਅਕਤੀ ਨੇ ਭਰਨੀ ਹੁੰਦੀ ਹੈ, ਜਿਹੜਾ ਇੱਕ ਆਮ ਟੈਕਸਦਾਤੇ ਵੱਲੋਂ ਟੈਕਸ ਅਦਾ ਕਰ ਰਿਹਾ ਹੈ। ਫ਼ਾਈਨਲ ਰਿਟਰਨ ਕੇਵਲ ਉਨ੍ਹਾਂ ਰਜਿਸਟਰਡ ਟੈਕਸਦਾਤੇ ਵਿਅਕਤੀਆਂ ਨੇ ਹੀ ਫ਼ਾਇਲ ਕਰਨੀ ਹੁੰਦੀ ਹੈ, ਜਿਨ੍ਹਾਂ ਨੇ ਰਜਿਸਟਰੇਸ਼ਨ ਰੱਦ ਕਰਨ ਲਈ ਅਰਜ਼ੀ ਦਿੱਤੀ ਹੋਈ ਹੈ। ਇਹ ਰੱਦ ਕੀਤੇ ਜਾਣ ਦੀ ਮਿਤੀ ਜਾਂ ਰੱਦ ਕੀਤੇ ਜਾਣ ਦੇ ਹੁਕਮ ਦੀ ਮਿਤੀ ਤੋਂ ਤਿੰਨ ਮਹੀਨਿਆਂ ਅੰਦਰ ਫ਼ਾਇਲ ਕਰਨੀ ਹੁੰਦੀ ਹੈ।

**ਪ੍ਰਸ਼ਨ 18. ਜੇ ਇੱਕ ਰਿਟਰਨ ਫ਼ਾਇਲ ਕੀਤੀ ਗਈ ਹੈ, ਇਸ ਵਿੱਚ ਸੋਧ ਕਿਵੇਂ ਕੀਤੀ ਜਾ ਸਕਦੀ ਹੈ, ਜੇ ਉਸ ਵਿੱਚ ਕੁਝ ਤਬਦੀਲੀਆਂ ਕੀਤੇ ਜਾਣ ਦੀ ਜ਼ਰੂਰਤ ਹੈ?**

ਉੱਤਰ. ਜੀ.ਐਸ.ਟੀ. ਵਿੱਚ ਕਿਉਂਕਿ ਰਿਟਰਨਾਂ ਵਿਅਕਤੀਗਤ ਲੈਣ-ਦੇਣਾਂ (ਟ੍ਰਾਂਜ਼ੈਕਸ਼ਨਜ਼) ਦੇ ਵੇਰਵਿਆਂ ਤੋਂ ਬਣਦੀਆਂ ਹਨ, ਇਸ ਲਈ ਕਿਸੇ ਸੋਧੀ ਹੋਈ ਰਿਟਰਨ ਦੀ ਕੋਈ ਜ਼ਰੂਰਤ ਨਹੀਂ ਹੈ। ਇੱਕ ਰਿਟਰਨ ਨੂੰ ਸੋਧਣ ਦੀ ਕੋਈ ਜ਼ਰੂਰਤ ਇਨਵੁਆਇਸਜ਼ ਜਾਂ ਡੇਬਿਟ/ਕ੍ਰੈਡਿਟ ਨੋਟਸ ਦਾ ਇੱਕ ਸੈੱਟ ਬਦਲਣ ਦੀ ਲੋੜ ਪੈਦਾ ਹੋਣ ਕਾਰਨ ਹੋ ਸਕਦੀ ਹੈ। ਪਹਿਲਾਂ ਜਮ੍ਹਾ ਕਰਵਾਈ ਗਈ ਰਿਟਰਨ ਵਿੱਚ ਸੋਧ ਕਰਨ ਦੀ ਥਾਂ, ਸਿਸਟਮ ਉਨ੍ਹਾਂ ਲੈਣ-ਦੇਣਾਂ (ਇਨਵੁਆਇਸਜ਼ ਜਾਂ ਡੇਬਿਟ/ਕ੍ਰੈਡਿਟ ਨੋਟਸ) ਦੇ ਵੇਰਵਿਆਂ ਵਿੱਚ ਤਬਦੀਲੀ ਦੀ ਇਜਾਜ਼ਤ ਦੇਵੇਗਾ, ਜਿਨ੍ਹਾਂ ਵਿੱਚ ਸੋਧ ਦੀ ਜ਼ਰੂਰਤ ਹੈ। ਉਨ੍ਹਾਂ ਨੂੰ ਪਹਿਲਾਂ ਐਲਾਨੇ ਵੇਰਵਿਆਂ ਨੂੰ ਸੋਧਣ ਦੇ ਮੰਤਵ ਲਈ ਵਿਸ਼ੇਸ਼ ਤੌਰ ’ਤੇ ਪ੍ਰਦਾਨ ਕੀਤੀਆਂ ਤਾਲਿਕਾਵਾਂ (ਟੇਬਲਜ਼) ਵਿੱਚ ਭਵਿੱਖ ਦੇ ਕਿਸੇ ਜੀ.ਐਸ.ਟੀ.ਆਰ.-1/2 ਵਿੱਚ ਸੋਧਿਆ ਜਾ ਸਕਦਾ ਹੈ।

**ਪ੍ਰਸ਼ਨ 19. ਟੈਕਸਦਾਤੇ ਆਪਣੀਆਂ ਰਿਟਰਨਾਂ ਕਿਵੇਂ ਫ਼ਾਇਲ ਕਰ ਸਕਦੇ ਹਨ?**

ਉੱਤਰ. ਟੈਕਸਦਾਤਿਆਂ ਕੋਲ ਆਪਣੀਆਂ ਸਟੇਟਮੈਂਟਸ ਅਤੇ ਰਿਟਰਨਾਂ ਫ਼ਾਇਲ ਕਰਨ ਦੀਆਂ ਕਈ ਕਾਰਜ-ਵਿਧੀਆਂ ਹੋਣਗੀਆਂ। ਸਭ ਤੋਂ ਪਹਿਲਾਂ, ਤਾਂ ਉਹ ਆਪਣੀ ਸਟੇਟ ਅਤੇ ਰਿਟਰਨਾਂ ਸਿੱਧੀਆਂ ਸਾਂਝੇ ਪੋਰਟਲ ਉੱਤੇ ਔਨਲਾਈਨ ਫ਼ਾਇਲ ਕਰ ਸਕਦੇ ਹਨ। ਉਂਝ, ਇਹ ਕੰਮ ਟੈਕਸ-ਦਾਤਿਆਂ ਲਈ ਕੁਝ ਅਕਾਊ ਹੋ ਸਕਦਾ ਹੈ ਕਿਉਂਕਿ ਇਨਵੁਆਇਸਜ਼ ਬਹੁਤ ਸਾਰੀਆਂ ਹੁੰਦੀਆਂ ਹਨ। ਅਜਿਹੇ ਟੈਕਸ-ਦਾਤਿਆਂ ਲਈ ਇੱਕ ਔਫ਼ਲਾਈਨ ਉਪਯੋਗਤਾ ਪ੍ਰਦਾਨ ਕੀਤੀ ਜਾਵੇਗੀ, ਜਿਸ ਦੀ ਵਰਤੋਂ ਔਟੋ-ਪੱਪੂਲੇਟਡ ਵੇਰਵੇ ਡਾਊਨਲੋਡ ਕਰਨ ਤੋਂ ਬਾਅਦ ਔਫ਼ਲਾਈਨ ਸਟੇਟਮੈਂਟਸ ਤਿਆਰ ਕਰਨ ਲਈ ਕੀਤੀ ਜਾ ਸਕੇਗੀ ਅਤੇ ਫਿਰ ਉਨ੍ਹਾਂ ਨੂੰ ਕੌਮਨ ਪੋਰਟਲ ਉੱਤੇ ਅਪਲੋਡ ਕੀਤਾ ਜਾ ਸਕੇਗਾ। ਜੀ.ਐਸ.ਟੀ.ਐਨ. ਨੇ ਵੀ ਜੀ.ਐਸ.ਟੀ. ਸੁਵਿਧਾ ਪ੍ਰੋਵਾਈਡਰਜ਼ (ਜੀ.ਐਸ.ਪੀ.) ਦੀ ਇੱਕ ਸੁਖਾਲੀ-ਪ੍ਰਣਾਲੀ (ਈਕੋ-ਸਿਸਟਮ) ਵਿਕਸਤ ਕੀਤੀ ਹੈ, ਜੋ ਸਾਂਝੇ ਪੋਰਟਲ ਨਾਲ ਜੁੜੀ ਰਹੇਗੀ।

**ਪ੍ਰਸ਼ਨ 20. ਜੀ.ਐਸ.ਟੀ. ਦੀ ਝੰਜਟ-ਮੁਕਤ ਪਾਲਣਾ ਲਈ ਇੱਕ ਟੈਕਸਦਾਤੇ ਨੂੰ ਕੀ ਸਾਵਧਾਨੀਆਂ ਲੈਣੀਆਂ ਚਾਹੀਦੀਆਂ ਹਨ?**

ਉੱਤਰ. ਜੀ.ਐਸ.ਟੀ. ਅਧੀਨ ਸਭ ਤੋਂ ਅਹਿਮ ਗੱਲਾਂ ਵਿੱਚੋਂ ਇੱਕ; ਅਗਲੇ ਮਹੀਨੇ ਦੀ 10 ਤਾਰੀਖ਼ ਤੱਕ ਸਮੇਂ ਸਿਰ ਫ਼ਾਰਮ ਜੀ.ਐਸ.ਟੀ.ਆਰ.-1 ਵਿੱਚ ਬਾਹਰ-ਵੱਲ ਕੀਤੀਆਂ ਸਪਲਾਈਜ਼ ਦੇ ਵੇਰਵੇ ਅਪਲੋਡ ਕਰਨਾ ਹੋਵੇਗਾ। ਇਸ ਨੂੰ ਸਭ ਤੋਂ ਵਧੀਆ ਢੰਗ ਨਾਲ ਯਕੀਨੀ ਕਿਵੇਂ ਬਣਾਇਆ ਜਾ ਸਕਦਾ ਹੈ, ਇਹ ਟੈਕਸਦਾਤੇ ਵੱਲੋਂ ਜਾਰੀ ਬੀ2ਬੀ ਇਨਵੁਆਇਸਜ਼ ਦੀ ਗਿਣਤੀ ਉੱਤੇ ਨਿਰਭਰ ਕਰੇਗਾ। ਜੇ ਗਿਣਤੀ ਘੱਟ ਹੈ, ਤਾਂ ਟੈਕਸਦਾਤਾ ਸਾਰੀ ਜਾਣਕਾਰੀ ਇੱਕੋ ਵਾਰੀ 'ਚ ਹੀ ਅਪਲੋਡ ਕਰ ਸਕਦਾ ਹੈ। ਉਂਝ, ਜੇ ਇਨਵੁਆਇਸਜ਼ ਦੀ ਗਿਣਤੀ ਵਧੇਰੇ ਹੈ, ਤਾਂ ਇਨਵੁਆਇਸਜ਼ (ਜਾਂ ਡੇਬਿਟ/ਕ੍ਰੈਡਿਟ ਨੋਟਸ) ਨਿਯਮਤ ਆਧਾਰ ਉੱਤੇ ਅਪਲੋਡ ਕਰ ਦੇਣੀਆਂ ਚਾਹੀਦੀਆਂ ਹਨ। ਜੀ.ਐਸ.ਟੀ.ਐਨ. ਇਨਵੁਆਇਸਜ਼ ਨੂੰ ਉਸੇ ਵੇਲੇ ਭਾਵ ਕਿਸੇ ਵੀ ਵੇਲੇ ਇਨਵੁਆਇਸਜ਼ ਨੂੰ ਨਿਯਮਤ ਤੌਰ 'ਤੇ ਅਪਲੋਡ ਕਰਨ ਦੀ ਇਜਾਜ਼ਤ ਦੇਵੇਗਾ। ਜਦੋਂ ਤੱਕ ਸਟੇਟਮੈਂਟ ਅਸਲ ਵਿੱਚ ਜਮ੍ਹਾ ਨਹੀਂ ਹੋ ਜਾਂਦੀ, ਸਿਸਟਮ ਟੈਕਸਦਾਤੇ ਨੂੰ ਅਪਲੋਡ ਕੀਤੀਆਂ ਇਨਵੁਆਇਸਜ਼ ਵਿੱਚ ਸੋਧ ਕਰਨ ਦੀ ਪ੍ਰਵਾਨਗੀ ਵੀ ਦੇਵੇਗਾ। ਇਸ ਦੇ ਨਾਲ ਹੀ, ਟੈਕਸਦਾਤਿਆਂ ਲਈ ਸਦਾ ਇਹੋ ਲਾਹੇਵੰਦ ਰਹੇਗਾ ਕਿ ਉਹ ਇਨਵੁਆਇਸਜ਼ ਨੂੰ ਨਿਯਮਤ ਰੂਪ ਵਿੱਚ ਅਪਲੋਡ ਕਰਦੇ ਰਹਿਣ। ਐਨ ਆਖ਼ਰੀ ਮੌਕੇ 'ਤੇ ਆ ਕੇ ਜਲਦਬਾਜ਼ੀ ਵਿੱਚ ਅਪਲੋਡਿੰਗ ਕਰਨਾ ਔਖੀ ਹੋ ਜਾਂਦੀ ਹੈ ਅਤੇ ਮੌਕੇ ਨਾਕਾਮੀ ਅਤੇ ਕਿਸੇ ਗ਼ਲਤੀ ਦਾ ਸਾਹਮਣਾ ਕਰਨ ਦਾ ਖ਼ਤਰਾ ਵੀ ਰਹੇਗਾ। ਦੂਜੀ ਗੱਲ ਇਹ ਕਿ ਟੈਕਸਦਾਤਿਆਂ ਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਆਪਣੇ ਸਪਲਾਇਰਜ਼ ਦੁਆਰਾ ਕੀਤੀਆਂ ਆਪਣੀਆਂ ਅੰਦਰੂਨੀ ਸਪਲਾਈਜ਼ ਦੀਆਂ ਇਨਵੁਆਇਸਜ਼ ਦੀ ਅਪਲੋਡਿੰਗ ਦੀ ਪੈਰਵੀ ਕਰਨ। ਇਸ ਨਾਲ ਇਹ ਯਕੀਨੀ ਬਣੇਗਾ ਕਿ ਇਨਪੁਟ ਟੈਕਸ ਕ੍ਰੈਡਿਟ ਬਿਨਾ ਕਿਸੇ ਝੰਜਟ ਅਤੇ ਦੇਰੀ ਦੇ ਉਪਲਬਧ ਰਹੇਗਾ। ਪ੍ਰਾਪਤਕਰਤਾ ਆਪਣੇ ਸਪਲਾਇਰਜ਼ ਨੂੰ ਵੀ ਇਸ ਗੱਲ ਲਈ ਉਤਸ਼ਾਹਿਤ ਕਰਨ ਕਿ ਉਹ ਵੀ ਆਪਣੀਆਂ ਇਨਵੁਆਇਸਜ਼ ਨੂੰ ਆਖ਼ਰੀ ਮਿਤੀ ਨੂੰ ਜਾਂ ਉਸ ਜਾ ਕੇ ਅਪਲੋਡ ਕਰਨ ਦੀ ਥਾਂ ਨਿਯਮਤ ਆਧਾਰ ਉੱਤੇ ਅਪਲੋਡ ਕਰਦੇ ਰਹਿਣ। ਸਿਸਟਮ ਵੱਲੋਂ ਪ੍ਰਾਪਤਕਰਤਾਵਾਂ ਨੂੰ ਇਹ ਇਜਾਜ਼ਤ ਦਿੱਤੀ ਜਾਵੇਗੀ ਕਿ ਉਹ ਇਹ ਵੇਖ ਸਕਣ ਕਿ ਉਨ੍ਹਾਂ ਦੇ ਸਪਲਾਇਰਜ਼ ਨੇ ਉਨ੍ਹਾਂ

ਨਾਲ ਸਬੰਧਤ ਇਨਵੁਆਇਸਜ਼ ਅਪਲੋਡ ਕਰ ਦਿੱਤੀਆਂ ਹਨ ਜਾਂ ਨਹੀਂ। ਜੀ.ਐਸ.ਟੀ.ਐਨ. ਸਿਸਟਮ ਕਿਸੇ ਟੈਕਸਦਾਤੇ ਵੱਲੋਂ ਕੀਤੀ ਜਾ ਰਹੀ ਅਜਿਹੀ ਪਾਲਣਾ ਦੇ ਸਾਰਾ ਰਿਕਾਰਡ ਵੀ ਪ੍ਰਦਾਨ ਕਰੇਗਾ, ਖ਼ਾਸ ਕਰ ਕੇ ਉਸ ਦੀਆਂ ਸਪਲਾਈ ਇਨਵੁਆਇਸਜ਼ ਸਮੇਂ ਸਿਰ ਅਪਲੋਡ ਕਰਨ ਦਾ ਰਿਕਾਰਡ, ਜਿਨ੍ਹਾਂ ਵਿੱਚ ਸਪਲਾਇਰ ਵੱਲੋਂ ਜਾਰੀ ਇਨਵੁਆਇਸਜ਼ ਦੀਆਂ ਔਟੋ ਰਿਵਰਸਲਜ਼ ਦੇ ਵੇਰਵੇ ਦਿੱਤੇ ਹੋਣਗੇ। ਜੀ.ਐਸ.ਟੀ. ਦੇ ਸਾਂਝੇ ਪੋਰਟਲ ਉੱਤੇ ਪੈਨ ਇੰਡੀਆ ਡਾਟਾ ਇੱਕੋ ਥਾਂ ਉੱਤੇ ਹੋਵੇਗਾ, ਜੋ ਟੈਕਸਦਾਤਿਆਂ ਨੂੰ ਮੁੱਲਵਾਨ ਸੇਵਾਵਾਂ ਦੇਣ ਦੇ ਯੋਗ ਹੋਵੇਗਾ। ਅਜਿਹੇ ਜਤਨ ਕੀਤੇ ਜਾ ਰਹੇ ਹਨ ਕਿ ਇਨਵੁਆਇਸਜ਼ ਦੀ ਨਿਯਮਤ ਅਪਲੋਡਿੰਗ ਨੂੰ ਹਰ ਸੰਭਵ ਹੱਦ ਤੱਕ ਸੌਖਾ ਬਣਾਇਆ ਜਾ ਸਕੇ ਅਤੇ ਇਹ ਸੰਭਾਵਨਾ ਹੈ ਕਿ ਇਸ ਮੰਤਵ ਦੀ ਪੂਰਤੀ ਲਈ ਇੱਕ ਈਕੋ-ਸਿਸਟਮ ਯੋਗ ਹੋ ਜਾਵੇਗਾ। ਟੈਕਸਦਾਤਿਆਂ ਨੂੰ ਜੀ.ਐਸ.ਟੀ. ਦੀ ਸੁਖਾਲੀ ਅਤੇ ਝੰਜਟ-ਮੁਕਤ ਪਾਲਣ ਲਈ ਇਸ ਈਕੋ-ਸਿਸਟਮ ਦੀ ਕਾਰਜਕੁਸ਼ਲ ਵਰਤੋਂ ਕਰਨੀ ਚਾਹੀਦੀ ਹੈ।

**ਪ੍ਰਸ਼ਨ 21. ਕੀ ਟੈਕਸਦਾਤੇ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੀ ਰਿਟਰਨ ਖ਼ੁਦ ਫ਼ਾਇਲ ਕਰੇ?**

ਉੱਤਰ. ਨਹੀਂ। ਇੱਕ ਰਜਿਸਟਰਡ ਟੈਕਸਦਾਤਾ ਵਿਅਕਤੀ ਆਪਣੀ ਰਿਟਰਨ; ਟੈਕਸ ਰਿਟਰਨ ਤਿਆਰ ਕਰਨ ਵਾਲੇ ਕਿਸੇ ਹੋਰ ਅਜਿਹੇ ਵਿਅਕਤੀ ਰਾਹੀਂ ਵੀ ਫ਼ਾਇਲ ਕਰ ਸਕਦਾ ਹੈ, ਜੋ ਕੇਂਦਰ ਜਾਂ ਸੂਬਾ ਟੈਕਸ ਪ੍ਰਸ਼ਾਸਨ ਵੱਲੋਂ ਬਾਕਾਇਦਾ ਮਾਨਤਾ ਪ੍ਰਾਪਤ ਹੋਵੇ।

**ਪ੍ਰਸ਼ਨ 22. ਨਿਰਧਾਰਤ ਮਿਤੀ ਤੱਕ ਰਿਟਰਨ ਫ਼ਾਇਲ ਨਾ ਕਰਵਾਉਣ ਦੇ ਕੀ ਨਤੀਜੇ ਹੁੰਦੇ ਹਨ?**

ਉੱਤਰ. ਇੱਕ ਰਜਿਸਟਰਡ ਟੈਕਸਯੋਗ ਵਿਅਕਤੀ, ਜੋ ਨਿਰਧਾਰਤ ਮਿਤੀ ਤੋਂ ਬਾਅਦ ਰਿਟਰਨ ਫ਼ਾਇਲ ਕਰਦਾ ਹੈ, ਨੂੰ ਇਸ ਦੇਰੀ ਲਈ ਇੱਕ ਸੌ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਲੇਟ ਫ਼ੀਸ ਵੀ ਅਦਾ ਕਰਨੀ ਹੋਵੇਗੀ ਅਤੇ ਅਜਿਹਾ ਜੁਰਮਾਨਾ ਵੱਧ ਤੋਂ ਵੱਧ ਪੰਜ ਹਜ਼ਾਰ ਰੁਪਏ ਤੱਕ ਹੋ ਸਕੇਗਾ। ਬਣਦੀ ਮਿਤੀ ਤੱਕ ਸਾਲਾਨਾ ਰਿਟਰਨਾਂ ਭਰਨ ਤੋਂ ਨਾਕਾਮ ਰਹਿਣ ਦੀ ਹਾਲਤ ਵਿੱਚ, ਹਰ ਰੋਜ਼ ਇੱਕ ਸੌ ਰੁਪਏ ਦੀ ਲੇਟ ਫ਼ੀਸ ਲੱਗੇਗੀ, ਜਿਸ ਦੌਰਾਨ ਅਜਿਜਹੀ ਨਾਕਾਮੀ ਲਈ ਵੱਧ ਤੋਂ ਵੱਧ ਇੱਕ ਰਾਜ ਵਿੱਚ ਉਸ ਦੀ ਟਰਨਓਵਰ ਦਾ ਇੱਕ ਤਿਹਾਈ ਫ਼ੀ ਸਦੀ

(0.25%) ਦੇ ਹਿਸਾਬ ਨਾਲ ਰਕਮ ਦੀ ਗਣਨਾ ਕੀਤੀ ਜਾਵੇਗੀ, ਵਸੂਲੀ ਜਾਵੇਗੀ।

**ਪ੍ਰਸ਼ਨ 23. ਉਦੋਂ ਕੀ ਵਾਪਰਦਾ ਹੈ, ਜੇ ਇੱਕ ਦਸਤਾਵੇਜ਼ ਦੇ ਆਧਾਰ ਉੱਤੇ ਇੱਕ ਤੋਂ ਵੱਧ ਵਾਰ ਆਈ.ਟੀ.ਸੀ. ਲੈ ਲਿਆ ਜਾਂਦਾ ਹੈ?**

ਉੱਤਰ. ਜੇ ਸਿਸਟਮ ਅਜਿਹੀ ਕੋਈ ਸ਼ਨਾਖ਼ਤ ਕਰਦਾ ਹੈ ਕਿ ਇੱਕੋ ਦਸਤਾਵੇਜ਼ ਉੱਤੇ ਇੱਕ ਤੋਂ ਵੱਧ ਵਾਰ ਆਈ.ਟੀ.ਸੀ. ਲਿਆ ਗਿਆ ਹੈ (ਕਲੇਮ ਦੀ ਡੁਪਲੀਕੇਸ਼ਨ), ਤਾਂ ਅਜਿਹੇ ਕ੍ਰੈਡਿਟ ਦੀ ਰਕਮ ਪ੍ਰਾਪਤਕਰਤਾ ਦੀ ਰਿਟਰਨ ਵਿੱਚ ਉਤਪਾਦਨ ਟੈਕਸ ਦੇਣਦਾਰੀ ਵਿੱਚ ਜੋੜ ਦਿੱਤੀ ਜਾਵੇਗੀ (ਸੈਕਸ਼ਨ 42(6)।

**ਪ੍ਰਸ਼ਨ 24. ਕੀ ਸਿਸਟਮ ਵੱਲੋਂ ਜੀ.ਐੱਸ.ਟੀ.ਆਰ.-1 ਅਤੇ ਜੀ.ਐੱਸ.ਟੀ.ਆਰ.-2 ਵਿਚਾਲੇ ਫੜੀ ਬੇਮੇਲ ਦੀ ਸਥਿਤੀ ਵਿੱਚ ਉਤਪਾਦਨ ਟੈਕਸ ਵਜੋਂ ਰਿਕਵਰ ਕੀਤੀ ਕ੍ਰੈਡਿਟ ਦੀ ਰਕਮ ਨੂੰ ਮੁੜ ਕਲੇਮ ਕੀਤਾ ਜਾ ਸਕਦਾ ਹੈ?**

ਉੱਤਰ. ਜੀ ਹਾਂ, ਸਪਲਾਇਰ ਵੱਲੋਂ ਇਨਵੁਆਇਸਜ਼ ਜਾਂ ਡੇਬਿਟ ਨੋਟਸ ਦੇ ਵੇਰਵੇ ਐਲਾਨਦਿਆਂ, ਜਿਵੇਂ ਕਿ ਕੇਸ ਹੋ ਸਕਦਾ ਹੈ, ਇੱਕ ਵਾਰ ਆਪਣੀ ਉਸ ਮਾਸਿਕ/ਤਿਮਾਹੀ ਵੈਧ ਰਿਟਰਨ ਵਿੱਚ ਅਜਿਹਾ ਬੇਮੇਲ ਸੋਧਿਆ ਜਾਂਦਾ ਹੈ, ਜਿਸ ਵਿੱਚ ਉਹ ਗ਼ਲਤੀ ਫੜੀ ਗਈ ਸੀ। ਵਰਣਿਤ ਰਕਮ; ਬਾਅਦ ਦੀ ਟੈਕਸ ਮਿਆਦ ਦੌਰਾਨ ਉਤਪਾਦਨ ਟੈਕਸ ਦੇਣਦਾਰੀ ਘਟਾਉਣ ਦੇ ਢੰਗ ਰਾਹੀਂ ਮੁੜ ਕਲੇਮ ਕੀਤੀ ਜਾ ਸਕਦੀ ਹੈ (ਸੈਕਸ਼ਨ 42(7))। ਅਜਿਹੀਆਂ ਹੀ ਵਿਵਸਥਾਵਾਂ ਸਪਲਾਇਰ ਵੱਲੋਂ ਜਾਰੀ ਕ੍ਰੈਡਿਟ ਨੋਟਸ ਦੇ ਸਬੰਧ ਵਿੱਚ ਕਾਨੂੰਨ ਦੇ ਸੈਕਸ਼ਨ 43 ਵਿੱਚ ਵੀ ਕੀਤੀਆਂ ਗਈਆਂ ਹਨ।

# ਮੁਲਾਂਕਣ ਅਤੇ ਔਡਿਟ

# ਮੁਲਾਂਕਣ ਅਤੇ ਆੱਡਿਟ

**ਪ੍ਰਸ਼ਨ 1. ਕਾਨੂੰਨ ਅਧੀਨ ਅਦਾ ਕੀਤੇ ਟੈਕਸ ਦੇ ਮੁਲਾਂਕਣ ਲਈ ਕਿਹੜਾ ਵਿਅਕਤੀ ਜ਼ਿੰਮੇਵਾਰ ਹੁੰਦਾ ਹੈ?**

ਉੱਤਰ. ਕਾਨੂੰਨ ਅਧੀਨ ਰਜਿਸਟਰਡ ਹਰੇਕ ਵਿਅਕਤੀ ਆਪਣੇ ਵੱਲੋਂ ਇੱਕ ਟੈਕਸ-ਮਿਆਦ ਲਈ ਅਦਾਇਗੀਯੋਗ ਟੈਕਸ ਦਾ ਮੁਲਾਂਕਣ ਕਰੇਗਾ ਅਤੇ ਅਜਿਹੇ ਮੁਲਾਂਕਣ ਤੋਂ ਬਾਅਦ ਉਹ ਅਨੁਛੇਦ 39 ਅਧੀਨ ਲੋੜੀਂਦੀ ਰਿਟਰਨ ਫ਼ਾਇਲ ਕਰੇਗਾ।

**ਪ੍ਰਸ਼ਨ 2. ਇੱਕ ਟੈਕਸਯੋਗ ਵਿਅਕਤੀ ਅਸਥਾਈ ਆਧਾਰ ਉੱਤੇ ਕਦੋਂ ਟੈਕਸ ਅਦਾ ਕਰ ਸਕਦਾ ਹੈ?**

ਉੱਤਰ. ਇੱਕ ਟੈਕਸਦਾਤੇ ਨੂੰ ਕਿਉਂਕਿ ਸਵੈ-ਮੁਲਾਂਕਣ ਦੇ ਆਧਾਰ ਉੱਤੇ ਟੈਕਸ ਅਦਾ ਕਰਨਾ ਹੁੰਦਾ ਹੈ, ਇਸ ਲਈ ਅਸਥਾਈ ਆਧਾਰ ਉੱਤੇ ਟੈਕਸ ਅਦਾ ਕਰਨ ਦੀ ਬੇਨਤੀ ਟੈਕਸਦਾਤੇ ਵੱਲੋਂ ਆਉਣੀ ਚਾਹੀਦੀ ਹੈ, ਜਿਸ ਨੂੰ ਇੱਕ ਵਾਜਬ ਅਧਿਕਾਰੀ ਵੱਲੋਂ ਇਜਾਜ਼ਤ ਦਿੱਤੀ ਜਾਵੇਗੀ। ਦੂਜੇ ਸ਼ਬਦਾਂ ਵਿੱਚ, ਕੋਈ ਵੀ ਟੈਕਸ ਅਧਿਕਾਰੀ ਅਸਥਾਈ ਆਧਾਰ ਉੱਤੇ ਟੈਕਸ ਭੁਗਤਾਨ ਲਈ ਖ਼ੁਦ ਹੀ ਆਦੇਸ਼ ਜਾਰੀ ਨਹੀਂ ਕਰ ਸਕਦਾ। ਇਹ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 60 ਦੁਆਰਾ ਸ਼ਾਸਤ ਹੁੰਦਾ ਹੈ। ਟੈਕਸ ਅਸਥਾਈ ਆਧਾਰ ਉੱਤੇ ਕੇਵਲ ਤਦ ਹੀ ਅਦਾ ਕੀਤਾ ਜਾ ਸਕਦਾ ਹੈ, ਜੇ ਯੋਗ ਅਧਿਕਾਰੀ ਨੇ ਅਜਿਹਾ ਕਰਨ ਲਈ ਉਸ ਨੂੰ ਬਾਕਾਇਦਾ ਹੁਕਮ ਜਾਰੀ ਕੀਤਾ ਹੋਵੇ। ਇਸ ਮੰਤਵ ਲਈ, ਟੈਕਸਯੋਗ ਵਿਅਕਤੀ ਨੂੰ ਯੋਗ ਅਧਿਕਾਰੀ ਨੂੰ ਇੱਕ ਲਿਖਤੀ ਬੇਨਤੀ ਕਰਨੀ ਹੋਵੇਗੀ ਅਤੇ ਉਸ ਵਿੱਚ ਅਸਥਾਈ ਆਧਾਰ ਉੱਤੇ ਟੈਕਸ ਭੁਗਤਾਨ ਦੇ ਕਾਰਨ ਦੇਣੇ ਹੋਣਗੇ। ਟੈਕਸਯੋਗ ਵਿਅਕਤੀ ਵੱਲੋਂ ਅਜਿਹੀ ਬੇਨਤੀ ਕੇਵਲ ਅਜਿਹੇ ਮਾਮਲਿਆਂ ਵਿੱਚ ਕੀਤੀ ਜਾ ਸਕਦੀ ਹੈ, ਜਿੱਥੇ ਉਹ ਇਹ ਨਿਰਧਾਰਨ ਦੇ ਅਯੋਗ ਹੋਵੇ:

ੳ) ਉਸ ਵੱਲੋਂ ਸਪਲਾਈ ਕੀਤੇ ਮਾਲ ਜਾਂ ਸੇਵਾਵਾਂ ਦੀ ਕੀਮਤ, ਜਾਂ

ਅ) ਉਸ ਵੱਲੋਂ ਸਪਲਾਈ ਕੀਤੇ ਮਾਲ ਜਾਂ ਸੇਵਾਵਾਂ ਲਈ ਲਾਗੂ ਟੈਕਸ ਦਰ ਨਿਰਧਾਰਨ ਕਰਨਾ।

ਅਜਿਹੇ ਮਾਮਲਿਆਂ ਵਿੱਚ ਟੈਕਸਯੋਗ ਵਿਅਕਤੀ ਨੂੰ ਨਿਰਧਾਰਤ ਫ਼ਾਰਮ ਵਿੱਚ

ਇੱਕ ਬਾਂਡ ਭਰਨਾ ਹੋਵੇਗਾ ਅਤੇ ਯੋਗ ਅਧਿਕਾਰੀ ਵੱਲੋਂ ਠੀਕ ਸਮਝੀ ਜਾਣ ਵਾਲੀ ਜ਼ਮਾਨਤ ਜਾਂ ਸਕਿਓਰਿਟੀ ਵੀ ਦੇਣੀ ਹੋਵੇਗੀ।

**ਪ੍ਰਸ਼ਨ 3. ਉਹ ਤਾਜ਼ਾ ਭਾਵ ਆਖ਼ਰੀ (ਲੇਟੈਸਟ) ਸਮਾਂ ਕੀ ਹੈ, ਜਦੋਂ ਤੱਕ ਅੰਤਿਮ ਮੁਲਾਂਕਣ ਕਰਨਾ ਜ਼ਰੂਰੀ ਹੁੰਦਾ ਹੈ?**

ਉੱਤਰ. ਇੱਕ ਯੋਗ ਭਾਵ ਵਾਜਬ ਅਧਿਕਾਰੀ ਵੱਲੋਂ ਅਸਥਾਈ ਮੁਲਾਂਕਣ ਦੇ ਆਦੇਸ਼ ਦੀ ਸੂਚਨਾ ਮਿਲਣ ਦੀ ਮਿਤੀ ਤੋਂ ਛੇ ਮਹੀਨਿਆਂ ਅੰਦਰ ਅੰਤਿਮ ਮੁਲਾਂਕਣ ਆਦੇਸ਼ ਜਾਰੀ ਕਰਨਾ ਹੁੰਦਾ ਹੈ। ਉਂਝ, ਲਿਖਤੀ ਰੂਪ ਵਿੱਚ ਇੱਕ ਵਾਜਬ ਕਾਰਨ ਵਿਖਾਉਣ ਲਈ ਰਿਕਾਰਡ ਵਿੱਚ ਰੱਖਣਾ ਹੋਵੇਗਾ, ਛੇ ਮਹੀਨਿਆਂ ਦੀ ਉਪਰੋਕਤ ਮਿਆਦ ਨੂੰ ਇਸ ਤਰ੍ਹਾਂ ਅੱਗੇ ਵਧਾਇਆ ਜਾ ਸਕਦਾ ਹੈ:

ੳ) ਸੰਯੁਕਤ/ਵਧੀਕ ਕਮਿਸ਼ਨਰ ਵੱਲੋਂ ਵੱਧ ਤੋਂ ਵੱਧ ਛੇ ਮਹੀਨਿਆਂ ਦੇ ਹੋਰ ਸਮੇਂ ਲਈ, ਅਤੇ

ਅ) ਕਮਿਸ਼ਨਰ ਵੱਲੋਂ ਅਜਿਹੀ ਹੋਰ ਮਿਆਦ ਲਈ, ਜਿਵੇਂ ਵੀ ਸਹੀ ਸਮਝਿਆ ਜਾ ਸਕੇ।

ਇਸ ਪ੍ਰਕਾਰ ਇੱਕ ਅਸਥਾਈ ਮੁਲਾਂਕਣ ਵੱਧ ਤੋਂ ਵੱਧ ਪੰਜ ਸਾਲਾਂ ਲਈ ਅਸਥਾਈ ਰਹਿ ਸਕਦਾ ਹੈ।

**ਪ੍ਰਸ਼ਨ 4. ਜਿੱਥੇ ਅੰਤਿਮ ਮੁਲਾਂਕਣ ਅਨੁਸਾਰ ਟੈਕਸ ਦੇਣਦਾਰੀ ਅਸਥਾਈ ਮੁਲਾਂਕਣ ਤੋਂ ਉਚੇਰੀ ਹੈ, ਕੀ ਟੈਕਸਯੋਗ ਵਿਅਕਤੀ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ?**

ਉੱਤਰ. ਹਾਂ। ਉਹ ਉਸ ਮਿਤੀ ਤੋਂ ਵਿਆਜ ਦੀ ਅਦਾਇਗੀ ਲਈ ਜ਼ਿੰਮੇਵਾਰ ਹੋਵੇਗਾ, ਜੋ ਅਸਲ ਭੁਗਤਾਨ ਦੀ ਮਿਤੀ ਤੱਕ ਅਸਲ ਵਿੱਚ ਭੁਗਤਾਨਯੋਗ ਹੋਵੇਗਾ।

**ਪ੍ਰਸ਼ਨ 5. ਜੇ ਸੀ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 61 ਅਧੀਨ ਜਾਂਚ ਦੌਰਾਨ .ਫਾਇਲ ਕੀਤੀ ਗਈ ਰਿਟਰਨ ਵਿੱਚ ਪਾਈ ਗਈ ਕਿਸੇ .ਗਲਤੀ ਲਈ ਕੋਈ ਵਾਜਬ ਵਿਆਖਿਆ ਨਹੀਂ ਦਿੱਤੀ ਜਾਂਦੀ, ਤਦ ਅਧਿਕਾਰੀ ਵੱਲੋਂ ਕੀ ਚਾਰਾਜੋਈ ਕੀਤੀ ਜਾਵੇਗੀ ਜਾਂ ਕੀ ਉਪਾਅ ਕੀਤਾ ਜਾਵੇਗਾ?**

ਉੱਤਰ. ਜੇ ਟੈਕਸਯੋਗ ਵਿਅਕਤੀ ਸੂਚਨਾ ਮਿਲਣ ਦੇ 30 ਦਿਨਾਂ ਅੰਦਰ (ਸਬੰਧਤ ਅਧਿਕਾਰੀ ਇਸ ਮਿਆਦ ਨੂੰ ਅੱਗੇ ਵਧਾ ਸਕਦਾ ਹੈ) ਤਸੱਲੀਬਖ਼ਸ਼

ਵਿਆਖਿਆ ਪ੍ਰਦਾਨ ਨਹੀਂ ਕਰਦਾ ਜਾਂ ਗ਼ਲਤੀਆਂ ਪ੍ਰਵਾਨ ਕਰ ਲੈਣ ਦੇ ਬਾਵਜੂ ਵਾਜਬ ਸਮਾਂ-ਸੀਮਾ ਦੇ ਅੰਦਰ ਉਨ੍ਹਾਂ ਨੂੰ ਠੀਕ ਕਰਨ ਲਈ ਕੋਈ ਕਾਰਵਾਈ ਨਹੀਂ ਕਰਦਾ, ਤਾਂ ਯੋਗ ਭਾਵ ਵਾਜਬ ਅਧਿਕਾਰੀ ਨਿਮਨਲਿਖਤ ਵਿਵਸਥਾ ਵਿਚੋਂ ਕਿਸੇ ਇੱਕ ਅਧੀਨ ਕੋਈ ਕਦਮ ਚੁੱਕ (ਚਾਰਾਜੋਈ ਕਰ) ਸਕਦਾ ਹੈ:

(ੳ) ਕਾਨੂੰਨ ਦੇ ਅਨੁਛੇਦ 65 ਅਧੀਨ ਔੱਡਿਟ ਕਰਨ ਦੀ ਕਾਰਵਾਈ ਸ਼ੁਰੂ ਕਰ ਸਕਦਾ ਹੈ;

(ਅ) ਅਨੁਛੇਦ 66 ਅਧੀਨ ਇੱਕ ਵਿਸ਼ੇਸ਼ ਔੱਡਿਟ ਕਰਨ ਦੀ ਹਦਾਇਤ ਜਾਰੀ ਕਰ ਸਕਦਾ ਹੈ, ਜੋ ਕਿ ਕਮਿਸ਼ਨਰ ਵੱਲੋਂ ਇਸ ਮੰਤਵ ਲਈ ਨਾਮਜ਼ਦ ਕਿਸੇ ਚਾਰਟਰਡ ਅਕਾਊਂਟੈਂਟ ਜਾਂ ਕੌਸਟ ਅਕਾਊਂਟੈਂਟ ਵੱਲੋਂ ਕੀਤੀ ਜਾਵੇਗੀ; ਜਾਂ

(ੲ) ਕਾਨੂੰਨ ਅਧੀਨ ਅਨੁਛੇਦ 67 ਅਧੀਨ ਨਿਰੀਖਣ ਕਰਨ, ਤਲਾਸ਼ੀ ਲੈਣ ਅਤੇ ਕੋਈ ਚੀਜ਼ ਜ਼ਬਤ ਕਰਨ ਦੀਆਂ ਕਾਰਜ-ਵਿਧੀਆਂ ਦੀ ਸ਼ੁਰੂਆਤ ਕਰ ਸਕਦਾ ਹੈ; ਜਾਂ

(ਸ) ਕਾਨੂੰਨ ਦੇ ਅਨੁਛੇਦ 73 ਜਾਂ 74 ਅਧੀਨ ਟੈਕਸ ਨਿਰਧਾਰਣ ਅਤੇ ਹੋਰ ਬਕਾਇਆਂ ਲਈ ਕਾਰਵਾਈ ਅਰੰਭ ਕਰ ਸਕਦਾ ਹੈ।

**ਪ੍ਰਸ਼ਨ 6. ਜੇ ਇੱਕ ਟੈਕਸਯੋਗ ਵਿਅਕਤੀ ਕਾਨੂੰਨ (ਅਨੁਛੇਦ 39 ਅਧੀਨ (ਮਾਸਿਕ/ਤਿਮਾਹੀ, ਜਾਂ 45 (ਅੰਤਿਮ ਰਿਟਰਨ) ਜ਼ਰੂਰੀ ਰਿਟਰਨ ਫ਼ਾਇਲ ਕਰਨ ਤੋਂ ਨਾਕਾਮ ਰਹਿੰਦਾ ਹੈ, ਤਾਂ ਟੈਕਸ ਅਧਿਕਾਰੀ ਕੋਲ ਕਿਹੜਾ ਕਾਨੂੰਨੀ ਕਦਮ ਉਪਲਬਧ ਹੁੰਦਾ ਹੈ?**

ਉੱਤਰ. ਵਾਜਬ ਅਧਿਕਾਰੀ ਨੇ ਪਹਿਲਾਂ ਕੋਤਾਹੀਕਰਤਾ ਟੈਕਸਯੋਗ ਵਿਅਕਤੀ ਨੂੰ ਇੱਕ ਨੋਟਿਸ ਜਾਰੀ ਕਰਨਾ ਹੁੰਦਾ ਹੈ ਕਿ ਤਾਂ ਜੋ ਉਹ ਇੱਕ ਨਿਸ਼ਚਤ ਸਮਾਂ ਸੀਮਾ ਦੇ ਅੰਦਰ ਆਪਣੀ ਰਿਟਰਨ ਫ਼ਾਇਲ ਕਰ ਸਕੇ, ਇਹ ਸਮਾਂ-ਸੀਮਾ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 46 ਅਧੀਨ ਘੱਟ ਤੋਂ ਘੱਟ 15 ਦਿਨ ਹੋਵੇਗੀ। ਜੇ ਟੈਕਸਯੋਗ ਵਿਅਕਤੀ ਦਿੱਤੇ ਗਏ ਇਸ ਸਮੇਂ ਅੰਦਰ ਰਿਟਰਨ ਫ਼ਾਇਲ ਕਰਨ ਤੋਂ ਅਸਫ਼ਲ ਰਹਿੰਦਾ ਹੈ, ਤਾਂ ਵਾਜਬ ਅਧਿਕਾਰੀ ਉਸ ਰਿਟਰਨ-ਡੀਫ਼ਾੱਲਟਰ ਦੀ ਟੈਕਸ ਦੇਣਦਾਰੀ ਦਾ ਮੁਲਾਂਕਣ ਆਪਣੇ ਕੋਲ ਉਪਲਬਧ ਹਰ ਪ੍ਰਕਾਰ ਦੀ ਵਾਜਬ ਸਮੱਗਰੀ ਅਤੇ ਆਪਣੇ ਬਿਹਤਰੀਨ ਫ਼ੈਸਲੇ (ਬੈਸਟ ਜੱਜਮੈਂਟ) ਦੇ ਆਧਾਰ ਉੱਤੇ ਕਰੇਗਾ (ਸੈਕਸ਼ਨ 62)।

**ਪ੍ਰਸ਼ਨ 7. ਕਿਹੜੇ ਹਾਲਾਤ ਵਿੱਚ; ਅਨੁਛੇਦ 60 ਅਧੀਨ ਜਾਰੀ ਇੱਕ ਬਿਹਤਰੀਨ ਫ਼ੈਸਲੇ ਰਾਹੀਂ ਦਿੱਤੇ ਮੁਲਾਂਕਣ ਦਾ ਆਦੇਸ਼ ਵਾਪਸ ਲਿਆ ਜਾ ਸਕਦਾ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 62 ਅਧੀਨ ਵਾਜਬ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ 'ਬਿਹਤਰੀਨ ਫ਼ੈਸਲੇ ਵਾਲਾ ਹੁਕਮ' ਉਸ ਹਾਲਤ ਵਿੱਚ ਆਪਣੇ-ਆਪ ਹੀ ਵਾਪਸ ਹੋ ਜਾਵੇਗਾ, ਜਦੋਂ ਟੈਕਸਯੋਗ ਵਿਅਕਤੀ ਡੀਫ਼ਾਲਟ ਸਮੇਂ ਲਈ ਇੱਕ ਵੈਧ ਰਿਟਰਨ; ਬਿਹਤਰੀਨ ਫ਼ੈਸਲਾ ਆਦੇਸ਼ ਪ੍ਰਾਪਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਫ਼ਾਇਲ ਕਰ ਦਿੰਦਾ ਹੈ (ਭਾਵ ਰਿਟਰਨ ਫ਼ਾਇਲ ਕਰ ਦਿੰਦਾ ਹੈ ਅਤੇ ਉਸ ਵੱਲੋਂ ਮੁਲਾਂਕਿਤ ਟੈਕਸ ਅਦਾ ਕਰ ਦਿੰਦਾ ਹੈ)।

**ਪ੍ਰਸ਼ਨ 8. ਅਨੁਛੇਦ 62 (ਬੈੱਸਟ ਜੱਜਮੈਂਟ) ਅਤੇ 63 (ਨੱਾਨ-ਫ਼ਾਇਲਰਜ਼) ਅਧੀਨ ਮੁਲਾਂਕਣ-ਆਦੇਸ਼ ਜਾਰੀ ਕਰਨ ਲਈ ਸਮਾਂ-ਸੀਮਾ ਕੀ ਹੈ?**

ਉੱਤਰ. ਅਨੁਛੇਦ 62 ਜਾਂ 63 ਅਧੀਨ ਇੱਕ ਮੁਲਾਂਕਣ ਹੁਕਮ ਜਾਰੀ ਕਰਨ ਲਈ ਸਮਾਂ-ਸੀਮਾ; ਸਾਲਾਨਾ ਰਿਟਰਨ ਭਰਨ ਦੀ ਬਣਦੀ ਮਿਤੀ ਤੋਂ ਪੰਜ ਸਾਲ ਹੈ।

**ਪ੍ਰਸ਼ਨ 9. ਇੱਕ ਅਜਿਹੇ ਵਿਅਕਤੀ ਲਈ ਕੀ ਕਾਨੂੰਨੀ ਚਾਰਾਜੋਈ ਉਪਲਬਧ ਹੈ, ਜੋ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੈ ਪਰ ਰਜਿਸਟਰੇਸ਼ਨ ਲੈਣ ਤੋਂ ਨਾਕਾਮ ਰਿਹਾ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 63 ਦੀ ਵਿਵਸਥਾ ਅਨੁਸਾਰ ਅਜਿਹੇ ਮਾਮਲੇ ਵਿੱਚ, ਵਾਜਬ ਅਧਿਕਾਰੀ ਟੈਕਸ ਦੇਣਦਾਰੀ ਦਾ ਮੁਲੰਕਣ ਕਰ ਸਕਦਾ ਹੈ ਅਤੇ ਵਾਜਬ ਟੈਕਸ ਸਮਾਂ-ਮਿਆਦਾਂ ਲਈ ਆਪਣੇ ਬਿਹਤਰੀਨ ਫ਼ੈਸਲੇ ਦੇ ਆਧਾਰ ਉੱਤੇ ਹੁਕਮ ਜਾਰੀ ਕਰ ਸਕਦਾ ਹੈ। ਉਂਝ ਅਜਿਹਾ ਇੱਕ ਹੁਕਮ ਜ਼ਰੂਰ ਹੀ ਉਸ ਵਿੱਤੀ ਵਰ੍ਹੇ ਦੀ ਸਾਲਾਨਾ ਰਿਟਰਨ ਫ਼ਾਇਲ ਕੀਤੇ ਹੋਣ ਦੀ ਬਣਦੀ ਮਿਤੀ ਤੋਂ ਪੰਜ ਸਾਲਾਂ ਦੀ ਮਿਆਦ ਦੇ ਅੰਦਰ ਜਾਰੀ ਹੋਣਾ ਚਾਹੀਦਾ ਹੈ, ਜਿਸ ਵਿੱਤੀ ਵਰ੍ਹੇ ਲਈ ਟੈਕਸ ਭੁਗਤਾਨ ਨਹੀਂ ਕੀਤਾ ਗਿਆ ਹੈ।

**ਪ੍ਰਸ਼ਨ 10. ਇੱਕ ਟੈਕਸ ਅਧਿਕਾਰੀ ਕਿਹੜੇ ਹਾਲਾਤ ਅਧੀਨ 'ਸਮਰੀ ਅਸੈੱਸਮੈਂਟ' (ਸੰਖੇਪ ਵੇਰਵੇ ਦੇ ਮੁਲਾਂਕਣ) ਅਰੰਭ ਕਰ ਸਕਦਾ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 64

ਅਨੁਸਾਰ, 'ਸਮਰੀ ਅਸੈੱਸਮੈਂਟਸ' ਆਮਦਨ ਦੇ ਵਿਆਜ ਦੀ ਸੁਰੱਖਿਆ ਲਈ ਅਰੰਭੇ ਜਾ ਸਕਦੇ ਹਨ, ਜਦੋਂ:

ੳ) ਵਾਜਬ ਅਧਿਕਾਰੀ ਕੋਲ ਅਜਿਹਾ ਸਬੂਤ ਹੁੰਦਾ ਹੈ ਕਿ ਇੱਕ ਟੈਕਸਯੋਗ ਵਿਅਕਤੀ ਕਾਨੂੰਨ ਅਧੀਨ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੈ, ਅਤੇ

ਅ) ਵਾਜਬ ਅਧਿਕਾਰੀ ਇਹ ਮੰਨਦਾ ਹੈ ਕਿ ਕੋਈ ਮੁਲਾਂਕਣ ਆਦੇਸ਼ ਜਾਰੀ ਕਰਨ ਵਿੱਚ ਦੇਰੀ ਨਾਲ ਆਮਦਨ ਦੇ ਵਿਆਜ ਉੱਤੇ ਮਾੜਾ ਅਸਰ ਪਵੇਗਾ।

ਅਜਿਹਾ ਆਦੇਸ਼ ਐਡੀਸ਼ਨ ਕਮਿਸ਼ਨਰ/ਜੁਆਇੰਟ ਕਮਿਸ਼ਨਰ ਦੀ ਇਜਾਜ਼ਤ ਨਾਲ ਜਾਰੀ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 11. ਅਪੀਲ ਕਰਨ ਦੇ ਇਲਾਜ ਤੋਂ ਇਲਾਵਾ, ਇੱਕ ਸਮਰੀ ਅਸੈੱਸਮੈਂਟ ਆਦੇਸ਼ ਵਿਰੁੱਧ ਟੈਕਸਦਾਤੇ ਕੋਲ ਹੋਰ ਕਿਹੜੀ ਚਾਰਾਜੋਈ ਉਪਲਬਧ ਹੈ?**

ਉੱਤਰ. ਅਜਿਹਾ ਟੈਕਸਯੋਗ ਵਿਅਕਤੀ, ਜਿਸ ਵਿਰੁੱਧ ਇੱਕ 'ਸਮਰੀ ਅਸੈੱਸਮੈਂਟ' ਆਦੇਸ਼ ਜਾਰੀ ਕੀਤਾ ਗਿਆ ਹੈ, ਅਜਿਹਾ ਆਦੇਸ਼ ਪ੍ਰਾਪਤ ਹੋਣ ਦੀ ਮਿਤੀ ਦੇ ਤੀਹ ਦਿਨਾਂ ਦੇ ਅੰਦਰ ਸਬੰਧਤ ਅਧਿਕਾਰ-ਖੇਤਰ ਦੇ ਐਡੀਸ਼ਨਲ/ਜੁਆਇੰਟ ਕਮਿਸ਼ਨਰ ਕੋਲ ਇਸ ਆਦੇਸ਼ ਦੀ ਵਾਪਸੀ ਲਈ ਆਪਣੀ ਅਰਜ਼ੀ ਦੇ ਸਕਦਾ ਹੈ। ਜੇ ਵਰਣਿਤ ਅਧਿਕਾਰੀ ਆਦੇਸ਼ ਵਿੱਚ ਕੋਈ ਗ਼ਲਤੀ ਪਾਉਂਦਾ ਹੈ, ਤਾਂ ਉਹ ਇਸ ਨੂੰ ਵਾਪਸ ਲੈ ਸਕਦਾ ਹੈ ਅਤੇ ਵਾਜਬ ਅਧਿਕਾਰੀ ਨੂੰ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 73 ਜਾਂ 74 ਦੀਆਂ ਮੱਦਾਂ ਵਿੱਚ ਟੈਕਸ ਦੇਣਦਾਰੀ ਨਿਰਧਾਰਨ ਕਰਨ ਲਈ ਵਾਜਬ ਅਧਿਕਾਰੀ ਨੂੰ ਹਦਾਇਤ ਜਾਰੀ ਕਰ ਸਕਦਾ ਹੈ। ਐਡੀਸ਼ਨਲ/ਜੁਆਇੰਟ ਕਮਿਸ਼ਨਰ ਆਪਣੇ ਮੋਸ਼ਨ ਉੱਤੇ ਕਾਰਵਾਈ ਲਈ ਅਜਿਹਾ ਹੀ ਕਦਮ ਚੁੱਕ ਸਕਦਾ ਹੈ, ਜੇ ਉਸ ਨੂੰ ਲੱਗੇ ਕਿ ਸਮਰੀ ਅਸੈੱਸਮੈਂਟ ਆਦੇਸ਼ ਵਿੱਚ ਗ਼ਲਤੀ ਹੈ (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 64)।

**ਪ੍ਰਸ਼ਨ 12. ਕੀ ਟੈਕਸਯੋਗ ਵਿਅਕਤੀ ਵਿਰੁੱਧ ਸਮਰੀ ਅਸੈੱਸਮੈਂਟ ਹੁਕਮ ਜਾਰੀ ਕਰਨਾ ਲਾਜ਼ਮੀ ਹੈ?**

ਉੱਤਰ. ਨਹੀਂ। ਕੁਝ ਖ਼ਾਸ ਮਾਮਲਿਆਂ ਵਿੱਚ, ਜਦੋਂ ਮਾਲ ਟਰਾਂਸਪੋਰਟੇਸ਼ਨ ਅਧੀਨ ਹੈ ਜਾਂ ਕਿਸੇ ਗੁਦਾਮ ਵਿੱਚ ਪਿਆ ਹੈ, ਅਤੇ ਅਜਿਹੇ ਮਾਲ ਦੇ ਸਬੰਧ ਵਿੱਚ ਟੈਕਸਯੋਗ ਵਿਅਕਤੀ ਬਾਰੇ ਨਿਸ਼ਚਤ ਨਹੀਂ ਕੀਤਾ ਜਾ ਸਕਦਾ, ਅਜਿਹੇ ਮਾਲ ਦੇ ਇੰਚਾਰਜ ਵਿਅਕਤੀ ਨੂੰ ਟੈਕਸਯੋਗ ਵਿਅਕਤੀ ਮੰਨਿਆ ਜਾਵੇਗਾ ਅਤੇ ਟੈਕਸ

ਦਾ ਮੁਲਾਂਕਣ ਕੀਤਾ ਜਾਵੇਗਾ (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 64)।

**ਪ੍ਰਸ਼ਨ 13. ਟੈਕਸਦਾਤਿਆਂ ਦੀ ਔਡਿਟ ਕੌਣ ਕਰ ਸਕਦਾ ਹੈ?**

ਉੱਤਰ. ਜੀ.ਐੱਸ.ਟੀ. ਕਾਨੂੰਨ(ਾਂ) ਵਿੱਚ ਨਿਰਧਾਰਤ ਔਡਿਟ ਦੀਆਂ ਤਿੰਨ ਕਿਸਮਾਂ ਹਨ, ਜੋ ਇੱਥੇ ਹੇਠਾਂ ਦਿੱਤੀਆਂ ਗਈਆਂ ਹਨ:

**(ੳ) ਅਕਾਊਂਟੈਂਟ ਜਾਂ ਕੌਸਟ ਅਕਾਊਂਟੈਂਟ ਵੱਲੋਂ ਔਡਿਟ:** ਹਰੇਕ ਰਜਿਸਟਰਡ ਵਿਅਕਤੀ, ਜਿਸ ਦੀ ਟਰਨਓਵਰ ਨਿਰਧਾਰਤ ਸੀਮਾ ਤੋਂ ਵੱਧ ਹੈ, ਆਪਣੇ ਖਾਤਿਆਂ ਦੀ ਔਡਿਟ (ਲੇਖਾ-ਪੜਤਾਲ) ਇੱਕ ਚਾਰਟਰਡ ਅਕਾਊਂਟੈਂਟ ਜਾਂ ਕੌਸਟ ਅਕਾਊਂਟੈਂਟ ਤੋਂ ਕਰਵਾਏਗਾ। (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 35(5))

**(ਅ) ਵਿਭਾਗ ਵੱਲੋਂ ਔਡਿਟ:** ਸੀ.ਜੀ.ਐੱਸ.ਟੀ. ਜਾਂ ਐੱਸ.ਜੀ.ਐੱਸ.ਟੀ. ਜਾਂ ਯੂ.ਟੀ.ਜੀ.ਐੱਸ.ਟੀ. ਦਾ ਕਮਿਸ਼ਨਰ ਜਾਂ ਉਨ੍ਹਾਂ ਵੱਲੋਂ ਆਮ ਜਾਂ ਵਿਸ਼ੇਸ਼ ਹੁਕਮ ਰਾਹੀਂ ਕੋਈ ਅਧਿਕਾਰਤ ਅਧਿਕਾਰੀ ਕਿਸੇ ਰਜਿਸਟਰਡ ਵਿਅਕਤੀ ਦੀ ਔਡਿਟ ਕਰ ਸਕਦਾ ਹੈ। ਔਡਿਟ ਦੀ ਬਾਰੰਬਾਰਤਾ ਤੇ ਤਰੀਕਾ ਯੋਗ ਸਮੇਂ ਅੰਦਰ ਨਿਰਧਾਰਤ ਕੀਤਾ ਜਾਵੇਗਾ।(ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 65)।

**(ੲ) ਵਿਸ਼ੇਸ਼ ਔਡਿਟ:** ਜੇ ਪੜਤਾਲ, ਜਾਂਚ, ਜਾਂਚਾਂ ਜਾਂ ਕਿਸੇ ਹੋਰ ਕਾਰਵਾਈਆਂ ਦੇ ਕਿਸੇ ਪੜਾਅ 'ਤੇ, ਜੇ ਵਿਭਾਗ ਦਾ ਇਹ ਵਿਚਾਰ ਹੋਵੇ ਕਿ ਕੀਮਤ ਦਾ ਐਲਾਨ ਸਹੀ ਢੰਗ ਨਾਲ ਨਹੀਂ ਕੀਤਾ ਗਿਆ ਹੈ ਜਾਂ ਕ੍ਰੈਡਿਟ ਦਾ ਲਾਭ ਆਮ ਸੀਮਾਵਾਂ ਵਿੱਚ ਨਹੀਂ ਹੈ, ਤਾਂ ਵਿਭਾਗ ਆਪਣੇ ਵੱਲੋਂ ਨਾਮਜ਼ਦ ਕਿਸੇ ਚਾਰਟਰਡ ਅਕਾਊਂਟੈਂਟ ਜਾਂ ਕੌਸਟ ਅਕਾਊਂਟੈਂਟ ਵੱਲੋਂ ਵਿਸ਼ੇਸ਼ ਔਡਿਟ ਕਰਵਾਉਣ ਦੇ ਆਦੇਸ਼ ਜਾਰੀ ਕਰ ਸਕਦਾ ਹੈ (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 66)।

**ਪ੍ਰਸ਼ਨ 14. ਕੀ ਔਡਿਟ ਕੀਤੇ ਜਾਣ ਤੋਂ ਪਹਿਲਾਂ ਸੂਚਨਾ ਦੇਣੀ ਜ਼ਰੂਰੀ ਹੈ?**

ਉੱਤਰ. ਜੀ ਹਾਂ, ਪਹਿਲਾਂ ਸੂਚਨਾ ਦੇਣੀ ਜ਼ਰੂਰੀ ਹੈ ਅਤੇ ਟੈਕਸਯੋਗ ਵਿਅਕਤੀ ਨੂੰ ਔਡਿਟ ਕਰਨ ਲਈ ਘੱਟੋ-ਘੱਟ 15 ਦਿਨ ਪਹਿਲਾਂ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

**ਪ੍ਰਸ਼ਨ 15. ਕਿੰਨੀ ਸਮਾਂ-ਮਿਆਦ ਅੰਦਰ ਔਡਿਟ ਮੁਕੰਮਲ ਕਰਨਾ ਹੋਵੇਗਾ?**

ਉੱਤਰ. ਔਡਿਟ ਨੂੰ ਆਡਿਟ ਅਰੰਭ ਹੋਣ ਦੀ ਮਿਤੀ ਤੋਂ 3 ਮਹੀਨਿਆਂ ਦੇ ਅੰਦਰ ਜਾਂ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਵੱਧ ਤੋਂ ਵੱਧ 6 ਮਹੀਨਿਆਂ ਦੇ ਹੋਰ ਸਮੇਂ ਤੱਕ ਦੇ ਅੰਦਰ ਮੁਕੰਮਲ ਕਰਨਾ ਹੋਵੇਗਾ। ਇਹ ਮਿਆਦ ਕਮਿਸ਼ਨਰ ਵੱਲੋਂ ਵੱਧ ਤੋਂ ਵੱਧ 6 ਮਹੀਨਿਆਂ ਦੇ ਸਮੇਂ ਲਈ ਅੱਗੇ ਵਧਾਈ ਜਾ ਸਕਦੀ ਹੈ।

**ਪ੍ਰਸ਼ਨ 16. ਔਡਿਟ ਦੀ ਸ਼ੁਰੂਆਤ ਦਾ ਕੀ ਅਰਥ ਹੈ?**

ਉੱਤਰ. 'ਔਡਿਟ ਦੀ ਸ਼ੁਰੂਆਤ' ਮੱਦ ਅਹਿਮ ਹੈ ਕਿਉਂਕਿ ਔਡਿਟ ਨੂੰ ਇਸ ਦੀ ਸ਼ੁਰੂਆਤ ਦੀ ਮਿਤੀ ਦੇ ਹਵਾਲੇ ਵਿੱਚ ਇੱਕ ਨਿਸ਼ਚਤ ਸਮਾਂ-ਸੀਮਾ ਵਿੱਚ ਮੁਕੰਮਲ ਕਰਨਾ ਹੁੰਦਾ ਹੈ। ਔਡਿਟ ਦੀ ਸ਼ੁਰੂਆਤ ਦਾ ਅਰਥ ਹੈ ਨਿਮਨਲਿਖਤ ਵਿੱਚੋਂ ਜੋ ਵੀ ਬਾਅਦ 'ਚ ਵਾਪਰਦਾ ਹੈ:

ੳ) ਉਹ ਮਿਤੀ, ਜਦੋਂ ਔਡਿਟ ਅਥਾਰਟੀਜ਼ ਸਾਰੇ ਰਿਕਾਰਡਜ਼/ਅਕਾਊਂਟਸ ਆਪਣੇ ਸਾਹਮਣੇ ਉਪਲਬਧ ਕਰਵਾਉਣ ਲਈ ਆਖਦੇ ਹਨ, ਜਾਂ

ਅ) ਟੈਕਸਦਾਤੇ ਦੇ ਕਾਰੋਬਾਰ ਵਾਲੇ ਸਥਾਨ 'ਤੇ ਔਡਿਟ ਦੀ ਅਸਲ ਸਥਾਪਨਾ

**ਪ੍ਰਸ਼ਨ 17. ਟੈਕਸਯੋਗ ਵਿਅਕਤੀ ਦੀਆਂ ਕੀ ਜ਼ਿੰਮੇਵਾਰੀਆਂ ਹਨ, ਜਦੋਂ ਉਸ ਨੂੰ ਔਡਿਟ ਦਾ ਨੋਟਿਸ ਪ੍ਰਾਪਤ ਹੁੰਦਾ ਹੈ?**

ਉੱਤਰ. ਟੈਕਸਯੋਗ ਵਿਅਕਤੀ ਲਈ ਇਹ ਕਰਨਾ ਜ਼ਰੂਰੀ ਹੁੰਦਾ ਹੈ:

ੳ) ਉਪਲਬਧ ਜਾਂ ਅਥਾਰਟੀਜ਼ ਵੱਲੋਂ ਮੰਗੇ ਗਏ ਅਕਾਊਂਟਸ/ਰਿਕਾਰਡਜ਼ ਦੀ ਪੁਸ਼ਟੀ ਵਿੱਚ ਸੁਵਿਧਾ ਦੇਣਾ।

ਅ) ਅਜਿਹੀ ਜਾਣਕਾਰੀ ਪ੍ਰਦਾਨ ਕਰਵਾਉਣਾ, ਜਿਹੜੀ ਅਥਾਰਟੀਜ਼ ਨੂੰ ਔਡਿਟ ਕਰਨ ਲਈ ਜ਼ਰੂਰੀ ਹੋ ਸਕਦੀ ਹੈ, ਅਤੇ

ੲ) ਔਡਿਟ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਸਹਾਇਤਾ ਦੇਣਾ।

**ਪ੍ਰਸ਼ਨ 18. ਔਡਿਟ ਮੁਕੰਮਲ ਹੋਣ 'ਤੇ ਵਾਜਬ ਅਧਿਕਾਰੀ ਵੱਲੋਂ ਕੀ ਕਾਰਵਾਈ ਕੀਤੀ ਜਾਵੇਗੀ?**

ਉੱਤਰ. ਵਾਜਬ ਅਧਿਕਾਰੀ ਨੂੰ ਔਡਿਟ ਮੁਕੰਮਲ ਹੋਣ ਦੇ 30 ਦਿਨਾਂ ਅੰਦਰ ਟੈਕਸਯੋਗ ਵਿਅਕਤੀ ਨੂੰ ਉਸ ਔਡਿਟ ਦੇ ਨਤੀਜਿਆਂ, ਉਨ੍ਹਾਂ ਨਤੀਜਿਆਂ ਦੇ ਕਾਰਨ ਤੇ ਟੈਕਸਯੋਗ ਵਿਅਕਤੀ ਦੇ ਅਜਿਹੇ ਨਤੀਜਿਆਂ ਸਬੰਧੀ ਅਧਿਕਾਰ ਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦੇਣੀ ਹੋਵੇਗੀ।

**ਪ੍ਰਸ਼ਨ 19. ਕਿਹੜੇ ਹਾਲਾਤ ਵਿੱਚ ਇੱਕ ਵਿਸ਼ੇਸ਼ ਔਡਿਟ ਕੀਤੀ ਜਾ ਸਕਦੀ ਹੈ?**
ਉੱਤਰ. ਸੀਮਤ ਹਾਲਾਤ ਵਿੱਚ ਇੱਕ ਵਿਸ਼ੇਸ਼ ਔਡਿਟ ਕੀਤੀ ਜਾ ਸਕਦੀ ਹੈ, ਜਿੱਥੇ ਜਾਂਚ-ਪੜਤਾਲ, ਤਫ਼ਤੀਸ਼ ਆਦਿ ਦੌਰਾਨ, ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਮਾਮਲਾ ਗੁੰਝਲਦਾਰ ਹੈ ਜਾਂ ਆਮਦਨ ਕਾਫ਼ੀ ਜ਼ਿਆਦਾ ਹੋਈ ਹੈ। ਇਹ ਸ਼ਕਤੀ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 66 ਅਧੀਨ ਦਿੱਤੀ ਜਾਂਦੀ ਹੈ।

**ਪ੍ਰਸ਼ਨ 20. ਵਿਸ਼ੇਸ਼ ਔਡਿਟ ਲਈ ਨੋਟਿਸ ਕੌਣ ਦੇ ਸਕਦਾ ਹੈ?**
ਉੱਤਰ. ਕੇਵਲ ਕਮਿਸ਼ਨਰ ਦੀ ਅਗਾਊਂ ਮਨਜ਼ੂਰੀ ਤੋਂ ਬਾਅਦ ਹੀ ਸਹਾਇਕ/ਡਿਪਟੀ ਕਮਿਸ਼ਨਰ ਵਿਸ਼ੇਸ਼ ਔਡਿਟ ਲਈ ਨੋਟਿਸ ਜਾਰੀ ਕਰ ਸਕਦਾ ਹੈ।

**ਪ੍ਰਸ਼ਨ 21. ਵਿਸ਼ੇਸ਼ ਔਡਿਟ ਕੌਣ ਕਰੇਗਾ?**
ਉੱਤਰ. ਇੱਕ ਚਾਰਟਰਡ ਅਕਾਊਂਟੈਂਟ ਜਾਂ ਇੱਕ ਕੌਸਟ ਅਕਾਊਂਟੈਂਟ, ਜਿਸ ਨੂੰ ਕਮਿਸ਼ਨਰ ਵੱਲੋਂ ਔਡਿਟ ਕਰਨ ਲਈ ਨਾਮਜ਼ਦ ਕੀਤਾ ਜਾਵੇ, ਔਡਿਟ ਕਰ ਸਕਦਾ ਹੈ।

**ਪ੍ਰਸ਼ਨ 22. ਔਡਿਟ ਰਿਪੋਰਟ ਜਮ੍ਹਾ ਕਰਵਾਉਣ ਲਈ ਸਮਾਂ-ਸੀਮਾ ਕੀ ਹੈ?**
ਉੱਤਰ. ਔਡੀਟਰ ਨੂੰ 90 ਦਿਨਾਂ ਦੇ ਅੰਦਰ ਜਾਂ 90 ਦਿਨਾਂ ਦੀ ਹੋਰ ਅੱਗੇ ਵਧਾਈ ਗਈ ਸਮਾਂ-ਮਿਆਦ ਦੇ ਅੰਦਰ ਰਿਪੋਰਟ ਕਰਨਾ ਹੋਵੇਗਾ।

**ਪ੍ਰਸ਼ਨ 23. ਵਿਸ਼ੇਸ਼ ਔਡਿਟ ਦਾ ਖ਼ਰਚਾ ਕੌਣ ਝੱਲੇਗਾ?**
ਉੱਤਰ. ਔਡੀਟਰ ਨੂੰ ਅਦਾਇਗੀਯੋਗ ਮਿਹਨਤਾਨੇ ਸਮੇਤ ਨਿਰੀਖਣ ਅਤੇ ਔਡਿਟ ਦੇ ਖ਼ਰਚੇ ਕਮਿਸ਼ਨਰ ਵੱਲੋਂ ਨਿਰਧਾਰਤ ਕੀਤੇ ਜਾਣਗੇ ਅਤੇ ਉਹੀ ਇਸ ਨੂੰ ਝੱਲਣਗੇ।

**ਪ੍ਰਸ਼ਨ 24. ਵਿਸ਼ੇਸ਼ ਔਡਿਟ ਤੋਂ ਬਾਅਦ ਟੈਕਸ ਅਥਾਰਟੀਜ਼ ਕੀ ਕਾਰਵਾਈ ਕਰ ਸਕਦੇ ਹਨ?**
ਉੱਤਰ. ਵਿਸ਼ੇਸ਼ ਔਡਿਟ ਦੇ ਨਤੀਜਿਆਂ/ਟਿੱਪਣੀਆਂ ਦੇ ਆਧਾਰ ਉੱਤੇ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 74 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

# ਰੀ.ਓਂਡਜ਼

# ਰੀਫ਼ੰਡਜ਼

**ਪ੍ਰਸ਼ਨ 1. ਰੀਫ਼ੰਡ ਕੀ ਹੈ?**

ਉੱਤਰ. 'ਰੀਫ਼ੰਡ' ਬਾਰੇ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 54 ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।

'ਰੀਫ਼ੰਡ' ਵਿੱਚ ਇਹ ਸ਼ਾਮਲ ਹਨ

(ੳ) ਇਲੈਕਟ੍ਰੌਨਿਕ ਕੈਸ਼ ਲੈਜਰ ਵਿੱਚ ਕੋਈ ਬਕਾਇਆ ਰਾਸ਼ੀ , ਜੋ ਰਿਟਰਨਾਂ ਵਿੱਚ ਕਲੇਮ ਕੀਤੀ ਹੋਵੇ,

(ਅ) ਕੋਈ ਉਪਯੋਗ ਵਿੱਚ ਨਾ ਲਿਆਂਦਾ ਗਿਆ ਇਨਪੁਟ ਟੈਕਸ ਕ੍ਰੈਡਿਟ ਇਨ੍ਹਾਂ ਦੇ ਸਬੰਧ ਵਿੱਚ (1) ਟੈਕਸ ਭੁਗਤਾਨ ਤੋਂ ਬਿਨਾ ਕੀਤੀਆਂ ਗਈਆਂ ਜ਼ੀਰੋ-ਰੇਟਡ ਸਪਲਾਈਜ਼ ਜਾਂ, (2) ਜਿੱਥੇ ਕ੍ਰੈਡਿਟ; ਉਤਪਾਦਨ ਸਪਲਾਈਜ਼ ਉੱਤੇ ਟੈਕਸ ਦੀ ਦਰ ਤੋਂ ਉਚੇਰਾ ਹੋਣ ਕਾਰਨ ਇਨਪੁਟਸ ਉੱਤੇ ਟੈਕਸ ਦੀ ਦਰ ਦੇ ਖਾਤੇ ਵਿੱਚ ਇਕੱਠਾ ਹੋਇਆ ਹੈ (ਨਿੱਲ-ਰੇਟਡ ਤੋਂ ਇਲਾਵਾ ਜਾਂ ਪੂਰੀ ਤਰ੍ਹਾਂ ਛੋਟ-ਪ੍ਰਾਪਤ ਸਪਲਾਈਜ਼),

(ੲ) ਸੰਯੁਕਤ ਰਾਸ਼ਟਰ ਜਾਂ ਸੰਯੁਕਤ ਰਾਸ਼ਟਰ (ਪ੍ਰਿਵਲੇਜਸ ਐਂਡ ਇਮਿਊਨਿਟੀਜ਼) ਕਾਨੂੰਨ, 1947 ਅਧੀਨ ਅਧਿਸੂਚਿਤ ਕਿਸੇ ਬਹੁ-ਦਿਸ਼ਾਵੀ ਵਿੱਤੀ ਸੰਸਥਾਨ ਅਤੇ ਸੰਗਠਨ, ਕੌਂਸਲੇਟ ਜਾਂ ਦੂਜੇ ਦੇਸ਼ਾਂ ਦਾ ਦੂਤਾਵਾਸ ਦੀ ਵਿਸ਼ੇਸ਼ ਏਜੰਸੀ ਵੱਲੋਂ ਕਿਸੇ ਅੰਦਰੂਨੀ ਸਪਲਾਈ ਉੱਤੇ ਅਦਾ ਕੀਤਾ ਟੈਕਸ।

**ਪ੍ਰਸ਼ਨ 2. ਕੀ ਉਪਯੋਗ ਵਿੱਚ ਨਾ ਲਿਆਂਦੇ ਗਏ ਇਨਪੁਟ ਟੈਕਸ ਕ੍ਰੈਡਿਟ ਦੀ ਇਜਾਜ਼ਤ ਰੀਫ਼ੰਡ ਵਜੋਂ ਦਿੱਤੀ ਜਾ ਸਕਦੀ ਹੈ?**

ਉੱਤਰ. ਉਪਯੋਗ ਵਿੱਚ ਨਾ ਲਿਆਂਦੇ ਗਏ ਇਨਪੁਟ ਟੈਕਸ ਕ੍ਰੈਡਿਟ ਦੀ ਇਜਾਜ਼ਤ ਰੀਫ਼ੰਡ ਵਜੋਂ ਨਿਮਨਲਿਖਤ ਸਥਿਤੀਆਂ ਵਿੱਚ ਸੈਕਸ਼ਨ 54 ਦੇ ਉੱਪ-ਸੈਕਸ਼ਨ (3) ਦੀਆਂ ਵਿਵਸਥਾਵਾਂ ਅਨੁਸਾਰ ਦਿੱਤੀ ਜਾ ਸਕਦੀ ਹੈ :-

(i) ਟੈਕਸ ਦੇ ਭੁਗਤਾਨ ਤੋਂ ਬਾਅਦ ਕੀਤੀਆਂ ਜ਼ੀਰੋ ਰੇਟਡ ਸਪਲਾਈਜ਼;

(ii) ਜਿੱਥੇ ਉਤਪਾਦਨ ਸਪਲਾਈਜ਼ ਉੱਤੇ ਟੈਕਸਾਂ ਦੀ ਦਰ ਨਾਲੋਂ ਵੱਧ ਕ੍ਰੈਡਿਟ; ਇਨਪੁਟਸ ਉੱਤੇ ਟੈਕਸ ਦੀ ਦਰ ਦੇ ਖਾਤੇ ਵਿੱਚ ਵਧੇਰੇ ਸੰਚਿਤ ਹੋ ਗਿਆ

ਹੈ (ਨਿਲ ਰੇਟਡ ਤੋਂ ਇਲਾਵਾ ਜਾਂ ਪੂਰੀ ਤਰ੍ਹਾਂ ਛੋਟ ਪ੍ਰਾਪਤ ਸਪਲਾਈਜ਼)।
ਉਂਝ, ਉਪਯੋਗ ਵਿੱਚ ਨਾ ਲਿਆਂਦੇ ਇਨਪੁਟ ਟੈਕਸ ਕ੍ਰੈਡਿਟ ਦੇ ਕਿਸੇ ਰੀਫ਼ੰਡ ਦੀ ਇਜਾਜ਼ਤ ਉਨ੍ਹਾਂ ਮਾਮਲਿਆਂ ਵਿੱਚ ਨਹੀਂ ਹੋਵੇਗੀ, ਜਿੱਥੇ ਭਾਰਤ ਤੋਂ ਬਾਹਰ ਬਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਉੱਤੇ ਬਰਾਮਦ ਡਿਊਟੀ ਲੱਗਦੀ ਹੈ ਅਤੇ ਉਸ ਮਾਮਲੇ ਵਿੱਚ ਜਿੱਥੇ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੇ ਸਪਲਾਇਰ ਕੇਂਦਰੀ ਟੈਕਸ ਜਾਂ ਅਜਿਹੀਆਂ ਸਪਲਾਈਜ਼ ਉੱਤੇ ਅਦਾ ਕੀਤੇ ਇੰਟੈਗਰੇਟਡ ਟੈਕਸ ਦੇ ਕਲੇਮਜ਼ ਰੀਫ਼ੰਡ ਦੇ ਸਬੰਧ ਵਿੱਚ ਡਰੱਾਅਬੈਕ ਦਾ ਲਾਭ ਲੈਂਦਾ ਹੈ।

**ਪ੍ਰਸ਼ਨ 3. ਕੀ ਉਪਯੋਗ ਵਿੱਚ ਨਾ ਲਿਆਂਦੇ ਗਏ ਆਈ.ਟੀ.ਸੀ. ਦਾ ਰੀਫ਼ੰਡ ਕੀਤਾ ਜਾ ਸਕਦਾ ਹੈ, ਜੇ ਮਾਲ ਨੂੰ ਭਾਰਤ ਤੋਂ ਬਾਹਰ ਬਰਾਮਦ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਐਕਸਪੋਰਟ ਡਿਊਟੀ ਲੱਗਣੀ ਹੁੰਦੀ ਹੈ?**
ਉੱਤਰ. ਉਪਯੋਗ ਵਿੱਚ ਨਾ ਲਿਆਂਦੇ ਗਏ ਇਨਪੁਟ ਟੈਕਸ ਕ੍ਰੈਡਿਟ ਦੇ ਰੀਫ਼ੰਡ ਦੀ ਇਜਾਜ਼ਤ ਉਨ੍ਹਾਂ ਮਾਮਲਿਆਂ ਵਿੱਚ ਨਹੀਂ ਦਿੱਤੀ ਜਾਂਦੀ, ਜਿੱਥੇ ਭਾਰਤ ਤੋਂ ਬਾਹਰ ਬਰਾਮਦ ਕੀਤੀਆਂ ਵਸਾਂ ਉੱਤੇ ਬਰਾਮਦ ਡਿਊਟੀ ਲੱਗਣੀ ਹੁੰਦੀ ਹੈ - ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 54(3) ਦੀ ਦੂਜੀ ਵਿਵਸਥਾ ਅਨੁਸਾਰ।

**ਪ੍ਰਸ਼ਨ 4. ਕੀ ਵਿੱਤੀ ਸਾਲ ਦੇ ਅੰਤ 'ਤੇ ਸਟੱਾਕ ਵਿੱਚ ਪਏ ਮਾਲ ਦੀ ਆਈ.ਟੀ.ਸੀ. ਨੂੰ (ਜੀ.ਐਸ.ਟੀ. ਦੀ ਸ਼ੁਰੂਆਤ ਹੋਣ ਤੋਂ ਬਾਅਦ) ਰੀਫ਼ੰਡ ਕੀਤਾ ਜਾ ਸਕਦਾ ਹੈ?**
ਉੱਤਰ. ਜੀ.ਐੱਸ.ਟੀ. ਕਾਨੂੰਨ ਵਿੱਚ ਵਿੱਤੀ ਵਰ੍ਹੇ ਦੇ ਅੰਤ ਉੱਤੇ ਅਜਿਹੇ ਵਰਤੋਂ ਵਿੱਚ ਨਾ ਲਿਆਂਦੇ ਗਏ ਆਈ.ਟੀ.ਸੀ. ਦੇ ਰੀਫ਼ੰਡ ਦੀ ਇਜਾਜ਼ਤ ਦੇਣ ਜਿਹੀ ਕੋਈ ਵਿਵਸਥਾ ਨਹੀਂ ਹੈ। ਇਸ ਨੂੰ ਅਗਲੇ ਵਿੱਤੀ ਵਰ੍ਹੇ ਲਈ ਅੱਗੇ ਲਿਜਾਣਾ ਹੋਵੇਗਾ।

**ਪ੍ਰਸ਼ਨ 5. ਮੰਨ ਲਓ ਕਿ ਇੱਕ ਟੈਕਸਯੋਗ ਵਿਅਕਤੀ ਨੇ ਆਈ.ਜੀ.ਐਸ.ਟੀ./ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਨੂੰ ਗ਼ਲਤੀ ਨਾਲ ਅੰਤਰ-ਰਾਜੀ/ਰਾਜ ਦੇ ਅੰਦਰ ਸਪਲਾਈ ਵਜੋਂ ਅਦਾ ਕਰ ਦਿੱਤਾ ਹੈ, ਪਰ ਜਿਸ ਦੀ ਪ੍ਰਕਿਰਤੀ ਦੀ ਬਾਅਦ ਵਿੱਚ ਪੁਸ਼ਟੀ ਕਰ ਦਿੱਤੀ ਜਾਂਦੀ ਹੈ। ਕੀ ਗ਼ਲਤੀ ਨਾਲ ਅਦਾ ਕੀਤੇ ਆਈ.ਜੀ.ਐਸ.ਟੀ. ਦੇ ਆਧਾਰ ਉੱਤੇ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਨੂੰ ਐਡਜਸਟ ਕੀਤਾ ਜਾ ਸਕਦਾ ਹੈ ਜਾਂ ਇਸ ਦੇ ਉਲਟ (vice versa)।**

ਉੱਤਰ. ਟੈਕਸਯੋਗ ਵਿਅਕਤੀ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਜਾਂ ਆਈ.ਜੀ.ਐੱਸ.ਟੀ. ਨੂੰ ਗ਼ਲਤੀ ਨਾਲ ਅਦਾ ਕੀਤੇ ਆਈ.ਜੀ.ਐੱਸ.ਟੀ. ਜਾਂ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਨਾਲ ਐਡਜਸਟ ਨਹੀਂ ਕੀਤਾ ਜਾ ਸਕਦਾ ਪਰ ਉਹ ਗ਼ਲਤੀ ਨਾਲ ਅਦਾ ਕੀਤੇ ਟੈਕਸ ਦਾ ਰੀਫ਼ੰਡ ਲੈਣ ਦਾ ਹੱਕਦਾਰ ਹੈ - ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 77.

**ਪ੍ਰਸ਼ਨ 6. ਕੀ ਸਫ਼ਾਰਤਖਾਨਿਆਂ ਜਾਂ ਸੰਯੁਕਤ ਰਾਸ਼ਟਰ (ਯੂ.ਐਨ.) ਵੱਲੋਂ ਕੀਤੀਆਂ ਖ਼ਰੀਦਦਾਰੀਆਂ ਉੱਤੇ ਟੈਕਸ ਲਾਇਆ ਜਾ ਸਕਦਾ ਹੈ ਜਾਂ ਉਨ੍ਹਾਂ ਨੂੰ ਛੋਟ ਦਿੱਤੀ ਜਾ ਸਕਦੀ ਹੈ?**

ਉੱਤਰ. ਸਫ਼ਾਰਤਖਾਨਿਆਂ ਭਾਵ ਦੂਤਾਵਾਸਾਂ ਜਾਂ ਸੰਯੁਕਤ ਰਾਸ਼ਟਰ ਦੀਆਂ ਇਕਾਈਆਂ ਨੂੰ ਹੋਣ ਵਾਲੀਆਂ ਸਪਲਾਈਜ਼ ਉੱਤੇ ਟੈਕਸ ਲੱਗੇਗਾ, ਜਿਨ੍ਹਾਂ ਦੇ ਬਾਅਦ ਵਿੱਚ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 54(2) ਦੀਆਂ ਮੱਦਾਂ ਅਨੁਸਾਰ ਰੀਫ਼ੰਡ ਲਈ ਕਲੇਮ ਕੀਤਾ ਜਾ ਸਕਦਾ ਹੈ। ਇਹ ਕਲੇਮ; ਜਿਸ ਮਹੀਨੇ ਅਜਿਹੀ ਕੋਈ ਸਪਲਾਈ ਹੋਈ ਹੋਵੇ, ਉਸ ਮਹੀਨੇ ਦੇ ਆਖ਼ਰੀ ਦਿਨ ਤੋਂ ਛੇ ਮਹੀਨੇ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਰੀਫ਼ੰਡ ਨਿਯਮਾਂ ਅਨੁਸਾਰ ਪੇਸ਼ ਕਰਨਾ ਹੋਵੇਗਾ।

(ਸੰਯੁਕਤ ਰਾਸ਼ਟਰ ਸੰਗਠਨ - ਯੂ.ਐਨ.ਓ. ਅਤੇ ਕੌਂਸਲੇਟ ਦਫ਼ਤਰ ਜਾਂ ਸਫ਼ਾਰਤਖਾਨਿਆਂ ਭਾਵ ਦੂਤਾਵਾਸਾਂ ਨੂੰ ਇੱਕ ਵਿਲੱਖਣ ਸ਼ਨਾਖ਼ਤ ਨੰਬਰ ਭਾਵ ਯੂ.ਆਈ.ਐਨ. (ਸੀ.ਜੀ.ਐੱਸ.ਟੀ./ਐੱਸ.ਜੀ. ਐੱਸ.ਟੀ. ਕਾਨੂੰਨ ਦੇ ਸੈਕਸ਼ਨ 26(1) ਅਨੁਸਾਰ) ਲੈਣਾ ਹੋਵੇਗਾ ਅਤੇ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਖ਼ਰੀਦਦਾਰੀਆਂ ਸਪਲਾਇਰ ਦੀਆਂ ਬਾਹਰ-ਵੱਲ ਕੀਤੀਆਂ ਸਪਲਾਈਜ਼ ਦੀ ਰਿਟਰਨ ਵਿੱਚ ਉਨ੍ਹਾਂ ਦੇ ਨੰਬਰ ਸਾਹਮਣੇ ਪ੍ਰਤੀਬਿੰਬਤ ਕਰਨਾ (ਦਰਸਾਉਣਾ) ਹੋਵੇਗਾ ।

**ਪ੍ਰਸ਼ਨ 7. ਰੀਫ਼ੰਡ ਲੈਣ ਲਈ ਸਮਾਂ-ਸੀਮਾ ਕੀ ਹੈ?**

ਉੱਤਰ. ਸਬੰਧਤ ਵਿਅਕਤੀ ਨੂੰ “ਵਾਜਬ ਮਿਤੀ” ਤੋਂ ਦੋ ਸਾਲ ਦੀ ਮਿਆਦ ਮੁਕੰਮਲ ਹੋਣ ਤੋਂ ਪਹਿਲਾਂ ਅਰਜ਼ੀ ਦੇਣ ਦੀ ਜ਼ਰੂਰਤ ਹੋਵੇਗੀ, ਜਿਵੇਂ ਕਿ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਅਨੁਛੇਦ 54 ਦੀ ਵਿਆਖਿਆ ਵਿੱਚ ਦਿੱਤਾ ਗਿਆ ਹੈ।

**ਪ੍ਰਸ਼ਨ 8. ਕੀ ਗ਼ੈਰ-ਵਾਜਬ ਤਰੀਕੇ ਨਾਲ ਅਮੀਰੀ ਜਾਂ ਭਰਪੂਰਤਾ (ਅਨਜਸਟ ਐਨਰਿਚਮੈਂਟ) ਦਾ ਸਿਧਾਂਤ ਰੀਫ਼ੰਡ ਵਿੱਚ ਲਾਗੂ ਹੁੰਦਾ ਹੈ?**

ਉੱਤਰ. ਨਿਮਨਲਿਖਤ ਮਾਮਲਿਆਂ ਨੂੰ ਛੱਡ ਕੇ ਰੀਫ਼ੰਡ ਦੇ ਸਾਰੇ ਮਾਮਲਿਆਂ ਵਿੱਚ 'ਅਨਜਸਟ ਐਨਰਿਚਿਮੈਂਟ' ਦਾ ਸਿਧਾਂਤ ਲਾਗੂ ਹੋਵੇਗਾ:–

i. ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀਆਂ ਜ਼ੀਰੋ–ਰੇਟਡ ਸਪਲਾਈਜ਼ ਜਾਂ ਅਜਿਹੀਆਂ ਜ਼ੀਰੋ–ਰੇਟਡ ਸਪਲਾਈਜ਼ ਵਿੱਚ ਵਰਤੀਆਂ ਇਨਪੁਟਸ ਜਾਂ ਇਨਪੁਟ ਸੇਵਾਵਾਂ ਉੱਤੇ ਉੱਤੇ ਅਦਾ ਕੀਤਾ ਰੀਫ਼ੰਡ।

ii. (1) ਟੈਕਸ ਦੇ ਭੁਗਤਾਨ ਤੋਂ ਬਿਨਾ ਜਾਂ (2) ਜਿੱਥੇ ਉਤਪਾਦਨ ਸਪਲਾਈਜ਼ ਉੱਤੇ ਟੈਕਸ ਦੀ ਦਰ ਤੋਂ ਵੱਧ ਇਨਪੁਟਸ ਉੱਤੇ ਟੈਕਸ ਦੀ ਦਰ ਦੇ ਖਾਤੇ ਵਿੱਚ ਕ੍ਰੈਡਿਟ ਇਕੱਠਾ ਹੋਇਆ ਹੈ - ਦੇ ਸਬੰਧ ਵਿੱਚ ਉਪਯੋਗ ਵਿੱਚ ਨਾ ਲਿਆਂਦਾ ਗਿਆ ਇਨਪੁਟ ਟੈਕਸ ਕ੍ਰੈਡਿਟ।

iii. ਅਜਿਹੀ ਸਪਲਾਈ ਉੱਤੇ ਕੀਤੇ ਟੈਕਸ ਦਾ ਰੀਫ਼ੰਡ, ਜੋ ਜਾਂ ਤਾਂ ਪੂਰੇ ਜਾਂ ਅੰਸ਼ਕ ਤੌਰ 'ਤੇ ਪ੍ਰਦਾਨ ਨਹੀਂ ਕੀਤੀ ਗਈ ਅਤੇ ਜਿਸ ਲਈ ਇਨਵੁਆਇਸ ਜਾਰੀ ਨਹੀਂ ਕੀਤੀ ਗਈ।

iv. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 77 ਅਨੁਸਾਰ ਭਾਵ ਗ਼ਲਤ ਤਰੀਕੇ ਨਾਲ ਇਕੱਠਾ ਕੀਤਾ ਗਿਆ ਟੈਕਸ ਤੇ ਕੇਂਦਰ ਸਰਕਾਰ ਜਾਂ ਸੂਬਾ ਸਰਕਾਰ ਨੂੰ ਦਿੱਤੇ ਗਏ ਟੈਕਸ ਦਾ ਰੀਫ਼ੰਡ

v. ਜੇ ਟੈਕਸ ਜਾਂ ਅਦਾ ਕੀਤਾ ਗਿਆ ਵਿਆਜ ਕਿਸੇ ਹੋਰ ਵਿਅਕਤੀ ਨੂੰ ਨਹੀਂ ਦਿੱਤਾ ਗਿਆ ਹੈ;

vi. ਅਜਿਹੇ ਹੋਰ ਵਰਗ ਦੇ ਵਿਅਕਤੀ, ਜਿਨ੍ਹਾਂ ਨੇ ਟੈਕਸ ਦਿੱਤਾ ਹੈ, ਜਿਵੇਂ ਕਿ ਸਰਕਾਰ ਅਧਿਸੂਚਿਤ ਕਰ ਸਕਦੀ ਹੈ।

**ਪ੍ਰਸ਼ਨ 9. ਜੇ ਖਪਤਕਾਰ ਨੂੰ ਟੈਕਸ 'ਪਾਸ ਔਨ' ਕੀਤਾ ਗਿਆ ਹੈ, ਤਾਂ ਕੀ ਰੀਫ਼ੰਡ ਮਨਜ਼ੂਰ ਕੀਤਾ ਜਾਵੇਗਾ?**

ਉੱਤਰ. ਜੀ ਹਾਂ, ਰੀਫ਼ੰਡ ਕੀਤੀ ਅਜਿਹੀ ਰਕਮ 'ਖਪਤਕਾਰ ਕਲਿਆਣ ਕੋਸ਼' (ਕੰਜ਼ਿਊਮਰ ਵੈਲਫ਼ੇਅਰ ਫ਼ੰਡ) ਦੇ ਖਾਤੇ ਪਾ ਦਿੱਤੀ ਜਾਵੇਗੀ – ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦਾ ਅਨੁਛੇਦ 57.

**ਪ੍ਰਸ਼ਨ 10. ਕੀ ਰੀਫ਼ੰਡ ਦੇ ਮਨਜ਼ੂਰ ਕਰਨ ਲਈ ਕੋਈ ਸਮਾਂ ਸੀਮਾ ਹੁੰਦੀ ਹੈ?**

ਉੱਤਰ. ਜੀ ਹਾਂ, ਹਰ ਪ੍ਰਕਾਰ ਤੋਂ ਸੰਪੂਰਨ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਤੋਂ 60

ਦਿਨਾਂ ਦੇ ਅੰਦਰ ਰੀਫ਼ੰਡ ਮਨਜ਼ੂਰ ਕਰ ਦਿੱਤਾ ਜਾਵੇਗਾ। ਜੇ 60 ਦਿਨਾਂ ਦੀ ਇਸ ਵਰਣਿਤ ਮਿਆਦ ਦੇ ਅੰਦਰ ਰੀਫ਼ੰਡ ਮਨਜ਼ੂਰ ਨਹੀਂ ਹੁੰਦਾ, ਤਾਂ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 56 ਅਨੁਸਾਰ ਅਧਿਸੂਚਿਤ ਦਰ ਅਨੁਸਾਰ ਵਿਆਜ ਦੀ ਅਦਾਇਗੀ ਕਰਨੀ ਹੋਵੇਗੀ।

ਉਂਝ, ਜੇ ਕਲੇਮ ਕੀਤੀ ਰਕਮ ਦੀ 90% ਰਾਸ਼ੀ ਦਾ ਅਸਥਾਈ ਫ਼ੰਡ; ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਸੈਕਸ਼ਨ 54 ਦੇ ਉੱਪ-ਅਨੁਛੇਦ (6) ਦੀਆਂ ਮੱਦਾਂ ਵਿੱਚ ਰਜਿਸਟਰਡ ਵਿਅਕਤੀਆਂ ਦੇ ਨਿਸ਼ਚਤ ਵਰਗਾਂ ਵੱਲੋਂ ਕੀਤੀਆਂ ਜ਼ੀਰੋ-ਰੇਟਡ ਸਪਲਾਈਜ਼ ਦੇ ਸਬੰਧ ਵਿੱਚ ਰੀਫ਼ੰਡੇਬਲ ਹੈ, ਤਾਂ ਅਸਥਾਈ ਰੀਫ਼ੰਡ ਰੀਫ਼ੰਡ ਦੇ ਕਲੇਮ ਦੀ ਪ੍ਰਾਪਤੀ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਦੇਣਾ ਹੋਵੇਗਾ।

**ਪ੍ਰਸ਼ਨ 11. ਕੀ ਵਿਭਾਗ ਵੱਲੋਂ ਰੀਫ਼ੰਡ ਰੋਕਿਆ ਜਾ ਸਕਦਾ ਹੈ?**

ਉੱਤਰ. ਜੀ ਹਾਂ, ਨਿਮਨਲਿਖਤ ਪਰਿਸਥਿਤੀਆਂ ਵਿੱਚ ਰੀਫ਼ੰਡ ਰੋਕਿਆ ਜਾ ਸਕਦਾ ਹੈ:

(i) ਜੇ ਵਿਅਕਤੀ ਅਜਿਹੀ ਰਿਟਰਨ ਭਰਨ ਤੱਕ ਕੋਈ ਰਿਟਰਨ ਭਰਨ ਤੋਂ ਨਾਕਾਮ ਰਿਹਾ ਹੋਵੇ;

(ii) ਜੇ ਰਜਿਸਟਰਡ ਟੈਕਸਯੋਗ ਵਿਅਕਤੀ ਨੂੰ ਕੋਈ ਟੈਕਸ, ਵਿਆਜ ਜਾਂ ਜੁਰਮਾਨਾ ਅਦਾ ਕਰਨ ਦੀ ਜ਼ਰੂਰਤ ਹੁੰਦੀ ਹੈ, ਜਿਸ ਉੱਤੇ ਕਿਸੇ ਅਪੀਲਕਰਤਾ ਅਥਾਰਟੀ/ਟ੍ਰਿਬਿਊਨਲ/ਅਦਾਲਤ ਵੱਲੋਂ ਕੋਈ ਰੋਕ ਨਹੀਂ ਲਾਈ ਗਈ ਹੈ, ਜਦੋਂ ਤੱਕ ਕਿ ਉਹ ਅਜਿਹਾ ਟੈਕਸ ਵਿਆਜ ਜਾਂ ਜੁਰਮਾਨਾ ਅਦਾ ਨਹੀਂ ਕਰ ਦਿੰਦਾ;

ਵਾਜਬ ਅਧਿਕਾਰੀ, ਰੀਫ਼ੰਡੇਬਲ ਰਕਮ ਵਿੱਚੋਂ ਅਦਾ ਨਾ ਕੀਤੇ ਟੈਕਸ ਦੀ ਕਟੌਤੀ ਵੀ ਕਰ ਸਕਦਾ ਹੈ, ਜੇ ਕੋਈ ਹੋਣ - ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 54(10) (ਡੀ)

(iii) ਕਮਿਸ਼ਨਰ ਕਿਸੇ ਵੀ ਰੀਫ਼ੰਡ ਨੂੰ ਰੋਕ ਸਕਦਾ ਹੈ, ਜੇ ਰੀਫ਼ੰਡ ਦਾ ਆਦੇਸ਼ ਅਪੀਲ ਅਧੀਨ ਹੈ ਅਤੇ ਉਸ ਦਾ ਵਿਚਾਰ ਹੈ ਕਿ ਅਜਿਹੇ ਰੀਫ਼ੰਡ ਨੂੰ ਮਨਜ਼ੂਰ ਕਰਨ ਨਾਲ ਭ੍ਰਿਸ਼ਟਾਚਾਰ ਜਾਂ ਧੋਖਾਧੜੀ ਕਰ ਕੇ ਆਮਦਨ ਉੱਤੇ ਮਾੜਾ ਅਸਰ ਪਵੇਗਾ - ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 54(11).

**ਪ੍ਰਸ਼ਨ 12. ਜਿੱਥੇ ਰੀਫ਼ੰਡ ਨੂੰ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 54(11) ਅਧੀਨ ਰੋਕਿਆ ਗਿਆ ਹੈ, ਕੀ ਟੈਕਸਯੋਗ ਵਿਅਕਤੀ ਨੂੰ**

**ਵਿਆਜ ਦਿੱਤਾ ਜਾਵੇਗਾ?**

ਉੱਤਰ. ਜੇ ਅਪੀਲ ਜਾਂ ਅਗਲੇਰੀ ਕਾਰਵਾਈ ਕਾਰਨ, ਟੈਕਸਯੋਗ ਵਿਅਕਤੀ ਰੀਫ਼ੰਡ ਦਾ ਹੱਕਦਾਰ ਬਣ ਜਾਂਦਾ ਹੈ, ਤਦ ਉਹ ਅਧਿਸੂਚਿਤ ਦਰ ਉੱਤੇ ਵਿਆਜ ਦਾ ਵੀ ਹੱਕਦਾਰ ਹੋਵੇਗਾ (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 54(12))।

**ਪ੍ਰਸ਼ਨ 13. ਕੀ ਰੀਫ਼ੰਡ ਲਈ ਕੋਈ ਘੱਟ ਤੋਂ ਘੱਟ ਸੀਮਾ ਹੈ?**

ਉੱਤਰ. ਰੀਫ਼ੰਡ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ, ਜੇ ਰਕਮ 1,000 ਰੁਪਏ ਤੋਂ ਘੱਟ ਹੈ। (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 54(14)।

**ਪ੍ਰਸ਼ਨ 14. ਮੌਜੂਦਾ ਕਾਨੂੰਨ ਦੇ ਆਧਾਰ 'ਤੇ ਨਿੱਕਲਣ ਵਾਲੇ ਰੀਫ਼ੰਡ ਕਿਵੇਂ ਅਦਾ ਕੀਤੇ ਜਾਣਗੇ?**

ਉੱਤਰ. ਮੌਜੂਦਾ ਕਾਨੂੰਨ ਦੇ ਆਧਾਰ ਉੱਤੇ ਨਿੱਕਲਣ ਵਾਲਾ ਫ਼ੰਡ ਮੌਜੂਦਾ ਕਾਨੂੰਨ ਦੇ ਅਨੁਸਾਰ ਅਦਾ ਕੀਤਾ ਜਾਵੇਗਾ ਅਤੇ ਉਸ ਦੀ ਅਦਾਇਗੀ ਨਕਦ ਕੀਤੀ ਜਾਵੇਗੀ ਅਤੇ ਆਈ.ਟੀ.ਸੀ. ਵਜੋਂ ਉਪਲਬਧ ਨਹੀਂ ਹੋਵੇਗਾ।

**ਪ੍ਰਸ਼ਨ 15. ਕੀ ਦਸਤਾਵੇਜ਼ਾਂ ਦੀ ਪੁਸ਼ਟੀ ਕੀਤੇ ਜਾਣ ਤੋਂ ਪਹਿਲਾਂ ਰੀਫ਼ੰਡ ਦੀ ਅਦਾਇਗੀ ਕੀਤੀ ਜਾ ਸਕਦੀ ਹੈ?**

ਉੱਤਰ. ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਜ਼ੀਰੋ ਰੇਟਡ ਸਪਲਾਈਜ਼ ਦੇ ਸਬੰਧ ਵਿੱਚ ਇੱਕ ਰਜਿਸਟਰਡ ਵਿਅਕਤੀ (ਰਜਿਸਟਰਡ ਵਿਅਕਤੀਆਂ ਤੋਂ ਇਲਾਵਾ ਹੋਰ ਵਿਅਕਤੀ, ਜਿਵੇਂ ਕਿ ਅਧਿਸੂਚਿਤ ਕੀਤਾ ਹੋ ਸਕਦਾ ਹੈ), ਨੂੰ ਰੀਫ਼ੰਡ ਦੇ ਕਿਸੇ ਕਲੇਮ ਦੇ ਮਾਮਲੇ 'ਚ; 90% ਰੀਫ਼ੰਡ ਅਸਥਾਈ ਆਧਾਰ ਉੱਤੇ ਅਤੇ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 54 ਦੇ ਉੱਪ-ਸੈਕਸ਼ਨ 6 ਅਨੁਸਾਰ ਨਿਰਧਾਰਤ ਕੀਤੇ ਅਨੁਸਾਰ ਅਜਿਹੀਆਂ ਸ਼ਰਤਾਂ ਤੇ ਪਾਬੰਦੀਆਂ ਅਨੁਸਾਰ ਪੁਸ਼ਟੀ ਤੋਂ ਪਹਿਲਾਂ ਮਨਜ਼ੂਰ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 16. ਬਰਾਮਦਾਂ ਅਧੀਨ ਰੀਫ਼ੰਡ ਦੇ ਮਾਮਲੇ ਵਿੱਚ, ਕੀ ਰੀਫ਼ੰਡ ਦੀ ਮਨਜ਼ੂਰੀ ਦੇਣ ਲਈ ਬੀ.ਆਰ.ਸੀ. ਜ਼ਰੂਰੀ ਹੈ।**

ਉੱਤਰ. ਮਾਲ ਬਰਾਮਦ ਦੇ ਖਾਤੇ ਦੇ ਰੀਫ਼ੰਡ ਦੇ ਮਾਮਲੇ ਵਿੱਚ, ਰੀਫ਼ੰਡ ਦੇ ਨਿਯਮ; ਰੀਫ਼ੰਡ ਕਲੇਮ ਫਾਇਲ ਕਰਨ ਲਈ ਬੀ.ਆਰ.ਸੀ. ਨੂੰ ਇੱਕ ਜ਼ਰੂਰੀ

ਦਸਤਾਵੇਜ਼ ਵਜੋਂ ਨਿਰਧਾਰਤ ਨਹੀਂ ਕਰਦੇ। ਉਂਝ, ਬੀ.ਆਰ.ਸੀ. ਦੀਆਂ ਸੇਵਾਵਾਂ ਦੇ ਬਰਾਮਦ ਵੇਰਵੇ ਰੀਫ਼ੰਡ ਲਈ ਅਰਜ਼ੀ ਦਿੰਦੇ ਸਮੇਂ ਨਾਲ ਜਮ੍ਹਾ ਕਰਵਾਉਣੇ ਹੋਣਗੇ।

**ਪ੍ਰਸ਼ਨ 17. ਕੀ 'ਅਨਜਸਟ ਐਨਰਿਚਮੈਂਟ' ਦਾ ਸਿਧਾਂਤ ਵਿਸ਼ੇਸ਼ ਆਰਥਿਕ ਜ਼ੋਨ (ਐੱਸ.ਈ.ਜ਼ੈੱਡ.) ਦੀਆਂ ਇਕਾਈਆਂ ਨੂੰ ਬਰਾਮਦਾਂ ਅਤੇ ਸਪਲਾਈਜ਼ ਉੱਤੇ ਲਾਗੂ ਹੋਵੇਗਾ?**

ਉੱਤਰ. ਅਨਜਸਟ ਐਨਰਿਚਮੈਂਟ ਦਾ ਸਿਧਾਂਤ ਜ਼ੀਰੋ-ਰੇਟਡ ਸਪਲਾਈਜ਼ ਉੱਤੇ ਲਾਗੂ ਨਹੀਂ ਹੋਵੇਗਾ (ਭਾਵ ਵਿਸ਼ੇਸ਼ ਆਰਥਿਕ ਜ਼ੋਨ ਦੀਆਂ ਇਕਾਈਆਂ ਦੀਆਂ ਬਰਾਮਦਾਂ ਤੇ ਸਪਲਾਈਜ਼)।

**ਪ੍ਰਸ਼ਨ 18. ਵਿਅਕਤੀ ਇਹ ਕਿਵੇਂ ਸਿੱਧ ਕਰੇਗਾ ਕਿ ਉਸ ਦੇ ਮਾਮਲੇ ਵਿੱਚ 'ਅਨਜਸਟ ਐਨਰਿਚਮੈਂਟ' ਦਾ ਸਿੱਧਾਂਤ ਲਾਗੂ ਨਹੀਂ ਹੁੰਦਾ?**

ਉੱਤਰ. ਜਿੱਥੇ ਰੀਫ਼ੰਡ ਦਾ ਕਲੇਮ 2 ਲੱਖ ਰੁਪਏ ਤੋਂ ਘੱਟ ਹੈ, ਬਿਨੈਕਾਰ ਵੱਲੋਂ ਇੱਕ ਸਵੈ-ਘੋਸ਼ਣਾ ਦਸਤਾਵੇਜ਼ਾਂ ਜਾਂ ਉਸ ਕੋਲ ਮੌਜੂਦ ਮੌਜੂਦ ਹੋਰ ਸਬੂਤਾਂ ਦੇ ਆਧਾਰ ਉੱਤੇ ਕੀਤੀ ਜਾਵੇਗੀ, ਜਿਸ ਵਿੱਚ ਇਹ ਤਸਦੀਕ ਕੀਤਾ ਹੋਵੇਗਾ ਕਿ ਟੈਕਸ ਅੱਗੇ ਕਿਸੇ ਹੋਰ ਵਿਅਕਤੀ ਨੂੰ ਨਹੀਂ ਸੌਂਪਿਆ ਗਿਆ ਹੈ, ਇਸ ਨਹੀ ਉਹ ਰੀਫ਼ੰਡ ਲੈਣ ਦੇ ਯੋਗ ਹੋ ਜਾਵੇਗਾ। ਉਂਝ, ਜੇ ਰੀਫ਼ੰਡ ਦਾ ਕਲੇਮ 2 ਲੱਖ ਰੁਪਏ ਤੋਂ ਵੱਧ ਹੈ, ਤਾਂ ਬਿਨੈਕਾਰ ਨੂੰ ਇੱਕ ਚਾਰਟਰਡ ਅਕਾਊਂਟੈਂਟ ਜਾਂ ਕੌਸਟ ਅਕਾਊਂਟੈਂਟ ਵੱਲੋਂ ਜਾਰੀ ਇੱਕ ਸਰਟੀਫ਼ਿਕੇਟ ਜਮ੍ਹਾ ਕਰਵਾਉਣਾ ਹੋਵੇਗਾ ਕਿ ਟੈਕਸ ਅੱਗੇ ਕਿਸੇ ਹੋਰ ਵਿਅਕਤੀ ਨੂੰ ਨਹੀਂ ਸੌਂਪਿਆ ਗਿਆ ਹੈ।

**ਪ੍ਰਸ਼ਨ 19. ਅੱਜ ਵੈਟ/ਸੀ.ਐਸ.ਟੀ. ਅਧੀਨ ਵਪਾਰੀ ਬਰਾਮਦਕਾਰ; ਇੱਕ ਘੋਸ਼ਣਾ ਫ਼ਾਰਮ ਦੇ ਕੇ ਟੈਕਸ ਭੁਗਤਾਨ ਤੋਂ ਬਗ਼ੈਰ ਮਾਲ ਖ਼ਰੀਦ ਸਕਦੇ ਹਨ। ਕੀ ਜੀ.ਐਸ.ਟੀ. ਵਿੱਚ ਇਹ ਸਿਸਟਮ ਹੋਵੇਗਾ?**

ਉੱਤਰ. ਜੀ.ਐਸ.ਟੀ. ਕਾਨੂੰਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ। ਉਨ੍ਹਾਂ ਨੂੰ ਟੈਕਸ ਦੇ ਭੁਗਤਾਨ ਉੱਤੇ ਮਾਲ ਖ਼ਰੀਦਣਾ ਹੋਵੇਗਾ ਅਤੇ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 54(1)/54(3) ਅਨੁਸਾਰ ਉਪਯੋਗ ਵਿੱਚ ਨਾ ਲਿਆਂਦੇ ਗਏ ਇਨਪੁਟ ਟੈਕਸ ਕ੍ਰੈਡਿਟ ਜਾਂ ਰੀਫ਼ੰਡ ਲਈ ਕਲੇਮ ਕਰਨਾ ਹੋਵੇਗਾ।

**ਪ੍ਰਸ਼ਨ 20. ਇਸ ਵੇਲੇ ਕੇਂਦਰੀ ਕਾਨੂੰਨ ਅਧੀਨ, ਬਰਾਮਦਕਾਰਾਂ ਨੂੰ ਡਿਊਟੀ ਅਦਾ ਕੀਤੀਆਂ ਇਨਪੁਟਸ ਪ੍ਰਾਪਤ ਕਰਨ, ਡਿਊਟੀ ਦੇ ਭੁਗਤਾਨ 'ਤੇ ਉਸ ਅਤੇ ਬਰਾਮਦੀ ਵਸਤਾਂ ਭਾਵ ਮਾਲ ਉੱਤੇ ਆਈ.ਟੀ.ਸੀ. ਦਾ ਲਾਭ ਉਠਾਉਣ ਦੀ ਇਜਾਜ਼ਤ ਹੁੰਦੀ ਹੈ (ਆਈ.ਟੀ.ਸੀ. ਦਾ ਉਪਯੋਗ ਲੈਣ ਤੋਂ ਬਾਅਦ) ਅਤੇ ਉਸ ਤੋਂ ਬਾਅਦ ਬਰਾਮਦਾਂ ਉੱਤੇ ਅਦਾ ਕੀਤੀ ਡਿਊਟੀ ਦਾ ਰੀਫ਼ੰਡ ਕਲੇਮ ਕੀਤਾ ਜਾ ਸਕਦਾ ਹੈ। ਕੀ ਇਹ ਪ੍ਰਣਾਲੀ ਜੀ.ਐਸ.ਟੀ. ਵਿੱਚ ਜਾਰੀ ਰਹੇਗੀ?**

ਉੱਤਰ. ਜੀ ਹਾਂ, ਆਈ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 16 ਦੀਆਂ ਮੱਦਾਂ ਵਿੱਚ, ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਕੋਲ ਇਹ ਵਿਕਲਪ ਹੋਵੇਗਾ ਕਿ ਉਹ ਜਾਂ ਤਾਂ ਬਾਂਡ ਜਾਂ ਇਕਰਾਰ-ਪੱਤਰ ਅਧੀਨ ਆਈ.ਜੀ.ਐੱਸ.ਟੀ. ਦੇ ਭੁਗਤਾਨ ਤੋਂ ਬਗ਼ੈਰ ਮਾਲ/ਸੇਵਾਵਾਂ ਬਰਾਮਦ ਕਰ ਸਕਦਾ ਹੈ ਅਤੇ ਆਈ.ਟੀ.ਸੀ. ਦਾ ਰੀਫ਼ੰਡ ਕਲੇਮ ਕਰ ਸਕਦਾ ਹੈ ਜਾਂ ਉਹ ਆਈ.ਜੀ.ਐੱਸ.ਟੀ. ਦੇ ਭੁਗਤਾਨ ਉੱਤੇ ਮਾਲ/ਸੇਵਾਵਾਂ ਦੀ ਬਰਾਮਦ ਕਰ ਸਕਦਾ ਹੈ ਅਤੇ ਫਿਰ ਅਦਾ ਕੀਤੇ ਆਈ.ਜੀ.ਐੱਸ.ਟੀ. ਦੇ ਰੀਫ਼ੰਡ ਦਾ ਕਲੇਮ ਪਾ ਸਕਦਾ ਹੈ।

**ਪ੍ਰਸ਼ਨ 21. ਉਹ ਸਮਾਂ-ਮਿਆਦ ਕੀ ਹੈ, ਜਿਸ ਦੇ ਅੰਦਰ ਇੱਕ ਰੀਫ਼ੰਡ ਕਲੇਮ ਦੀ ਪ੍ਰਾਪਤੀ-ਰਸੀਦ ਦੇਣੀ ਹੁੰਦੀ ਹੈ?**

ਉੱਤਰ. ਜਿੱਥੇ ਇੱਕ ਅਰਜ਼ੀ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 49 ਦੇ ਸਬ-ਸੈਕਸ਼ਨ (6) ਅਨੁਸਾਰ ਇਲੈਕਟ੍ਰੌਨਿਕ ਕੈਸ਼ ਲੈਜਰ ਤੋਂ ਰੀਫ਼ੰਡ ਲਈ ਦਾਅਵੇ ਨਾਲ ਸਬੰਧਤ ਹੈ ਅਤੇ ਵਾਜਬ ਮਿਆਦ ਲਈ ਭਰੀ ਰਿਟਰਨ ਰਾਹੀਂ ਦਿੱਤੀ ਗਈ ਹੈ, ਤਾਂ ਉਸ ਦੀ ਪ੍ਰਾਪਤੀ-ਰਸੀਦ ਦੀ ਸੂਚਨਾ ਰਿਟਰਨ ਭਰੇ ਜਾਣ ਦੇ ਛੇਤੀ ਤੋਂ ਛੇਤੀ ਬਾਅਦ ਭਾਵ ਹਰ ਹਾਲਤ ਵਿੱਚ ਮੁਕੰਮਲ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਦੇ 15 ਦਿਨਾਂ ਦੇ ਅੰਦਰ ਬਿਨੈਕਾਰ ਨੂੰ ਦੇਣੀ ਹੋਵੇਗੀ।

**ਪ੍ਰਸ਼ਨ 22. ਉਹ ਸਮਾਂ-ਮਿਆਦ ਕੀ ਹੈ, ਜਿਸ ਦੇ ਅੰਦਰ ਅਸਥਾਈ ਰੀਫ਼ੰਡ ਦੇਣਾ ਹੋਵੇਗਾ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 54 ਦੇ ਸਬ-ਸੈਕਸ਼ਨ (6) ਦੀਆਂ ਮੱਦਾਂ ਵਿੱਚ ਜ਼ੀਰੋ-ਰੇਟਡ ਸਪਲਾਈਜ਼ ਦੇ ਖਾਤੇ ਵਿੱਚ ਕਲੇਮ ਕੀਤੀ ਗਈ ਰਾਸ਼ੀ ਦਾ 90% ਅਸਥਾਈ ਰੀਫ਼ੰਡ; ਇਹ ਰੀਫ਼ੰਡ ਕਲੇਮ ਦੀ ਮੁਕੰਮਲ ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਦੇ 7 ਦਿਨਾਂ ਦੇ ਅੰਦਰ ਦੇਣਾ ਹੋਵੇਗਾ।

**ਪ੍ਰਸ਼ਨ 23. ਕੀ ਰੀਫ਼ੰਡ ਕਲੇਮ ਫ਼ਾਇਲ ਕਰਨ ਲਈ ਕੋਈ ਨਿਰਧਾਰਤ ਫ਼ਾਰਮੈਟ ਹੈ?**

ਉੱਤਰ. ਰੀਫ਼ੰਡ ਦਾ ਹਰੇਕ ਕਲੇਮ ਫ਼ਾਰਮ ਜੀ.ਐੱਸ.ਟੀ. ਆਰ.ਐਫ.ਡੀ. 1 ਵਿੱਚ ਫ਼ਾਇਲ ਕਰਨਾ ਹੋਵੇਗਾ। ਉਂਝ, ਬਕਾਏ ਦੇ ਰੀਫ਼ੰਡ ਦਾ ਕਲੇਮ ਇਲੈਕਟ੍ਰੌਨਿਕ ਕੈਸ਼ ਲੈਜਰ ਵਿੱਚ ਫ਼ਾਰਮ ਜੀ.ਐੱਸ.ਟੀ.ਆਰ. 3, ਜੀ.ਐੱਸ.ਟੀ.ਆਰ. 4 ਜਾਂ ਜੀ.ਐੱਸ.ਟੀ.ਆਰ. 7 ਵਿੱਚ, ਜਿਵੇਂ ਵੀ ਮਾਮਲਾ ਹੋ ਸਕਦਾ ਹੈ, ਵਾਜਬ ਮਿਆਦ ਦੀਆਂ ਮਾਸਿਕ/ਤਿਮਾਹੀ ਰਿਟਰਨਾਂ ਭਰਦੇ ਸਮੇਂ ਕਲੇਮ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 24. ਕੀ ਰੀਫ਼ੰਡ ਕਲੇਮ ਦੀ ਮਨਜ਼ੂਰੀ ਲਈ ਕੋਈ ਵਰਣਿਤ ਜਾਂ ਵਿਸ਼ੇਸ਼ ਫ਼ਾਰਮੈਟ ਹੈ?**

ਉੱਤਰ. ਰੀਫ਼ੰਡ ਦਾ ਕਲੇਮ ਯੋਗ ਅਧਿਕਾਰੀ ਵੱਲੋਂ ਫ਼ਾਰਮ ਜੀ.ਐੱਸ.ਟੀ. ਆਰ.ਐਫ.ਡੀ.–06 ਦ ਵਿੱਚ ਮਨਜ਼ੂਰ ਕਰੇਗਾ, ਜੇ ਕਲੇਮ ਪੂਰੀ ਤਰ੍ਹਾਂ ਇੱਕ ਕ੍ਰਮ ਵਿੱਚ ਪਾਇਆ ਜਾਵੇਗਾ ਅਤੇ ਪੇਅਮੈਂਟ ਐਡਵਾਈਸ ਫ਼ਾਰਮ ਜੀ.ਐੱਸ.ਟੀ. ਆਰ.ਐੱਫ਼.ਡੀ.–05 ਵਿੱਚ ਜਾਰੀ ਕੀਤੀ ਜਾਵੇਗੀ। ਰੀਫ਼ੰਡ ਰਾਸ਼ੀ ਤਦ ਇਲੈਕਟ੍ਰੌਨਿਕ ਤਰੀਕੇ ਨਾਲ ਬਿਨੈਕਾਰਾਂ ਦੇ ਦਿੱਤੇ ਬੈਂਕ ਖਾਤੇ ਵਿੱਚ ਜਮ੍ਹਾ ਹੋ ਜਾਵੇਗੀ।

**ਪ੍ਰਸ਼ਨ 25. ਤਦ ਕੀ ਵਾਪਰਦਾ ਹੈ, ਜੇ ਰੀਫ਼ੰਡ ਕਲੇਮ ਵਿੱਚ ਕੋਈ ਕਮੀਆਂ ਹਨ?**

ਉੱਤਰ. ਜੇ ਰੀਫ਼ੰਡ ਕਲੇਮ ਵਿੱਚ ਕੋਈ ਕਮੀਆਂ ਹਨ, ਤਾਂ ਉਨ੍ਹਾਂ ਬਾਰੇ 15 ਦਿਨਾਂ ਦੇ ਅੰਦਰ ਦੱਸਣਾ ਹੋਵੇਗਾ। ਇੱਕ ਫ਼ਾਰਮ ਜੀ.ਐੱਸ.ਟੀ. ਆਰ.ਐੱਫ਼.ਡੀ.–03 ਯੋਗ ਅਧਿਕਾਰੀ ਵੱਲੋਂ ਬਿਨੈਕਾਰ ਨੂੰ ਕੌਮਨ ਪੋਰਟਲ ਰਾਹੀਂ ਇਲੈਕਟ੍ਰੌਨਿਕ ਤੌਰ ਉੱਤੇ ਜਾਰੀ ਕੀਤਾ ਜਾਵੇਗਾ, ਜਿਸ ਵਿੱਚ ਕਮੀਆਂ ਬਾਰੇ ਜਾਣਕਾਰੀ ਦਰਜ ਹੋਵੇਗੀ ਅਤੇ ਅਜਿਹੀਆਂ ਕਮੀਆਂ ਨੂੰ ਦੂਰ ਜਾਂ ਸੋਧਣ ਤੋਂ ਬਾਅਦ ਇੱਕ ਰੀਫੰਡ ਅਰਜ਼ੀ ਉਸ ਵੱਲੋਂ ਫ਼ਾਇਲ ਕੀਤੀ ਜਾਵੇਗੀ।

**ਪ੍ਰਸ਼ਨ 26. ਕੀ ਰੀਫ਼ੰਡ-ਕਲੇਮ ਬਿਨਾ ਕੋਈ ਕਾਰਨ ਦੱਸਿਆਂ ਰੱਦ ਹੋ ਸਕਦਾ ਹੈ?**

ਉੱਤਰ. ਜੀ ਨਹੀਂ। ਜਦੋਂ ਯੋਗ ਅਧਿਕਾਰੀ ਨੂੰ ਸੰਤੁਸ਼ਟੀ ਹੋ ਜਾਂਦੀ ਹੈ ਕਿ ਕਲੇਮ ਪ੍ਰਵਾਨਗੀਯੋਗ ਨਹੀਂ ਹੈ, ਤਾਂ ਉਹ ਬਿਨੈਕਾਰ ਨੂੰ ਫ਼ਾਰਮ ਜੀ.ਐੱਸ.ਟੀ. ਆਰ.ਐੱਫ਼.ਡੀ.–08 ਵਿੱਚ ਇੱਕ ਨੋਟਿਸ ਜਾਰੀ ਕਰੇਗਾ ਅਤੇ ਉਸ ਨੂੰ 15 ਦਿਨਾਂ ਦੇ ਅੰਦਰ ਜੀ.ਐੱਸ.ਟੀ. ਆਰ.ਐੱਫ਼.ਡੀ.–09 ਵਿੱਚ ਇੱਕ ਜਵਾਬ ਜਮ੍ਹਾ

ਕਰਵਾਉਣ ਲਈ ਕਹੇਗਾ ਅਤੇ ਬਿਨੈਕਾਰ ਦੇ ਜਵਾਬ ਉੱਤੇ ਵਿਚਾਰ–ਵਟਾਂਦਰੇ ਤੋਂ ਬਾਅਦ ਉਹ ਰੀਫ਼ੰਡ ਕਲੇਮ ਨੂੰ ਪ੍ਰਵਾਨ ਕਰ ਸਕਦਾ ਹੈ ਜਾਂ ਰੱਦ ਕਰ ਸਕਦਾ ਹੈ ਅਤੇ ਉਹ ਇਸ ਸਬੰਧੀ ਕੇਵਲ ਫ਼ਾਰਮ ਜੀ.ਐੱਸ.ਟੀ. ਆਰ.ਐੱਫ਼.ਡੀ.–06 ਵਿੱਚ ਇੱਕ ਹੁਕਮ ਜਾਰੀ ਕਰੇਗਾ।

# ਮੰਗਾਂ ਅਤੇ ਰੀਕਵਰੀ

# ਮੰਗਾਂ ਅਤੇ ਰੀਕਵਰੀ

**ਪ੍ਰਸ਼ਨ 1. ਘੱਟ ਅਦਾ ਕੀਤੇ ਗਏ ਟੈਕਸ ਜਾਂ ਅਦਾ ਨਾ ਕੀਤੇ ਗਏ ਟੈਕਸ ਜਾਂ ਗ਼ਲਤ ਤਰੀਕੇ ਨਾਲ ਰੀਫ਼ੰਡ ਕੀਤੇ ਜਾਂ ਇਨਪੁਟ ਟੈਕਸ ਕ੍ਰੈਡਿਟ ਦਾ ਗ਼ਲਤ ਤਰੀਕੇ ਲਾਭ ਉਠਾਏ ਜਾਂ ਉਪਯੋਗ ਲਏ ਹੋਣ ਦੇ ਉਦੇਸ਼ ਲਈ ਕਿਹੜੇ ਅਨੁਛੇਦ ਲਾਗੂ ਹੋਣਯੋਗ ਹਨ?**

ਉੱਤਰ. ਅਨੁਛੇਦ 73 ਅਜਿਹੇ ਮਾਮਲਿਆਂ ਨਾਲ ਨਿਪਟਦਾ ਹੈ, ਜਿੱਥੇ ਕੋਈ ਧੋਖਾਧੜੀ/ਕੁਝ ਲੁਕਾਏ ਜਾਣ/ਗ਼ਲਤ ਬਿਆਨੀ ਆਦਿ ਦਾ ਮਾਮਲਾ ਨਹੀਂ ਹੈ। ਅਨੁਛੇਦ 74 ਅਜਿਹੇ ਮਾਮਲਿਆਂ ਨਾਲ ਨਿਪਟਦਾ ਹੈ, ਜਿੱਥੇ ਧੋਖਾਧੜੀ/ਕੁਝ ਲੁਕਾਏ ਜਾਣ/ਗ਼ਲਤ ਬਿਆਨੀ ਆਦਿ ਨਾਲ ਸਬੰਧਤ ਵਿਵਸਥਾਵਾਂ ਲਾਗੂ ਹੁੰਦੀਆਂ ਹਨ।

**ਪ੍ਰਸ਼ਨ 2. ਉਸ ਮਾਮਲੇ ਵਿੱਚ ਕੀ, ਜੇ ਟੈਕਸ ਵਸੂਲੀ ਲਈ ਯੋਗ ਵਿਅਕਤੀ ਅਨੁਛੇਦ 73 ਅਧੀਨ 'ਕਾਰਨ ਦੱਸੋ ਨੋਟਿਸ' ਜਾਰੀ ਹੋਣ ਤੋਂ ਪਹਿਲਾਂ ਵਿਆਜ ਸਮੇਤ ਰਾਸ਼ੀ ਅਦਾ ਕਰ ਦਿੰਦਾ ਹੈ?**

ਉੱਤਰ. ਅਜਿਹੇ ਮਾਮਲਿਆਂ ਵਿੱਚ ਵਾਜਬ ਅਧਿਕਾਰੀ ਵੱਲੋਂ ਕੋਈ ਨੋਟਿਸ ਜਾਰੀ ਨਹੀਂ ਕੀਤਾ ਜਾ ਸਕਦਾ। (**ਸੈਕਸ਼ਨ** 73(6))

**ਪ੍ਰਸ਼ਨ 3. ਜੇ ਅਨੁਛੇਦ 73 ਅਧੀਨ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਜਿਸ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ, ਉਹ ਵਿਅਕਤੀ ਵਿਆਜ ਸਮੇਤ ਭੁਗਤਾਨ ਕਰ ਦਿੰਦਾ ਹੈ, ਕੀ ਇਸ ਮਾਮਲੇ ਬਾਰੇ ਫ਼ੈਸਲਾ ਦੇਣ ਦੀ ਕੋਈ ਜ਼ਰੂਰਤ ਹੈ?**

ਉੱਤਰ. ਜੇ ਉਹ ਵਿਅਕਤੀ ਨੋਟਿਸ ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ ਵਿਆਜ ਸਮੇਤ ਟੈਕਸ ਅਦਾ ਕਰ ਦਿੰਦਾ ਹੈ, ਤਦ ਕੋਈ ਜੁਰਮਾਨਾ ਅਦਾਇਗੀਯੋਗ ਨਹੀਂ ਹੋਵੇਗਾ ਅਤੇ ਅਜਿਹੇ ਨੋਟਿਸ ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ ਖ਼ਤਮ ਹੋਈਆਂ ਮੰਨੀਆਂ ਜਾਣਗੀਆਂ। (**ਸੈਕਸ਼ਨ** 73(8))

**ਪ੍ਰਸ਼ਨ 4. 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ ਜਾਣ ਲਈ ਵਾਜਬ ਮਿਤੀ ਕੀ ਹੈ?**

ਉੱਤਰ. (i) ਸੈਕਸ਼ਨ 73 (ਧੋਖਾਧੜੀ/ਕੁਝ ਲੁਕਾਏ ਜਾਣ/ਗ਼ਲਤ ਬਿਆਨੀ ਤੋਂ ਇਲਾਵਾ ਹੋਰ ਮਾਮਲੇ) ਦੇ ਮਾਮਲੇ ਵਿੱਚ, ਵਾਜਬ ਮਿਤੀ ਨੂੰ ਜਿਸ ਵਿੱਤੀ ਵਰ੍ਹੇ

ਨਾਲ ਮੰਗ ਸਬੰਧਤ ਹੈ, ਉਸ ਦੀ ਸਾਲਾਨਾ ਰਿਟਰਨ ਭਰਨ ਦੀ ਬਣਦੀ ਯੋਗ ਮਿਤੀ ਤੋਂ ਗਿਣਿਆ ਜਾਵੇਗਾ। ਇਸ 'ਕਾਰਨ ਦੱਸੋ' ਨੋਟਿਸ ਬਾਰੇ ਫ਼ੈਸਲਾ ਸਾਲਾਨਾ ਰਿਟਰਨ ਭਰਨ ਦੀ ਬਣਦੀ ਯੋਗ ਮਿਤੀ ਤੋਂ ਤਿੰਨ ਸਾਲਾਂ ਦੇ ਸਮੇਂ ਅੰਦਰ ਦੇਣਾ ਹੋਵੇਗਾ। ਅਜਿਹਾ 'ਕਾਰਨ ਦੱਸੋ' ਨੋਟਿਸ; ਫ਼ੈਸਲਾ ਸੁਣਾਉਣ ਦੀ ਸਮਾਂ ਸੀਮਾ ਤੋਂ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਜਾਰੀ ਕਰਨਾ ਹੋਵੇਗਾ। (**ਸੈਕਸ਼ਨ 73(2 ਅਤੇ 10)**)

(ii) ਸੈਕਸ਼ਨ 74 (ਧੋਖਾਧੜੀ/ਕੁਝ ਲੁਕਾਏ ਜਾਣ/ਗ਼ਲਤ ਬਿਆਨੀ ਨਾਲ ਸਬੰਧਤ ਮਾਮਲੇ) ਦੇ ਮਾਮਲੇ ਵਿੱਚ, ਵਾਜਬ ਮਿਤੀ ਨੂੰ ਜਿਸ ਵਿੱਤੀ ਵਰ੍ਹੇ ਨਾਲ ਮੰਗ ਸਬੰਧਤ ਹੈ, ਉਸ ਦੀ ਸਾਲਾਨਾ ਰਿਟਰਨ ਭਰਨ ਦੀ ਬਣਦੀ ਯੋਗ ਮਿਤੀ ਤੋਂ ਗਿਣਿਆ ਜਾਵੇਗਾ। ਇਸ 'ਕਾਰਨ ਦੱਸੋ' ਨੋਟਿਸ ਬਾਰੇ ਫ਼ੈਸਲਾ ਸਾਲਾਨਾ ਰਿਟਰਨ ਭਰਨ ਦੀ ਬਣਦੀ ਯੋਗ ਮਿਤੀ ਤੋਂ ਪੰਜ ਸਾਲਾਂ ਦੇ ਸਮੇਂ ਅੰਦਰ ਦੇਣਾ ਹੋਵੇਗਾ। ਅਜਿਹਾ 'ਕਾਰਨ ਦੱਸੋ' ਨੋਟਿਸ ਸਬੰਧੀ ਫ਼ੈਸਲਾ ਸੁਣਾਉਣ ਦੀ ਸਮਾਂ ਸੀਮਾ ਤੋਂ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਹੋਵੇਗੀ। ਅਜਿਹਾ 'ਕਾਰਨ ਦੱਸੋ' ਨੋਟਿਸ; ਫ਼ੈਸਲਾ ਸੁਣਾਉਣ ਦੀ ਸਮਾਂ ਸੀਮਾ ਤੋਂ ਘੱਟੋ-ਘੱਟ ਛੇ ਮਹੀਨੇ ਪਹਿਲਾਂ ਜਾਰੀ ਕਰਨਾ ਹੋਵੇਗਾ। (**ਸੈਕਸ਼ਨ 74(2 ਅਤੇ 10)**)

**ਪ੍ਰਸ਼ਨ 5. ਕੀ ਮਾਮਲਿਆਂ ਬਾਰੇ ਫ਼ੈਸਲਾ ਦੇਣ ਦੀ ਕੋਈ ਸਮਾਂ ਸੀਮਾ ਹੈ?**

ਉੱਤਰ. (i) ਸੈਕਸ਼ਨ 73 (ਧੋਖਾਧੜੀ/ਕੁਝ ਲੁਕਾਏ ਜਾਣ/ਗ਼ਲਤ ਬਿਆਨੀ ਤੋਂ ਇਲਾਵਾ ਹੋਰ ਮਾਮਲੇ) ਦੇ ਮਾਮਲੇ ਵਿੱਚ, ਫ਼ੈਸਲਾ ਸੁਣਾਏ ਜਾਣ ਦੀ ਸਮਾਂ ਸੀਮਾ ਉਸ ਵਿੱਤੀ ਵਰ੍ਹੇ ਸਾਲਾਨਾ ਰਿਟਰਨ ਭਰਨ ਦੀ ਬਣਦੀ ਯੋਗ ਮਿਤੀ ਤੋਂ 3 ਸਾਲਾਂ ਦਾ ਸਮਾਂ ਹੈ, ਜਿਸ ਨਾਲ ਮੰਗ ਸਬੰਧਤ ਹੈ ਜਾਂ ਗ਼ਲਤ ਤਰੀਕੇ ਲਿਆ ਰੀਫ਼ੰਡ/ਆਈ.ਟੀ.ਸੀ. ਗ਼ਲਤ ਤਰੀਕੇ ਨਾਲ ਲਾਭ ਲਏ ਹੋਣ ਦੀ ਮਿਤੀ ਤੋਂ ਇਹ ਸਮਾਂ ਗਿਣਿਆ ਜਾਂਦਾ ਹੈ। (**ਸੈਕਸ਼ਨ 73(10)**)

(ii) ਸੈਕਸ਼ਨ 74 (ਧੋਖਾਧੜੀ/ਕੁਝ ਲੁਕਾਏ ਜਾਣ/ਗ਼ਲਤ ਬਿਆਨੀ ਨਾਲ ਸਬੰਧਤ ਮਾਮਲੇ) ਦੇ ਮਾਮਲੇ ਵਿੱਚ, ਫ਼ੈਸਲਾ ਸੁਣਾਏ ਜਾਣ ਦੀ ਸਮਾਂ ਸੀਮਾ ਉਸ ਵਿੱਤੀ ਵਰ੍ਹੇ ਸਾਲਾਨਾ ਰਿਟਰਨ ਭਰਨ ਦੀ ਬਣਦੀ ਯੋਗ ਮਿਤੀ ਤੋਂ 5 ਸਾਲਾਂ ਦਾ ਸਮਾਂ ਹੈ, ਜਿਸ ਨਾਲ ਮੰਗ ਸਬੰਧਤ ਹੈ ਜਾਂ ਗ਼ਲਤ ਤਰੀਕੇ ਲਿਆ ਰੀਫ਼ੰਡ/ਆਈ.ਟੀ.ਸੀ. ਗ਼ਲਤ ਤਰੀਕੇ ਨਾਲ ਲਾਭ ਲਏ ਹੋਣ ਦੀ ਮਿਤੀ ਤੋਂ ਇਹ ਸਮਾਂ ਗਿਣਿਆ ਜਾਂਦਾ ਹੈ। (**ਸੈਕਸ਼ਨ 74(10)**)

**ਪ੍ਰਸ਼ਨ 6. ਕੀ ਅਜਿਹੇ ਕਿਸੇ ਵਿਅਕਤੀ ਨੂੰ ਕੋਈ ਛੋਟ ਹਾਸਲ ਹੈ, ਜਿਸ ਉੱਤੇ ਧੋਖਾਧੜੀ/ਤੱਥ ਲੁਕਾਉਣ/ਜਾਣਬੁੱਝ ਕੇ ਗ਼ਲਤ-ਬਿਆਨੀ ਦਾ ਦੋਸ਼ ਆਇਦ ਹੋ ਸਕਦਾ ਹੈ, ਜੋ ਨੋਟਿਸ ਜਾਰੀ ਹੋਣ ਤੋਂ ਪਹਿਲਾਂ ਵਿਆਜ ਸਮੇਤ ਮੰਗ ਦੀ ਰੰਗ ਅਦਾ ਕਰ ਦਿੰਦਾ ਹੈ?**

ਉੱਤਰ. ਜੀ ਹਾਂ। ਟੈਕਸ ਲਈ ਵਸੂਲੀਯੋਗ ਵਿਅਕਤੀ ਕੋਲ ਵਿਆਜ ਅਤੇ ਟੈਕਸ ਦੀ ਰਕਮ ਦੇ 15% ਦੇ ਸਮਾਨ ਰਾਸ਼ੀ ਦੇ ਜੁਰਮਾਨੇ ਸਮੇਤ ਟੈਕਸ ਦੀ ਰਕਮ ਅਦਾ ਕਰਨ ਦਾ ਇੱਕ ਵਿਕਲਪ ਹੋਵੇਗਾ, ਇਸ ਸਬੰਧੀ ਰਕਮ ਜਾਂ ਤਾਂ ਉਹ ਖ਼ੁਦ ਨਿਸ਼ਚਤ ਕਰ ਸਕਦਾ ਹੈ ਤੇ ਜਾਂ ਯੋਗ ਅਧਿਕਾਰੀ ਅਜਿਹਾ ਕਰ ਸਕਦਾ ਹੈ ਅਤੇ ਅਜਿਹੇ ਭੁਗਤਾਨ ਤੋਂ ਬਾਅਦ ਟੈਕਸ ਦੇ ਸਬੰਧ ਵਿੱਚ ਕੋਈ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ।(**ਸੈਕਸ਼ਨ** 74(6))

**ਪ੍ਰਸ਼ਨ 7. ਜੇ ਅਨੁਛੇਦ 74 ਅਧੀਨ ਨੋਟਿਸ ਜਾਰੀ ਕੀਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਉਹ ਵਿਅਕਤੀ, ਜਿਸ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ, ਭੁਗਤਾਨ ਕਰ ਦਿੰਦਾ ਹੈ, ਕੀ ਇਸ ਮਾਮਲੇ ਬਾਰੇ ਫ਼ੈਸਲਾ ਦੇਣ ਦੀ ਕੋਈ ਲੋੜ ਹੈ?**

ਉੱਤਰ. ਜਿੱਥੇ ਵਿਅਕਤੀ ਨੂੰ ਅਨੁਛੇਦ 74 ਦੇ ਉੱਪ–ਅਨੁਛੇਦ (1) ਅਧੀਨ ਕੋਈ ਨੋਟਿਸ ਜਾਰੀ ਕੀਤਾ ਗਿਆ ਹੈ, ਉਹ ਇਹ ਨੋਟਿਸ ਜਾਰੀ ਹੋਣ ਦੇ 30 ਦਿਨਾਂ ਅੰਦਰ 25 ਫ਼ੀ ਸਦੀ ਜੁਰਮਾਨੇ ਸਮੇਤ ਵਿਆਜ ਨਾਲ ਟੈਕਸ ਅਦਾ ਕਰ ਦਿੰਦਾ ਹੈ, ਤਦ ਅਜਿਹੇ ਨੋਟਿਸ ਨਾਲ ਸਬੰਧਤ ਸਾਰੀਆਂ ਕਾਰਵਾਈਆਂ ਖ਼ਤਮ ਹੋਈਆਂ ਮੰਨੀਆਂ ਜਾਣਗੀਆਂ।(**ਸੈਕਸ਼ਨ** 74(8))

**ਪ੍ਰਸ਼ਨ 8. ਜੇ ਅਨੁਛੇਦ 74 ਅਧੀਨ ਕਿਸੇ ਨੋਟਿਸ ਬਾਰੇ ਫ਼ੈਸਲਾ ਦਿੱਤਾ ਜਾਂਦਾ ਹੈ ਅਤੇ ਜਾਰੀ ਕੀਤਾ ਹੁਕਮ ਟੈਕਸ ਮੰਗ ਅਤੇ ਜੁਰਮਾਨੇ ਦੀ ਪੁਸ਼ਟੀ ਕਰਦਾ ਹੈ, ਤਦ ਕੀ ਜਿਸ ਵਿਅਕਤੀ ਨੂੰ ਨੋਟਿਸ ਜਾਰੀ ਹੋਇਆ ਹੈ, ਉਸ ਕੋਲ ਕੁਝ ਘੱਟ ਜੁਰਮਾਨਾ ਅਦਾ ਕਰਨ ਦਾ ਕੋਈ ਵਿਕਲਪ ਹੈ?**

ਉੱਤਰ. ਜੀ ਹਾਂ। ਜੇ ਕੋਈ ਵਿਅਕਤੀ ਹੁਕਮ ਮਿਲਣ ਦੇ 30 ਦਿਨਾਂ ਦੇ ਅੰਦਰ ਅਜਿਹੇ ਟੈਕਸ ਦੇ 50 ਫ਼ੀ ਸਦੀ ਦੇ ਸਮਾਨ ਜੁਰਮਾਨਾ ਅਤੇ ਵਿਆਜ ਸਮੇਤ ਟੈਕਸ ਅਦਾ ਕਰ ਦਿੰਦਾ ਹੈ, ਤਦ ਅਜਿਹੇ ਟੈਕਸ ਦੇ ਸਬੰਧ ਵਿੱਚ ਸਾਰੀਆਂ ਕਾਰਵਾਈਆਂ ਖ਼ਤਮ ਹੋਈਆਂ ਮੰਨੀਆਂ ਜਾਣਗੀਆਂ।(**ਸੈਕਸ਼ਨ** 74(11))

**ਪ੍ਰਸ਼ਨ 9. ਅਜਿਹੇ ਮਾਮਲਿਆਂ ਵਿੱਚ ਕੀ ਵਾਪਰਦਾ ਹੈ, ਜਿੱਥੇ ਨੋਟਿਸ ਜਾਰੀ ਕੀਤਾ**

**ਜਾਂਦਾ ਹੈ ਪਰ ਆਦੇਸ਼ ਇਨ੍ਹਾਂ ਸੈਕਸ਼ਨਾਂ ਅਧੀਨ ਫ਼ੈਸਲਾ ਸੁਣਾਉਣ ਲਈ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸੈਕਸ਼ਨ 73 ਅਤੇ 74 ਅਧੀਨ ਜਾਰੀ ਨਹੀਂ ਕੀਤਾ ਗਿਆ ਹੈ?**

ਉੱਤਰ. **ਸੈਕਸ਼ਨ** 75(10) ਦੀ ਵਿਵਸਥਾ ਹੈ ਕਿ ਫ਼ੈਸਲਾ ਲੈਣ ਦੀਆਂ ਕਾਰਜ-ਵਿਧੀਆਂ ਦੇ ਸਮਝੇ ਜਾਣ ਵਾਲੇ ਸੰਭਾਵੀ ਫ਼ੈਸਲੇ ਲਈ ਜੇ ਇਨ੍ਹਾਂ ਸੈਕਸ਼ਨਾਂ ਅਧੀਨ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਆਦੇਸ਼ ਜਾਰੀ ਨਹੀਂ ਕੀਤਾ ਜਾਂਦਾ।

**ਪ੍ਰਸ਼ਨ 10. ਕੀ ਵਾਪਰਦਾ ਹੈ, ਜੇ ਇੱਕ ਵਿਅਕਤੀ ਕਿਸੇ ਹੋਰ ਵਿਅਕਤੀ ਤੋਂ ਟੈਕਸ ਇਕੱਠਾ ਕਰਦਾ ਹੈ ਪਰ ਉਹ ਟੈਕਸ ਸਰਕਾਰ ਕੋਲ ਜਮ੍ਹਾ ਨਹੀਂ ਕਰਵਾਉਂਦਾ?**

ਉੱਤਰ. ਇਸ ਕਾਨੂੰਨ ਅਧੀਨ ਟੈਕਸ ਨੁਮਾਇੰਦਗੀ ਕਰ ਰਹੇ ਹੋਰ ਵਿਅਕਤੀ ਤੋਂ ਇਕੱਠੀ ਕੀਤੀ ਰਕਮ ਸਰਕਾਰ ਨੂੰ ਅਦਾ ਕਰਨੀ ਜ਼ਰੂਰੀ ਹੈ। ਅਜਿਹੀ ਕੋਈ ਰਕਮ, ਜੋ ਅਦਾ ਨਹੀਂ ਕੀਤੀ ਗਈ ਹੈ, ਉਸ ਨੂੰ ਅਜਿਹੀ ਰਾਸ਼ੀ ਦੇ ਸਮਾਨ ਜੁਰਮਾਨਾ ਵਾਪਸ ਲੈਣ ਲਈ ਯੋਗ ਅਧਿਕਾਰੀ 'ਕਾਰਨ ਦੱਸੋ' ਨੋਟਿਸ ਜਾਰੀ ਕਰ ਸਕਦਾ ਹੈ। (**ਸੈਕਸ਼ਨ 76(1 ਅਤੇ 2)**)

**ਪ੍ਰਸ਼ਨ 11. ਜੇ ਕੋਈ ਵਿਅਕਤੀ ਅਨੁਛੇਦ 76(1) ਦੀ ਉਲੰਘਣਾ ਕਰਦਿਆਂ ਇਕੱਠਾ ਕੀਤਾ ਟੈਕਸ ਜਮ੍ਹਾ ਨਹੀਂ ਕਰਵਾਉਂਦਾ, ਤਦ ਇਸ ਸਬੰਧੀ ਕਿਹੜੀ ਵਾਜਬ ਕਾਰਵਾਈ ਕੀਤੀ ਜਾਵੇਗੀ?**

ਉੱਤਰ. 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਜਾ ਸਕਦਾ ਹੈ ਅਤੇ ਅਜਿਹਾ ਨੋਟਿਸ ਜਾਰੀ ਹੋਣ ਦੀ ਮਿਤੀ ਦੇ ਇੱਕ ਸਾਲ ਦੇ ਸਮੇਂ ਅੰਦਰ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਇੱਕ ਹੁਕਮ ਜਾਰੀ ਕੀਤਾ ਜਾਵੇਗਾ। ਕੁਦਰਤੀ ਜਾਂ ਸੁਭਾਵਕ ਇਨਸਾਫ਼ ਦੇ ਸਿਧਾਂਤਾਂ ਦੀ ਪਾਲਣਾ ਕੀਤੀ ਜਾਵੇਗੀ ਅਤੇ ਆਦੇਸ਼ ਜਾਰੀ ਕੀਤਾ ਜਾਵੇਗਾ। (ਸੈਕਸ਼ਨ 76(2 ਤੋਂ 6))

**ਪ੍ਰਸ਼ਨ 12. ਅਨੁਛੇਦ 76 ਅਧੀਨ ਟੈਕਸ ਇਕੱਠਾ ਕੀਤਾ ਗਿਆ ਪਰ ਸਰਕਾਰ ਨੂੰ ਅਦਾ ਨਹੀਂ ਕੀਤਾ ਗਿਆ, ਨਾਲ ਸਬੰਧਤ ਮਾਮਲਿਆਂ ਵਿੱਚ ਨੋਟਿਸ ਜਾਰੀ ਕਰਨ ਦੀ ਸਮਾਂ ਸੀਮਾ ਕੀ ਹੈ?**

ਉੱਤਰ. ਇਸ ਦੀ ਕੋਈ ਸਮਾਂ ਸੀਮਾ ਨਹੀਂ ਹੈ। ਅਜਿਹੇ ਮਾਮਲਿਆਂ ਦਾ ਪਤਾ ਲੱਗਦਿਆਂ ਹੀ ਬਿਨਾ ਕਿਸੇ ਸਮਾਂ ਸੀਮਾ ਦੇ ਨੋਟਿਸ ਜਾਰੀ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 13. ਵਾਜਬ ਅਧਿਕਾਰੀ ਲਈ ਟੈਕਸ ਰੀਕਵਰੀ ਦੀਆਂ ਕਿਹੜੀਆਂ ਵਿਧੀਆਂ ਉਪਲਬਧ ਹਨ?**

ਉੱਤਰ. ਵਾਜਬ ਅਧਿਕਾਰੀ ਲਈ ਨਿਮਨਲਿਖਤ ਵਿਕਲਪ ਉਪਲਬਧ ਹੁੰਦੇਹਨ:

ੳ) ਟੈਕਸ ਅਧਿਕਾਰੀਆਂ ਵੱਲੋਂ ਅਜਿਹੇ ਵਿਅਕਤੀ ਨੂੰ ਅਦਾਇਗੀਯੋਗ ਰਕਮ ਵਿੱਚੋਂ ਬਕਾਇਆਂ ਦੀ ਕਟੌਤੀ;

ਅ) ਅਜਿਹੇ ਵਿਅਕਤੀ ਨਾਲ ਸਬੰਧਤ ਕਿਸੇ ਮਾਲ ਨੂੰ ਜ਼ਬਤ ਕਰ ਕੇ ਅਤੇ ਉਸ ਨੂੰ ਵੇਚ ਕੇ ਅਦਾਇਗੀਯੋਗ ਰਕਮ ਦੀ ਵਸੂਲੀ;

ੲ) ਕਿਸੇ ਹੋਰ ਵਿਅਕਤੀ ਤੋਂ ਜਿਸ ਵੱਲ ਧਨ ਬਕਾਇਆ ਹੈ ਜਾਂ ਅਜਿਹੇ ਵਿਅਕਤੀ ਵੱਲ ਬਕਾਇਆ ਹੋ ਸਕਦਾ ਹੈ ਜਾਂ ਜੋ ਜੋ ਬਾਅਦ ਵਿੱਚ ਕੇਂਦਰ ਸਰਕਾਰ ਜਾਂ ਸੂਬਾ ਸਰਕਾਰ ਦਾ ਕ੍ਰੈਡਿਟ ਅਦਾ ਕਰਨ ਲਈ ਕਿਸੇ ਅਜਿਹੇ ਖਾਤੇ ਵਿੱਚ ਧਨ ਰੱਖ ਸਕਦਾ ਹੈ;

ਸ) ਅਜਿਹੇ ਵਿਅਕਤੀ ਦੇ ਕਬਜ਼ੇ ਅਧੀਨ ਜਾਂ ਉਸ ਨਾਲ ਸਬੰਧਤ ਚੱਲ ਜਾਂ ਅਚੱਲ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਹੈ, ਜਦ ਤੱਕ ਭੁਗਤਾਨਯੋਗ ਰਕਮ ਅਦਾ ਨਹੀਂ ਕਰ ਦਿੱਤੀ ਜਾਂਦੀ; ਜੇ ਬਕਾਇਆਂ ਦੀ ਅਦਾਇਗੀ ਅਜਿਹੀ ਜ਼ਬਤੀ ਦੇ 30 ਦਿਨਾਂ ਦੇ ਸਮੇਂ ਅੰਦਰ ਵੀ ਨਹੀਂ ਕੀਤੀ ਜਾਂਦੀ, ਤਦ ਉਹ ਉਸ ਜਾਇਦਾਦ ਨੂੰ ਵੇਚ ਸਕਦਾ ਹੈ ਅਤੇ ਉਸ ਦੀ ਵਿਕਰੀ ਤੋਂ ਮਿਲੇ ਧਨ ਰਾਹੀਂ ਭੁਗਤਾਨਯੋਗ ਰਕਮ ਅਤੇ ਵਿਕਰੀ ਦੀ ਲਾਗਤ ਸਮੇਤ ਅਦਾ ਨਾ ਕੀਤੀਆਂ ਗਈਆਂ ਲਾਗਤਾਂ ਨੂੰ ਵਸੂਲ ਕੀਤਾ ਜਾ ਸਕਦਾ ਹੈ।

ਹ) ਜ਼ਿਲ੍ਹੇ ਦੇ ਕੁਲੈਕਟਰ ਰਾਹੀਂ, ਜਿਸ ਵਿੱਚ ਅਜਿਹੇ ਵਿਅਕਤੀ ਦੀ ਕੋਈ ਸੰਪਤੀ ਹੈ ਜਾਂ ਜਿੱਥੇ ਉਹ ਰਹਿੰਦਾ ਹੈ ਜਾਂ ਕੋਈ ਕਾਰੋਬਾਰ ਕਰਦਾ ਹੈ, ਜਿਵੇਂ ਇਹ ਕਿਸੇ ਭੂਮੀ ਦੇ ਮਾਲੀਏ ਦਾ ਕੋਈ ਬਕਾਇਆਹੋ ਵੇ।

ਕ) ਵਾਜਬ ਮੈਜਿਸਟਰੇਟ ਨੂੰ ਅਰਜ਼ੀ ਦੇ ਕੇ, ਜੋ ਰਾਸ਼ੀ ਨੂੰ ਵਸੂਲ ਕਰਨ ਦੀ ਕਾਰਵਾਈ ਕਰਨਗੇ, ਜਿਵੇਂ ਉਸ ਉੱਤੇ ਜੁਰਮਾਨਾ ਲਾਇਆ ਗਿਆ ਹਵੇ।

ਖ) ਇਸ ਕਾਨੂੰਨ ਜਾਂ ਕਿਸੇ ਨਿਯਮਾਂ ਜਾਂ ਉਨ੍ਹਾਂ ਰਾਹੀਂ ਬਣਾਏ ਗਏ ਵਿਨਿਯਮਾਂ ਅਧੀਨ ਲਾਗੂ ਕੀਤਾ ਬਾਂਡ/ਇੰਸਟਰੂਮੈਂਟ ਜਾਰੀ ਕੇ।

ਗ) ਸੀ.ਜੀ.ਐੱਸ.ਟੀ. ਬਕਾਏ; ਐੱਸ.ਜੀ.ਐੱਸ.ਟੀ. ਦੇ ਕਿਸੇ ਬਕਾਏ ਵਜੋਂ ਅਤੇ ਜਾਂ ਇਸ ਦੇ ਉਲਟ ਵਾਂਗ ਵਸੂਲ ਕੀਤੇ ਜਾ ਸਕਦੇ ਹਨ।

(**ਸੈਕਸ਼ਨ 79**(1, 2, 3, 4))

**ਪ੍ਰਸ਼ਨ 14. ਕੀ ਟੈਕਸ ਬਕਾਇਆਂ ਦਾ ਭੁਗਤਾਨ ਕਿਸ਼ਤਾਂ ਵਿੱਚ ਕੀਤਾ ਜਾ ਸਕਦਾ ਹੈ?**

ਉੱਤਰ. ਅਜਿਹੀ ਕੋਈ ਬੇਨਤੀ ਮਿਲਣ ’ਤੇ, ਕਮਿਸ਼ਨਰ/ਚੀਫ਼ ਕਮਿਸ਼ਨਰ ਕਾਨੂੰਨ ਅਧੀਨ ਕਿਸੇ ਰਿਟਰਨ ਵਿੱਚ ਸਵੈ-ਮੁਲਾਂਕਿਤ ਦੇਣਦਾਰੀ ਅਨੁਸਾਰ ਬਕਾਇਆ ਰਹਿੰਦੀ ਰਕਮ ਤੋਂ ਇਲਾਵਾ ਕਾਨੂੰਨ ਅਧੀਨ ਹੋਰ ਬਕਾਇਆ ਕਿਸੇ ਰਾਸ਼ੀ ਦੇ ਭੁਗਤਾਨ ਲਈ ਸਮਾਂ ਅੱਗੇ ਵਧਾ ਸਕਦਾ ਹੈ, ਕਿਸੇ ਰਿਟਰਨ ਵਿੱਚ ਸਵੈ-ਮੁਲਾਂਕਿਤ ਦੇਣਦਾਰੀ ਅਨੁਸਾਰ ਬਕਾਇਆ ਰਾਸ਼ੀ ਤੋਂ ਇਲਾਵਾ, ਅਜਿਹੇ ਵਿਅਕਤੀ ਨੂੰ ਵੱਧ ਤੋਂ ਵੱਧ 24 ਕਿਸ਼ਤਾਂ ਵਿੱਚ ਭੁਗਤਾਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਬਸ਼ਰਤੇ ਸੈਕਸ਼ਨ 50 ਅਧੀਨ ਵਿਆਜ ਦਾ ਭੁਗਤਾਨ ਅਜਿਹੀਆਂ ਸੀਮਾਵਾਂ ਤੇ ਸ਼ਰਤਾਂ ਨਾਲ ਕੀਤਾ ਜਾਵ, ਜੋ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ। ਫਿਰ ਵੀ, ਜੇ ਬਣਦੀ ਯੋਗ ਮਿਤੀ ਉੱਤੇ ਕਿਸੇ ਇੱਕ ਕਿਸ਼ਤ ਦੇ ਭੁਗਤਾਨ ਵਿੱਚ ਕੋਈ ਕੋਤਾਹੀ ਹੁੰਦੀ ਹੈ, ਤਾਂ ਅਜਿਹੀ ਮਿਤੀ ਨੂੰ ਭੁਗਤਾਨਯੋਗ ਸਮੁੱਚੀ ਬਕਾਇਆ ਰਾਸ਼ੀ ਅਦਾਇਗੀਯੋਗ ਹੋ ਜਾਵੇਗੀ ਅਤੇ ਉਸ ਨੂੰ ਬਿਨਾ ਕਿਸੇ ਅਗਲੇਰੇ ਨੋਟਿਸ ਦੇ ਵਸੂਲ ਕੀਤਾ ਜਾ ਸਕੇਗਾ। (ਸੈਕਸ਼ਨ 80)

**ਪ੍ਰਸ਼ਨ 15. ਅਜਿਹੇ ਮਾਮਲਿਆਂ ਵਿੱਚ ਕੀ ਵਾਪਰਦਾ ਹੈ, ਜਿੱਥੇ ਅਪੀਲ/ਸੋਧ ਕਾਰਵਾਈਆਂ ਵਿੱਚ ਪੁਸ਼ਟੀ ਕੀਤੀ ਟੈਕਸ ਮੰਗ ਵਿੱਚ ਵਾਧਾ ਕੀਤਾ ਜਾਂਦਾ ਹੈ**

ਉੱਤਰ. ਮੰਗ ਦਾ ਨੋਟਿਸ ਕੇਵਲ ਵਧੇ ਬਕਾਇਆਂ ਦੇ ਸਬੰਧ ਵਿੱਚ ਜਾਰੀ ਕਰਨ ਦੀ ਜ਼ਰੂਰਤ ਹੁੰਦੀ ਹੈ। ਅਪੀਲ/ਰਿਵੀਜ਼ਨ ਦਾ ਨਿਬੇੜਾ ਕੀਤੇ ਜਾਣ ਤੋਂ ਪਹਿਲਾਂ ਪਹਿਲਾਂ ਤੋਂ ਪੁਸ਼ਟੀ ਕੀਤੀ ਰਕਮ, ਰੀਕਵਰੀ ਦੀਆਂ ਕਾਰਵਾਈਆਂ ਉਸ ਪੜਾਅ ਤੋਂ ਜਾਰੀ ਹੋ ਸਕਦੀਆਂ ਹਨ, ਜਿੱਥੇ ਅਜਿਹੀਆਂ ਕਾਰਵਾਈਆਂ ਅਜਿਹੀ ਅਪੀਲ/ਸੋਧ ਦੇ ਨਿਬੇੜੇ ਤੋਂ ਠੀਕ ਪਹਿਲਾਂ ਖੜ੍ਹੀਆਂ ਰਹਿੰਦੀਆਂ ਹਨ। (ਸੈਕਸ਼ਨ 84(ਏ))

**ਪ੍ਰਸ਼ਨ 16. ਜੇ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਕਿਸੇ ਵਿਅਕਤੀ ਦੇ ਕੋਈ ਟੈਕਸ ਬਕਾਏ ਮੁਲਤਵੀ ਪਏ ਹਨ ਅਤੇ ਇਸ ਦੌਰਾਨ ਉਹ ਆਪਣਾ ਕਾਰੋਬਾਰ ਕਿਸੇ ਹੋਰ ਵਿਅਕਤੀ ਨੂੰ ਟ੍ਰਾਂਸਫ਼ਰ ਕਰ ਦਿੰਦਾ ਹੈ, ਤਦ ਮੌਜੂਦਾ ਟੈਕਸ ਬਕਾਇਆਂ ਦਾ ਕੀ ਹੋਵੇਗਾ?**

ਉੱਤਰ. ਅਜਿਹਾ ਵਿਅਕਤੀ ਅਤੇ ਜਿਸ ਵਿਅਕਤੀ ਨੂੰ ਕਾਰੋਬਾਰ ਟ੍ਰਾਂਸਫ਼ਰ ਕੀਤਾ ਗਿਆ ਹੈ, ਸਾਂਝੇ ਤੌਰ ਉੱਤੇ ਅਤੇ ਵੱਖਰੇ ਤੌਰ ’ਤੇ ਉਹ ਟੈਕਸ, ਵਿਆਜ ਜਾਂ

ਟੈਕਸਯੋਗ ਵਿਅਕਤੀ ਤੋਂ ਬਕਾਇਆ ਜੁਰਮਾਨਾ ਅਜਿਹੇ ਟ੍ਰਾਂਸਫ਼ਰ ਦੇ ਸਮੇਂ ਤੱਕ ਅਦਾ ਕਰਨ ਲਈ ਜ਼ਿੰਮੇਵਾਰ ਹੋਣਗੇ, ਭਾਵੇਂ ਅਜਿਹੇ ਬਕਾਇਆਂ ਦਾ ਨਿਰਧਾਰਨ ਅਜਿਹੀ ਟ੍ਰਾਂਸਫ਼ਰ ਤੋਂ ਪਹਿਲਾਂ ਹੋ ਗਿਆ ਹੋਵੇ, ਪਰ ਉਨ੍ਹਾਂ ਦਾ ਹਾਲੇ ਭੁਗਤਾਨ ਨਾ ਹੋਇਆ ਹੋਵੇ ਜਾਂ ਉਸ ਤੋਂ ਬਾਅਦ ਨਿਰਧਾਰਨ ਕੀਤਾ ਗਿਆ ਹੋਵੇ। (**ਸੈਕਸ਼ਨ** 85(1))

**ਪ੍ਰਸ਼ਨ 17. ਅਜਿਹੇ ਟੈਕਸ ਬਕਾਇਆਂ ਨਾਲ ਕੀ ਵਾਪਰਦਾ ਹੈ, ਜਿੱਥੇ ਕੰਪਨੀ (ਟੈਕਸਯੋਗ ਵਿਅਕਤੀ) ਕਾਰੋਬਾਰ ਬੰਦ (ਲਿਕੁਈਡੇਸ਼ਨ) ਕਰਨ ਲਗਦਾ ਹੈ?**

ਉੱਤਰ. ਜਦੋਂ ਕੋਈ ਕੰਪਨੀ ਬੰਦ ਹੋ ਜਾਂਦੀ ਹੈ, ਤਦ ਸੰਪਤੀਆਂ ਲਈ ਨਿਯੁਕਤ ਹਰੇਕ ਰਿਸੀਵਰ ("ਲਿਕੁਈਡੇਟਰ") ਆਪਣੀ ਨਿਯੁਕਤੀ ਬਾਰੇ 30 ਦਿਨਾਂ ਦੇ ਅੰਦਰ ਕਮਿਸ਼ਨਰ ਨੂੰ ਸੂਚਿਤ ਕਰੇਗਾ। ਅਜਿਹੀ ਸੂਚਨਾ ਮਿਲਣ 'ਤੇ ਕਮਿਸ਼ਨਰ ਉਸ ਲਿਕੁਈਡੇਟਰ ਨੂੰ ਤਿੰਨ ਮਹੀਨਿਆਂ ਦੇ ਅੰਦਰ ਟੈਕਸ ਦੇਣਦਾਰੀਆਂ/ਬਕਾਇਆਂ ਦੀ ਵਾਜਬ ਰਾਸ਼ੀ ਬਾਰੇ ਅਧਿਸੂਚਿਤ ਕਰ ਸਕਦਾ ਹੈ। (**ਸੈਕਸ਼ਨ** 88(1,2))

**ਪ੍ਰਸ਼ਨ 18. ਲਿਕੁਈਡੇਸ਼ਨ ਅਧੀਨ ਇੱਕ ਕੰਪਨੀ (ਟੈਕਸਯੋਗ ਵਿਅਕਤੀ) ਦੇ ਡਾਇਰੈਕਟਰਾਂ ਦੀ ਕੀ ਦੇਣਦਾਰੀ ਹੁੰਦੀ ਹੈ?**

ਉੱਤਰ. ਜਦੋਂ ਕਿਸੇ ਪ੍ਰਾਈਵੇਟ ਕੰਪਨੀ ਨੂੰ ਬੰਦ ਕੀਤਾ ਜਾਂਦਾ ਹੈ ਅਤੇ ਕਿਸੇ ਟੈਕਸ ਜਾਂ ਹੋਰ ਬਕਾਇਆਂ ਦਾ ਫ਼ੈਸਲਾ ਕਰ ਲਿਆ ਜਾਂਦਾ ਹੈ, ਉਹ ਭਾਵੇਂ ਲਿਕੁਈਡੇਸ਼ਨ ਤੋਂ ਪਹਿਲਾਂ ਦੇ ਹੋਣ ਤੇ ਜਾਂ ਬਾਅਦ ਦੇ, ਜੋ ਵਸੂਲਣੇ ਰਹਿੰਦੇ ਹਨ, ਤਾਂ ਹਰੇਕ ਅਜਿਹਾ ਵਿਅਕਤੀ ਜੋ ਉਸ ਸਮਾਂ-ਮਿਆਦ ਦੌਰਾਨ ਕੰਪਨੀ ਦਾ ਡਾਇਰੈਕਟਰ ਸੀ, ਜਿਸ ਲਈ ਟੈਕਸ ਬਕਾਇਆ ਹੈ, ਉਸ ਤੋਂ ਉਦੋਂ ਤੱਕ ਬਕਾਇਆਂ ਦਾ ਭੁਗਤਾਨ ਸਾਂਝੇ ਤੌਰ ਉੱਤੇ ਸਖ਼ਤੀ ਨਾਲ ਲਿਆ ਜਾਵੇਗਾ, ਜਦੋਂ ਤੱਕ ਕਿ ਉਹ ਇਹ ਸਿੱਧ ਨਹੀਂ ਕਰ ਦਿੰਦਾ ਕਿ ਅਜਿਹੀ ਗ਼ੈਰ-ਵਸੂਲੀ; ਕੰਪਨੀ ਦੇ ਆਪਣੇ ਮਾਮਲਿਆਂ ਨਾਲ ਸਬੰਧਤ ਉਸ ਦੀ ਆਪਣੀ ਕਿਸੇ ਘੋਰ ਲਾਪਰਵਾਹੀ, ਭ੍ਰਿਸ਼ਟਾਚਾਰ ਜਾਂ ਡਿਊਟੀਆਂ ਦੀ ਉਲੰਘਣਾ ਕਰ ਕੇ ਨਹੀਂ ਹੋਈ। (**ਸੈਕਸ਼ਨ** 88(3), 89)

**ਪ੍ਰਸ਼ਨ 19. ਬਕਾਇਆ ਟੈਕਸ ਅਦਾ ਕਰਨ ਲਈ ਇੱਕ ਭਾਈਵਾਲ ਫ਼ਰਮ (ਟੈਕਸਯੋਗ ਵਿਅਕਤੀ) ਦੇ ਭਾਈਵਾਲਾਂ ਦੀ ਦੇਣਦਾਰੀ ਕੀ ਹੈ?**

ਉੱਤਰ: ਕਿਸੇ ਫ਼ਰਮ ਦੇ ਭਾਈਵਾਲ ਸਾਂਝੇ ਤੌਰ ਉੱਤੇ ਸਖ਼ਤੀ ਨਾਲ ਕਿਸੇ ਵੀ ਤਰ੍ਹਾਂ ਦਾ ਟੈਕਸ, ਵਿਆਜ ਜਾਂ ਜੁਰਮਾਨੇ ਦੇ ਭੁਗਤਾਨ ਲਈ ਜ਼ਿੰਮੇਵਾਰ ਹੋਣਗੇ। ਫ਼ਰਮ/ਭਾਈਵਾਲ ਆਪਣੇ ਕਿਸੇ ਭਾਈਵਾਲ ਦੀ ਸੇਵਾ-ਮੁਕਤੀ ਬਾਰੇ ਕਮਿਸ਼ਨਰ ਨੂੰ ਲਿਖਤੀ ਤੌਰ ਉੱਤੇ ਸੂਚਿਤ ਕਰਨਗੇ।

ਟੈਕਸ, ਵਿਆਜ ਜਾਂ ਜੁਰਮਾਨੇ ਦੀ ਦੇਣਦਾਰੀ ਅਜਿਹੀ ਸੇਵਾ-ਮੁਕਤੀ ਦੀ ਮਿਤੀ ਤੱਕ, ਕੀ ਉਸ ਮਿਤੀ ਨੂੰ ਜਾਂ ਬਾਅਦ ਵਿੱਚ ਦ੍ਰਿੜ੍ਹ ਹੈ, ਇਹ ਅਜਿਹੇ ਭਾਈਵਾਲ ਉੱਤੇ ਹੋਵੇਗਾ।

ਜੇ ਕੋਈ ਸੂਚਨਾ ਸੇਵਾ-ਮੁਕਤੀ ਦੇ ਇੱਕ ਮਹੀਨੇ ਦੇ ਅੰਦਰ ਦਿੱਤੀ ਜਾਂਦੀ ਹੈ, ਤਾਂ ਅਜਿਹੇ ਭਾਈਵਾਲ ਦੀ ਦੇਣਦਾਰੀ ਉਸ ਮਿਤੀ ਤੱਕ ਜਾਰੀ ਰਹੇਗੀ, ਜਦੋਂ ਅਜਿਹੀ ਸੂਚਨਾ ਕਮਿਸ਼ਨਰ ਵੱਲੋਂ ਪ੍ਰਾਪਤ ਨਹੀਂ ਕਰ ਲਈ ਜਾਂਦੀ। (**ਸੈਕਸ਼ਨ 90**)

**ਪ੍ਰਸ਼ਨ 20. ਇੱਕ ਟੈਕਸਯੋਗ ਵਿਅਕਤੀ ਦੀ ਟੈਕਸ ਦੇਣਦਾਰੀ ਪ੍ਰਤੀ ਕੀ ਵਾਪਰਦਾ ਹੈ, ਜਿਸ ਦਾ ਕਾਰੋਬਾਰ ਬਾਅਦ 'ਚ ਕੋਈ ਸਰਪ੍ਰਸਤ/ਟਰੱਸਟੀ ਜਾਂ ਕਿਸੇ ਨਾਬਾਲਗ਼ ਦਾ ਕੋਈ ਏਜੰਟ ਚਲਾਉਣ ਲੱਗਦਾ ਹੈ?**

ਉੱਤਰ. ਅਜਿਹੇ ਕਾਰੋਬਾਰ ਵੱਲੋਂ ਅਦਾਇਗੀਯੋਗ ਕਿਸੇ ਟੈਕਸ ਦੇ ਸਬੰਧ ਵਿੱਚ ਜਿਸ ਨੂੰ ਕੋਈ ਸਰਪ੍ਰਸਤ/ਟਰੱਸਟੀ/ਨਾਬਾਲਗ਼ ਜਾਂ ਅਸਮਰੱਥ ਵਿਅਕਤੀ ਦਾ ਕੋਈ ਏਜੰਟ ਅਜਿਹੇ ਨਾਬਾਲਗ਼/ਅਸਮਰੱਥ ਵਿਅਕਤੀ ਦੇ ਲਾਭ ਲਈ ਅਤੇ ਉਨ੍ਹਾਂ ਦੀ ਤਰਫ਼ੋਂ ਚਲਾਉਂਦਾ ਹੈ, ਤਦ ਟੈਕਸ, ਵਿਆਜ ਜਾਂ ਜੁਰਮਾਨਾ ਅਜਿਹੇ ਸਰਪ੍ਰਸਤ/ਟਰੱਸਟੀ/ਏਜੰਟ ਉੱਤੇ ਲਾਇਆ ਜਾਵੇਗਾ ਅਤੇ ਉਨ੍ਹਾਂ ਤੋਂ ਹੀ ਵਸੂਲੀਯੋਗ ਹੋਵੇਗਾ। (**ਸੈਕਸ਼ਨ 91**)

**ਪ੍ਰਸ਼ਨ 20. ਕੀ ਵਾਪਰਦਾ ਹੈ, ਜਦੋਂ ਕਿਸੇ ਟੈਕਸਯੋਗ ਵਿਅਕਤੀ ਦੀ ਜਾਇਦਾਦ ਕੋਰਟ ਆੱਫ਼ ਵਾਰਡਜ਼ ਦੇ ਨਿਯੰਤ੍ਰਣ ਅਧੀਨ ਹੋਵੇ?**

ਉੱਤਰ. ਜਿੱਥੇ ਇੱਕ ਕਾਰੋਬਾਰ ਦੇ ਮਾਲਕ ਟੈਕਸਯੋਗ ਵਿਅਕਤੀ ਦੀ ਸੰਪਤੀ, ਜਿਸ ਉੱਤੇ ਕੋਈ ਟੈਕਸ, ਵਿਆਜ ਜਾਂ ਜੁਰਮਾਨਾ ਭੁਗਤਾਨਯੋਗ ਹੈ, ਉਹ ਕਿਸੇ ਕੋਰਟ ਅਧੀਨ ਨਿਯੁਕਤ ਕੋਰਟ ਆੱਫ਼ ਵਾਰਡਜ਼/ਪ੍ਰਸ਼ਾਸਕ ਜਨਰਲ/ਅਧਿਕਾਰਤ ਟਰੱਸਟੀ/ਰਿਸੀਵਰ ਜਾਂ ਮੈਨੇਜਰ ਦੇ ਨਿਯੰਤ੍ਰਣ ਅਧੀਨ ਹੈ; ਤਦ ਅਜਿਹੀ ਹਾਲਤ ਵਿੱਚ ਟੈਕਸ, ਵਿਆਜ ਜਾਂ ਜੁਰਮਾਨਾ ਅਜਿਹੀ ਕੋਰਟ ਆੱਫ਼ ਵਾਰਡਜ਼/ਪ੍ਰਸ਼ਾਸਕ ਜਨਰਲ/ਅਧਿਕਾਰਤ ਟਰੱਸਟੀ/ਰਿਸੀਵਰ ਜਾਂ ਮੈਨੇਜਰ ਉੱਤੇ ਹੀ ਲਾਇਆ ਜਾਵੇਗਾ ਤੇ ਉਨ੍ਹਾਂ ਤੋਂ ਹੀ ਉਸ ਹੱਦ ਤੱਕ ਵਸੂਲੀਯੋਗ ਹੋਵੇਗਾ, ਜਿਵੇਂ

ਨਿਰਧਾਰਤ ਕੀਤਾ ਜਾਵੇਗਾ ਅਤੇ ਜਿਵੇਂ ਕਿਸੇ ਟੈਕਸਯੋਗ ਵਿਅਕਤੀ ਤੋਂ ਵਸੂਲੀਯੋਗ ਹੋਵੇਗਾ।

**ਪ੍ਰਸ਼ਨ 21. ਕੀ ਵਾਪਰਦਾ ਹੈ, ਜਦੋਂ ਇੱਕ ਟੈਕਸਯੋਗ ਵਿਅਕਤੀ ਦੀ ਐਸਟੇਟ (ਸੰਪਤੀ) 'ਕੋਰਟ ਆੱਫ਼ ਵਾਰਡਜ਼' (ਵਾਰਸਾਂ) ਦੇ ਨਿਯੰਤ੍ਰਣ ਅਧੀਨ ਹੋਵੇ?**

ਉੱਤਰ. ਜਦੋਂ ਇੱਕ ਟੈਕਸਯੋਗ ਵਿਅਕਤੀ ਦੀ ਜਾਇਦਾਦ ਦਾ ਇੱਥ ਕਾਰੋਬਾਰ, ਜਿਸ ਦੇ ਸਬੰਧ ਵਿੱਚ ਕੋਈ ਟੈਕਸ, ਵਿਆਜ ਜਾਂ ਜੁਰਮਾਨਾ 'ਕੋਰਟ ਆੱਫ਼ ਵਾਰਡਜ਼'/ਪ੍ਰਸ਼ਾਸਕ ਜਨਰਲ/ਅਧਿਕਾਰਤ ਟਰੱਸਟੀ/ਰਿਸੀਵਰ ਜਾਂ ਅਦਾਲਤ ਦੇ ਕਿਸੇ ਹੁਕਮ ਨਾਲ ਨਿਯੁਕਤ ਮੈਨੇਜਰ ਵੱਲੋਂ ਦੇਣਯੋਗ ਹੋਵੇ, ਤਾਂ ਟੈਕਸ, ਵਿਆਜ ਜਾਂ ਜੁਰਮਾਨਾ ਅਜਿਹੇ 'ਕੋਰਟ ਆੱਫ਼ ਵਾਰਡਜ਼'/ਪ੍ਰਸ਼ਾਸਕ ਜਨਰਲ/ਅਧਿਕਾਰਤ ਟਰੱਸਟੀ/ਰਿਸੀਵਰ ਜਾਂ ਮੈਨੇਜਰ ਉੱਤੇ ਲਾਇਆ ਜਾਵੇਗਾ ਜਾਂ ਉਨ੍ਹਾਂ ਤੋਂ ਵਸੂਲ ਕੀਤਾ ਜਾਵੇਗਾ ਕਿਉਂਕਿ ਇਹ ਇੱਕ ਟੈਕਸਯੋਗ ਵਿਅਕਤੀ ਤੋਂ ਵਸੂਲ ਕੀਤਾ ਜਾਵੇਗਾ।(**ਸੈਕਸ਼ਨ 92**)

# ਜੀ.ਐਸ.ਟੀ. ਵਿੱਚ ਅਪੀਲਾਂ,
# ਸਮੀਖਿਆ ਅਤੇ ਸੋਧ

# ਜੀ.ਐਸ.ਟੀ. ਵਿੱਚ ਅਪੀਲਾਂ, ਸਮੀਖਿਆ ਅਤੇ ਸੋਧ

**ਪ੍ਰਸ਼ਨ 1. ਕੀ ਕਿਸੇ ਆਦੇਸ਼ ਤੋਂ ਜਾਂ ਆਪਣੇ ਵਿਰੁੱਧ ਦਿੱਤੇ ਫ਼ੈਸਲੇ ਤੋਂ ਨਾਰਾਜ਼ ਕੋਈ ਵਿਅਕਤੀ ਨੂੰ ਅਪੀਲ ਕਰਨ ਦਾ ਅਧਿਕਾਰ ਹੈ?**

ਉੱਤਰ. ਜੀ ਹਾਂ। ਜੀ.ਐੱਸ.ਟੀ. ਕਾਨੂੰਨ(ਾਂ) ਅਧੀਨ ਜਾਰੀ ਕਿਸੇ ਹੁਕਮ ਜਾਂ ਆਪਣੇ ਵਿਰੁੱਧ ਕਿਸੇ ਫ਼ੈਸਲੇ ਤੋਂ ਦੁਖੀ ਜਾਂ ਨਾਰਾਜ਼ ਕਿਸੇ ਵੀ ਵਿਅਕਤੀ ਨੂੰ ਸੈਕਸ਼ਨ 107 ਅਧੀਨ ਅਪੀਲ ਕਰਨ ਦਾ ਅਧਿਕਾਰ ਹੈ। ਕਿਸੇ 'ਐਡਜੂਡੀਕੇਟਿੰਗ ਅਥਾਰਟੀ' ਵੱਲੋਂ ਕੋਈ ਫ਼ੈਸਲਾ ਜਾਂ ਹੁਕਮ ਜ਼ਰੂਰ ਜਾਰੀ ਹੋਇਆ ਹੋਣਾ ਚਾਹੀਦਾ ਹੈ।

ਉਂਝ, ਕੁਝ ਫ਼ੈਸਲੇ, ਆਦੇਸ਼ (ਜਿਵੇਂ ਕਿ ਅਨੁਛੇਦ 121 ਵਿੱਚ ਵਿਵਸਥਾ ਦਿੱਤੀ ਗਈ ਹੈ) ਅਪੀਲਯੋਗ ਨਹੀਂ ਹੁੰਦੇ।

**ਪ੍ਰਸ਼ਨ 2. ਅਪੀਲੇਟ ਅਥਾਰਟੀ (ਏ.ਏ.) ਕੋਲ ਅਪੀਲ ਕਰਨ ਦੀ ਸਮਾਂ-ਸੀਮਾ ਕੀ ਹੈ?**

ਉੱਤਰ. ਨਾਰਾਜ਼ ਵਿਅਕਤੀ ਲਈ, ਸਮਾਂ–ਸੀਮਾ; ਆਦੇਸ਼ ਜਾਂ ਫ਼ੈਸਲੇ ਦੀ ਸੂਚਨਾ ਮਿਲਣ ਦੀ ਮਿਤੀ ਤੋਂ 3 ਮਹੀਨੇ ਤੈਅ ਹੈ। ਵਿਭਾਗ (ਮਾਲ) ਲਈ ਸਮਾਂ ਸੀਮਾ 6 ਮਹੀਨੇ ਹੈ, ਜਿਸ ਸਮੇਂ ਅੰਦਰ ਸਮੀਖਿਆ ਕਾਰਵਾਈਆਂ ਮੁਕੰਮਲ ਕਰਨੀਆਂ ਹੋਣਗੀਆਂ ਅਤੇ ਅਪੀਲੇਟ ਅਥਾਰਟੀ ਸਾਹਵੇਂ ਅਪੀਲ ਦਾਇਰ ਕਰਨੀ ਹੋਵੇਗੀ।

**ਪ੍ਰਸ਼ਨ 3. ਕੀ ਅਪੀਲੇਟ ਅਥਾਰਟੀ ਨੂੰ ਅਪੀਲ ਦਾਇਰ ਕਰਨ ਵਿੱਚ ਦੇਰੀ ਦੀ ਮੁਆਫ਼ੀ ਦੇਣ ਦਾ ਅਧਿਕਾਰ ਹੈ?**

ਉੱਤਰ. ਜੀ ਹਾਂ। ਉਹ ਅਪੀਲ ਦਾਇਰ ਕਰਨ ਲਈ 3/6 ਮਹੀਨਿਆਂ ਦੀ ਨਿਰਧਾਰਤ ਮਿਆਦ ਦੇ ਅੰਤ ਤੋਂ ਇੱਕ ਮਹੀਨੇ ਤੱਕ (3+1/6+1) ਦੀ ਦੇਰੀ ਲਈ ਮੁਆਫ਼ੀ ਦੇ ਸਕਦਾ ਹੈ, ਬਸ਼ਰਤੇ ਜੇ ਕੋਈ "ਵਾਜਬ ਕਾਰਨ" ਹੋਵੇ, ਜਿਵੇਂ ਕਿ ਸੈਕਸ਼ਨ 107(4) ਵਿੱਚ ਦੱਸਿਆ ਗਿਆ ਹੈ।

**ਪ੍ਰਸ਼ਨ 4. ਕੀ 'ਅਪੀਲੇਟ ਅਥਾਰਟੀ' ਕੋਲ ਅਜਿਹੇ ਕੋਈ ਵਾਧੂ ਆਧਾਰ ਦੀ ਪ੍ਰਵਾਨਗੀ ਦੇਣ ਦੇ ਅਧਿਕਾਰ ਹਨ, ਜਿਨ੍ਹਾਂ ਦਾ ਵਰਣਨ ਅਪੀਲ ਮੀਮੋ ਵਿੱਚ ਨਹੀਂ ਕੀਤਾ ਗਿਆ?**

ਉੱਤਰ.  ਜੀ ਹਾਂ। ਉਸ ਕੋਲ ਵਾਧੂ ਆਧਾਰ ਦੀ ਪ੍ਰਵਾਨਗੀ ਦੇਣ ਦੇ ਵਾਧੂ ਅਧਿਕਾਰ ਹਨ, ਜੇ ਉਸ ਨੂੰ ਇਸ ਗੱਲ ਦੀ ਤਸੱਲੀ ਹੋਵੇ ਕਿ ਗ਼ਲਤੀ ਜਾਣਬੁੱਝ ਕੇ ਜਾਂ ਗ਼ੈਰ-ਵਾਜਬ ਢੰਗ ਨਾਲ ਨਹੀਂ ਹੋਈ ਸੀ।

**ਪ੍ਰਸ਼ਨ 5. ਅਪੀਲੇਟ ਅਥਾਰਟੀ ਵੱਲੋਂ ਜਾਰੀ ਹੁਕਮ ਬਾਰੇ ਕਿਸ ਨੂੰ ਸੂਚਿਤ ਕਰਨਾ ਹੋਵੇਗਾ?**

ਉੱਤਰ.  ਅਪੀਲੇਟ ਅਥਾਰਟੀ ਨੂੰ ਹੁਕਮ ਦੀ ਕਾਪੀ ਅਪੀਲਕਰਤਾ, ਮੁਦਾਇਲਾ ਅਤੇ ਐਡਜੂਕੇਟਿੰਗ ਅਥਾਰਟੀ ਨੂੰ ਅਤੇ ਉਸ ਦੀ ਇੱਕ ਕਾਪੀ ਸੀ.ਜੀ.ਐਸ.ਟੀ. ਅਤੇ ਐਸ.ਜੀ.ਐਸ.ਟੀ./ਯੂ.ਟੀ.ਜੀ.ਐੱਸ.ਟੀ. ਦੇ ਅਧਿਕਾਰ-ਖੇਤਰ ਵਾਲੇ ਕਮਿਸ਼ਨਰ ਨੂੰ ਦੇਣੀ ਹੋਵੇਗੀ।

**ਪ੍ਰਸ਼ਨ 6. ਕਾਨੂੰਨੀ ਤੌਰ ਉੱਤੇ ਲਾਜ਼ਮੀ ਪ੍ਰੀ-ਡਿਪਾੱਜ਼ਿਟ ਦੀ ਰਕਮ ਕੀ ਹੈ, ਜੋ ਅਪੀਲੇਟ ਅਥਾਰਟੀ ਸਾਹਮਣੇ ਹਰੇਕ ਅਪੀਲ ਨਾਲ ਦੇਣੀ ਚਾਹੀਦੀ ਹੈ?**

ਉੱਤਰ.  ਟੈਕਸ, ਵਿਆਜ, ਜੁਰਮਾਨੇ, ਫ਼ੀਸ ਅਤੇ ਰੱਦ ਹੋਏ ਹੁਕਮ ਕਾਰਨ ਲੱਗਣ ਵਾਲੇ ਜੁਰਮਾਨੇ ਦੀ ਮੁਕੰਮਲ ਰਾਸ਼ੀ, ਜਿਵੇਂ ਕਿ ਅਪੀਲਕਰਤਾ ਵੱਲੋਂ ਕਬੂਲ ਕੀਤਾ ਜਾਂਦਾ ਹੈ ਅਤੇ ਜਿਸ ਸਬੰਧੀ ਅਪੀਲ ਦਾਇਰ ਕੀਤੀ ਗਈ ਹੈ, ਉਸ ਦੇ ਸਬੰਧ ਵਿੱਚ ਹੁਕਮ ਕਾਰਨ ਪੈਦਾ ਹੋਣ ਵਾਲੇ ਵਿਵਾਦ ਵਿੱਚ ਟੈਕਸ ਬਕਾਇਆ ਰਹਿੰਦੀ 10% ਰਾਸ਼ੀ ਦੇ ਸਮਾਨ ਰਾਸ਼ੀ।

**ਪ੍ਰਸ਼ਨ 7. ਕੀ ਵਿਭਾਗ; ਪ੍ਰੀ-ਡਿਪਾੱਜ਼ਿਟ ਦੀ ਉਚੇਰੀ ਰਾਸ਼ੀ ਦਾ ਹੁਕਮ ਦੇਣ ਲਈ ਅਪੀਲੇਟ ਅਥਾਰਟੀ ਨੂੰ ਅਰਜ਼ੀ ਦੇ ਸਕਦਾ ਹੈ?**

ਉੱਤਰ.  ਨਹੀਂ।

**ਪ੍ਰਸ਼ਨ 8. ਬਕਾਇਆ ਰਾਸ਼ੀ ਦੀ ਰੀਕਵਰੀ ਬਾਰੇ ਕੀ ਸਥਿਤੀ ਹੈ?**

ਉੱਤਰ.  ਉਪਰੋਕਤ ਅਨੁਸਾਰ ਪ੍ਰੀ-ਡਿਪਾੱਜ਼ਿਟ ਦਾ ਭੁਗਤਾਨ ਕਰਦੇ ਸਮੇਂ, ਬਕਾਇਆ ਰਾਸ਼ੀ ਦੀ ਰੀਕਵਰੀ ਉੱਤੇ ਸੈਕਸ਼ਨ 107(7) ਦੀਆਂ ਮੱਦਾਂ ਵਿੱਚ ਸਟੇਅ ਦਿੱਤੀ ਸਮਝੀ ਜਾਵੇਗੀ।

**ਪ੍ਰਸ਼ਨ 9. ਕੀ ਕਿਸੇ ਅਪੀਲ ਵਿੱਚ ਅਪੀਲੇਟ ਅਥਾਰਟੀ ਅਜਿਹਾ ਕੋਈ ਹੁਕਮ ਜਾਰੀ ਕਰ ਸਕਦੀ ਹੈ, ਜਿਸ ਵਿੱਚ ਡਿਊਟੀ/ਜੁਰਮਾਨਾ/ਸਜ਼ਾ ਦੀ ਮਾਤਰਾ ਵਧਾਈ ਗਈ ਹੋਵੇ/ਮੂਲ ਅਥਾਰਟੀ ਵੱਲੋਂ ਜਾਰੀ ਇੱਕ ਹੁਕਮ ਤੋਂ ਰੀਫ਼ੰਡ/ਆਈ.ਟੀ.ਸੀ. ਦੀ ਰਕਮ ਘਟਾਈ ਗਈ ਹੋਵੇ?**

ਉੱਤਰ. ਅਪੀਲੇਟ ਅਥਾਰਟੀ ਨੂੰ ਕੋਈ ਅਜਿਹਾ ਹੁਕਮ ਜਾਰੀ ਕਰਨ ਦਾ ਅਧਿਕਾਰ ਹੈ, ਜਿਸ ਦੇ ਆਧਾਰ ਉੱਤੇ **ਜ਼ਬਤੀ ਦੇ ਸਥਾਨ ਉੱਤੇ ਫ਼ੀਸ ਜਾਂ ਸਜ਼ਾ ਜਾਂ ਜੁਰਮਾਨਾ ਵਧਾਏ ਜਾ ਸਕਣ ਜਾਂ ਰੀਫ਼ੰਡ ਜਾਂ ਇਨਪੁਟ ਟੈਕਸ ਕ੍ਰੈਡਿਟ ਦੀ ਰਕਮ ਘਟਾਈ ਜਾ ਸਕੇ**, ਬਸ਼ਰਤੇ ਅਪੀਲਕਰਤਾ ਨੂੰ ਪ੍ਰਸਤਾਵਿਤ ਹਾਨੀਕਾਰਕ ਹੁਕਮ ਦੇ ਵਿਰੁੱਧ ''ਕਾਰਨ ਦਰਸਾਉਣ ਦਾ ਵਾਜਬ ਮੌਕਾ ਦਿੱਤਾ ਗਿਆ ਹੋਵੇ। (ਅਨੁਛੇਦ 107(11) ਦੀ ਪਹਿਲੀ ਵਿਵਸਥਾ)

ਜਿੱਥੋਂ ਤੱਕ ਡਿਊਟੀ ਨੂੰ ਵਧਾਉਣ ਜਾਂ ਆਈ.ਟੀ.ਸੀ. ਦਾ ਗ਼ਲਤ ਲਾਭ ਲੈਣ ਬਾਰੇ ਫ਼ੈਸਲਾ ਲੈਣ ਦੇ ਪ੍ਰਸ਼ਨ ਦਾ ਸਬੰਧ ਹੈ, ਏ.ਏ. ਅਜਿਹਾ ਕੇਵਲ ਪ੍ਰਸਤਾਵਿਤ ਹੁਕਮ ਵਿਰੁੱਧ ਅਪੀਲਕਰਤਾ ਲਈ ਵਿਸ਼ੇਸ਼ ਐਸ.ਸੀ.ਐਨ. ਦੇਣ ਤੋਂ ਬਾਅਦ ਹੀ ਕਰ ਸਕਦੀ ਹੈ ਅਤੇ ਹੁਕਮ ਆਪਣੇ-ਆਪ ਨਿਰਧਾਰਤ ਸਮਾਂ-ਸੀਮਾ ਵਿੱਚ ਅਨੁਛੇਦ 73 ਜਾਂ 74 ਅਧੀਨ ਹੀ ਜਾਰੀ ਹੋਣਾ ਚਾਹੀਦਾ ਹੈ। (ਅਨੁਛੇਦ 107(11) ਦੀ ਦੂਜੀ ਵਿਵਸਥਾ)।

**ਪ੍ਰਸ਼ਨ 10. ਕੀ ਅਪੀਲੇਟ ਅਥਾਰਟੀ ਨੂੰ ਕਿਸੇ ਕਾਰਨਾਂ ਕਰ ਕੇ ਕੇਸ ਦਾ ਰਿਮਾਂਡ ਵਾਪਸ ਐਡਜੂਡੀਕੇਟਿੰਗ ਅਥਾਰਟੀ ਕੋਲ ਲਿਜਾਣ ਦਾ ਅਧਿਕਾਰ ਹੈ?**

ਉੱਤਰ. ਜੀ ਨਹੀਂ। ਸੈਕਸ਼ਨ 107(11) ਵਿੱਚ ਵਿਸ਼ੇਸ਼ ਤੌਰ ਉੱਤੇ ਦਰਸਾਇਆ ਗਿਆ ਹੈ ਕਿ ਅਪੀਲੇਟ ਅਥਾਰਟੀ ਅਜਿਹੀ ਜਾਂਚ ਕਰਨ ਤੋਂ ਬਾਅਦ, ਜਿਵੇਂ ਵੀ ਜ਼ਰੂਰੀ ਹੋ ਸਕਦਾ ਹੈ, ਅਜਿਹਾ ਹੁਕਮ ਜਾਰੀ ਕਰ ਸਕਦੀ ਹੈ, ਜਿਵੇਂ ਕਿ ਉਹ ਨਿਆਂਪੂਰਨ ਤੇ ਵਾਜਬ ਸਮਝੇ, ਪੁਸ਼ਟੀ ਕਰੇ, ਸੋਧ ਕਰੇ ਜਾਂ ਕੋਈ ਫ਼ੈਸਲਾ ਜਾਂ ਆਦੇਸ਼ ਵਿਰੁੱਧ ਫ਼ੈਸਲਾ ਸੁਣਾਵੇ, **ਪਰ ਕੋਈ ਮਾਮਲਾ ਉਸ ਅਥਾਰਟੀ ਕੋਲ ਵਾਪਸ ਰੈਫ਼ਰ ਨਹੀਂ ਕਰੇਗੀ, ਜਿਸ ਨੇ ਕੋਈ ਫ਼ੈਸਲਾ ਦਿੱਤਾ ਹੈ ਜਾਂ ਆਦੇਸ਼ ਸੁਣਾਇਆ ਹੈ।**

**ਪ੍ਰਸ਼ਨ 11. ਕੀ ਸੀ.ਜੀ.ਐੱਸ.ਟੀ./ਐਸ.ਜੀ.ਐਸ.ਟੀ. ਅਥਾਰਟੀ ਆਪਣੇ ਅਧੀਨ ਕਰਮਚਾਰੀਆਂ ਜਾਂ ਅਧਿਕਾਰੀਆਂ ਵੱਲੋਂ ਕਾਨੂੰਨ ਅਧੀਨ ਜਾਰੀ ਕਿਸੇ ਹੁਕਮ ਵਿੱਚ ਸੋਧ ਕਰ ਸਕਦੀ ਹੈ?**

ਉੱਤਰ. ਕਾਨੂੰਨ ਦਾ ਸੈਕਸ਼ਨ 2(99) ਵਿੰਚ "ਰਿਵੀਜ਼ਨਲ ਅਥਾਰਟੀ" ਦੀ ਪਰਿਭਾਸ਼ਾ; ਇਸ ਕਾਨੂੰਨ ਅਧੀਨ ਨਿਯੁਕਤ ਜਾਂ ਅਧਿਕਾਰਤ ਅਜਿਹੀ ਇੱਕ ਅਥਾਰਟੀ ਵਜੋਂ ਦਿੱਤੀ ਗਈ ਹੈ ਜੋ ਫ਼ੈਸਲੇ ਜਾਂ ਆਦੇਸ਼ਾਂ ਵਿੱਚ ਸੋਧ ਕਰ ਸਕਦੀ ਹੈ, ਜਿਵੇਂ ਕਿ ਸੈਕਸ਼ਨ 108 ਵਿੱਚ ਦਰਜ ਹੈ। ਇਸ ਕਾਨੂੰਨ ਦਾ ਸੈਕਸ਼ਨ 108 ਅਜਿਹੀ "ਰਿਵੀਜ਼ਨਲ ਅਥਾਰਟੀ" ਨੂੰ ਅਧਿਕਾਰ ਦਿੰਦਾ ਹੈ ਕਿ ਉਹ ਆਪਣੇ

ਅਧੀਨ ਕਰਮਚਾਰੀਆਂ ਜਾਂ ਅਧਿਕਾਰੀਆਂ ਨੂੰ ਸੱਦ ਸਕਦੇ ਹਨ ਅਤੇ ਉਨ੍ਹਾਂ ਵੱਲੋਂ ਜਾਰੀ ਕਿਸੇ ਵੀ ਹੁਕਮ ਦਾ ਨਿਰੀਖਣ ਕਰ ਸਕਦੇ ਹਨ ਅਤੇ ਜੇ ਉਹ ਸਮਝਣ ਕਿ ਹੇਠਲੇ ਅਧਿਕਾਰੀ ਦੇ ਹੁਕਮ ਵਿੱਚ ਕੋਈ ਗ਼ਲਤੀ ਹੈ ਅਤੇ ਉਹ ਆਮਦਨ ਪ੍ਰਤੀ ਪੱਖਪਾਤੀ ਹੈ ਅਤੇ ਗ਼ੈਰ-ਕਾਨੂੰਨੀ ਜਾਂ ਗ਼ੈਰ-ਵਾਜਬ ਹੈ ਜਾਂ ਜਿਸ ਨੇ ਕੁਝ ਖ਼ਾਸ ਭੌਤਿਕ ਤੱਤਾਂ ਨੂੰ ਧਿਆਨ ਗੋਚਰੇ ਨਹੀਂ ਲਿਆ ਹੈ, ਭਾਵੇਂ ਵਰਣਿਤ ਹੁਕਮ ਜਾਰੀ ਹੋਣ ਸਮੇਂ ਉਪਲਬਧ ਹੋਵੇ ਜਾਂ ਨਾ ਜਾਂ ਭਾਰਤ ਦੇ ਕੰਪਟਰੋਲਰ ਅਤੇ ਆੱਡੀਟਰ ਜਨਰਲ ਵੱਲੋਂ ਦਿੱਤੀ ਟਿੱਪਣੀ ਦੇ ਨਤੀਜੇ ਵਜੋਂ, ਉਹ, ਜੇ ਜ਼ਰੂਰੀ ਹੋਵੇ, ਨੋਟਿਸ ਦੀ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਆਦੇਸ਼ ਵਿੱਚ ਸੋਧ ਕਰ ਸਕਦਾ ਹੈ।

**ਪ੍ਰਸ਼ਨ 12. ਕੀ 'ਰਿਵੀਜ਼ਨਲ ਅਥਾਰਟੀ' ਆਪਣੇ ਅਧੀਨ ਕਰਮਹਾਰੀਆਂ ਵੱਲੋਂ ਮੁਲਤਵੀ ਪਈ ਅਜਿਹੀ ਸੋਧ ਰਾਹੀਂ ਪਾਸ ਕੀਤੇ ਕਿਸੇ ਹੁਕਮ ਦੇ ਆੱਪਰੇਸ਼ਨ ਉੱਤੇ ਸਟੇਅ ਦਾ ਹੁਕਮ ਜਾਰੀ ਕਰ ਸਕਦੀ ਹੈ?**

ਉੱਤਰ. ਜੀ ਹਾਂ।

**ਪ੍ਰਸ਼ਨ 13. ਜੀ.ਐਸ.ਟੀ. ਅਧੀਨ "ਰਿਵੀਜ਼ਨਲ ਅਥਾਰਟੀ" ਨੂੰ ਆਪਣੇ ਅਧੀਨ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਹੁਕਮਾਂ ਨੂੰ ਸੋਧਣ ਦੇ ਅਧਿਕਾਰ ਤੇ ਉਨ੍ਹਾਂ ਦੇ ਅਧਿਕਾਰਾਂ ਲਈ ਕੋਈ ਬੰਧਨ ਹਨ?**

ਉੱਤਰ. ਜੀ ਹਾਂ। "ਰਿਵੀਜ਼ਨਲ ਅਥਾਰਟੀ" ਉਸ ਹਾਲਤ ਵਿੱਚ ਕਿਸੇ ਆਦੇਸ਼ ਨੂੰ ਨਹੀਂ ਸੋਧੇਗੀ, ਜੇ

(ੳ) ਹੁਕਮ ਨੂੰ ਅਨੁਛੇਦ 107 ਅਧੀਨ ਜਾਂ ਅਨੁਛੇਦ 112 ਅਧੀਨ ਜਾਂ ਅਨੁਛੇਦ 117 ਅਧੀਨ ਜਾਂ ਅਨੁਛੇਦ 118 ਅਧੀਨ ਕੀਤੀ ਗਈ ਇੱਕ ਅਪੀਲ ਲਈ ਜਾਰੀ ਕੀਤਾ ਗਿਆ ਹੈ; ਜਾਂ

(ਅ) ਸੈਕਸ਼ਨ 107(2) ਅਧੀਨ ਫ਼ੈਸਲਾ ਜਾਰੀ ਕਰਨ ਜਾਂ ਸੋਧਣ ਦਾ ਹੁਕਮ ਦੇਣ ਤੋਂ ਬਾਅਦ ਵਰਣਿਤ ਮਿਆਦ ਹਾਲੇ ਖ਼ਤਮ ਨਹੀਂ ਹੋਈ ਹੈ ਜਾਂ ਤਿੰਨ ਸਾਲ ਤੋਂ ਵੱਧ ਦਾ ਸਮਾਂ ਖ਼ਤਮ ਹੋ ਗਿਆ ਹੈ।

(ੲ) ਹੁਕਮ ਪਹਿਲਾਂ ਹੀ ਕਿਸੇ ਪਹਿਲੇ ਪੜਾਅ ਉੱਤੇ ਇਸ ਸੈਕਸ਼ਨ ਅਧੀਨ ਸੋਧਨ ਲਈ ਲਿਆ ਗਿਆ ਹੈ।

**ਪ੍ਰਸ਼ਨ 14. ਟ੍ਰਿਬਿਊਨਲ ਕੋਲ ਅਪੀਲ ਪ੍ਰਵਾਨ ਕਰਨ ਤੋਂ ਇਨਕਾਰ ਕਰਨ ਦੀਆਂ ਸ਼ਕਤੀਆਂ ਕਦੋਂ ਹੁੰਦੀਆਂ ਹਨ?**

ਉੱਤਰ. ਅਜਿਹੇ ਮਾਮਲਿਆਂ ਵਿੱਚ, ਜਿੱਥੇ ਅਪੀਲ ਵਿੱਚ ਇਹ ਸ਼ਾਮਲ ਹੋਣ –

* ਟੈਕਸ ਦੀ ਰਕਮ ਜਾਂ ਇਨਪੁਟ ਟੈਕਸ ਕ੍ਰੈਡਿਟ ਜਾਂ
* ਟੈਕਸ ਵਿੱਚ ਫ਼ਰਕ ਜਾਂ ਇਨਪੁਟ ਟੈਕਸ ਕ੍ਰੈਡਿਟ ਵਿੱਚ ਫ਼ਰਕ ਮੌਜੂਦ ਹੈ ਜਾਂ
* ਜੁਰਮਾਨੇ, ਫੀਸ ਜਾਂ ਦੰਡ ਦੀ ਰਕਮ, ਜੋ ਅਜਿਹੇ ਆਦੇਸ਼ ਰਾਹੀਂ ਨਿਰਧਾਰਤ ਹੋਵੇ,

  50,000/– ਰੁਪਏ ਤੋਂ ਵੱਧ ਨਹੀਂ ਹੁੰਦੀ, ਟ੍ਰਿਬਿਊਨਲ ਨੂੰ ਅਜਿਹੀ ਅਪੀਲ ਪ੍ਰਵਾਨ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ। (ਕਾਨੂੰਨ ਦਾ ਸੈਕਸ਼ਨ 112(2))।

**ਪ੍ਰਸ਼ਨ 15. ਉਹ ਸਮਾਂ ਸੀਮਾ ਕੀ ਹੈ, ਜਿਸ ਦੇ ਅੰਦਰ ਟ੍ਰਿਬਿਊਨਲ ਸਾਹਮਣੇ ਅਪੀਲ ਦਾਇਰ ਕੀਤੀ ਜਾ ਸਕਦੀ ਹੈ?**

ਉੱਤਰ. ਸ਼ਿਕਾਇਤਕਰਤਾ ਵਿਅਕਤੀ ਨੂੰ ਆਦੇਸ਼ ਪ੍ਰਾਪਤੀ ਦੀ ਮਿਤੀ ਦੇ 3 ਮਹੀਨਿਆਂ ਅੰਦਰ ਟ੍ਰਿਬਿਊਨਲ ਸਾਹਮਣੇ ਅਪੀਲ ਦਾਇਰ ਕਰਨੀ ਹੋਵੇਗੀ। ਵਿਭਾਗ ਨੂੰ ਸਮੀਖਿਆ ਦੀਆਂ ਕਾਰਵਾਈਆਂ ਮੁਕੰਮਲ ਕਰਨੀਆਂ ਹੋਣਗੀਆਂ ਅਤੇ ਸੋਧ ਅਧੀਨ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਸਮੇਂ ਅੰਦਰ ਅਪੀਲ ਦਾਇਰ ਕਰਨੀ ਹੋਵੇਗੀ।

**ਪ੍ਰਸ਼ਨ 16. ਕੀ ਟ੍ਰਿਬਿਊਨਲ 3 ਮਹੀਨਿਆਂ ਦੇ ਸਮੇਂ ਤੋਂ ਬਾਅਦ ਆਪਣੇ ਸਾਹਮਣੇ ਦਾਇਰ ਕੀਤੇ ਜਾਣ ਵਾਲੀ ਅਪੀਲ ਵਿੱਚ ਹੋਈ ਦੇਰੀ ਲਈ ਮੁਆਫ਼ੀ ਦੇ ਸਕਦਾ ਹੈ? ਜੇ ਹਾਂ, ਤਾਂ ਕਿੰਨੇ ਸਮੇਂ ਤੱਕ ਲਈ?**

ਉੱਤਰ. ਜੀ ਹਾਂ, ਟ੍ਰਿਬਿਊਨਲ ਕੋਲ 3 ਮਹੀਨਿਆਂ ਦੇ ਸਮੇਂ; 3/6 ਮਹੀਨਿਆਂ ਦੀ ਮਿਆਦ ਤੋਂ ਬਾਅਦ ਕਿਸੇ ਵੀ ਸਮੇਂ ਦੀ ਦੇਰੀ ਨੂੰ ਮੁਆਫ਼ ਕਰਨ ਦੀਆਂ ਸ਼ਕਤੀਆਂ ਹੁੰਦੀਆਂ ਹਨ ਬਸ਼ਰਤੇ ਅਪੀਲਕਰਤਾ ਅਜਿਹੀ ਕਿਸੇ ਦੇਰੀ ਲਈ ਕੋਈ ਵਾਜਬ ਕਾਰਨ ਦਰਸਾਏ।

**ਪ੍ਰਸ਼ਨ 17. ਟ੍ਰਿਬਿਊਨਲ ਸਾਹਮਣੇ ਕ੍ਰੌਸ ਇਤਰਾਜ਼ਾਂ ਦਾ ਮੈਮੋਰੈਂਡਮ ਫ਼ਾਇਲ ਕਰਨ ਲਈ ਸਮਾਂ ਸੀਮਾ ਕੀ ਹੈ?**

ਉੱਤਰ. ਅਪੀਲ ਪ੍ਰਾਪਤੀ ਦੀ ਮਿਤੀ ਤੋਂ 45 ਦਿਨ।

**ਪ੍ਰਸ਼ਨ 18. ਕੀ ਪ੍ਰੀ-ਡਿਪਾੱਜ਼ਿਟ ਰਾਸ਼ੀ ਦੇ ਰੀਫ਼ੰਡ ਉੱਤੇ ਵਿਆਜ ਅਦਾਇਗੀਯੋਗ ਹੁੰਦਾ ਹੈ?**

ਉੱਤਰ. ਜੀ ਹਾਂ। ਕਾਨੂੰਨ ਦੇ ਅਨੁਛੇਦ 115 ਅਨੁਸਾਰ, ਜਿੱਥੇ ਅਨੁਛੇਦ 107 ਦੇ ਉੱਪ-ਅਨੁਛੇਦ (6)/(4) ਜਾਂ ਅਨੁਛੇਦ 112 ਦੇ ਉੱਪ-ਅਨੁਛੇਦ (8) ਅਧੀਨ ਅਪੀਲਕਰਤਾ ਵੱਲੋਂ ਇੱਕ ਰਾਸ਼ੀ ਜਮ੍ਹਾ ਕਰਵਾਈ ਜਾਂਦੀ ਹੈ, ਉਸ ਨੂੰ ਅਪੀਲੇਟ ਅਥਾਰਟੀ ਜਾਂ ਅਪੀਲੇਟ ਟ੍ਰਿਬਿਊਨਲ, ਜਿਵੇਂ ਵੀ ਮਾਮਲਾ ਹੋ ਸਕਦਾ ਹੈ, ਦੇ ਕਿਸੇ ਆਦੇਸ਼ ਕਾਰਨ ਰੀਫ਼ੰਡ ਕਰਨ ਦੀ ਜ਼ਰੂਰਤ ਹੁੰਦੀ ਹੈ, ਫਿਰ ਅਜਿਹੇ ਰੀਫ਼ੰਡ ਉੱਤੇ ਅਨੁਛੇਦ 56 ਅਧੀਨ ਵਰਣਿਤ ਦਰ ਉੱਤੇ ਵਿਆਜ ਵੀ, ਇਸ ਰਕਮ ਦੇ ਭੁਗਤਾਨ ਤੋਂ ਲੈ ਕੇ ਰੀਫ਼ੰਡ ਦੀ ਮਿਤੀ ਤੱਕ ਅਦਾਇਗੀਯੋਗ ਹੋਵੇਗਾ।

**ਪ੍ਰਸ਼ਨ 19. ਟ੍ਰਿਬਿਊਨਲ ਦੇ ਆਦੇਸ਼ ਵਿਰੁੱਧ ਅਪੀਲ ਲਈ ਕਿਹੜੀ ਫ਼ੋਰਮ ਹੁੰਦੀ ਹੈ?**

ਉੱਤਰ. ਟ੍ਰਿਬਿਊਨਲ ਦੇ ਰਾਜ ਦੇ ਬੈਂਚ ਜਾਂ ਖੇਤਰੀ ਬੈਂਚਾਂ ਵੱਲੋਂ ਜਾਰੀ ਹੁਕਮਾਂ ਵਿਰੁੱਧ ਅਪੀਲ ਹਾਈ ਕੋਰਟ ਵਿੱਚ ਕੀਤੀ ਜਾਂਦੀ ਹੈ; ਜੇ ਹਾਈ ਕੋਰਟ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਅਜਿਹੀ ਅਪੀਲ ਵਿੱਚ ਕਾਨੂੰਨ ਦਾ ਕੋਈ ਠੋਸ ਪ੍ਰਸ਼ਨ ਹੈ। (ਅਨੁਛੇਦ 1171()। ਉਂਝ, ਜੇ ਟ੍ਰਿਬਿਊਨਲ ਦੇ ਰਾਸ਼ਟਰੀ ਬੈਂਚ ਜਾਂ ਖੇਤਰੀ ਬੈਂਚਾਂ ਵੱਲੋਂ ਜਾਰੀ ਆਦੇਸ਼ ਕਿਸੇ ਅਜਿਹੇ ਮਸਲੇ ਨਾਲ ਸਬੰਧਤ ਹੈ, ਜਿੱਥੇ ਦੋ ਜਾਂ ਵਧੇਰੇ ਸੂਬੇ ਜਾਂ ਇੱਕ ਸੂਬੇ ਅਤੇ ਕੇਂਦਰ ਵਿਚਾਲੇ; ਕਿਸੇ ਸੂਬੇ ਦੇ ਅੰਦਰ ਜਾਂ ਅੰਤਰ-ਰਾਜੀ ਲੈਣ-ਦੇਣਾਂ (ਟ੍ਰਾਂਜ਼ੈਕਸ਼ਨਜ਼) ਨੂੰ ਲੈ ਕੇ ਵਿਚਾਰਾਂ ਨੂੰ ਲੈ ਕੇ ਮਤਭੇਦ ਹਨ; ਜਾਂ ਕੋਈ ਅਜਿਹਾ ਮਾਮਲਾ, ਜਿੱਥੇ ਦੋ ਜਾਂ ਵਧੇਰੇ ਸੂਬੇ, ਜਾਂ ਕੋਈ ਸੂਬਾ ਤੇ ਕੇਂਦਰ ਵਿਚਾਲੇ ਸਪਲਾਈ ਦੇ ਸਥਾਨ ਨੂੰ ਲੈ ਕੇ ਵਿਚਾਰਾਂ ਦੇ ਮਤਭੇਦ ਹਨ, ਤਦ ਅਜਿਹੇ ਆਦੇਸ਼ ਵਿਰੁੱਧ ਅਪੀਲ ਸੁਪਰੀਮ ਕੋਰਟ ਵਿੱਚ ਕਰਨੀ ਹੋਵੇਗੀ, ਹਾਈ ਕੋਰਟ 'ਚ ਨਹੀਂ। (ਕਾਨੂੰਨ ਦੇ ਸੈਕਸ਼ਨ 109(5) ਅਧੀਨ, ਕੇਵਲ ਟ੍ਰਿਬਿਊਨਲ ਦਾ ਕੇਵਲ ਰਾਸ਼ਟਰੀ ਬੈਂਚ ਜਾਂ ਖੇਤਰੀ ਬੈਂਚ ਅਪੀਲਾਂ ਦਾ ਫ਼ੈਸਲਾ ਲੈ ਸਕਦੇ ਹਨ, ਜਿੱਥੇ ਇੱਕ ਮੁੱਦਾ ਸਪਲਾਈ ਦੇ ਸਥਾਨ ਨਾਲ ਸਬੰਧਤ ਹੋਵੇ)।

**ਪ੍ਰਸ਼ਨ 20. ਹਾਈ ਕੋਰਟ ਸਾਹਮਣੇ ਇੱਕ ਅਪੀਲ ਦਾਇਰ ਕਰਨ ਦੀ ਸਮਾਂ ਸੀਮਾ ਕੀ ਹੈ?**

ਉੱਤਰ. ਜਿਸ ਆਦੇਸ਼ ਵਿਰੁੱਧ ਅਪੀਲ ਕਰਨੀ ਹੈ, ਉਸ ਆਦੇਸ਼ ਦੀ ਪ੍ਰਾਪਤੀ ਦੀ ਮਿਤੀ ਦੇ 180 ਦਿਨਾਂ ਅੰਦਰ। ਉਂਝ, ਜੇ ਕੋਈ ਵਾਜਬ ਕਾਰਨ ਦਰਸਾਇਆ ਜਾਵੇ, ਤਾਂ ਹਾਈ ਕੋਰਟ ਨੂੰ ਹੋਰ ਦੇਰੀ ਹੋਣ ਦੀ ਸਥਿਤੀ ਵਿੱਚ ਅਪੀਲਕਰਤਾ ਨੂੰ ਉਸ ਦੇਰੀ ਲਈ ਮੁਆਫ਼ੀ ਦੇਣ ਦਾ ਹੱਕ ਹੁੰਦਾ ਹੈ।

------

# ਐਡਵਾਂਸ ਰੂਲਿੰਗ

# ਐਡਵਾਂਸ ਰੂਲਿੰਗ

**ਪ੍ਰਸ਼ਨ 1. ਐਡਵਾਂਸ ਰੂਲਿੰਗ ਦਾ ਕੀ ਅਰਥ ਹੈ?**

ਉੱਤਰ. ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਕਾਨੂੰਨ ਦੇ ਸੈਕਸ਼ਨ 95 ਅਤੇ ਯੂ.ਟੀ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 12 ਅਨੁਸਾਰ, 'ਐਡਵਾਂਸ ਰੂਲਿੰਗ' ਇੱਕ ਅਜਿਹਾ ਫ਼ੈਸਲਾ ਹੁੰਦਾ ਹੈ, ਜੋ ਇੱਕ ਬਿਨੈਕਾਰ ਨੂੰ ਇੱਕ ਅਥਾਰਟੀ ਜਾਂ ਅਪੀਲੇਟ ਅਥਾਰਟੀ ਵੱਲੋਂ ਅਜਿਹੇ ਮਾਮਲਿਆਂ ਜਾਂ ਪ੍ਰਸ਼ਨਾਂ ਉੱਤੇ ਦਿੱਤਾ ਗਿਆ ਹੁੰਦਾ ਹੈ, ਜਿਹੜੇ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਕਾਨੂੰਨ ਦੇ ਸੈਕਸ਼ਨ 97(2) ਜਾਂ 100(1) ਵਿੱਚ ਵਰਣਿਤ ਹਨ, ਜਿਵੇਂ ਵੀ ਕੋਈ ਮਾਮਲਾ ਹੋ ਸਕਦਾ ਹੈ, ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਦੇ ਸਬੰਧ ਵਿੱਚ ਬਿਨੈਕਾਰ ਵੱਲੋਂ ਲਿਆ ਜਾਂ ਲਿਆ ਜਾ ਰਿਹਾ ਪ੍ਰਸਤਾਵਿਤ ਹੋ ਸਕਦਾ ਹੈ।

**ਪ੍ਰਸ਼ਨ 2. ਉਹ ਕਿਹੜੇ ਪ੍ਰਸ਼ਨ ਹਨ, ਜਿਨ੍ਹਾਂ ਲਈ ਐਡਵਾਂਸ ਰੂਲਿੰਗ ਮੰਗੀ ਜਾ ਸਕਦੀ ਹੈ?**

ਉੱਤਰ. ਐਡਵਾਂਸ ਰੂਲਿੰਗ ਨਿਮਨਲਿਖਤ ਮਾਮਲਿਆਂ ਲਈ ਮੰਗੀ ਜਾ ਸਕਦੀ ਹੈ:

(ੳ) ਕਿਸੇ ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦਾ ਵਰਗੀਕਰਨ;

(ਅ) ਜੀ.ਐੱਸ.ਟੀ. ਕਾਨੂੰਨ(ਾਂ) ਦੀਆਂ ਵਿਵਸਥਾਵਾਂ ਅਧੀਨ ਜਾਰੀ ਕਿਸੇ ਨੋਟੀਫ਼ਿਕੇਸ਼ਨ ਦੀ ਵਿਵਹਾਰਕਤਾ;

(ੲ) ਮਾਲ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਦੀ ਕੀਮਤ ਦਾ ਨਿਰਧਾਰਨ;

(ਸ) ਅਦਾ ਕੀਤੇ ਟੈਕਸ ਜਾਂ ਅਦਾ ਕੀਤੇ ਸਮਝੇ ਜਾਣ ਵਾਲੇ ਟੈਕਸ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਪ੍ਰਵਾਨਗੀਯੋਗਤਾ;

(ਹ) ਕਾਨੂੰਨ ਅਧੀਨ ਕਿਸੇ ਮਾਲ ਜਾਂ ਸੇਵਾਵਾਂ ਉੱਤੇ ਟੈਕਸ ਅਦਾ ਕਰਨ ਦੀ ਦੇਣਦਾਰੀ ਬਾਰੇ ਨਿਰਧਾਰਨ;

(ਕ) ਕੀ ਕਾਨੂੰਨ ਅਧੀਨ ਬਿਨੈਕਾਰ ਨੂੰ ਰਜਿਸਟਰਡ ਹੋਣ ਦੀ ਜ਼ਰੂਰਤ ਹੈ;

(ਖ) ਕੀ ਕਿਸੇ ਮਾਲ ਜਾਂ ਸੇਵਾਵਾਂ ਦੇ ਸਬੰਧ ਵਿੱਚ ਅਪੀਲਕਰਤਾ ਵੱਲੋਂ ਕੀਤੀ ਗਈ ਕੋਈ ਖ਼ਾਸ ਚੀਜ਼; ਵਸਤਾਂ ਦੀ ਸਪਲਾਈ ਜਾਂ ਸੇਵਾਵਾਂ ਦੀ

ਮਾਤਰਾ ਜਾਂ ਉਨ੍ਹਾਂ ਦੇ ਨਤੀਜੇ ਉਸ ਮੱਦ ਦੇ ਅਰਥ ਵਿੱਚ ਆਉਂਦੇ ਹਨ ਜਾਂ ਨਹੀਂ।

**ਪ੍ਰਸ਼ਨ 3. ਐਡਵਾਂਸ ਰੂਲਿੰਗ ਦਾ ਇੱਕ ਪ੍ਰਬੰਧ ਹੋਣ ਦਾ ਕੀ ਉਦੇਸ਼ ਹੈ?**

ਉੱਤਰ. ਅਜਿਹੀ ਇੱਕ ਅਥਾਰਟੀ ਦੀ ਸਥਾਪਨਾ ਲਈ ਵਿਆਪਕ ਉਦੇਸ਼:

i. ਬਿਨੈਕਾਰ ਵੱਲੋਂ ਕੀਤੀ ਜਾਣ ਵਾਲੀ ਕੋਈ ਪ੍ਰਸਤਾਵਿਤ ਗਤੀਵਿਧੀ ਦੇ ਸਬੰਧ ਵਿੱਚ ਐਡਵਾਂਸ ਵਿੱਚ ਟੈਕਸ ਦੇਣਦਾਰੀ ਬਾਰੇ ਨਿਸ਼ਚਤਤਾ ਪ੍ਰਦਾਨ ਕਰਨਾ;

ii. ਸਿੱਧਾ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਖਿੱਚਣਾ;

iii. ਮੁਕੱਦਮੇਬਾਜ਼ੀ ਘਟਾਉਣਾ;

iv. ਪਾਰਦਰਸ਼ੀ ਅਤੇ ਘੱਟ ਖ਼ਰਚੀਲੇ ਢੰਗ ਨਾਲ ਤੇਜ਼ ਰਫ਼ਤਾਰ ਰੂਲਿੰਗ ਦੇਣਾ।

**ਪ੍ਰਸ਼ਨ 4. ਜੀ.ਐਸ.ਟੀ. ਅਧੀਨ 'ਐਡਵਾਂਸ ਰੂਲਿੰਗਜ਼ ਲਈ ਅਥਾਰਟੀ' (ਏ.ਏ.ਆਰ.) ਦਾ ਕੀ ਗਠਨ ਹੋਵੇਗਾ?**

ਉੱਤਰ. 'ਐਡਵਾਂਸ ਰੂਲਿੰਗ ਲਈ ਅਥਾਰਟੀ' (ਏ.ਏ.ਆਰ.) ਵਿੱਚ ਇੱਕ ਮੈਂਬਰ ਸੀ.ਜੀ.ਐਸ.ਟੀ. ਅਤੇ ਇੱਕ ਮੈਂਬਰ ਐਸ.ਜੀ.ਐਸ.ਟੀ./ਐੱਸ.ਜੀ.ਐੱਸ.ਟੀ. ਹੋਣਗੇ। ਉਨ੍ਹਾਂ ਨੂੰ ਕ੍ਰਮਵਾਰ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਦੀ ਨਿਯੁਕਤੀ ਕ੍ਰਮਵਾਰ ਕੇਂਦਰ ਤੇ ਸੂਬਾ ਸਰਕਾਰ ਵੱਲੋਂਕੀਤੀ ਜਾਵੇਗੀ।

**ਪ੍ਰਸ਼ਨ 5. ਐਡਵਾਂਸ ਰੂਲਿੰਗ ਚਾਹੁਣ ਵਾਲੇ ਵਿਅਕਤੀ ਲਈ ਕੀ ਰਜਿਸਟਰਡ ਹੋਣਾ ਜ਼ਰੂਰੀ ਹੈ?**

ਉੱਤਰ. ਜੀ ਨਹੀਂ, ਜੀ.ਐੱਸ.ਟੀ. ਕਾਨੂੰਨ(ਾਂ) ਅਧੀਨ ਰਜਿਸਟਰਡ ਕੋਈ ਵਿਅਕਤੀ ਜਾਂ ਰਜਿਸਟਰੇਸ਼ਨ ਲੈਣ ਦੀ ਇੱਛਾ ਵਾਲਾ ਕੋਈ ਵਿਅਕਤੀ ਇੱਕ ਬਿਨੈਕਾਰ ਹੋ ਸਕਦਾ ਹੈ।(ਸੈਕਸ਼ਨ 95(ਬੀ))।

**ਪ੍ਰਸ਼ਨ 6. ਐਡਵਾਂਸ ਰੂਲਿੰਗ ਲਈ ਅਰਜ਼ੀ ਕਿਸ ਸਮੇਂ ਦਿੱਤੀ ਜਾਂਦੀ ਹੈ?**

ਉੱਤਰ. ਇੱਕ ਬਿਨੈਕਾਰ ਐਡਵਾਂਸ ਰੂਲਿੰਗ ਲਈ ਅਰਜ਼ੀ ਇੱਕ ਲੈਣ-ਦੇਣ ਤੋਂ ਪਹਿਲਾਂ (ਮਾਲ ਜਾਂ ਸੇਵਾਵਾਂ ਦੀ ਪ੍ਰਸਤਾਵਿਤ ਸਪਲਾਈ) ਜਾਂ ਅਜਿਹੀ ਕਿਸੇ ਸਪਲਾਈ ਦੇ ਸਬੰਧ ਵਿੱਚ ਦੇ ਸਕਦਾ ਹੈ, ਜੋ ਹਾਲੇ ਹੋ ਰਹੀ ਹੈ। ਇੱਕੋ-ਇੱਕ ਰੋਕ ਇਹ ਹੈ ਕਿ ਜਿਹੜਾ ਪ੍ਰਸ਼ਨ ਉਠਾਇਆ ਗਿਆ ਹੈ, ਉਹ ਬਿਨੈਕਾਰ ਦੇ ਮਾਮਲੇ

ਵਿੱਚ ਪਹਿਲਾਂ ਤੋਂ ਮੁਲਤਵੀ ਨਹੀਂ ਪਿਆ ਹੈ ਜਾਂ ਕਿਸੇ ਕਾਰਵਾਈ ਦੌਰਾਨ ਉਸ ਉੱਤੇ ਕੋਈ ਫ਼ੈਸਲਾ ਨਹੀਂ ਸੁਣਾਇਆ ਗਿਆ ਹੈ।

**ਪ੍ਰਸ਼ਨ 7. ਐਡਵਾਂਸ ਰੂਲਿੰਗਜ਼ ਲਈ ਅਥਾਰਟੀ ਕੋਲ ਆਪਣੀ ਰੂਲਿੰਗ ਦਾ ਐਲਾਨ ਕਰਨ ਲਈ ਕਿੰਨਾ ਸਮਾਂ ਹੋਵੇਗਾ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 98(6) ਅਨੁਸਾਰ, ਅਥਾਰਟੀ; ਅਰਜ਼ੀ ਪ੍ਰਾਪਤ ਹੋਣ ਦੀ ਮਿਤੀ ਤੋਂ 90 ਦਿਨਾਂ ਅੰਦਰ ਲਿਖਤੀ ਰੂਪ ਵਿੱਚ ਆਪਣੀ ਰੂਲਿੰਗ ਦੀ ਘੋਸ਼ਣਾ ਕਰਨੀ ਹੋਵੇਗੀ।

**ਪ੍ਰਸ਼ਨ 8. 'ਅਪੀਲੇਟ ਅਥਾਰਟੀ ਫ਼ਾਰ ਐਡਵਾਂਸ ਰੂਲਿੰਗ' (ਏ.ਏ.ਏ.ਆਰ.) ਕੀ ਹੈ?**

ਉੱਤਰ. 'ਅਪੀਲੇਟ ਅਥਾਰਟੀ ਫ਼ਾਰ ਐਡਵਾਂਸ ਰੂਲਿੰਗ' (ਏ.ਏ.ਏ.ਆਰ.) ਦਾ ਗਠਨ ਐੱਸ.ਜੀ.ਐੱਸ.ਟੀ. ਕਾਨੂੰਨ ਜਾਂ ਯੂ.ਟੀ.ਜੀ.ਐੱਸ.ਟੀ. ਕਾਨੂੰਨ ਅਧੀਨ ਕੀਤਾ ਜਾਵੇਗਾ ਅਤੇ ਅਜਿਹੀ ਏ.ਏ.ਏ.ਆਰ. ਨੂੰ ਸੀ.ਜੀ.ਐੱਸ.ਟੀ. ਕਾਨੂੰਨ ਅਧੀਨ ਸਬੰਧਤ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੇ ਸਬੰਧ ਵਿੱਚ ਅਪੀਲੇਟ ਅਥਾਾਰਟੀ ਮੰਨਿਆ ਜਾਂ ਸਮਝਿਆ ਜਾਵੇਗਾ। ਇੱਕ ਬਿਨੈਕਾਰ ਜਾਂ ਜਿਊਰੀਸਿਡਿਕਸ਼ਨਲ ਆੱਫ਼ੀਸਰ, ਪਹਿਲਾਂ ਦੀ ਕਿਸੇ ਰੂਲਿੰਗ ਤੋਂ ਨਾਰਾਜ਼ ਹੈ, ਉਹ ਅਪੀਲੇਟ ਅਥਾਰਟੀ ਕੋਲ ਅਪੀਲ ਕਰ ਸਕਦਾ ਹੈ।

**ਪ੍ਰਸ਼ਨ 9. ਜੀ.ਐਸ.ਟੀ. ਅਧੀਨ ਕਿੰਨੀਆਂ ਏ.ਏ.ਆਰ. ਅਤੇ ਏ.ਏ.ਏ.ਆਰ. ਦਾ ਗਠਨ ਹੋਵੇਗਾ?**

ਉੱਤਰ. ਹਰੇਕ ਸੂਬੇ ਲਈ ਇੱਕ ਏ.ਏ.ਆਰ. ਅਤੇ ਏ.ਏ.ਏ.ਆਰ. ਹੋਣਗੇ।

**ਪ੍ਰਸ਼ਨ 10. ਐਡਵਾਂਸ ਰੂਲਿੰਗ ਕਿਸ ਉੱਤੇ ਲਾਗੂ ਹੋਵੇਗੀ?**

ਉੱਤਰ. ਅਨੁਛੇਦ 103 ਦੀ ਵਿਵਸਥਾ ਅਨੁਸਾਰ ਏ.ਏ.ਆਰ. ਜਾਂ ਏ.ਏ.ਏ.ਆਰ. ਵੱਲੋਂ ਦਿੱਤੀ ਗਈ ਕੋਈ ਐਡਵਾਂਸ ਰੂਲਿੰਗ ਕੇਵਲ ਸਬੰਧਤ ਬਿਨੈਕਾਰ, ਜਿਸ ਨੇ 97(2) ਵਿੱਚ ਰੈਫ਼ਰ ਦਿੱਤੇ ਕਿਸੇ ਹਵਾਲੇ ਦੇ ਸਬੰਧ ਵਿੱਚ ਅਜਿਹੀ ਰੂਲਿੰਗ ਮੰਗੀ ਹੋਵੇ ਅਤੇ ਉਸ ਬਿਨੈਕਾਰ ਦੀ ਅਧਿਕਾਰ-ਖੇਤਰਾਤਮਕ ਟੈਕਸ ਅਥਾਰਟੀ ਉੱਤੇ ਲਾਗੂ ਹੋਵੇਗੀ। ਇਸ ਦਾ ਸਪੱਸ਼ਟ ਅਰਥ ਹੈ ਕਿ ਇੱਕ ਐਡਵਾਂਸ ਰੂਲਿੰਗ ਕਿਸੇ ਸੂਬੇ ਵਿੱਚ ਰਹਿੰਦੇ ਉਹੋ ਜਿਹੇ ਹੋਰ ਟੈਕਸਯੋਗ ਵਿਅਕਤੀਆਂ ਉੱਤੇ ਲਾਗੂ ਨਹੀਂ ਹੋਵੇਗੀ। ਇਹ ਕੇਵਲ ਅਜਿਹੇ ਵਿਅਕਤੀ ਤੱਕ ਸੀਮਤ ਹੈ, ਜਿਸ ਨੇ ਐਡਵਾਂਸ ਰੂਲਿੰਗ ਲਈ ਅਰਜ਼ੀ ਦਿੱਤੀ ਹੈ।

**ਪ੍ਰਸ਼ਨ 11. ਕੀ ਐਡਵਾਂਸ ਰੂਲਿੰਗ ਦੀ ਮਿਸਾਲੀ ਕੀਮਤ ਹੈ, ਜਿਵੇਂ ਕਿ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਕਿਸੇ ਫ਼ੈਸਲੇ ਦੀ ਹੁੰਦੀ ਹੈ?**

ਉੱਤਰ. ਜੀ ਨਹੀਂ, ਐਡਵਾਂਸ ਰੂਲਿੰਗ ਕੇਵਲ ਹਵਾਲਾ ਅਧੀਨ ਮਾਮਲੇ ਦੇ ਸਬੰਧ ਵਿੱਚ ਲਾਗੂ ਹੋਣ ਯੋਗ ਹੈ। ਇਸ ਦੀ ਕੋਈ ਮਿਸਾਲੀ ਕੀਮਤ ਨਹੀਂ ਹੈ। ਉਂਝ, ਬਿਨੈਕਾਰ ਤੋਂ ਇਲਾਵਾ ਦੂਜੇ ਵਿਅਕਤੀਆਂ ਲਈ ਵੀ ਇਸ ਦੀ ਪ੍ਰੇਰਕ ਕੀਮਤ ਹੈ।

**ਪ੍ਰਸ਼ਨ 12. ਐਡਵਾਂਸ ਰੂਲਿੰਗ ਦੇ ਲਾਗੂ ਹੋਣ ਲਈ ਸਮਾਂ-ਮਿਆਦ ਕੀ ਹੈ?**

ਉੱਤਰ. ਕਾਨੂੰਨ ਕਿਸੇ ਨਿਸ਼ਚਤ ਸਮਾਂ-ਮਿਆਦ ਲਈ ਅਜਿਹੀ ਵਿਵਸਥਾ ਨਹੀਂ ਦਿੰਦਾ ਕਿ ਜਿਸ ਲਈ ਉਹ ਰੂਲਿੰਗ ਲਾਗੂ ਹੋਵੇਗੀ। ਉਸ ਦੀ ਥਾਂ, ਅਨੁਛੇਦ 103(2) ਵਿੱਚ ਇਹ ਵਿਵਸਥਾ ਦਿੱਤੀ ਗਈ ਹੈ ਕਿ ਐਡਵਾਂਸ ਰੂਲਿੰਗ ਉਸ ਮਿਆਦ ਤੱਕ ਲਾਗੂ ਰਹੇਗੀ, ਜਦੋਂ ਤੱਕ ਕਿ ਅਸਲ ਐਡਵਾਂਸ ਰੂਲਿੰਗ ਨਾਲ ਸਬੰਧਤ ਕਾਨੂੰਨ, ਤੱਥ ਜਾਂ ਸਥਿਤੀਆਂ ਬਦਲ ਨਹੀਂ ਜਾਂਦੀਆਂ। ਇਸ ਪ੍ਰਕਾਰ ਇੱਕ ਰੂਲਿੰਗ ਉਦੋਂ ਤੱਕ ਨਿਰੰਤਰ ਲਾਗੂ ਰਹੇਗੀ, ਜਦੋਂ ਤੱਕ ਕਾਨੂੰਨ, ਤੱਥਾਂ ਜਾਂ ਹਾਲਾਤ ਵਿੱਚ ਕੋਈ ਤਬਦੀਲੀ ਨਹੀਂ ਹੋ ਜਾਂਦੀ।

**ਪ੍ਰਸ਼ਨ 13. ਕੀ ਕਿਸੇ ਐਡਵਾਂਸ ਰੂਲਿੰਗ ਨੂੰ ਰੱਦ ਕੀਤਾ ਜਾ ਸਕਦਾ ਹੈ?**

ਉੱਤਰ. ਅਨੁਛੇਦ 104(1) ਦੀ ਵਿਵਸਥਾ ਅਨੁਸਾਰ ਕੋਈ ਐਡਵਾਂਸ ਰੂਲਿੰਗ ਮੁੱਢੋਂ ਰੱਦ ਹੋ ਸਕਦੀ ਹੈ ਜੇ ਏ.ਏ.ਆਰ. ਜਾਂ ਏ.ਏ.ਏ.ਆਰ. ਨੂੰ ਇਹ ਲੱਗੇ ਕਿ ਬਿਨੈਕਾਰ ਵੱਲੋਂ ਐਡਵਾਂਸ ਰੂਲਿੰਗ ਧੋਖਾਧੜੀ ਨਾਲ ਜਾਂ ਅਸਥ ਤੱਕ ਲੁਕਾ ਕੇ ਜਾਂ ਤੱਥਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰ ਕੇ ਹਾਸਲ ਕੀਤੀ ਗਈ ਸੀ। ਅਜਿਹੀ ਸਥਿਤੀ ਵਿੱਚ, ਜੀ.ਐਸ.ਟੀ. ਕਾਨੂੰਨ(ਾਂ) ਦੀਆਂ ਸਾਰੀਆਂ ਵਿਵਸਥਾਵਾਂ ਉਸ ਬਿਨੈਕਾਰ ਉੱਤੇ ਕੁਝ ਇਸ ਤਰ੍ਹਾਂ ਲਾਗੂ ਹੋਣਗੀਆਂ ਕਿ ਜਿਵੇਂ ਕੋਈ ਐਡਵਾਂਸ ਰੂਲਿੰਗ ਕਦੇ ਦਿੱਤੀ ਹੀ ਨਹੀਂ ਗਈ (ਪਰ ਉਸ ਸਮਾਂ-ਮਿਆਦ ਨੂੰ ਛੱਡ ਕੇ, ਜਦੋਂ ਐਡਵਾਂਸ ਰੂਲਿੰਗ ਦਿੱਤੀ ਗਈ ਸੀ ਅਤੇ ਉਸ ਨੂੰ ਰੱਦ ਕੀਤੇ ਜਾਣ ਦਾ ਹੁਕਮ ਐਲਾਨੇ ਜਾਣ ਤੱਕ)। ਕਿਸੇ ਐਡਵਾਂਸ ਰੂਲਿੰਗ ਨੂੰ ਰੱਦ ਐਲਾਨੇ ਜਾਣ ਦਾ ਆਦੇਸ਼ ਕੇਵਲ ਬਿਨੈਕਾਰ ਦੀ ਸੁਣਵਾਈ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

**ਪ੍ਰਸ਼ਨ 14. ਐਡਵਾਂਸ ਰੂਲਿੰਗ ਪ੍ਰਾਪਤ ਕਰਨ ਦੀ ਕਾਰਜ-ਵਿਧੀ ਕੀ ਹੈ?**

ਉੱਤਰ. ਅਨੁਛੇਦ 97 ਅਤੇ 98 ਐਡਵਾਂਸ ਰੂਲਿੰਗ ਹਾਸਲ ਕਰਨ ਦੀ ਕਾਰਜ-ਵਿਧੀ ਨਾਲ ਸਬੰਧਤ ਹਨ। ਅਨੁਛੇਦ 97 ਦੀ ਵਿਵਸਥਾ ਅਨੁਸਾਰ ਐਡਵਾਂਸ

ਰੂਲਿੰਗ ਲੈਣ ਦੇ ਚਾਹਵਾਨ ਬਿਨੈਕਾਰ ਨੂੰ ਇੱਕ ਨਿਰਧਾਰਤ ਫ਼ਾਰਮ ਅਤੇ ਵਿਧੀ ਰਾਹੀਂ ਏ.ਏ.ਆਰ. ਨੂੰ ਅਰਜ਼ੀ ਦੇਣੀ ਚਾਹੀਦੀ ਹੈ। ਫ਼ਾਰਮ ਦਾ ਫ਼ਾਰਮੈਟ ਅਤੇ ਅਰਜ਼ੀ ਦੇਣ ਦੀ ਵਿਸਤ੍ਰਿਤ ਕਾਰਜ-ਵਿਧੀ ਮੌਡਲ ਜੀ.ਐਸ.ਟੀ. ਨਿਯਮਾਂ ਵਿੱਚ ਨਿਰਧਾਰਤ ਕੀਤੀ ਜਾਵੇਗੀ।

ਅਨੁਛੇਦ 98 ਦੀ ਵਿਵਸਥਾ ਐਡਵਾਂਸ ਰੂਲਿੰਗ ਲਈ ਅਰਜ਼ੀ ਦੇਣ ਨਾਲ ਸਬੰਧਤ ਹੈ। ਏ.ਏ.ਆਰ. ਨੂੰ ਅਰਜ਼ੀ ਦੀ ਕਾਪੀ ਉਸ ਅਧਿਕਾਰੀ ਨੂੰ ਭੇਜਣੀ ਹੋਵੇਗੀ, ਜਿਸ ਦੇ ਅਧਿਕਾਰ ਖੇਤਰ ਵਿੱਚ ਬਿਨੈਕਾਰ ਆਉਂਦਾ ਹੈ ਅਤੇ ਸਾਰੇ ਸਬੰਧਤ ਰਿਕਾਰਡ ਮੰਗੇ ਜਾਣਗੇ। ਤਦ ਏ.ਏ.ਆਰ. ਰਿਕਾਰਡਾਂ ਨਾਲ ਅਰਜ਼ੀ ਦਾ ਨਿਰੀਖਣ ਕਰ ਸਕਦਾ ਹੈ ਅਤੇ ਬਿਨੈਕਾਰ ਦੀ ਸੁਣਵਾਈ ਵੀ ਕਰ ਸਕਦਾ ਹੈ। ਉਸ ਤੋਂ ਬਾਅਦ, ਏ.ਏ.ਆਰ. ਇੱਕ ਹੁਕਮ ਜਾਰੀ ਕਰਦਿਆਂ ਅਰਜ਼ੀ ਨੂੰ ਜਾਂ ਤਾਂ ਕਬੂਲ ਕਰ ਲਵੇਗਾ ਅਤੇ ਜਾਂ ਰੱਦ ਕਰ ਦੇਵੇਗਾ।

**ਪ੍ਰਸ਼ਨ 15. ਕਿਹੜੀ ਸਥਿਤੀਆਂ ਵਿੱਚ ਐਡਵਾਂਸ ਰੂਲਿੰਗ ਲਈ ਅਰਜ਼ੀ ਲਾਜ਼ਮੀ ਤੌਰ 'ਤੇ ਰੱਦ ਕਰ ਦਿੱਤੀ ਜਾਵੇਗੀ?**

ਉੱਤਰ. ਅਰਜ਼ੀ ਉਸ ਹਾਲਤ ਵਿੱਚ ਰੱਦ ਹੋ ਜਾਵੇਗੀ, ਜੇ ਅਰਜ਼ੀ ਵਿੱਚ ਉਠਾਇਆ ਗਿਆ ਪ੍ਰਸ਼ਨ; ਜੀ.ਐੱਸ.ਟੀ. ਕਾਨੂੰਨ(ਾਂ) ਦੀ ਕਿਸੇ ਵਿਵਸਥਾ ਅਧੀਨ ਬਿਨੈਕਾਰ ਦੇ ਮਾਮਲੇ ਵਿੱਚ ਕਿਸੇ ਕਾਰਵਾਈ ਵਿੱਚ ਪਹਿਲਾਂ ਤੋਂ ਮੁਲਤਵੀ ਪਿਆ ਹੈ ਜਾਂ ਇਸ ਬਾਰੇ ਪਹਿਲਾਂ ਕੋਈ ਫ਼ੈਸਲਾ ਹੋ ਚੁੱਕਾ ਹੈ।

ਜੇ ਅਰਜ਼ੀ ਰੱਦ ਹੋ ਜਾਂਦੀ ਹੈ, ਤਾਂ ਇਹ ਮੌਖਿਕ ਆਦੇਸ਼ ਦੇ ਢੰਗ ਨਾਲ ਹੋਣਾ ਚਾਹੀਦਾ ਹੈ ਤੇ ਰੱਦ ਹੋਣ ਦਾ ਕਾਰਨ ਦੇਣਾ ਹੋਵੇਗਾ।

**ਪ੍ਰਸ਼ਨ 16. ਇੱਕ ਵਾਰ ਅਰਜ਼ੀ ਪ੍ਰਵਾਨ ਹੋਣ ਤੋਂ ਬਾਅਦ ਏ.ਏ.ਆਰ. ਵੱਲੋਂ ਕਿਹੜੀ ਕਾਰਜ-ਵਿਧੀ ਅਪਣਾਈ ਜਾਂਦੀ ਹੈ?**

ਉੱਤਰ. ਜੇ ਅਰਜ਼ੀ ਪ੍ਰਵਾਨ ਹੋ ਜਾਂਦੀ ਹੈ, ਤਾਂ ਏ.ਏ.ਆਰ. ਅਰਜ਼ੀ ਦੀ ਪ੍ਰਾਪਤੀ ਦੇ 90 ਦਿਨਾਂ ਦੇ ਅੰਦਰ ਆਪਣੀ ਰੂਲਿੰਗ ਸੁਣਾਏਗਾ। ਆਪਣੀ ਰੂਲਿੰਗ ਦੇਣ ਤੋਂ ਪਹਿਲਾਂ, ਉਹ ਅਰਜ਼ੀ, ਬਿਨੈਕਾਰ ਜਾਂ ਸਬੰਧਤ ਵਿਭਾਗੀ ਅਧਿਕਾਰੀ ਵੱਲੋਂ ਦਿੱਤੀ ਗਈ ਕੋਈ ਹੋਰ ਸਮੱਗਰੀ ਦਾ ਨਿਰੀਖਣ ਕਰੇਗਾ।

ਰੂਲਿੰਗ ਦੇਣ ਤੋਂ ਪਹਿਲਾਂ, ਏ.ਏ.ਆਰ. ਨੂੰ ਜ਼ਰੂਰ ਹੀ ਬਿਨੈਕਾਰ ਜਾਂ ਉਸ ਦੇ ਅਧਿਕਾਰ ਨੁਮਾਇੰਦੇ ਦੇ ਨਾਲ-ਨਾਲ ਸੀ.ਜੀ.ਐਸ.ਟੀ./ ਐਸ.ਜੀ.ਐਸ.ਟੀ./ ਯੂ.ਟੀ.ਜੀ.ਐੱਸ.ਟੀ. ਦੇ ਅਧਿਕਾਰ-ਖੇਤਰਾਤਮਕ ਅਧਿਕਾਰੀਆਂ ਦੀ ਸੁਣਵਾਈ ਜ਼ਰੂਰ ਕਰਨੀ ਹੋਵੇਗੀ।

**ਪ੍ਰਸ਼ਨ 17. ਤਦ ਕੀ ਵਾਪਰਦਾ ਹੈ, ਜੇ ਏ.ਏ.ਆਰ. ਦੇ ਮੈਂਬਰਾਂ ਵਿਚਾਲੇ ਵਿਚਾਰਾਂ ਦਾ ਮਤਭੇਦ ਹੋਵੇ?**

ਉੱਤਰ. ਜੇ ਏ.ਏ.ਆਰ. ਦੇ ਦੋ ਮੈਂਬਰਾਂ ਵਿਚਾਲੇ ਵਿਚਾਰਾਂ ਦੇ ਮਤਭੇਦ ਹੋਣ, ਤਦ ਉਨ੍ਹਾਂ ਨੂੰ ਮਤਭੇਦ ਵਾਲਾ ਨੁਕਤਾ ਜਾਂ ਨੁਕਤਿਆਂ ਦਾ ਹਵਾਲਾ ਦਿੰਦਿਆਂ ਇਹ ਮਾਮਲਾ ਸੁਣਵਾਈ ਲਈ ਏ.ਏ.ਏ.ਆਰ. ਕੋਲ ਭੇਜਣਾ ਹੋਵੇਗਾ। ਜੇ ਏ.ਏ.ਏ.ਆਰ. ਦੇ ਮੈਂਬਰ ਵੀ ਏ.ਏ.ਆਰ. ਵੱਲੋਂ ਭੇਜੇ ਗਏ ਨੁਕਤੇ(ਨੁਕਤਿਆਂ) ਬਾਰੇ ਕਿਸੇ ਸਾਂਝੇ ਨਤੀਜੇ ਉੱਤੇ ਨਾ ਪੁੱਜ ਸਕਣ, ਤਦ ਇਹ ਮੰਨਿਆ ਜਾਵੇਗਾ ਕਿ ਏ.ਏ.ਏ.ਆਰ. ਦੇ ਪੱਧਰ ਉੱਤੇ ਮਤਭੇਦਾਂ ਵਾਲੇ ਪ੍ਰਸ਼ਨ ਦੇ ਸਬੰਧ ਵਿੱਚ ਕੋਈ ਐਡਵਾਂਸ ਰੂਲਿੰਗ ਨਹੀਂ ਦਿੱਤੀ ਜਾ ਸਕਦੀ।

**ਪ੍ਰਸ਼ਨ 18. ਏ.ਏ.ਆਰ. ਦੇ ਆਦੇਸ਼ ਵਿਰੁੱਧ ਅਪੀਲਾਂ ਲਈ ਕੀ ਵਿਵਸਥਾਵਾਂ ਹਨ?**

ਉੱਤਰ. ਏ.ਏ.ਏ.ਆਰ. ਸਾਹਮਣੇ ਅਪੀਲ ਦੀਆਂ ਵਿਵਸਥਾਵਾਂ ਦਾ ਨਿਬੇੜਾ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 100 ਅਤੇ 101 ਜਾਂ ਯੂ.ਟੀ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 14 ਅਨੁਸਾਰ ਕੀਤਾ ਜਾਂਦਾ ਹੈ।

ਜੇ ਬਿਨੈਕਾਰ ਏ.ਏ.ਆਰ. ਦੇ ਫ਼ੈਸਲੇ ਤੋਂ ਦੁਖੀ ਹੈ, ਤਾਂ ਉਹ ਏ.ਏ.ਏ.ਆਰ. ਕੋਲ ਅਪੀਲ ਦਾਇਰ ਕਰ ਸਕਦਾ ਹੈ। ਇਸੇ ਤਰ੍ਹਾਂ, ਜੇ ਸੀ.ਜੀ.ਐਸ.ਟੀ./ ਐਸ.ਜੀ.ਐਸ.ਟੀ./ ਯੂ.ਟੀ.ਜੀ.ਐੱਸ.ਟੀ. ਦਾ ਨਿਰਧਾਰਤ ਜਾਂ ਅਧਿਕਾਰ-ਖੇਤਰਾਤਮਕ ਅਧਿਕਾਰੀ ਏ.ਏ.ਆਰ. ਦੇ ਫ਼ੈਸਲੇ ਨਾਲ ਸਹਿਮਤ ਨਹੀਂ, ਤਦ ਉਹ ਵੀ ਏ.ਏ.ਏ.ਆਰ. ਕੋਲ ਅਪੀਲ ਦਾਇਰ ਕਰ ਸਕਦਾ ਹੈ। ਸੀ.ਜੀ.ਐਸ.ਟੀ./ ਐਸ.ਜੀ.ਐਸ.ਟੀ. ਦਾ 'ਨਿਰਧਾਰਤ ਅਧਿਕਾਰੀ' ਸ਼ਬਦ ਦਾ ਅਰਥ ਉਹ ਅਧਿਕਾਰੀ, ਜੋ ਐਡਵਾਂਸ ਰੂਲਿੰਗ ਦੇ ਸਬੰਧ ਵਿੱਚ ਆਈ ਅਰਜ਼ੀ ਲਈ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਪ੍ਰਸ਼ਾਸਨ ਵੱਲੋਂ ਮਨੋਨੀਤ ਹੋਵੇ। ਆਮ ਹਾਲਾਤ ਵਿੱਚ, ਸਬੰਧਤ ਅਧਿਕਾਰੀ ਉਹੀ ਅਧਿਕਾਰੀ ਹੋਵੇਗਾ, ਜਿਸ ਦੇ ਅਧਿਕਾਰ-ਖੇਤਰ ਵਿੱਚ ਬਿਨੈਕਾਰ ਸਥਿਤ ਹੋਵੇਗਾ। ਅਜਿਹੇ ਮਾਮਲਿਆਂ ਵਿੱਚ ਸਬੰਧਤ ਅਧਿਕਾਰੀ ਅਧਿਕਾਰ-ਖੇਤਰਾਤਮਕ ਸੀ.ਜੀ.ਐਸ.ਟੀ./ ਐਸ.ਜੀ.ਐਸ.ਟੀ. ਅਧਿਕਾਰੀ ਹੋਵੇਗਾ।

ਕੋਈ ਵੀ ਅਪੀਲ ਹਰ ਹਾਲਤ ਵਿੱਚ ਐਡਵਾਂਸ ਰੂਲਿੰਗ ਦੀ ਪ੍ਰਾਪਤੀ ਦੇ 30 ਦਿਨਾਂ ਅੰਦਰ ਦਾਇਰ ਕਰਨੀ ਹੋਵੇਗੀ। ਇਹ ਅਪੀਲ ਨਿਰਧਾਰਤ ਫ਼ਾਰਮ ਵਿੱਚ ਹੋਣੀ ਚਾਹੀਦੀ ਹੈ ਅਤੇ ਨਿਰਧਾਰਤ ਢੰਗ ਨਾਲ ਇਸ ਦੀ ਪੁਸ਼ਟੀ ਕੀਤੀ ਹੋਣੀ

ਚਾਹੀਦੀ ਹੈ। ਇਹ ਮੱਡਲ ਜੀ.ਐਸ.ਟੀ. ਨਿਯਮਾਂ ਵਿੱਚ ਨਿਰਧਾਰਤ ਕੀਤਾ ਜਾਵੇਗਾ।

ਅਪੀਲੇਟ ਅਥਾਰਟੀ ਨੂੰ ਇੱਕ ਅਪੀਲ ਦਾਇਰ ਹੋਣ ਦੇ 90 ਦਿਨਾਂ ਦੇ ਸਮੇਂ ਅੰਦਰ ਸਬੰਧਤ ਧਿਰਾਂ ਦੀ ਸੁਣਵਾਈ ਤੋਂ ਬਾਅਦ ਉਸ ਅਪੀਲ ਉੱਤੇ ਜ਼ਰੂਰ ਹੀ ਇੱਕ ਆਦੇਸ਼ ਜਾਰੀ ਕਰਨਾ ਹੋਵੇਗਾ। ਜੇ ਏ.ਏ.ਏ.ਆਰ. ਦੇ ਮੈਂਬਰ ਅਪੀਲ ਵਿੱਚ ਕਿਸੇ ਨੁਕਤੇ ਉੱਤੇ ਸਹਿਮਤ ਨਹੀਂ ਹੋਣਗੇ, ਤਦ ਇਹ ਸਮਝਿਆ ਜਾਵੇਗਾ ਕਿ ਅਪੀਲ ਅਧੀਨ ਪ੍ਰਸ਼ਨ ਦੇ ਸਬੰਧ ਵਿੱਚ ਕੋਈ ਐਡਵਾਂਸ ਰੂਲਿੰਗ ਜਾਰੀ ਨਹੀਂ ਕੀਤੀ ਜਾ ਸਕਦੀ।

**ਪ੍ਰਸ਼ਨ 19. ਕੀ ਐਡਵਾਂਸ ਰੂਲਿੰਗ ਲਈ ਅਪੀਲੇਟ ਅਥਾਰਟੀ ਦੀ ਰੂਲਿੰਗ ਵਿਰੁੱਧ ਹਾਈ ਕੋਰਟ ਜਾਂ ਸੁਪਰੀਮ ਕੋਰਟ ਸਾਹਮਣੇ ਅਪੀਲ ਦਾਇਰ ਕੀਤੀ ਜਾ ਸਕਦੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਵਿੱਚ ਐਡਵਾਂਸ ਰੂਲਿੰਗਜ਼ ਲਈ ਅਪੀਲੇਟ ਅਥਾਰਟੀ ਦੀ ਰੂਲਿੰਗ ਵਿਰੁੱਧ ਕੋਈ ਵਿਵਸਥਾ ਨਹੀਂ ਹੈ। ਇਸ ਪ੍ਰਕਾਰ ਕੋਈ ਅਗਲੇਰੀਆਂ ਅਪੀਲਾਂ ਨਹੀਂ ਕੀਤੀਆਂ ਜਾਂਦੀਆਂ ਅਤੇ ਇਹ ਰੂਲਿੰਗ ਬਿਨੈਕਾਰ ਅਤੇ ਬਿਨੈਕਾਰ ਦੇ ਸਬੰਧ ਵਿੱਚ ਅਧਿਕਾਰ-ਖੇਤਰ ਦੇ ਅਧਿਕਾਰੀ ਉੱਤੇ ਲਾਗੂ ਹੋਵੇਗੀ।

ਉਂਝ, ਰਿੱਟ ਅਧਿਕਾਰ-ਖੇਤਰ ਮਾਣਯੋਗ ਹਾਈ ਕੋਰਟ ਜਾਂ ਸੁਪਰੀਮ ਕੋਰਟ ਕੋਲ ਮੌਜੂਦ ਰਹਿੰਦਾ ਹੈ।

**ਪ੍ਰਸ਼ਨ 20. ਕੀ ਏ.ਏ.ਆਰ. ਅਤੇ ਏ.ਏ.ਏ.ਅਰ. ਰੂਲਿੰਗ ਵਿੱਚ ਗ਼ਲਤੀਆਂ ਨੂੰ ਠੀਕ ਕਰਨ ਲਈ ਆਦੇਸ਼ ਦੇ ਸਕਦੀਆਂ ਹਨ।**

ਉੱਤਰ. ਜੀ ਹਾਂ, ਏ.ਏ.ਆਰ. ਅਤੇ ਏ.ਏ.ਏ.ਆਰ. ਕੋਲ ਆਦੇਸ਼ ਜਾਰੀ ਹੋਣ ਦੀ ਮਿਤੀ ਦੇ ਛੇ ਮਹੀਨਿਆਂ ਦੇ ਸਮੇਂ ਅੰਦਰ ਰਿਕਾਰਡ 'ਚ ਪ੍ਰਤੱਖ ਕਿਸੇ ਗ਼ਲਤੀ ਨੂੰ ਦਰੁਸਤ ਕਰਨ ਲਈ ਆਪਣੇ ਹੁਕਮ ਨੂੰ ਸੋਧਣ ਦਾ ਅਧਿਕਾਰ ਹੁੰਦਾ ਹੈ। ਅਜਿਹੀ ਗ਼ਲਤੀ ਅਥਾਰਟੀ ਵੱਲੋਂ ਆਪਣੀ ਮਰਜ਼ੀ ਨਾਲ ਧਿਆਨ ਗੋਚਰੇ ਆ ਸਕਦੀ ਹੈ ਜਾਂ ਬਿਨੈਕਾਰ ਜਾਂ ਸਬੰਧਤ ਜਾਂ ਅਧਿਕਾਰ-ਖੇਤਰ ਦੇ ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਅਧਿਕਾਰੀ ਇਸ ਵੱਲ ਧਿਆਨ ਖਿੱਚ ਸਕਦਾ ਹੈ। ਜੇ ਇੱਕ ਸੋਧ ਨਾਲ ਟੈਕਸ ਦੇਣਦਾਰੀ ਵਿੱਚ ਵਾਧਾ ਹੁੰਦਾ ਹੈ ਜਾਂ ਇਨਪੁਟ ਟੈਕਸ ਕ੍ਰੈਡਿਟ ਦੀ ਮਾਤਰਾ ਘਟਦੀ ਹੈ, ਤਾਂ ਬਿਨੈਕਾਰ ਜਾਂ ਅਪੀਲਕਰਤਾ ਦੀ ਜ਼ਰੂਰ ਹੀ ਹੁਕਮ ਜਾਰੀ ਕਰਨ ਤੋਂ ਸੁਣਵਾਈ ਕਰਨੀ ਹੋਵੇਗੀ। (ਸੈਕਸ਼ਨ 102)

# ਸੈਟਲਮੈਂਟ ਕਮਿਸ਼ਨ (ਹਟਾ ਦਿੱਤਾ ਗਿਆ ਹੈ)

**ਇਸ ਨੂੰ ਹਟਾ ਦਿੱਤਾ ਗਿਆ ਹੈ ਕਿਉਂਕਿ ਅੰਤਿਮ ਜੀ.ਐੱਸ.ਟੀ. ਕਾਨੂੰਨਾਂ ਵਿੱਚ ਇਹ ਨਹੀਂ ਹੈ**

# ਨਿਰੀਖਣ, ਤਲਾਸ਼ੀ, ਜ਼ਬਤ ਕਰਨਾ ਅਤੇ ਗ੍ਰਿਫ਼ਤਾਰੀ

# ਨਿਰੀਖਣ, ਤਲਾਸ਼ੀ, ਜ਼ਬਤ ਕਰਨਾ ਅਤੇ ਗ੍ਰਿਫ਼ਤਾਰੀ

**ਪ੍ਰਸ਼ਨ 1. ਮੱਦ 'ਤਲਾਸ਼ੀ' ਦਾ ਕੀ ਅਰਥ ਹੈ?**

ਉੱਤਰ. ਕਾਨੂੰਨ ਦੇ ਸ਼ਬਦ-ਕੋਸ਼ (ਡਿਕਸ਼ਨਰੀ) ਅਨੁਸਾਰ ਜਿਵੇਂ ਕਿ ਵਿਭਿੰਨ ਨਿਆਂਇਕ ਫ਼ੈਸਲਿਆਂ ਵਿੱਚ ਦੱਸਿਆ ਗਿਆ ਹੈ, ਮੱਦ 'ਤਲਾਸ਼ੀ' (ਸਰਚ) ਦਾ ਸਾਦੀ ਭਾਸ਼ਾ ਵਿੱਚ ਅਰਥ ਹੈ ਕਿਸੇ ਸਰਕਾਰੀ ਮਸ਼ੀਨਰੀ ਵੱਲੋਂ ਕਾਰਵਾਈ ਲਈ ਜਾਣਾ ਅਤੇ ਕਿਸੇ ਸਥਾਨ, ਖੇਤਰ, ਵਿਅਕਤੀ, ਵਸਤੂ ਆਦਿ ਦੀ ਬਹੁਤ ਧਿਆਨ ਨਾਲ ਪੁਣਛਾਣ ਜਾਂ ਨਿਰੀਖਣ ਕਰਨਾ, ਤਾਂ ਜੋ ਕੋਈ ਲੁਕਾਈ ਹੋਈ ਵਸਤੂ ਜਾਂ ਅਪਰਾਧ ਦਾ ਸਬੂਤ ਲੱਭਣ ਦੇ ਉਦੇਸ਼ ਲਈ ਅਜਿਹਾ ਕਰਨਾ। ਕਿਸੇ ਵਿਅਕਤੀ ਜਾਂ ਵਾਹਨ ਜਾਂ ਪਰਿਸਰ ਆਦਿ ਦੀ ਤਲਾਸ਼ੀ ਕੇਵਲ ਵਾਜਬ ਅਤੇ ਵੈਧ ਕਾਨੂੰਨੀ ਅਥਾਰਟੀ ਅਧੀਨ ਹੀ ਲਈ ਜਾ ਸਕਦੀ ਹੈ।

**ਪ੍ਰਸ਼ਨ 2. ਮੱਦ 'ਨਿਰੀਖਣ' ਦਾ ਕੀ ਅਰਥ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਅਧੀਨ 'ਨਿਰੀਖਣ' ਇੱਕ ਨਵੀਂ ਵਿਵਸਥਾਾ ਹੈ। ਇਹ ਤਲਾਸ਼ੀ ਨਾਲੋਂ ਕੁਝ ਨਰਮ ਵਿਵਸਥਾ ਹੈ, ਜਿਸ ਰਾਹੀਂ ਅਧਿਕਾਰੀ ਕਿਸੇ ਟੈਕਸਯੋਗ ਵਿਅਕਤੀ ਦੇ ਕਾਰੋਬਾਰ ਵਾਲੇ ਸਥਾਨ ਅਤੇ ਕਿਸੇ ਵਿਅਕਤੀ ਦੇ ਮਾਲ ਦੀ ਟਰਾਂਸਪੋਰਟਿੰਗ ਕਰਨ ਵਾਲੇ ਕਾਰੋਬਾਰੀ ਸਥਾਨ ਤੱਕ ਜਾਂ ਕਿਸੇ ਅਜਿਹੇ ਵਿਅਕਤੀ ਤੱਕ ਪੁੱਜਣ ਦੇ ਯੋਗ ਹੁੰਦੇ ਹਨ, ਜੋ ਕਿਸੇ ਵੇਅਰਹਾਊਸ ਜਾਂ ਗੁਦਾਮ ਦਾ ਮਾਲਕ ਜਾਂ ਔੱਪਰੇਟਰ ਹੁੰਦਾ ਹੈ।

**ਪ੍ਰਸ਼ਨ 3. 'ਨਿਰੀਖਣ' ਕਰਨ ਲਈ ਹੁਕਮ ਕੌਣ ਅਤੇ ਕਿਹੜੇ ਹਾਲਾਤ (ਸਥਿਤੀਆਂ) ਵਿੱਚ ਦੇ ਸਕਦਾ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 67 ਅਨੁਸਾਰ, ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਦੇ ਕਿਸੇ ਅਧਿਕਾਰੀ ਵੱਲੋਂ ਨਿਰੀਖਣ ਕੇਵਲ ਜੁਆਇੰਟ ਕਮਿਸ਼ਨਰ ਜਾਂ ਕਿਸੇ ਹੋਰ ਉੱਚ ਅਧਿਕਾਰੀ ਦੇ ਲਿਖਤੀ ਅਧਿਕਾਰ-ਪੱਤਰ ਦੇ ਆਧਾਰ ਉੱਤੇ ਹੀ ਕੀਤਾ ਜਾ ਸਕਦਾ ਹੈ। ਇੱਕ ਜੁਆਇੰਟ ਕਮਿਸ਼ਨਰ ਜਾਂ ਉੱਚ ਦਰਜੇ ਦਾ ਕੋਈ ਅਧਿਕਾਰੀ ਅਜਿਹਾ

ਅਧਿਕਾਰ-ਪੱਤਰ ਕੇਵਲ ਤਦ ਹੀ ਦੇ ਸਕਦਾ ਹੈ, ਜੇ ਉਸ ਕੋਲ ਅਜਿਹਾ ਯਕੀਨ ਕਰਨ ਲਈ ਕੋਈ ਕਾਰਨ ਹੋਵੇ ਕਿ ਸਬੰਧਤ ਵਿਅਕਤੀ ਨੇ ਨਿਮਨਲਿਖਤ ਵਿੱਚੋਂ ਕੋਈ ਇੱਕ ਕੀਤਾ ਹੈ:

i. ਸਪਲਾਈ ਦਾ ਕੋਈ ਲੈਣ-ਦੇਣ ਲੁਕਾਇਆ ਸੀ;
ii. ਕੋਲ ਮੌਜੂਦ ਵਸਤਾਂ ਦਾ ਸਟੱਾਕ ਲੁਕਾਇਆ;
iii. ਵਧੇਰੇ ਇਨਪੁਟ ਟੈਕਸ ਕ੍ਰੈਡਿਟ ਕਲੇਮ ਕੀਤਾ;
iv. ਟੈਕਸ ਤੋਂ ਬਚਣ ਲਈ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ.ਦੀ ਕਿਸੇ ਵਿਵਸਥਾ ਦੀ ਉਲੰਘਣਾ ਕੀਤੀ;
v. ਇੱਕ ਟਰਾਂਸਪੋਰਟਰ ਜਾਂ ਗੋਦਾਮ ਦੇ ਮਾਲਕ ਨੇ ਅਜਿਹਾ ਮਾਲ ਰੱਖਿਆ ਹੈ, ਜਿਹੜਾ ਟੈਕਸ ਦੇ ਭੁਗਤਾਨ ਤੋਂ ਬਚਾਇਆ ਗਿਆ ਹੈ ਜਾਂ ਆਪਣੇ ਖਾਤੇ ਜਾਂ ਮਾਲ ਨੂੰ ਕੁਝ ਅਜਿਹੀ ਵਿਧੀ ਨਾਲ ਰੱਖਿਆ ਕਿ ਉਸ ਕਾਰਨ ਟੈਕਸ ਤੋਂ ਬਚਣ ਦੀ ਸੰਭਾਵਨਾ ਹੋ ਸਕਦੀ ਹੈ।

**ਪ੍ਰਸ਼ਨ 4. ਕੀ ਵਾਜਬ ਅਧਿਕਾਰੀ ਇਸ ਅਨੁਛੇਦ ਅਧੀਨ ਕਿਸੇ ਵਿਅਕਤੀ ਦੀਆਂ ਸੰਪਤੀਆਂ/ਪਰਿਸਰਾਂ ਦੇ ਨਿਰੀਖਣ ਦਾ ਅਧਿਕਾਰ ਦੇ ਸਕਦਾ ਹੈ?**

ਉੱਤਰ. ਨਹੀਂ। ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਦੇ ਕਿਸੇ ਅਧਿਕਾਰੀ ਨੂੰ ਨਿਮਨਲਿਖਤ ਵਿੱਚੋਂ ਕਿਸੇ ਦਾ ਨਿਰੀਖਣ ਕਰਨ ਲਈ ਅਧਿਕਾਰ ਦਿੱਤਾ ਜਾ ਸਕਦਾ ਹੈ:

i. ਕਿਸੇ ਟੈਕਸਯੋਗ ਵਿਅਕਤੀ ਦੇ ਕਾਰੋਬਾਰ ਦਾ ਕੋਈ ਸਥਾਨ;
ii. ਕਿਸੇ ਅਜਿਹੇ ਵਿਅਕਤੀ ਦੇ ਕਾਰੋਬਾਰ ਦਾ ਕੋਈ ਸਥਾਨ, ਜੋ ਮਾਲ ਦੀ ਟਰਾਂਸਪੋਰਟਿੰਗ ਦੇ ਕਾਰੋਬਾਰ ਵਿੱਚ ਹੋਵੇ, ਉਹ ਭਾਵੇਂ ਰਜਿਸਟਰਡ ਟੈਕਸਯੋਗ ਵਿਅਕਤੀ ਹੈ ਜਾਂ ਨਹੀਂ;
iii. ਕਿਸੇ ਵੇਅਰਹਾਊਸ ਜਾਂ ਗੁਦਾਮ ਦੇ ਮਾਲ ਜਾਂ ਅੱਪਰੇਟਰ ਦੇ ਕਾਰੋਬਾਰ ਦਾ ਕੋਈ ਸਥਾਨ।

**ਪ੍ਰਸ਼ਨ 5. ਸੀ.ਜੀ.ਐੱਸ.ਟੀ. ਕਾਨੂੰਨ ਦੀਆਂ ਵਿਵਸਥਾਵਾਂ ਅਧੀਨ ਤਲਾਸ਼ੀ ਅਤੇ ਜ਼ਬਤੀ ਲਈ ਕੌਣ ਹੁਕਮ ਦੇ ਸਕਦਾ ਹੈ?**

ਉੱਤਰ. ਜੁਆਇੰਟ ਕਮਿਸ਼ਨਰ ਜਾਂ ਉੱਚ ਦਰਜੇ ਦਾ ਕੋਈ ਅਧਿਕਾਰੀ ਲਿਖਤੀ ਰੂਪ ਵਿੱਚ ਕਿਸੇ ਅਧਿਕਾਰੀ ਨੂੰ ਤਲਾਸ਼ੀ ਲੈਣ ਅਤੇ ਮਾਲ, ਦਸਤਾਵੇਜ਼, ਪੁਸਤਕਾਂ ਜਾਂ ਚੀਜ਼ਾਂ ਜ਼ਬਤ ਕਰਨ ਦਾ ਅਧਿਕਾਰ ਦੇ ਸਕਦਾ ਹੈ। ਅਜਿਹਾ ਅਧਿਕਾਰ

ਕੇਵਲ ਤਦ ਹੀ ਦਿੱਤਾ ਜਾ ਸਕਦਾ ਹੈ, ਜਿੱਥੇ ਜੁਆਇੰਟ ਕਮਿਸ਼ਨਰ ਕੋਲ ਵਿਸ਼ਵਾਸ ਕਰਨ ਲਈ ਅਜਿਹੇ ਕਾਰਨ ਹੋਣ ਕਿ ਜ਼ਬਤੀ ਕਰਨਯੋਗ ਬਣਦੀਆਂ ਕੋਈ ਵਸਤਾਂ ਜਾਂ ਕੋਈਦਸਤਾਵੇਜ਼ ਜਾਂ ਪੁਸਤਕਾਂ ਜਾਂ ਚੀਜ਼ਾਂ ਕਿਸੇ ਕਾਰਵਾਈਆਂ ਲਈ ਕਿਸੇ ਸਥਾਨ ਉੱਤੇ ਲੁਕਾ ਕੇ ਰੱਖੀਆਂ ਗਈਆਂ ਹਨ।

**ਪ੍ਰਸ਼ਨ 6. 'ਯਕੀਨ ਕਰਨ ਦੇ ਕਾਰਨਾਂ' ਦਾ ਕੀ ਅਰਥ ਹੈ?**

ਉੱਤਰ. 'ਯਕੀਨ ਦਾ ਕਾਰਨ' ਤੋਂ ਭਾਵ ਅਜਿਹੇ ਤੱਥਾਂ ਦੀ ਜਾਣਕਾਰੀ ਹੈ, ਜਿਨ੍ਹਾਂ ਬਾਰੇ ਭਾਵੇਂ ਸਿੱਧਾ ਗਿਆਨ ਨਹੀਂ ਵੀ ਹੋ ਸਕਦਾ, ਪਰ ਉਨ੍ਹਾਂ ਰਾਹੀਂ ਇੱਕ ਵਾਜਬ ਵਿਅਕਤੀ ਨੂੰ ਉਨ੍ਹਾਂ ਤੱਥਾਂ ਬਾਰੇ ਜਾਣਕਾਰੀ ਮਿਲੇਗੀ ਅਤੇ ਉਸੇ ਚੀਜ਼ ਬਾਰੇ ਉਹ ਵਾਜਬ ਢੰਗ ਨਾਲ ਕੋਈ ਫ਼ੈਸਲਾ ਲੈ ਸਕੇਗਾ। ਭਾਰਤੀ ਦੰਡ ਸੰਘਤਾ (ਆਈ.ਪੀ.ਸੀ.), 1860 ਦੇ ਅਨੁਛੇਦ 26 ਅਨੁਸਾਰ,"ਇੱਕ ਵਿਅਕਤੀ ਨੂੰ ਕਿਸੇ ਚੀਜ਼ ਵਿੱਚ 'ਯਕੀਨ ਕਰਨ ਦਾ ਕਾਰਨ' ਹੋ ਸਕਦਾ ਹੈ, ਜੇ ਉਸ ਕੋਲ ਯਕੀਨ ਕਰਨ ਲਈ ਅਜਿਹਾ ਵਾਜਬ ਕਾਰਨ ਮੌਜੂਦ ਹੋਵੇ ਕਿ ਉਹ ਚੀਜ਼ ਉਵੇਂ ਹੀ ਹੈ, ਹੋਰ ਕਿਸੇ ਤਰ੍ਹਾਂ ਨਹੀਂ।" 'ਯਕੀਨ ਕਰਨ ਦਾ ਕਾਰਨ' ਇੱਕ ਬਾਹਰਮੁਖੀ ਨਿਰਧਾਨ ਬਾਰੇ ਵਿਚਾਰ ਕਰਦਾ ਹੈ ਜੋ ਬਹੁਤ ਸੂਝਬੂਝ ਭਰਪੂਰ ਧਿਆਨ ਅਤੇ ਮੁਲਾਂਕਣ ਉੱਤੇ ਆਧਾਰਤ ਹੁੰਦਾ ਹੈ, ਅਤੇ ਸ਼ੁੱਧ ਅੰਤਰਮੁਖੀ ਵਿਚਾਰ ਤੋਂ ਵੱਖ ਹੁੰਦਾ ਹੈ। ਅਜਿਹਾ ਵਿਚਾਰ ਜ਼ਰੂਰ ਹੀ ਇੱਕ ਈਮਾਨਦਾਰ ਅਤੇ ਵਾਜਬ ਵਿਅਕਤੀ ਦੇ ਮਨ ਵਿੱਚ ਹੁੰਦਾ ਹੈ, ਜੋ ਵਾਜਬ ਸਮੱਗਰੀ ਅਤੇ ਹਾਲਾਤ ਉੱਤੇ ਆਧਾਰਤ ਹੁੰਦਾ ਹੈ।

**ਪ੍ਰਸ਼ਨ 7. ਕੀ ਕਾਨੂੰਨੀ ਤੌਰ ਉੱਤੇ ਇਹ ਲਾਜ਼ਮੀ ਹੈ ਕਿ ਨਿਰੀਖਣ ਜਾਂ ਤਲਾਸ਼ੀ ਜਾਂ ਜ਼ਬਤੀ ਲਈ ਅਧਿਕਾਰ-ਪੱਤਰ ਜਾਰੀ ਕੀਤੇ ਜਾਣ ਤੋਂ ਪਹਿਲਾਂ ਵਾਜਬ ਅਧਿਕਾਰੀ ਵੱਲੋਂ ਅਜਿਹੇ 'ਯਕੀਨ ਕਰਨ ਦੇ ਕਾਰਨ' ਲਿਖਤੀ ਰੂਪ ਵਿੱਚ ਰਿਕਾਰਡ ਕੀਤੇ ਜਾਣ।**

ਉੱਤਰ. ਭਾਵੇਂ ਤਲਾਸ਼ੀ ਲਈ ਇੱਕ ਅਧਿਕਾਰ-ਪੱਤਰ ਜਾਰੀ ਕਰਨ ਤੋਂ ਪਹਿਲਾਂ ਅਜਿਹੇ ਵਿਸ਼ਵਾਸ ਦੇ ਕਾਰਨ ਦੱਸਣ ਦੀ ਅਧਿਕਾਰੀ ਨੂੰ ਕੋਈ ਜ਼ਰੂਰਤ ਨਹੀਂ ਹੈ, ਪਰ ਉਸ ਨੇ ਉਸ ਸਮੱਗਰੀ ਬਾਰੇ ਪ੍ਰਗਟਾਵਾ ਕਰਨਾ ਹੁੰਦਾ ਹੈ, ਜਿਸ ਦੇ ਆਧਾਰ ਉੱਤੇ ਉਸ ਦਾ ਵਿਸ਼ਵਾਸ ਕਾਇਮ ਹੋਇਆ ਹੈ। 'ਯਕੀਨ ਦੇ ਕਾਰਨ' ਨੂੰ ਹਰੇਕ ਮਾਮਲੇ ਵਿੱਚ ਪੱਕੇ ਤੌਰ 'ਤੇ ਰਿਕਾਰਡ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਉਂਝ, ਇਹ ਬਿਹਤਰ ਰਹੇਗਾ, ਜੇ ਸਮੱਗਰੀਆਂ/ਜਾਣਕਾਰੀ ਆਦਿ ਨੂੰ ਕੋਈ ਤਲਾਸ਼ੀ ਵਾਰੰਟ ਜਾਰੀ ਕੀਤੇ ਜਾਣ ਜਾਂ ਤਲਾਸ਼ੀ ਲੈਣ ਤੋਂ ਪਹਿਲਾਂ ਰਿਕਾਰਡ ਵਿੱਚ ਰੱਖਿਆ ਜਾਵੇ।

**ਪ੍ਰਸ਼ਨ 8. ਤਲਾਸ਼ੀ ਦਾ ਵਾਰੰਟ ਕੀ ਹੁੰਦਾ ਹੈ ਅਤੇ ਇਸ ਦੇ ਵਿਸ਼ੇ ਕੀ ਹੁੰਦੇ ਹਨ?**

ਉੱਤਰ. ਤਲਾਸ਼ੀ ਲੈਣ ਦੇ ਲਿਖਤੀ ਅਧਿਕਾਰ-ਪੱਤਰ ਨੂੰ ਆਮ ਤੌਰ 'ਤੇ 'ਸਰਚ ਵਾਰੰਟ' ਭਾਵ ਤਲਾਸ਼ੀ ਵਾਰੰਟ ਆਖਿਆ ਜਾਂਦਾ ਹੈ। ਤਲਾਸ਼ੀ ਵਾਰੰਟ ਜਾਰੀ ਕਰਨ ਲਈ ਸਮਰੱਥ ਅਧਿਕਾਰੀ ਜੁਆਇੰਟ ਕਮਿਸ਼ਨਰ ਜਾਂ ਉੱਚ ਦਰਜੇ ਦਾ ਕੋਈ ਅਧਿਕਾਰੀ ਹੁੰਦਾ ਹੈ। ਤਲਾਸ਼ੀ ਦੇ ਵਾਰੰਟ ਵਿੱਚ ਇਹ ਜ਼ਰੂਰ ਦਰਸਾਇਆ ਗਿਆ ਹੋਣਾ ਚਾਹੀਦਾ ਹੈ ਕਿ ਉਹ ਕਿਹੜਾ ਵਾਜਬ ਵਿਸ਼ਵਾਸ ਮੌਜੂਦ ਹੈ, ਜਿਸ ਦੇ ਆਧਾਰ ਉੱਤੇ ਇਹ ਤਲਾਸ਼ੀ ਹੋ ਰਹੀ ਹੈ। 'ਸਰਚ ਵਾਰੰਟ' ਵਿੱਚ ਨਿਮਨਲਿਖਤ ਵੇਰਵੇ ਹੋਣੇ ਚਾਹੀਦੇ ਹਨ:

i. ਕਾਨੂੰਨ ਦੀ ਉਲੰਘਣਾ,
ii. ਉਸ ਪਰਿਸਰ ਦਾ ਨਾਂਅ, ਜਿਸ ਦੀ ਤਲਾਸ਼ੀ ਲਈ ਜਾਣੀ ਹੈ,
iii. ਤਲਾਸ਼ੀ ਲਈ ਅਧਿਕਾਰ-ਪ੍ਰਾਪਤ ਵਿਅਕਤੀ ਦਾ ਨਾਮ ਅਤੇ ਉਸ ਦਾ ਅਹੁਦਾ,
iv. ਵਾਰੰਟਜਾਰੀ ਕਰਨ ਵਾਲੇ ਅਧਿਕਾਰੀ ਦਾ ਨਾਮ, ਪੂਰੇ ਅਹੁਦੇ ਨਾਲ ਅਤੇ ਉਸ ਦੀ ਗੋਲ ਮੋਹਰ ਸਮੇਤ,
v. ਜਾਰੀ ਕੀਤੇ ਜਾਣ ਦੀ ਮਿਤੀ ਅਤੇ ਸਥਾਨ,
vi. ਤਲਾਸ਼ੀ ਦੇ ਵਾਰੰਟ ਦਾ ਲੜੀ ਨੰਬਰ,
vii. ਵੈਧਤਾ ਦੀ ਮਿਆਦ ਭਾਵ ਇੱਕ ਦਿਨ ਜਾਂ ਦੋ ਦਿਨ ਆਦਿ।

**ਪ੍ਰਸ਼ਨ 9. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੀਆਂ ਵਿਵਸਥਾਵਾਂ ਅਧੀਨ ਮਾਲ ਕਦੋਂ ਜ਼ਬਤ ਕੀਤਾ ਜਾ ਸਕਦਾ ਹੈ?**

ਉੱਤਰ. ਸੀ.ਜੀ.ਐਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 130 ਅਨੁਸਾਰ, ਮਾਲ ਉਦੋਂ ਜ਼ਬਤ ਕੀਤਾ ਜਾ ਸਕਦਾ ਹੈ? ਜਦੋਂ ਕੋਈ ਵਿਅਕਤੀ ਨਿਮਨਲਿਖਤ ਕਰਦਾ ਹੈ:

(i) ਇਸ ਕਾਨੂੰਨ ਦੀਆਂ ਵਿਵਸਥਾਵਾਂ ਵਿੱਚੋਂ ਕਿਸੇ ਅਜਿਹੀ ਵਿਵਸਥਾ ਜਾਂ ਨਿਯਮਾਂ ਦੀ ਉਲੰਘਣਾ ਕਰਦਾ ਹੋਇਆ ਕਿਸੇ ਮਾਲ ਦੀ ਸਪਲਾਈ ਕਰਦਾ ਹੈ, ਜੋ ਟੈਕਸ ਤੋਂ ਬਚਣ ਨਾਲ ਸਬੰਧਤ ਹੁੰਦੀ ਹੈ;
(ii) ਅਜਿਹੇ ਕਿਸੇ ਮਾਲ ਦਾ ਕੋਈ ਹਿਸਾਬ ਨਹੀਂ ਰੱਖਦਾ, ਜਿਨ੍ਹਾਂ ਉੱਤੇ ਉਹ ਇਸ ਕਾਨੂੰਨ ਅਧੀਨ ਟੈਕਸ ਅਦਾ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ;
(iii) ਰਜਿਸਟਰੇਸ਼ਨ ਲਈ ਅਰਜ਼ੀ ਦਿੱਤੇ ਬਗ਼ੈਰ ਕੋਈ ਅਜਿਹਾ ਮਾਲ ਸਪਲਾਈ

ਕਰਦਾ ਹੈ, ਜਿਸ ਲਈ ਇਸ ਕਾਨੂੰਨ ਅਧੀਨ ਟੈਕਸ ਅਦਾ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ;

(iv) ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਕਾਨੂੰਨ ਦੀਆਂ ਵਿਵਸਥਾਵਾਂ ਵਿੱਚੋਂ ਕਿਸੇ ਇੱਕ ਵਿਵਸਥਾ ਦੀ ਜਾਂ ਉਨ੍ਹਾਂ ਅਧੀਨ ਬਣੇ ਨਿਯਮਾਂ ਉਲੰਘਣਾ ਟੈਕਸ ਭੁਗਤਾਨ ਤੋਂ ਬਚਣ ਲਈ ਕਰਦਾ ਹੈ।

**ਪ੍ਰਸ਼ਨ 10. ਵੈਧ ਤਲਾਸ਼ੀ ਦੌਰਾਨ ਇੱਕ ਅਧਿਕਾਰੀ ਵੱਲੋਂ ਕਿਹੜੀਆਂ ਸ਼ਕਤੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ?**

ਉੱਤਰ. ਤਲਾਸ਼ੀ ਲੈਣ ਵਾਲੇ ਇੱਕ ਅਧਿਕਾਰੀ ਕੋਲ ਤਲਾਸ਼ੀ ਲੈਣ ਅਤੇ ਉਸ ਪਰਿਸਰ, ਜਿਸ ਦੀ ਤਲਾਸ਼ੀ ਲਈ ਜਾ ਰਹੀ ਹੈ, ਵਿੱਚੋਂ ਮਾਲ ਭਾਵ ਵਸਤਾਂ (ਜਿਨ੍ਹਾਂ ਨੂੰ ਆਪਣੇ ਕਬਜ਼ੇ ਵਿੱਚ ਲਿਆ ਜਾ ਸਕਦਾ ਹੈ), ਅਤੇ ਦਸਤਾਵੇਜ਼, ਕਿਤਾਬਾਂ ਜਾਂ ਚੀਜ਼ਾਂ (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਅਧੀਨ ਕਿਸੇ ਕਾਰਵਾਈ ਲਈ ਵਾਜਬ) ਦਾ ਅਧਿਕਾਰ ਹੁੰਦਾ ਹੈ। ਤਲਾਸ਼ੀ ਦੌਰਾਨ, ਅਧਿਕਾਰੀ ਕੋਲ ਉਸ ਪਰਿਸਰ, ਜਿਸ ਦੀ ਤਲਾਸ਼ੀ ਲਈ ਅਧਿਕਾਰ ਮਿਲਿਆ ਹੈ ਅਤੇ ਜੇ ਉਸ ਤੱਕ ਪਹੁੰਚ ਨਹੀਂ ਹੋ ਪਾਉਂਦੀ, ਤਾਂ ਸਬੰਧਤ ਅਧਿਕਾਰੀ ਨੂੰ ਉਸ ਪਰਿਸਰ ਦਾ ਦਰਵਾਜ਼ਾ ਤੋੜ ਕੇ ਖੋਲ੍ਹਣ ਦਾ ਅਧਿਕਾਰ ਹੁੰਦਾ ਹੈ। ਇਸੇ ਤਰ੍ਹਾਂ ਉਸ ਪਰਿਸਰ ਵਿੱਚ ਤਲਾਸ਼ੀ ਲੈਂਦੇ ਸਮੇਂ, ਉਹ ਕੋਈ ਅਲਮਾਰੀ ਜਾਂ ਬਕਸਾ ਖੋਲ੍ਹਣ ਲਈ ਉਸ ਨੂੰ ਤੋੜ ਸਕਦਾ ਹੈ, ਜੇ ਅਜਿਹੀ ਅਲਮਾਰੀ ਜਾਂ ਬਕਸੇ ਅੰਦਰ ਲੁਕਾ ਕੇ ਰੱਖੇ ਗਏ ਸ਼ੱਕੀ ਸਾਮਾਨ, ਅਕਾਊਂਟ, ਰਜਿਸਟਰਜ਼ ਜਾਂ ਦਸਤਾਵੇਜ਼ ਤੱਕ ਪਹੁੰਚ ਨਾ ਕੀਤੀ ਜਾ ਸਕਦੀ ਹੋਵੇ। ਜੇ ਪਰਿਸਰ ਦੇ ਅੰਦਰ ਕਿਸੇ ਕਾਰਨ ਪਹੁੰਚ ਨਾ ਹੋ ਸਕੇ, ਤਾਂ ਉਹ ਉਸ ਨੂੰ ਸੀਲ ਕਰ ਸਕਦਾ ਹੈ।

**ਪ੍ਰਸ਼ਨ 11. ਤਲਾਸ਼ੀ ਲੈਣ ਦੀ ਕਾਰਜ-ਵਿਧੀ ਕੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 67(10) ਨਿਰਧਾਰਤ ਕਰਦਾ ਹੈ ਕਿ ਤਲਾਸ਼ੀ ਜ਼ਰੂਰ ਹੀ ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ, 1973 ਦੀਆਂ ਵਿਵਸਥਾਵਾਂ ਅਨੁਸਾਰ ਕੀਤੀ ਜਾਵੇ। ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ ਦਾ ਅਨੁਛੇਦ 100 ਤਲਾਸ਼ੀ ਲਈ ਕਾਰਜ–ਵਿਧੀ ਦਾ ਵਰਣਨ ਕਰਦਾ ਹੈ।

**ਪ੍ਰਸ਼ਨ 12. ਤਲਾਸ਼ੀ ਆੱਪਰੇਸ਼ਨਜ਼ ਦੌਰਾਨ ਕਿਹੜੀਆਂ ਬੁਨਿਆਦੀ ਜ਼ਰੂਰਤਾਂ ਦਾ**

**ਖ਼ਿਆਲ ਰੱਖਣਾ ਹੁੰਦਾ ਹੈ?**

ਉੱਤਰ. ਤਲਾਸ਼ੀ ਦੌਰਾਨ ਨਿਮਨਲਿਖਤ ਸਿਧਾਂਤਾਂ ਦਾ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ:

* ਵਾਜਬ ਅਧਿਕਾਰੀ ਵੱਲੋਂ ਜਾਰੀ ਇੱਕ ਵੈਧ ਤਲਾਸ਼ੀ ਵਾਰੰਟ ਤੋਂ ਬਿਨਾ ਕਿਸੇ ਪਰਿਸਰ ਦੀ ਤਦ ਤੱਕ ਤਲਾਸ਼ੀ ਨਹੀਂ ਲੈਣੀ ਚਾਹੀਦੀ।
* ਕਿਸੇ ਘਰ ਜਾਂ ਰਿਹਾਇਸ਼ਗਾਹ ਦੀ ਤਲਾਸ਼ੀ ਕਰਨ ਲਈ ਜਾਣ ਵਾਲੀ ਟੀਮ ਵਿੱਚ ਇੱਕ ਮਹਿਲਾ ਅਧਿਕਾਰੀ ਪੱਕੇ ਤੌਰ ਉੱਤੇ ਸ਼ਾਮਲ ਹੋਣੀ ਚਾਹੀਦੀ ਹੈ।
* ਤਲਾਸ਼ੀ ਸ਼ੁਰੂ ਕਰਨ ਤੋਂ ਪਹਿਲਾਂ ਅਧਿਕਾਰੀਆਂ ਨੂੰ ਉਸ ਪਰਿਸਰ ਦੇ ਇੰਚਾਰਜ ਵਿਅਕਤੀ ਨੂੰ ਆਪਣੇ ਸ਼ਨਾਖ਼ਤੀ ਕਾਰਡ ਵਿਖਾ ਕੇ ਆਪਣੀ ਸ਼ਨਾਖ਼ਤ ਪ੍ਰਗਟ ਕਰਨੀ ਚਾਹੀਦੀ ਹੈ।
* ਤਲਾਸ਼ੀ ਸ਼ੁਰੂ ਕਰਨ ਤੋਂ ਪਹਿਲਾਂ ਤਲਾਸ਼ੀ ਵਾਰੰਟ ’ਤੇ ਸਹੀ ਪਾਉਣੀ ਚਾਹੀਦੀ ਹੈ; ਜਿਸ ਲਈ ਇਹ ਵਾਰੰਟ ਉਸ ਪਰਿਸਰ ਦੇ ਇੰਚਾਰਜ ਵਿਅਕਤੀ ਨੂੰ ਵਿਖਾਇਆ ਜਾਵੇ ਤੇ ਤਲਾਸ਼ੀ ਦੇ ਇਸ ਵਾਰੰਟ ਦੀ ਬੱਡੀ ਉੱਤੇ ਉਸ ਵਿਅਕਤੀ ਦੇ ਹਸਤਾਖਰ ਲਏ ਜਾਣ, ਜੋ ਇਸ ਗੱਲ ਦਾ ਸਬੂਤ ਹੋਵੇਗਾ ਕਿ ਉਸ ਨੇ ਉਸ ਨੂੰ ਵੇਖ ਲਿਆ ਹੈ। ਤਲਾਸ਼ੀ ਵਾਰੰਟ ਦੀ ਬੱਡੀ ਉੱਤੇ ਘੱਟੋ-ਘੱਟ ਦੋ ਗਵਾਹਾਂ ਦੇ ਹਸਤਾਖਰ ਵੀ ਲਏ ਜਾਣੇ ਚਾਹੀਦੇ ਹਨ।
* ਤਲਾਸ਼ੀ ਉਸ ਇਲਾਕੇ ਦੇ ਘੱਟੋ-ਘੱਟ ਦੋ ਸੁਤੰਤਰ ਗਵਾਹਾਂ ਦੀ ਮੌਜੂਦਗੀ ਵਿੱਚ ਲਈ ਜਾਣੀ ਚਾਹੀਦੀ ਹੈ। ਜੇ ਅਜਿਹਾ ਕੋਈ ਨਿਵਾਸੀ ਉਪਲਬਧ/ਇੱਛੁਕ ਨਹੀਂ, ਤਦ ਕਿਸੇ ਹੋਰ ਸਥਾਨਕ ਖੇਤਰ ਦੇ ਨਿਵਾਸੀਆਂ ਨੂੰ ਉਸ ਤਲਾਸ਼ੀ ਦੇ ਗਵਾਹ ਬਣਨ ਲਈ ਆਖਣਾ ਚਾਹੀਦਾ ਹੈ। ਉਨ੍ਹਾਂ ਗਵਾਹਾਂ ਨੂੰ ਉਸ ਤਲਾਸ਼ੀ ਦੇ ਉਦੇਸ਼ ਬਾਰੇ ਸੰਖੇਪ ਰੂਪ ਵਿੱਚ ਦੱਸਣਾ ਚਾਹੀਦਾ ਹੈ।
* ਤਲਾਸ਼ੀ ਦੀਆਂ ਕਾਰਵਾਈਆਂ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਤਲਾਸ਼ੀ ਲੈਣ ਵਾਲੇ ਅਧਿਕਾਰੀਆਂ ਦੀ ਟੀਮ ਅਤੇ ਨਾਲ ਮੌਜੂਦ ਗਵਾਹਾਂ ਨੂੰ ਉਸ ਪਰਿਸਰ, ਜਿਸ ਦੀ ਤਲਾਸ਼ੀ ਲਈ ਜਾ ਰਹੀ ਹੈ, ਦੇ ਇੰਚਾਰਜ ਵਿਅਕਤੀ ਨੂੰ ਆਪੋ-ਆਪਣੀ ਨਿਜੀ ਤਲਾਸ਼ੀ ਲੈਣ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ, ਤਲਾਸ਼ੀ ਮੁਕੰਮਲ ਹੋਣ ਤੋਂ ਬਾਅਦ ਸਾਰੇ ਅਧਿਕਾਰੀਆਂ ਅਤੇ ਗਵਾਹਾਂ ਨੂੰ

ਇੱਕ ਵਾਰ ਆਪਣੀ ਖ਼ੁਦ ਦੀ ਨਿਜੀ ਤਲਾਸ਼ੀ ਲੈਣ ਦੇਣੀ ਚਾਹੀਦੀ ਹੈ।

* ਮੌਕੇ ਉੱਤੇ ਤਲਾਸ਼ੀ ਦੀਆਂ ਕਾਰਵਾਈਆਂ ਦਾ ਇੱਕ ਪੰਚਨਾਮਾ/ਮਹਾਜ਼ਰ ਜ਼ਰੂਰ ਹੀ ਤਿਆਰ ਕੀਤਾ ਜਾਣਾ ਚਾਹੀਦਾ ਹੈ। ਬਰਾਮਦ ਅਤੇ ਜ਼ਬਤ ਕੀਤੀਆਂ/ਹਿਰਾਸਤ ਵਿੱਚ ਲਈਆਂ ਸਾਰੀਆਂ ਵਸਤਾਂ ਭਾਵ ਮਾਲ, ਦਸਤਾਵੇਜ਼ਾਂ ਦੀ ਇੱਕ ਸੂਚੀ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਨੂੰ ਪੰਚਨਾਮਾ/ਮਹਾਜ਼ਰ ਦੇ ਨਾਲ ਨੱਥੀ ਕਰਨਾ ਚਾਹੀਦਾ ਹੈ। ਪੰਚਨਾਮਾ/ਮਹਾਜ਼ਰ ਅਤੇ ਜ਼ਬਤ ਕੀਤੇ/ਹਿਰਾਸਤ ਵਿੱਚ ਲਏ ਮਾਲ ਭਾਵ ਵਸਤਾਂ/ਦਸਤਾਵੇਜ਼ਾਂ ਦੀ ਸੂਚੀ ਉੱਤੇ ਗਵਾਹਾਂ, ਪਰਿਸਰ ਦੇ ਇੰਚਾਰਜ/ਮਾਲਕ ਦੇ ਹਸਤਾਖਰ ਉਨ੍ਹਾਂ ਵਿਅਕਤੀਆਂ ਦੇ ਸਾਹਮਣੇ ਕਰਵਾਉਣੇ ਚਾਹੀਦੇ ਹਨ, ਜਿਨ੍ਹਾਂ ਸਾਹਮਣੇ ਤਲਾਸ਼ੀ ਲਈ ਗਈ ਹੈ ਅਤੇ ਇਸ ਉੱਤੇ ਉਸ(ਉਨ੍ਹਾਂ) ਅਧਿਕਾਰੀ(ਆਂ) ਨੇ ਵੀ ਹਸਤਾਖਰ ਕਰਨੇ ਹਲ, ਜਿਨ੍ਹਾਂ ਤਲਾਸ਼ੀ ਕਰਨ ਲਈ ਬਾਕਾਇਦਾ ਅਧਿਕਾਰ ਮਿਲੇ ਹਨ।
* ਤਲਾਸ਼ੀ ਖ਼ਤਮ ਹੋਣ ਤੋਂ ਬਾਅਦ, ਤਲਾਸ਼ੀ ਵਾਰੰਟਾਂ ਉੱਤੇ ਬਾਕਾਇਦਾ ਤਾਮੀਲ ਹੋਣ ਤੋਂ ਬਾਅਦ ਉਸ ਦੀ ਅਸਲ ਕਾਪੀ ਨੂੰ ਜਾਰੀਕਰਤਾ ਅਧਿਕਾਰੀ ਨੂੰ ਵਾਪਸ ਕਰਨਾ ਚਾਹੀਦਾ ਹੈ ਅਤੇ ਨਾਲ ਉਸ ਤਲਾਸ਼ੀ ਦੇ ਨਤੀਜਿਆਂ ਨਾਲ ਸਬੰਧਤ ਇੱਕ ਰਿਪੋਰਟ ਵੀ ਦੇਣੀ ਹੋਵੇਗੀ। ਤਲਾਸ਼ੀ ਵਾਰੰਟ ਦੇ ਪਿਛਲੇ ਪਾਸੇ ਉਨ੍ਹਾਂ ਅਧਿਕਾਰੀਆਂ ਦੇ ਨਾਮ ਵੀ ਲਿਖੇ ਜਾ ਸਕਦੇ ਹਨ, ਜਿਹੜੇ ਤਲਾਸ਼ੀ ਲੈਣ ਵਾਲੀ ਟੀਮ ਵਿੱਚ ਸ਼ਾਮਲ ਸਨ।
* ਤਲਾਸ਼ੀ ਵਾਰੰਟ ਜਾਰੀਕਰਤਾ ਅਥਾਰਟੀ ਨੂੰ ਜਾਰੀ ਕੀਤੇ ਤਲਾਸ਼ੀ ਵਾਰੰਟ ਦੇ ਰਿਕਾਰਡਾਂ ਦਾ ਰਜਿਸਟਰ ਪੂਰੀ ਤਰ੍ਹਾਂ ਕਾਇਮ ਰੱਖਣਾ ਚਾਹੀਦਾ ਹੈ ਅਤੇ ਵਾਪਸ ਕੀਤੇ ਅਤੇ ਵਰਤੇ ਤਲਾਸ਼ੀ ਵਾਰੰਟ ਰਿਕਾਰਡਾਂ ਵਿੱਚ ਰੱਖਣੇ ਚਾਹੀਦੇ ਹਨ।
* ਪੰਚਨਾਮਾ/ਮਹਾਜ਼ਰ ਦੀ ਇੱਕ ਕਾਪੀ, ਇਸ ਦੇ ਅਨੁਲੱਗ ਸਮੇਤ ਉਸ ਪਰਿਸਰ ਦੇ ਇੰਚਾਰਜ ਵਿਅਕਤੀ/ਮਾਲਕ ਨੂੰ ਦੇਣੀ ਚਾਹੀਦੀ ਹੈ, ਜਿਸ ਦੀ ਪ੍ਰਵਾਨਗੀ ਨਾਲ ਤਲਾਸ਼ੀ ਲਈ ਜਾ ਰਹੀ ਹੈ।

**ਪ੍ਰਸ਼ਨ 13. ਕੀ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਅਧਿਕਾਰੀ ਕਿਸੇ ਹੋਰ ਸਥਿਤੀਆਂ ਅਧੀਨ ਕਾਰੋਬਾਰੀ ਪਰਿਸਰ ਤੱਕ ਪਹੁੰਚ ਕਰ ਸਕਦਾ ਹੈ?**

ਉੱਤਰ. ਹਾਂ। ਅਜਿਹੀ ਪਹੁੰਚ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ

ਅਨੁਛੇਦ 65 ਦੀਆਂ ਮੱਦਾਂ ਵਿੱਚ ਹਾਸਲ ਕੀਤੀ ਜਾ ਸਕਦੀ ਹੈ। ਕਾਨੂੰਨ ਦੀ ਇਸ ਵਿਵਸਥਾ ਦਾ ਅਰਥ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 66 ਅਧੀਨ ਨਾਮਜ਼ਦ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਦੀ ਔਡਿਟ ਪਾਰਟੀ ਜਾਂ ਕੰਪਟਰੋਲਰ ਅਤੇ ਔਡੀਟਰ ਜਨਰਲ (ਕੈਗ) ਜਾਂ ਕੌਸਟ ਅਕਾਊਂਟੈਂਟ ਜਾਂ ਚਾਰਟਰਡ ਅਕਾਊਂਟੈਂਟ ਨੂੰ ਰੈਵੇਨਿਊ (ਆਮਦਨ) ਦੇ ਹਿਤ ਦੀ ਰਾਖੀ ਲਈ ਜ਼ਰੂਰੀ ਸਮਝੀ ਜਾਣ ਵਾਲੀ ਕੋਈ ਔਡਿਟ, ਜਾਂਚ-ਪੜਤਾਲ, ਪੁਸ਼ਟੀ ਅਤੇ ਚੈੱਸ ਕਰਨ ਦੇ ਮੰਤਵਾਂ ਲਈ ਬਿਨਾ ਤਲਾਸ਼ੀ ਵਾਰੰਟ ਜਾਰੀ ਕੀਤੇ ਕਿਸੇ ਵੀ ਵਪਾਰਕ ਪਰਿਸਰ ਤੱਕ ਪਹੁੰਚ ਕਰਨ ਦੀ ਪ੍ਰਵਾਨਗੀ ਦੇਣਾ ਹੈ। ਉਂਝ, ਸੀ.ਜੀ.ਐਸ.ਟੀ. ਜਾਂ ਐਸ.ਜੀ.ਐਸ.ਟੀ. ਦੇ ਐਡੀਸ਼ਨਲ/ਜੁਆਇੰਟ ਕਮਿਸ਼ਨਰ ਦਰਜੇ ਦੇ ਕਿਸੇ ਅਧਿਕਾਰੀ ਵੱਲੋਂ ਇੱਕ ਲਿਖਤੀ ਅਧਿਕਾਰ-ਪੱਤਰ ਜਾਰੀ ਕੀਤਾ ਜਾ ਸਕਦਾ ਹੈ। ਇਹ ਵਿਵਸਥਾ ਕਿਸੇ ਅਜਿਹੇ ਟੈਕਸਯੋਗ ਵਿਅਕਤੀ ਕਾਰੋਬਾਰੀ ਪਰਿਸਰ ਤਕ ਪਹੁੰਚ ਕਰਨ ਦੀ ਸੁਵਿਧਾ ਦਿੰਦੀ ਹੈ, ਜਿਹੜਾ ਇੱਕ ਪ੍ਰਿੰਸੀਪਲ ਵਜੋਂ ਜਾਂ ਕਾਰੋਬਾਰ ਦੇ ਵਧੀਕ ਸਥਾਨ ਵਜੋਂ ਰਜਿਸਟਰਡ ਨਹੀਂ ਹੈ ਪਰ ਉਸ ਕੋਲ ਅਕਾਊਂਟਸ ਦੀਆਂ ਕਿਤਾਬਾਂ, ਦਸਤਾਵੇਜ਼, ਕੰਪਿਊਟਰਜ਼ ਆਦਿ ਹਨ, ਜਿਨ੍ਹਾਂ ਦੀ ਜ਼ਰੂਰਤ ਇੱਕ ਟੈਕਸਯੋਗ ਵਿਅਕਤੀ ਦੇ ਖਾਤਿਆਂ ਦੀ ਔਡਿਟ ਜਾਂ ਪੁਸ਼ਟੀ ਲਈ ਜ਼ਰੂਰੀ ਹੈ।

**ਪ੍ਰਸ਼ਨ 14. ਮੱਦ 'ਜ਼ਬਤੀ' (ਸੀਜ਼ਰ) ਦਾ ਕੀ ਅਰਥ ਹੈ?**

ਉੱਤਰ. ਮੌਡਲ ਜੀ.ਐਸ.ਟੀ. ਕਾਨੂੰਨ ਵਿੱਚ ਮੱਦ 'ਸੀਜ਼ਰ' (seizure) ਭਾਵ 'ਜ਼ਬਤੀ' ਨੂੰ ਵਿਸ਼ੇਸ਼ ਤੌਰ 'ਤੇ ਪਰਿਭਾਸ਼ਿਤ ਨਹੀਂ ਕੀਤਾ ਗਿਆ। 'ਲੌਅ ਲੈਕਸੀਕਨ ਡਿਕਸ਼ਨਰੀ' ਵਿੱਚ 'ਸੀਜ਼ਰ' ਨੂੰ ਕਾਨੂੰਨੀ ਪ੍ਰਕਿਰਿਆ ਅਧੀਨ ਕਿਸੇ ਅਧਿਕਾਰੀ ਵੱਲੋਂ ਸੰਪਤੀ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕਾਰਵਾਈ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ। ਆਮ ਤੌਰ 'ਤੇ ਇਸ ਦਾ ਮਤਲਬ ਉਸ ਸੰਪਤੀ ਦੇ ਮਾਲਕ ਜਾਂ ਜਿਸ ਦਾ ਕਬਜ਼ਾ ਹੈ ਅਤੇ ਜੋ ਆਪਣੇ ਕਬਜ਼ੇ ਹੇਠਲੀ ਚੀਜ਼ ਕਿਸੇ ਨਾਲ ਸਾਂਝੀ ਕਰਨ ਦਾ ਇੱਛੁਕ ਨਹੀਂ ਸੀ; ਦੀਆਂ ਇੱਛਾਵਾਂ ਦੇ ਉਲਟ ਜ਼ਬਰਦਸਤੀ ਉਸ ਉੱਤੇ ਕਬਜ਼ਾ ਕਰ ਲੈਣਾ।

**ਪ੍ਰਸ਼ਨ 15. ਕੀ ਐਮ.ਜੀ.ਐਲ. ਅਧੀਨ ਮਾਲ ਅਤੇ ਵਾਹਨਾਂ ਨੂੰ ਹਿਰਾਸਤ ਵਿੱਚ ਲੈਣ ਦਾ ਕੋਈ ਅਧਿਕਾਰ ਹੈ?**

ਉੱਤਰ. ਜੀ ਹਾਂ, ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ

129 ਅਧੀਨ, ਕਿਸੇ ਅਧਿਕਾਰੀ ਨੂੰ ਮਾਲ ਲਿਜਾਣ ਵਾਲੇ ਵਾਹਨ (ਜਿਵੇਂ ਕੋਈ ਟਰੱਕ ਜਾਂ ਕਿਸੇ ਹੋਰ ਕਿਸਮ ਦਾ ਵਾਹਨ) ਸਮੇਤ ਮਾਲ ਹਿਰਾਸਤ ਵਿੱਚ ਲੈਣ ਦਾ ਅਧਿਕਾਰ ਹੁੰਦਾ ਹੈ। ਇਹ ਅਜਿਹੇ ਮਾਲ ਲਈ ਹੋ ਸਕਦਾ ਹੈ, ਜਿਸ ਨੂੰ ਲਿਜਾਂਦਾ ਜਾ ਰਿਹਾ ਹੈ ਜਾਂ ਜਿਸ ਨੂੰ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਦਿਆਂ ਲਾਂਘੇ (ਟ੍ਰਾਂਜ਼ਿਟ) ਵਿੱਚ ਸਟੋਰ ਕਰ ਕੇ ਰੱਖਿਆ ਗਿਆ ਹੈ। ਸਟੋਰ ਕਰ ਕੇ ਜਾਂ ਸਟਾੱਕ ਵਿੱਚ ਰੱਖੀਆਂ ਵਸਤਾਂ, ਪਰ ਜਿਨ੍ਹਾਂ ਦਾ ਕੋਈ ਹਿਸਾਬ-ਕਿਤਾਬ ਨਹੀਂ, ਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ। ਅਜਿਹੀਆਂ ਵਸਤਾਂ ਭਾਵ ਮਾਲ ਅਤੇ ਵਾਹਨ ਨੂੰ ਲਾਗੂ ਟੈਕਸ ਦੇ ਭੁਗਤਾਨ ਤੋਂ ਬਾਅਦ ਜਾਂ ਵਾਜਬ ਰਕਮ ਦੀ ਜ਼ਮਾਨਤ ਜਮ੍ਹਾ ਕਰਵਾ ਕੇ ਛੱਡਿਆ ਜਾ ਸਕਦਾ ਹੈ।

**ਪ੍ਰਸ਼ਨ 16. 'ਜ਼ਬਤੀ' (ਸੀਜ਼ਰ) ਅਤੇ 'ਹਿਰਾਸਤ' (ਡਿਟੈਂਸ਼ਨ) ਵਿਚਾਲੇ ਕਾਨੂੰਨੀ ਤੌਰ ਉੱਤੇ ਕੀ ਫ਼ਰਕ ਹੈ?**

ਉੱਤਰ. ਸੰਪਤੀ ਦੇ ਮਾਲਕ ਜਾਂ ਜਿਸ ਵਿਅਕਤੀ ਕੋਲ ਸੰਪਤੀ ਹੈ, ਉਸ ਨੂੰ ਕਿਸੇ ਖ਼ਾਸ ਸਮੇਂ ਦੌਰਾਨ ਕਿਸੇ ਕਾਨੂੰਨੀ ਆਦੇਸ਼/ਨੋਟਿਸ ਦੁਆਰਾ ਆਪਣੀ ਸੰਪਤੀ ਤੱਕ ਪਹੁੰਚ ਕਰਨ ਤੋਂ ਇਨਕਾਰ ਕਰ ਦੇਣ ਨੂੰ 'ਡਿਟੈਂਸ਼ਨ' (ਹਿਰਾਸਤ ਵਿੱਚ ਲੈਣਾ) ਆਖਦੇ ਹਨ। ਵਿਭਾਗ ਵੱਲੋਂ ਜ਼ਬਤੀ ਕਿਸੇ ਮਾਲ ਨੂੰ ਅਸਲ ਰੂਪ ਵਿੱਚ ਕਬਜ਼ੇ ਵਿੱਚ ਲੈਣ ਦੁਆਰਾ ਹੁੰਦੀ ਹੈ। ਹਿਰਾਸਤ ਵਿੱਚ ਲੈਣ ਦਾ ਹੁਕਮ ਉਦੋਂ ਜਾਰੀ ਕੀਤਾ ਜਾਂਦਾ ਹੈ, ਜਦੋਂ ਇਹ ਸ਼ੱਕ ਹੋਵੇ ਕਿ ਮਾਲ ਨੂੰ ਜ਼ਬਤ ਕੀਤਾ ਜਾ ਸਕਦਾ ਹੈ। ਜ਼ਬਤੀ ਕੇਵਲ ਕਿਸੇ ਵਾਜਬ ਯਕੀਨ ਦੇ ਆਧਾਰ ਉੱਤੇ ਹੀ ਕੀਤੀ ਜਾ ਸਕਦੀ ਹੈ, ਅਤੇ ਇਹ ਯਕੀਨ ਜਾਂਚ/ਤਫ਼ਤੀਸ਼ ਤੋਂ ਬਾਅਦ ਹੀ ਕਾਇਮ ਹੁੰਦਾ ਹੈ ਕਿ ਮਾਲ ਨੂੰ ਜ਼ਬਤ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 17. ਤਲਾਸ਼ੀ ਜਾਂ ਜ਼ਬਤੀ ਸਬੰਧੀ ਜੀ.ਐੱਸ.ਟੀ. ਕਾਨੂੰਨ(ਾਂ) ਵਿੱਚ ਰੱਖਿਆ ਲਈ ਕੀ ਪ੍ਰਬੰਧ ਹਨ?**

ਉੱਤਰ. ਤਲਾਸ਼ੀ ਜਾਂ ਜ਼ਬਤੀ ਦੇ ਅਧਿਕਾਰ ਦੇ ਸਬੰਧ ਵਿੱਚ ਮਾੱਡਲ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 67 ਵਿੱਚ ਦਿੱਤੇ ਅਨੁਸਾਰ ਰੱਖਿਆ ਲਈ ਕੁਝ ਪ੍ਰਬੰਧ ਹਨ। ਇਹ ਨਿਮਨਲਿਖਤ ਅਨੁਸਾਰ ਹਨ:

i. ਜ਼ਬਤ ਕੀਤਾ ਮਾਲ ਜਾਂ ਦਸਤਾਵੇਜ਼ ਉਨ੍ਹਾਂ ਦੇ ਨਿਰੀਖਣ ਲਈ ਜ਼ਰੂਰੀ ਸਮਾਂ-ਮਿਆਦ ਤੋਂ ਬਾਅਦ ਨਹੀਂ ਰੱਖੇ ਜਾਣੇ ਚਾਹੀਦੇ;

ii. ਉਹ ਵਿਅਕਤੀ ਅਜਿਹੇ ਦਸਤਾਵੇਜ਼ਾਂ ਦੀਆਂ ਫ਼ੋਟੋ-ਕਾਪੀਆਂ ਲੈ ਸਕਦਾ ਹੈ, ਜਿਸ ਕੋਲੋਂ ਉਹ ਦਸਤਾਵੇਜ਼ ਜ਼ਬਤ ਕੀਤੇ ਜਾ ਰਹੇ ਹਨ;

iii. ਜ਼ਬਤ ਕੀਤੇ ਮਾਲ ਲਈ, ਜੇ ਇਸ ਦੀ ਜ਼ਬਤੀ ਦੇ 6 ਮਹੀਨਿਆਂ ਅੰਦਰ ਕੋਈ ਨੋਟਿਸ ਜਾਰੀ ਨਹੀਂ ਕੀਤਾ ਜਾਂਦਾ, ਤਾਂ ਉਹ ਮਾਲ ਉਸ ਵਿਅਕਤੀ ਨੂੰ ਵਾਪਸ ਕਰਨਾ ਹੋਵੇਗਾ, ਜਿਸ ਦੇ ਕਬਜ਼ੇ ਵਿੱਚੋਂ ਉਨ੍ਹਾਂ ਨੂੰ ਜ਼ਬਤ ਕੀਤਾ ਗਿਆ ਸੀ। 6 ਮਹੀਨਿਆਂ ਦੀ ਇਸ ਮਿਆਦ ਨੂੰ ਉਚਿਤ ਦਲੀਲਾਂ ਦੇ ਆਧਾਰ ਉੱਤੇ ਵੱਧ ਤੋਂ ਵੱਧ ਛੇ ਮਹੀਨਿਆਂ ਦੇ ਸਮੇਂ ਲਈ ਅੱਗੇ ਵਧਾਇਆ ਜਾ ਸਕਦਾ ਹੈ;

iv. ਜ਼ਬਤ ਕਰਨ ਵਾਲੇ ਅਧਿਕਾਰੀ ਨੂੰ ਜ਼ਬਤ ਕੀਤੀਆਂ ਵਸਤਾਂ ਭਾਵ ਮਾਲ ਦੀ ਇੱਕ ਸੂਚੀ ਬਣਾਉਣੀ ਹੋਵੇਗੀ;

v. ਜੀ.ਐਸ.ਟੀ. ਨਿਯਮਾਂ ਅਧੀਨ ਵਰਣਿਤ ਕੁਝ ਵਿਸ਼ੇਸ਼ ਵਰਗ ਦੀਆਂ ਵਸਤਾਂ (ਜਿਵੇਂ ਕਿ ਨਸ਼ਟ ਹੋਣ ਯੋਗ, ਖ਼ਤਰਨਾਕ ਆਦਿ) ਨੂੰ ਜ਼ਬਤ ਕੀਤੇ ਜਾਣ ਦੇ ਤੁਰੰਤ ਬਾਅਦ ਉਨ੍ਹਾਂ ਨੂੰ ਸਹੀ ਟਿਕਾਣੇ ਲਾਉਣਾ ਹੋਵੇਗਾ;

vi. ਤਲਾਸ਼ੀ ਅਤੇ ਜ਼ਬਤੀ ਨਾਲ ਸਬੰਧਤ ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ 1973 ਦੀਆਂ ਵਿਵਸਥਾਵਾਂ ਲਾਗੂ ਹੋਣਗੀਆਂ। ਉਂਝ, ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ ਦੇ ਅਨੁਛੇਦ 165 ਦੇ ਉੱਪ-ਅਨੁਛੇਦ (5) ਦੇ ਸਬੰਧ ਇੱਕ ਅਹਿਮ ਸੋਧ ਇਹ ਹੈ ਕਿ - ਲਈ ਗਈ ਤਲਾਸ਼ੀ ਨਾਲ ਸਬੰਧਤ ਕੋਈ ਰਿਕਾਰਡ ਦੀਆਂ ਕਾਪੀਆਂ ਨੇੜਲੇ ਮੈਜਿਸਟਰੇਟ, ਜਿਸ ਨੂੰ ਅਪਰਾਧ ਉੱਤੇ 'ਵਿਚਾਰ-ਅਧਿਕਾਰ' ਹੁੰਦਾ ਹੈ, ਨੂੰ ਭੇਜਣ ਦੀ ਥਾਂ ਹੁਣ ਇਹ ਪ੍ਰਿੰਸੀਪਲ ਕਮਿਸ਼ਨਰ/ਸੀ.ਜੀ.ਐਸ.ਟੀ. ਦੇ ਕਮਿਸ਼ਨਰ/ਐਸ.ਜੀ.ਐਸ.ਟੀ. ਦੇ ਕਮਿਸ਼ਨਰ ਨੂੰ ਭੇਜਣੀਆਂ ਹੋਣਗੀਆਂ।

**ਪ੍ਰਸ਼ਨ 18. ਕੀ ਟੈਕਸਯੋਗ ਵਸਤਾਂ ਭਾਵ ਮਾਲ ਨੂੰ ਲਿਜਾਂਦੇ ਦੌਰਾਨ ਕੋਲ ਕੋਈ ਵਿਸ਼ੇਸ਼ ਦਸਤਾਵੇਜ਼ ਹੋਣਾ ਚਾਹੀਦਾ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 68 ਅਧੀਨ, ਟਰਾਂਸਪੋਰਟ ਵਾਹਨ ਦੇ ਇੰਚਾਰਜ ਵਿਅਕਤੀ ਨੂੰ ਇੱਕ ਵਿਸ਼ੇਸ਼ ਰਕਮ ਤੋਂ ਵੱਧ ਮੁੱਲ ਦੇ ਮਾਲ ਦੀਆਂ ਅਜਿਹੀਆਂ ਖੇਪਾਂ ਦੇ ਸਬੰਧ ਵਿੱਚ ਇੱਕ ਨਿਰਧਾਰਤ ਦਸਤਾਵੇਜ਼ ਆਪਣੇ ਕੋਲ ਰੱਖਣਾ ਹੋ ਸਕਦਾ ਹੈ, ਜਿਵੇਂ ਨਿਰਧਾਰਤ ਹੋ ਸਕਦਾ ਹੈ।

**ਪ੍ਰਸ਼ਨ 19. ਮੱਦ 'ਗ੍ਰਿਫ਼ਤਾਰੀ' ਦਾ ਕੀ ਅਰਥ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਵਿੱਚ ਮੱਦ 'ਗ੍ਰਿਫ਼ਤਾਰੀ' (ਅਰੈਸਟ) ਨੂੰ ਪਰਿਭਾਸ਼ਤ ਨਹੀਂ ਕੀਤਾ ਗਿਆ। ਉਂਝ ਨਿਆਂਇਕ ਫ਼ੈਸਲਿਆਂ ਅਨੁਸਾਰ, ਇਸ ਦਾ ਮਤਲਬ 'ਕਿਸੇ ਕਾਨੂੰਨੀ ਕਮਾਂਡ ਜਾਂ ਅਥਾਰਟੀ ਅਧੀਨ ਕਿਸੇ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ' ਤੋਂ ਹੈ। ਦੂਜੇ ਸ਼ਬਦਾਂ ਵਿੱਚ, ਇੱਕ ਵਿਅਕਤੀ ਨੂੰ ਉਦੋਂ ਗ੍ਰਿਫ਼ਤਾਰ ਹੋਇਆ ਕਿਹਾ ਜਾਂਦਾ ਹੈ, ਜਦੋਂ ਉਸ ਨੂੰ ਕਾਨੂੰਨੀ ਵਾਰੰਟ ਦੀ ਸ਼ਕਤੀ ਜਾਂ ਰੰਗ ਦੁਆਰਾ ਉਸ ਦੀ ਆਜ਼ਾਦੀ ਨੂੰ ਲੈ ਲਿਆ ਜਾਂਦਾ ਹੈ ਅਤੇ ਨਿਯੰਤ੍ਰਣ ਵਿੱਚ ਰੱਖਿਆ ਜਾਂਦਾ ਹੈ।

**ਪ੍ਰਸ਼ਨ 20. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਕੋਈ ਵਾਜਬ ਅਧਿਕਾਰੀ ਕਦੋਂ ਕਿਸੇ ਵਿਅਕਤੀ ਦੀ 'ਗ੍ਰਿਫ਼ਤਾਰੀ' ਦਾ ਅਧਿਕਾਰ ਦੇ ਸਕਦਾ ਹੈ?**

ਉੱਤਰ. ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਦਾ ਕਮਿਸ਼ਨਰ ਇੱਕ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਅਧਿਕਾਰੀ ਨੂੰ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦੇ ਸਕਦਾ ਹੈ, ਜੇ ਉਸ ਕੋਲ ਇਸ ਗੱਲ ਉੱਤੇ ਯਕੀਨ ਕਰਨ ਦੇ ਕਾਰਨ ਹੋਣ ਕਿ ਉਸ ਵਿਅਕਤੀ ਨੇ ਇੱਕ ਅਜਿਹਾ ਅਪਰਾਧ ਕੀਤਾ ਹੈ, ਜਿਸ ਲਈ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 132(1) (ਏ), (ਬੀ), (ਸੀ), (ਡੀ) ਜਾਂ ਅਨੁਛੇਦ 132(2) ਅਧੀਨ ਨਿਰਧਾਰਤ ਸਜ਼ਾ ਮਿਲ ਸਕਦੀ ਹੈ। ਇਸ ਦਾ ਲਾਜ਼ਮੀ ਤੌਰ 'ਤੇ ਇਹ ਅਰਥ ਹੈ ਕਿ ਇੱਕ ਵਿਅਕਤੀ ਨੂੰ ਕੇਵਲ ਤਦ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਜਿਥੇ ਟੈਕਸ-ਚੋਰੀ 2 ਕਰੋੜ ਰੁਪਏ ਤੋਂ ਵੱਧ ਦੀ ਹੈ ਜਾਂ ਜਿੱਥੇ ਇੱਕ ਵਿਅਕਤੀ ਨੂੰ ਪਹਿਲਾਂ ਮੱਡਲ ਸੀ.ਜੀ.ਐਸ.ਟੀ. ਕਾਨੂੰਨ ਅਧੀਨ ਇੱਕ ਜੁਰਮ ਲਈ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ।

**ਪ੍ਰਸ਼ਨ 21. ਹਿਰਾਸਤ ਅਧੀਨ ਰੱਖੇ ਗਏ ਵਿਅਕਤੀ ਲਈ ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਅਧੀਨ ਕਿਹੜੇ ਰੱਖਿਆ ਉਪਾਅ ਹਨ?**

ਉੱਤਰ. ਹਿਰਾਸਤ ਵਿੱਚ ਰੱਖੇ ਗਏ ਵਿਅਕਤੀ ਲਈ ਅਨੁਛੇਦ 69 ਅਧੀਨ ਕੁਝ ਰੱਖਿਆ ਉਪਾਅ ਪ੍ਰਦਾਨ ਕੀਤੇ ਗਏ ਹਨ। ਇਹ ਹਨ:

(ੳ) ਜੇ ਇੱਕ ਵਿਅਕਤੀ ਨੂੰ ਕਿਸੇ ਪ੍ਰਤੱਖ ਅਪਰਾਧ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਉਸ ਨੂੰ ਉਸ ਦੀ ਗ੍ਰਿਫ਼ਤਾਰ ਦਾ ਆਧਾਰ ਜ਼ਰੂਰ ਹੀ ਲਿਖਤੀ ਰੂਪ ਵਿੱਚ ਸੂਚਿਤ ਕਰਨਾ ਹੋਵੇਗਾ ਅਤੇ ਉਸ ਦੀ ਗ੍ਰਿਫ਼ਤਾਰੀ ਦੇ 24 ਘੰਟਿਆਂ ਅੰਦਰ ਉਸ ਨੂੰ ਜ਼ਰੂਰ ਹੀ ਇੱਕ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨਾ ਹੋਵੇਗਾ;

i. ਜੇ ਇੱਕ ਵਿਅਕਤੀ ਨੂੰ ਅਪ੍ਰੱਤਖ ਅਤੇ ਜ਼ਮਾਨਤਯੋਗ ਅਪਰਾਧ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਤਦ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਦੇ ਡਿਪਟੀ/ਅਸਿਸਟੈਂਟ ਕਮਿਸ਼ਨਰ ਉਸ ਨੂੰ ਜ਼ਮਾਨਤ ਉੱਤੇ ਰਿਹਾਅ ਕਰ ਸਕਦੇ ਹਨ ਅਤੇ ਉਨ੍ਹਾਂ ਉੱਤੇ ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ, 1973 ਦੇ ਅਨੁਛੇਦ 436 ਅਧੀਨ ਪੁਲਿਸ ਥਾਣੇ ਦੇ ਇੰਚਾਰਜ ਅਧਿਕਾਰੀ ਲਈ ਉਪਲਬਧ ਸਾਰੀਆਂ ਵਿਵਸਥਾਵਾਂ ਲਾਗੂ ਹੋਣਗੀਆਂ।

ii. ਹਰ ਕਿਸਮ ਦੀ ਗ੍ਰਿਫ਼ਤਾਰੀ ਜ਼ਰੂਰ ਹੀ ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ, 1973 ਦੀਆਂ ਗ੍ਰਿਫ਼ਤਾਰੀ ਨਾਲ ਸਬੰਧਤ ਵਿਵਸਥਾਵਾਂ ਦੇ ਅਨੁਸਾਰ ਹੀ ਕਰਨੀ ਹੋਵੇਗੀ।

**ਪ੍ਰਸ਼ਨ 22. ਗ੍ਰਿਫ਼ਤਾਰੀ ਦੌਰਾਨ ਕਿਹੜੀਆਂ ਸਾਵਧਾਨੀਆਂ ਰੱਖਣੀਆਂ ਹੋਣਗੀਆਂ?**

ਉੱਤਰ. ਗ੍ਰਿਫ਼ਤਾਰੀ ਨਾਲ ਸਬੰਧਤ ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ, 1973 (1974 ਦਾ 2) ਦੀਆਂ ਵਿਵਸਥਾਵਾਂ ਅਤੇ ਉਸੇ ਅਨੁਸਾਰ ਕਾਰਜ-ਵਿਧੀ ਦੀ ਪਾਲਣਾ ਹਰ ਹਾਲਤ ਵਿੱਚ ਕਰਨੀ ਹੋਵੇਗੀ। ਇਸ ਲਈ ਇਹ ਜ਼ਰੂਰੀ ਹੈ ਕਿ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਦੇ ਸਾਰੇ ਫ਼ੀਲਡ ਆੱਫ਼ੀਸਰਜ਼ ਨੂੰ ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ, 1973 ਦੀਆਂ ਵਿਵਸਥਾਵਾਂ ਦੀ ਮੁਕੰਮਲ ਜਾਣਕਾਰੀ ਹੋਣੀ ਚਾਹੀਦੀ ਹੈ।

ਕ੍ਰਿਮੀਨਲ ਪ੍ਰੋਸੀਜ਼ਰ ਕੋਡ, 1973 ਦੇ ਅਨੁਛੇਦ 57 ਦੀ ਇੱਕ ਅਹਿਮ ਵਿਵਸਥਾ ਦਾ ਖ਼ਾਸ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ, ਜਿਸ ਅਨੁਸਾਰ ਕਿਸੇ ਵਿਅਕਤੀ ਨੂੰ ਵਾਰੰਟ ਤੋਂ ਬਗ਼ੈਰ ਲੰਮਾ ਸਮਾਂ ਹਿਰਾਸਤ ਵਿੱਚ ਨਹੀਂ ਰੱਖਿਆ ਜਾ ਸਕਦਾ, ਜੇ ਕਿਸੇ ਮਾਮਲੇ ਦੇ ਹਾਲਾਤ ਕੁਝ ਵਾਜਬ ਹਨ, ਤਦ ਉਸ ਨੂੰ ਹਿਰਾਸਤ ਵਿੱਚ ਤਾਂ ਰੱਖਿਆ ਜਾ ਸਕਦਾ ਹੈ ਪਰ ਫਿਰ ਵੀ ਇਹ ਹਿਰਾਸਤ 24 ਘੰਟਿਆਂ ਤੋਂ ਵੱਧ ਨਹੀਂ ਹੋਵੇਗੀ (ਇਸ ਸਮੇਂ ਵਿੱਚ ਉਸ ਨੂੰ ਗ੍ਰਿਫ਼ਤਾਰੀ ਦੇ ਸਥਾਨ ਤੋਂ ਮੈਜਿਸਟਰੇਟ ਦੀ ਅਦਾਲਤ ਤੱਕ ਲਿਜਾਂਦੇ ਸਮੇਂ ਯਾਤਰਾ ਦਾ ਸਮਾਂ ਸ਼ਾਮਲ ਨਹੀਂ ਹੋਵੇਗਾ)। ਇਸ ਸਮਾਂ-ਮਿਆਦ ਦੌਰਾਨ, ਜਿਵੇਂ ਕਿ ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦੇ ਅਨੁਛੇਦ 56 ਅਧੀਨ ਵਿਵਸਥਾ ਹੈ, ਗ੍ਰਿਫ਼ਤਾਰੀ ਕਰਨ ਵਾਲਾ ਵਿਅਕਤੀ ਬਿਨਾ ਵਾਰੰਟ ਦੇ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਮਾਮਲੇ ਦੇ ਅਧਿਕਾਰ-ਖੇਤਰ ਦੇ ਇੱਕ ਮੈਜਿਸਟਰੇਟ ਸਾਹਮਣੇ ਪੇਸ਼ ਕਰੇਗਾ।

ਡੀ.ਕੇ. ਬਾਸੂ ਬਨਾਮ ਪੱਛਮੀ ਬੰਗਾਲ ਸਰਕਾਰ ਦੇ ਮਾਮਲੇ ਵਿੱਚ ਸੁਣਾਏ ਇੱਕ

ਅਹਿਮ ਫ਼ੈਸਲੇ, ਜਿਸ ਬਾਰੇ 1997(1)ਐਸ.ਸੀ.ਸੀ. 416 ਵਿੱਚ ਰਿਪੋਰਟ ਕੀਤਾ ਗਿਆ ਹੈ, ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਕੁਝ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਸਨ, ਜਿਨ੍ਹਾਂ ਦਾ ਧਿਆਨ ਗ੍ਰਿਫ਼ਤਾਰੀਆਂ ਕਰਦੇ ਸਮੇਂ ਰੱਖਣਾ ਹੋਵੇਗਾ। ਇਹ ਭਾਵੇਂ ਪੁਲਿਸ ਦੇ ਸਬੰਧ ਵਿੱਚ ਹੈ, ਪਰ ਇਸ ਦੀ ਪਾਲਣਾ ਉਨ੍ਹਾਂ ਸਾਰੇ ਵਿਭਾਗਾਂ ਨੂੰ ਕਰਨੀ ਹੋਵੇਗੀ, ਜਿਨ੍ਹਾਂ ਕੋਲ ਗ੍ਰਿਫ਼ਤਾਰੀ ਕਰਨ ਦੇ ਅਧਿਕਾਰ ਹਨ। ਇਹ ਨਿਮਨਲਿਖਤ ਅਨੁਸਾਰ ਹਨ:

i. ਜਿਹੜਾ ਪੁਲਿਸ ਅਧਿਕਾਰੀ ਗ੍ਰਿਫ਼ਤਾਰੀ ਕਰਦਾ ਹੈ ਅਤੇ ਗ੍ਰਿਫ਼ਤਾਰ ਹੋਏ ਵਿਅਕਤੀ ਤੋਂ ਪੁੱਛਗਿੱਛ ਕਰਦਾ ਹੈ, ਉਸ ਦੇ ਬਿਲਕੁਲ ਸਹੀ, ਦ੍ਰਿਸ਼ਟਮਾਨ ਅਤੇ ਸਪੱਸ਼ਟ ਸ਼ਨਾਖ਼ਤ ਅਤੇ ਨਾਮ ਦੇ ਟੈਗਜ਼ ਉਸ ਦੇ ਅਹੁਦਿਆਂ ਸਮੇਤ ਲੱਗੇ ਹੋਣੇ ਚਾਹੀਦੇ ਹਨ। ਅਜਿਹੇ ਸਾਰੇ ਪੁਲਿਸ ਮੁਲਾਜ਼ਮਾਂ, ਜਿਹੜੇ ਗ੍ਰਿਫ਼ਤਾਰ ਵਿਅਕਤੀ ਤੋਂ ਪੁੱਛਗਿੱਛ ਕਰਦੇ ਹਨ, ਦੇ ਵੇਰਵੇ ਜ਼ਰੂਰ ਹੀ ਇੱਕ ਰਜਿਸਟਰ ਵਿੱਚ ਰਿਕਾਰਡ ਕਰਨੇ ਹੋਣਗੇ।

ii. ਗ੍ਰਿਫ਼ਤਾਰੀ ਕਰਨ ਵਾਲਾ ਪੁਲਿਸ ਅਧਿਕਾਰੀ ਗ੍ਰਿਫ਼ਤਾਰੀ ਦੇ ਸਮੇਂ ਗ੍ਰਿਫ਼ਤਾਰੀ ਦਾ ਇੱਕ ਮੀਮੋ ਤਿਆਰ ਕਰੇਗਾ ਅਤੇ ਅਜਿਹਾ ਮੀਮੋ ਘੱਟੋ-ਘੱਟ ਇੱਕ ਗਵਾਹ ਤੋਂ ਤਸਦੀਕ ਕਰਵਾਉਣਾ ਹੋਵੇਗਾ, ਜੋ ਗ੍ਰਿਫ਼ਤਾਰ ਕੀਤੇ ਵਿਅਕਤੀ ਦੇ ਪਰਿਵਾਰ ਦਾ ਕੋਈ ਮੈਂਬਰ ਹੋਣਾ ਚਾਹੀਦਾ ਹੈ ਜਾਂ ਜਿਸ ਇਲਾਕੇ ਵਿੱਚ ਗ੍ਰਿਫ਼ਤਾਰੀ ਕੀਤੀ ਜਾ ਰਹੀ ਹੈ, ਉਥੋਂ ਦਾ ਕੋਈ ਮੋਹਤਬਰ ਸਤਿਕਾਰਤ ਵਿਅਕਤੀ ਗਵਾਹ ਵਜੋਂ ਹਸਤਾਖਰ ਕਰ ਸਕਦਾ ਹੈ। ਉਸ ਉੱਤੇ ਗ੍ਰਿਫ਼ਤਾਰ ਹੋਏ ਵਿਅਕਤੀ ਨੂੰ ਵੀ ਪ੍ਰਤੀ-ਹਸਤਾਖਰ ਕਰਨੇ ਹੋਣਗੇ ਅਤੇ ਉਸ ਉੱਤੇ ਗ੍ਰਿਫ਼ਤਾਰੀ ਦਾ ਸਮਾਂ ਅਤੇ ਮਿਤੀ ਵੀ ਦਰਜ ਹੋਣਗੇ।

iii. ਇੱਕ ਵਿਅਕਤੀ, ਜਿਸ ਨੂੰ ਗ੍ਰਿਫ਼ਤਾਰ ਕੀਤਾ ਜਾਂ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਉਸ ਇੱਕ ਪੁਲਿਸ ਥਾਣੇ ਜਾਂ ਪੁੱਛਗਿੱਛ ਕੇਂਦਰ ਜਾਂ ਕਿਸੇ ਹੋਰ ਲੱਕ-ਅੱਪ ਵਿੱਚ ਹਿਰਾਸਤ ਅਧੀਨ ਰੱਖਿਆ ਜਾ ਰਿਹਾ ਹੈ ਅਤੇ ਉਸ ਨੂੰ ਜਿੰਨੀ ਵੀ ਛੇਤੀ ਵਿਵਹਾਰਕਯੋਗ ਹੋਵੇਗਾ, ਆਪਣੇ ਕਿਸੇ ਅਜਿਹੇ ਇੱਕ ਦੋਸਤ ਜਾਂ ਰਿਸ਼ਤੇਦਾਰ ਜਾਂ ਕਿਸੇ ਹੋਰ ਜਾਣਕਾਰ ਵਿਅਕਤੀ ਨੂੰ ਆਪਣੀ ਗ੍ਰਿਫ਼ਤਾਰੀ ਬਾਰੇ ਸੂਚਨਾ ਦੇਣ ਦਾ ਹੱਕ ਹੋਵੇਗਾ; ਜਿਸ ਨੂੰ ਉਸ ਦੀ ਭਲਾਈ ਦੀ ਚਿੰਤਾ ਹੋਵੇ ਅਤੇ ਗ੍ਰਿਫ਼ਤਾਰ ਹੋਇਆ ਵਿਅਕਤੀ ਉਸ ਨੂੰ

ਆਪਣੀ ਗ੍ਰਿਫ਼ਤਾਰੀ ਬਾਰੇ ਦੱਸੇਗਾ ਅਤੇ ਇਹ ਵੀ ਦੱਸੇਗਾ ਕਿ ਉਸ ਨੂੰ ਕਿਹੜੇ ਖ਼ਾਸ ਸਥਾਨ ’ਤੇ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਦੋਂ ਤੱਕ ਕਿ ਗ੍ਰਿਫ਼ਤਾਰੀ ਕਰਦੇ ਸਮੇਂ ਗ੍ਰਿਫ਼ਤਾਰੀ ਦੇ ਮੀਮੋ ਦਾ ਗਵਾਹ, ਗ੍ਰਿਫ਼ਤਾਰ ਕੀਤੇ ਵਿਅਕਤੀ ਦਾ ਅਜਿਹਾ ਕੋਈ ਦੋਸਤ ਜਾਂ ਰਿਸ਼ਤੇਦਾਰ ਨਾ ਹੋਵੇ।

iv. ਗ੍ਰਿਫ਼ਤਾਰ ਕੀਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਦਾ ਸਮਾਂ, ਗ੍ਰਿਫ਼ਤਾਰੀ ਦਾ ਸਕਾਨ ਤੇ ਹਿਰਾਸਤ ਦੇ ਸਕਾਨ ਬਾਰੇ ਪੁਲਿਸ ਵੱਲੋਂ ਜ਼ਰੂਰ ਹੀ ਜ਼ਿਲ੍ਹੇ ਦੇ ‘ਕਾਨੂੰਨੀ ਸਹਾਇਤਾ ਸੰਗਠਨ’ (ਲੀਗਲ ਏਡ ਔੱਰਗੇਇਲਾਇਜ਼ੇਸ਼ਨ) ਰਾਹੀਂ ਅਤੇ ਸਬੰਧਤ ਇਲਾਕੇ ਦੇ ਪੁਲਿਸ ਥਾਣੇ ਵੱਲੋਂ ਗ੍ਰਿਫ਼ਤਾਰੀ ਦੇ ਬਾਅਦ 8 ਤੋਂ 12 ਘੰਟਿਆਂ ਦੇ ਅੰਦਰ ਟੈਲੀਗ੍ਰਾਫ਼ਿਕ ਢੰਗ ਨਾਲ ਅਧਿਸੂਚਿਤ ਕੀਤਾ ਜਾਵੇਗਾ, ਜਿੱਥੇ ਗ੍ਰਿਫ਼ਤਾਰ ਹੋਏ ਵਿਅਕਤੀ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਜ਼ਿਲ੍ਹੇ ਜਾਂ ਸ਼ਹਿਰ ਤੋਂ ਬਾਹਰ ਰਹਿੰਦਾ ਹੋਵੇ।

v. ਵਿਅਕਤੀ ਦੀ ਗ੍ਰਿਫ਼ਤਾਰੀ ਨਾਲ ਸਬੰਧਤ ਹਿਰਾਸਤ ਦੇ ਸਥਾਨ ’ਤੇ ਡਾਇਰੀ ਵਿੱਚ ਇੱਕ ਇੰਦਰਾਜ਼ ਜ਼ਰੂਰ ਕਰਨਾ ਹੋਵੇਗਾ, ਜਿਸ ਵਿੱਚ ਉਸ ਵਿਅਕਤੀ ਦੇ ਅਜਿਹੇ ਨੇੜਲੇ ਦੋਸਤ ਦਾ ਨਾਮ ਵੀ ਲਿਖਣਾ ਹੋਵੇਗਾ, ਜਿਸ ਨੂੰ ਗ੍ਰਿਫ਼ਤਾਰੀ ਵੀ ਸੂਚਨਾ ਦਿੱਤੀ ਗਈ ਹੈ ਅਤੇ ਉਨ੍ਹਾਂ ਪੁਲਿਸ ਅਧਿਕਾਰੀਆਂ ਦੇ ਵੇਰਵੇ ਵੀ ਦਰਜ ਕਰਨੇ ਹੋਣਗੇ, ਜਿਨ੍ਹਾਂ ਦੀ ਹਿਰਾਸਤ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਹੈ।

vi. ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ, ਜਿੱਥੇ ਉਹ ਬੇਨਤੀ ਕਰੇ, ਨੂੰ ਉਸ ਦੀ ਗ੍ਰਿਫ਼ਤਾਰੀ ਸਮੇਂ ਕੋਈ ਵੱਡੀਆਂ ਜਾਂ ਛੋਟੀਆਂ ਸੱਟਾਂ, ਜੇ ਉਸ ਦੇ ਸਰੀਰ ਉੱਤੇ ਲੱਗੀਆਂ ਦਿਸਣ, ਲਈ ਨਿਰੀਖਣ ਵੀ ਕਰਨਾ ਹੋਵੇਗਾ, ਉਨ੍ਹਾਂ ਬਾਰੇ ਵੀ ਉਸ ਸਮੇਂ ਰਿਕਾਰਡ ਜ਼ਰੂਰ ਰੱਖਣਾ ਹੋਵੇਗਾ। ‘ਨਿਰੀਖਣ ਮੀਮੋ’ ਉੱਤੇ ਜ਼ਰੂਰ ਹੀ ਗ੍ਰਿਫ਼ਤਾਰ ਹੋਏ ਵਿਅਕਤੀ ਅਤੇ ਗ੍ਰਿਫ਼ਤਾਰੀ ਕਰਨ ਵਾਲੇ ਪੁਲਿਸ ਅਧਿਕਾਰੀ ਦੇ ਹਸਤਾਖਰ ਹੋਣੇ ਚਾਹੀਦੇ ਹਨ ਅਤੇ ਇਸ ਦੀ ਕਾਪੀ ਗ੍ਰਿਫ਼ਤਾਰ ਹੋਏ ਵਿਅਕਤੀ ਨੂੰ ਦਿੱਤੀ ਜਾਣੀ ਚਾਹੀਦੀ ਹੈ।

vii. ਗ੍ਰਿਫ਼ਤਾਰ ਹੋਏ ਵਿਅਕਤੀ ਦਾ ਮੈਡੀਕਲ ਨਿਰੀਖਣ ਉਸ ਦੀ ਹਿਰਾਸਤ ਦੌਰਾਨ ਹਰੇਕ 48 ਘੰਟਿਆਂ ’ਚ ਇੱਕ ਵਾਰ ਸਿਖਲਾਈ ਪ੍ਰਾਪਤ ਡਾਕਟਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ ਅਤੇ ਉਹ ਡਾਕਟਰ ਸਬੰਧ ਸੂਬੇ ਜਾਂ

ਕੇਂਦਰ ਸ਼ਾਸਤ ਪ੍ਰਦੇਸ਼, ਡਾਇਰੈਕਟਰ ਸਿਹਤ ਸੇਵਾਵਾਂ ਵੱਲੋਂ ਨਿਯੁਕਤ ਪ੍ਰਵਾਨਿਤ ਡਾਕਟਰਾਂ ਦੇ ਇੱਕ ਪੈਨਲ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ; ਡਾਇਰੈਕਟਰ, ਸਿਹਤ ਸੇਵਾਵਾਂ ਨੂੰ ਸਾਰੀਆਂ ਅਤੇ ਜ਼ਿਲ੍ਹਿਆਂ ਵਿੱਚ ਅਜਿਹਾ ਇੱਕ ਪੈਨਲ ਤਿਆਰ ਕਰਨਾ ਚਾਹੀਦਾ ਹੈ।

viii. ਗ੍ਰਿਫ਼ਤਾਰੀ ਦੇ ਮੀਮੋ ਸਮੇਤ, ਉੱਪਰ ਦੱਸੇ ਅਨੁਸਾਰ, ਸਾਰੇ ਦਸਤਾਵੇਜਾਂ ਦੀਆਂ ਕਾਪੀਆਂ ਮੈਜਿਸਟਰੇਟ ਨੂੰ ਉਨ੍ਹਾਂ ਦੇ ਰਿਕਾਰਡ ਲਈ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

ix. ਗ੍ਰਿਫ਼ਤਾਰ ਹੋਏ ਵਿਅਕਤੀ ਨੂੰ ਪੁੱਛਗਿੱਛ ਦੌਰਾਨ ਆਪਣੇ ਵਕੀਲ ਨੂੰ ਮਿਲਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਭਾਵੇਂ ਸਾਰੀ ਪੁੱਛਗਿੱਛ ਦੌਰਾਨ ਨਹੀਂ।

x. ਸਾਰੇ ਜ਼ਿਲ੍ਹਾ ਅਤੇ ਸੂਬਾ ਮੁੱਖ ਦਫ਼ਤਰਾਂ ਉੱਤੇ ਇੱਕ ਪੁਲਿਸ ਕੰਟਰੋਲ ਰੂਮ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਗ੍ਰਿਫ਼ਤਾਰੀ ਨਾਲ ਸਬੰਧਤ ਜਾਣਕਾਰੀ, ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਹਿਰਾਸਤ ਵਿੱਚ ਰੱਖਣ ਦੇ ਸਥਾਨ ਬਾਰੇ ਜਾਣਕਾਰੀ ਇਹ ਗ੍ਰਿਫ਼ਤਾਰੀ ਕਰਨ ਵਾਲੇ ਅਧਿਕਾਰੀ ਨੂੰ ਇਸ ਗ੍ਰਿਫ਼ਤਾਰੀ ਦੇ 12 ਘੰਟਿਆਂ ਅੰਦਰ ਦੇਣੀ ਹੋਵੇਗੀ ਅਤੇ ਪੁਲਿਸ ਕੰਟਰੋਲ ਰੂਮ ਵਿਖੇ ਇਹ ਜਾਣਕਾਰੀ ਬਿਲਕੁਲ ਸਪੱਸ਼ਟ ਨੋਟਿਸ ਬੋਰਡ ਉੱਤੇ ਪ੍ਰਦਰਸ਼ਿਤ ਕਰਨੀ ਚਾਹੀਦੀ ਹੈ।

**ਪ੍ਰਸ਼ਨ 23. ਸੀ.ਬੀ.ਈ.ਸੀ. ਵਿੱਚ ਗ੍ਰਿਫ਼ਤਾਰੀ ਲਈ ਕਿਹੜੀਆਂ ਵਿਆਪਕ ਹਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ?**

ਉੱਤਰ. ਗ੍ਰਿਫ਼ਤਾਰੀ ਦਾ ਫ਼ੈਸਲਾ ਹਰੇਕ ਮਾਮਲੇ ਦੇ ਆਧਾਰ ਉੱਤੇ ਲੈਣ ਦੀ ਲੋੜ ਹੁੰਦੀ ਹੈ, ਜਿਸ ਲਈ ਵੱਖੋ-ਵੱਖਰੇ ਤੱਤਾਂ, ਜਿਵੇਂ ਕਿ ਅਪਰਾਧ ਦੀ ਪ੍ਰਕਿਰਤੀ ਅਤੇ ਗੰਭੀਰਤਾ, ਚੋਰੀ ਕੀਤੀ ਗਈ ਡਿਊਟੀ ਦੀ ਮਾਤਰਾ ਜਾਂ ਗ਼ਲਤ ਤਰੀਕੇ ਲਿਆ ਗਿਆ ਕ੍ਰੈਡਿਟ ਦਾ ਲਾਭ, ਸਬੂਤ ਦੀ ਪ੍ਰਕਿਰਤੀ ਅਤੇ ਮਿਆਰ, ਸਬੂਤਾਂ ਨਾਲ ਛੇੜਖਾਨੀ ਕੀਤੇ ਜਾਣ ਦੀ ਸੰਭਾਵਨਾ ਜਾਂ ਗਵਾਹਾਂ ਉੱਤੇ ਪਾਏ ਜਾ ਸਕਣ ਵਾਲੇ ਪ੍ਰਭਾਵ, ਜਾਂਚ ਵਿੱਚ ਸਹਿਯੋਗ ਆਦਿ ਦਾ ਖ਼ਿਆਲ ਰੱਖਣਾ ਪੈਂਦਾ ਹੈ। ਗ੍ਰਿਫ਼ਤਾਰੀ ਦੇ ਅਧਿਕਾਰ ਦੀ ਵਰਤੋਂ ਮਾਮਲੇ ਦੇ ਤੱਥਾਂ ’ਤੇ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਹੀ ਕਰਨੀ ਹੋਵੇਗੀ, ਇਨ੍ਹਾਂ ਤੱਥਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

i. ਅਪਰਾਧ ਦੀ ਵਾਜਬ ਜਾਂਚ ਯਕੀਨੀ ਬਣਾਉਣ ਲਈ;

ii. ਅਜਿਹੇ ਵਿਅਕਤੀ ਦੇ ਫ਼ਰਾਰ ਹੋਣ ਤੋਂ ਬਚਾਅ ਲਈ;

iii. ਮਾਲ ਦੀ ਸੰਗਠਤ ਸਮੱਗਲਿੰਗ ਜਾਂ ਚੋਰੀ-ਛਿਪੇ ਕਸਟਮਜ਼ ਡਿਊਟੀ ਦੀ ਚੋਰੀ ਨਾਲ ਸਬੰਧਤ ਮਾਮਲੇ;

iv. ਅਜਿਹੇ ਸ਼ਾਤਿਰ-ਦਿਮਾਗ਼ ਲੋਕ ਜਾਂ ਮੁੱਖ ਅੱਪਰੇਟਰਜ਼ ਜੋ ਕਿਸੇ ਹੋਰ ਦੇ ਨਾਂਅ 'ਤੇ/ਬੇਨਾਮੀ ਦਰਾਮਦਾਂ/ਬਰਾਮਦਾਂ ਐਵੇਂ ਜਾਅਲੀ ਜਾਂ ਗ਼ੈਰ-ਮੌਜੂਦ ਵਿਅਕਤੀਆਂ/ਆਈ.ਈ.ਸੀਜ਼ ਆਦਿ ਦੇ ਨਾਂਅ ਹੇਠ ਕਰ ਰਹੇ ਹਨ;

v. ਜਿੱਥੇ ਟੈਕਸ-ਚੋਰੀ ਦੀ ਇੱਛਾ ਸਪੱਸ਼ਟ ਹੈ ਅਤੇ ਅਪਰਾਧਕ ਇੱਛਾ/ਅਪਰਾਧੀ ਦਿਮਾਗ਼ ਦਾ ਤੱਤ ਵਿਖਾਈ ਦਿੰਦਾ ਹੋਵੇ;

vi. ਗਵਾਹਾਂ ਨੂੰ ਡਰਾਉਣਾ-ਧਮਕਾਉਣਾ ਜਾਂ ਉਨ੍ਹਾਂ 'ਤੇ ਪ੍ਰਭਾਵ ਪਾਉਣਾ; ਅਤੇ

viii. ਵੱਡੀਆਂ ਰਕਮਾਂ ਦੀ ਡਿਊਟੀ ਜਾਂ ਸਰਵਿਸ ਟੈਕਸ ਚੋਰੀ, ਜੋ ਘੱਟੋ-ਘੱਟ ਇੱਕ ਰੁਪਏ ਤੋਂ ਵੱਧ ਹੋਵੇ।

**ਪ੍ਰਸ਼ਨ 24. ਪ੍ਰਤੱਖ ਜੁਰਮ ਕੀ ਹੈ?**

ਉੱਤਰ. ਆਮ ਤੌਰ ਉੱਤੇ, ਪ੍ਰਤੱਖ ਅਪਰਾਧ ਦਾ ਅਰਥ ਹੈ ਗੰਭੀਰ ਵਰਗ ਦੇ ਅਪਰਾਧ, ਜਿਨ੍ਹਾਂ ਦੇ ਸਬੰਧ ਵਿੱਚ ਇੱਕ ਪੁਲਿਸ ਅਧਿਕਾਰੀ ਕੋਲ ਬਿਨਾ ਵਾਰੰਟ ਦੇ ਗ੍ਰਿਫ਼ਤਾਰੀ ਕਰਨ ਅਤੇ ਅਦਾਲਤ ਦੀ ਪ੍ਰਵਾਨਗੀ ਨਾਲ ਜਾਂ ਉਸ ਤੋਂ ਬਿਨਾ ਜਾਂਚ ਕਰਨ ਦਾ ਅਧਿਕਾਰ ਹੁੰਦਾ ਹੈ।

**ਪ੍ਰਸ਼ਨ 25. ਗ਼ੈਰ-ਪ੍ਰਤੱਖ ਅਪਰਾਧ ਕੀ ਹੈ?**

ਉੱਤਰ. ਗ਼ੈਰ-ਪ੍ਰਤੱਖ (ਨੱਾਨ-ਕੌਗਨਿਜ਼ੇਬਲ) ਅਪਰਾਧ ਦਾ ਮਤਲਬ ਹੈ ਮੁਕਾਬਲਤਨ ਕੁਝ ਘੱਟ ਗੰਭੀਰ ਅਪਰਾਧ, ਜਿਸ ਵਿੱਚ ਕਿਸੇ ਪੁਲਿਸ ਅਧਿਕਾਰੀ ਨੂੰ ਵਾਰੰਟ ਤੋਂ ਬਗ਼ੈਰ ਗ੍ਰਿਫ਼ਤਾਰੀ ਕਰਨ ਦਾ ਅਧਿਕਾਰ ਨਹੀਂ ਹੁੰਦਾ ਅਤੇ ਇੱਕ ਅਦਾਲਤੀ ਆਦੇਸ਼ ਤੋਂ ਬਗ਼ੈਰ ਜਾਂਚ ਵੀ ਸ਼ੁਰੂ ਨਹੀਂ ਹੋ ਸਕਦੀ।

**ਪ੍ਰਸ਼ਨ 26. ਸੀ.ਜੀ.ਐੱਸ.ਟੀ. ਕਾਨੂੰਨ ਅਧੀਨ ਪ੍ਰਤੱਖ ਅਤੇ ਅਪ੍ਰਤੱਖ ਅਪਰਾਧ ਕੀ ਹਨ?**

ਉੱਤਰ. ਸੀ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 132 'ਚ, ਇਹ ਵਿਵਸਥਾ ਹੈ ਕਿ ਟੈਕਸਯੋਗ ਮਾਲ ਅਤੇ/ਜਾਂ ਸੇਵਾਵਾਂ ਨਾਲ ਸਬੰਧਤ ਜੁਰਮਾਂ ਦੇ ਸਬੰਧ ਵਿੱਚ, ਜਿੱਥੇ 5 ਕਰੋੜ ਰੁਪਏ ਤੋਂ ਵੱਧ ਦੀ ਟੈਕਸ ਚੋਰੀ ਹੋਈ ਹੁੰਦੀ ਹੈ – ਉਸ ਨੂੰ ਪ੍ਰਤੱਖ

(ਕੌਗਨਿਜ਼ੇਬਲ) ਅਤੇ ਗ਼ੈਰ-ਜ਼ਮਾਨਤੀ ਜੁਰਮ ਕਿਹਾ ਜਾਂਦਾ ਹੈ। ਬਾਕੀ ਦੇ ਜੁਰਮ ਇਸ ਕਾਨੂੰਨ ਅਧੀਨ ਅਪ੍ਰਤੱਖ ਅਤੇ ਜ਼ਮਾਨਤਯੋਗ ਹਨ।

**ਪ੍ਰਸ਼ਨ 27. ਸੀ.ਜੀ.ਐੱਸ.ਟੀ. ਕਾਨੂੰਨ ਅਧੀਨ ਯੋਗ ਭਾਵ ਵਾਜਬ ਅਧਿਕਾਰੀ ਐਮ.ਜੀ.ਐਲ. ਅਧੀਨ ਕਦੋਂ ਸੰਮਨ ਜਾਰੀ ਕਰ ਸਕਦਾ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 70 ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਅਧਿਕਾਰੀ ਨੂੰ ਬਾਕਾਇਦਾ ਇਹ ਅਧਿਕਾਰ ਦਿੰਦਾ ਹੈ ਕਿ ਉਹ ਇੱਕ ਸੰਮਨ ਜਾਰੀ ਕਰ ਕੇ ਕਿਸੇ ਵਿਅਕਤੀ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਸੱਦ ਸਕਦਾ ਹੈ; ਉਸਅਧਿਕਾਰੀ ਨੂੰ ਸੰਮਨ ਜਾਰੀ ਕਰਨ ਤੋਂ ਪਹਿਲਾਂ ਜਾਂ ਤਾਂ ਕੋਈ ਸਬੂਤ ਦੇਣਾ ਪੈਂਦਾ ਹੈ ਜਾਂ ਕੋਈ ਦਸਤਾਵੇਜ਼ ਜਾਂ ਜਾਂਚ ਦੌਰਾਨ ਸਾਹਮਣੇ ਆਈ ਅਜਿਹੀ ਕੋਈ ਹੋਰ ਚੀਜ਼ ਵਿਖਾ ਸਕਦਾ ਹੈ ਕਿ ਜਿਸ ਦੇ ਆਧਾਰ ਉੱਤੇ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇੱਕ ਸੰਮਨ ਵਿੱਚ ਦਸਤਾਵੇਜ਼ ਜਾਂ ਨਿਸ਼ਚਤ ਕਿਸਮ ਦੇ ਵਿਸ਼ੇਸ਼ ਦਸਤਾਵੇਜ਼ ਪੇਸ਼ ਕਰਨ ਲਈ ਆਖਿਆ ਜਾ ਸਕਦਾ ਹੈ ਜਾਂ ਕੋਈ ਚੀਜ਼ਾਂ ਜਾਂ ਕਿਸੇ ਖ਼ਾਸ ਵੇਰਵਿਆਂ ਨਾਲ ਸਬੰਧਤ ਸਾਰੇ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ ਜਾਂਦਾਾ ਹੈ, ਜਿਹੜੇ ਉਸ ਵਿਅਕਤੀ ਦੇ ਕਬਜ਼ੇ ਜਾਂ ਨਿਯੰਤ੍ਰਣ ਅਧੀਨ ਹੁੰਦੇ ਹਨ, ਜਿਸ ਨੂੰ ਸੰਮਨ ਜਾਰੀ ਕੀਤਾ ਗਿਆ ਹੈ।

**ਪ੍ਰਸ਼ਨ 28. ਸੰਮਨ ਰਾਹੀਂ ਸੱਦੇ ਗਏ ਵਿਅਕਤੀ ਦੀਆਂ ਕੀ ਜ਼ਿੰਮੇਵਾਰੀਆਂ ਹੁੰਦੀਆਂ ਹਨ?**

ਉੱਤਰ. ਜਿਸ ਵਿਅਕਤੀ ਨੂੰ ਸੰਮਨ ਜਾਰੀ ਹੋਇਆ ਹੈ, ਉਸ ਲਈ ਕਾਨੂੰਨੀ ਤੌਰ ’ਤੇ ਇਹ ਲਾਜ਼ਮੀ ਹੁੰਦਾ ਹੈ ਕਿ ਉਹ ਜਾਂ ਤਾਂ ਖ਼ੁਦ ਪੇਸ਼ ਹੋਵੇ ਜਾਂ ਆਪਣਾ ਕੋਈ ਅਧਿਕਾਰਤ ਨੁਮਾਇੰਦਾ ਭੇਜੇ ਅਤੇ ਉਸ ਨੇ ਸੰਮਨ ਜਾਰੀ ਕਰਨ ਵਾਲੇ ਸਬੰਧਤ ਅਧਿਕਾਰੀ ਸਾਹਮਣੇ ਉਸ ਵਿਸ਼ੇ ਬਾਰੇ ਸੱਚ ਬਿਆਨ ਕਰਨਾ ਹੁੰਦਾ ਹੈ, ਜਿਸ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਅਤੇ ਉਸ ਮਾਮਲੇ ਲਈ ਲੋੜੀਂਦੇ ਅਜਿਹੇ ਦਸਤਾਵੇਜ਼ ਤੇ ਹੋਰ ਚੀਜ਼ਾਂ ਪੇਸ਼ ਕਰਨੀਆਂ ਹੁੰਦੀਆਂ ਹਨ।

**ਪ੍ਰਸ਼ਨ 29. ਸੰਮਨਾਂ ਦੇ ਆਧਾਰ ’ਤੇ ਅਧਿਕਾਰੀ ਸਾਹਵੇਂ ਪੇਸ਼ ਨਾ ਹੋਣ ਦੇ ਕੀ ਨਤੀਜੇ ਹੋ ਸਕਦੇ ਹਨ?**

ਉੱਤਰ. ਜਿਸ ਅਧਿਕਾਰੀ ਨੇ ਸੰਮਨ ਜਾਰੀ ਕੀਤਾ ਹੈ ਅਤੇ ਉਸ ਸਾਹਮਣੇ ਜੋ ਵੀ ਕਾਰਵਾਈ ਹੋ ਰਹੀ ਹੁੰਦੀ ਹੈ, ਉਸ ਨੂੰ ਇੱਕ ਨਿਆਂਇਕ ਪ੍ਰਕਿਰਿਆ ਸਮਝਿਆ

ਜਾਂਦਾ ਹੈ। ਜੇ ਇੱਕ ਵਿਅਕਤੀ ਸੰਮਨ ਵਿੱਚ ਦਿੱਤੀ ਮਿਤੀ ਨੂੰ ਕੋਈ ਵਾਜਬ ਕਾਰਨ ਦੱਸਿਆਂ ਪੇਸ਼ ਨਹੀਂ ਹੁੰਦਾ, ਤਾਂ ਉਸ ਵਿਰੁੱਧ ਭਾਰਤੀ ਦੰਡ ਸੰਘਤਾ (ਆਈ.ਪੀ.ਸੀ.) ਦੇ ਅਨੁਛੇਦ 174 ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਜੇ ਉਹ ਸੰਮਨ ਦੀ ਤਾਮੀਲ ਹੋਣ ਤੋਂ ਬਚਣ ਲਈ ਫ਼ਰਾਰ ਹੋ ਜਾਂਦਾ ਹੈ, ਤਦ ਉਸ ਵਿਰੁੱਧ ਆਈ.ਪੀ.ਸੀ. ਦੇ ਅਨੁਛੇਦ 172 ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਜੇ ਉਹ ਅਜਿਹੇ ਕੋਈ ਦਸਤਾਵੇਜ਼ ਜਾਂ ਇਲੈਕਟ੍ਰੌਨਿਕ ਰਿਕਾਰਡਜ਼ ਪੇਸ਼ ਨਹੀਂ ਕਰਦਾ, ਜਿਹੜੇ ਇਸ ਮਾਮਲੇ ਵਿੱਚ ਪੇਸ਼ ਕਰਨੇ ਜ਼ਰੂਰੀ ਹਨ, ਤਦ ਉਸ ਵਿਰੁੱਧ ਆਈ.ਪੀ.ਸੀ. ਦੇ ਅਨੁਛੇਦ 175 ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਜੇ ਉਹ ਕੋਈ ਝੂਠੀ ਗਵਾਹੀ ਦਿੰਦਾ ਹੈ, ਤਾਂ ਉਸ ਵਿਰੁੱਧ ਆਈ.ਪੀ.ਸੀ. ਦੇ ਅਨੁਛੇਦ 193 ਅਧੀਨ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਸ ਤੋਂ ਇਲਾਵਾ, ਜੇ ਇੱਕ ਵਿਅਕਤੀ ਸੀ.ਜੀ.ਐਸ.ਟੀ./ ਐਸ.ਜੀ.ਐਸ.ਟੀ. ਅਧਿਕਾਰੀ ਸਾਹਮਣੇ ਪੇਸ਼ ਨਹੀਂ ਹੁੰਦਾ, ਜਿਸ ਨੇ ਸੰਮਨ ਜਾਰੀ ਕੀਤੇ ਹਨ, ਤਾਂ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 122(3)(ਡੀ) ਅਧੀਨ ਉਸ ਨੂੰ 25,000/- ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 30. ਸੰਮਨ ਜਾਰੀ ਕਰਨ ਲਈ ਕੀ ਦਿਸ਼ਾ-ਨਿਰਦੇਸ਼ ਹਨ?**

ਉੱਤਰ. ਵਿੱਤ ਮੰਤਰਾਲੇ ਦੇ ਰੈਵੇਨਿਊ (ਮਾਲ) ਵਿਭਾਗ 'ਚ ਸੈਂਟਰਲ ਬੋਰਡ ਆੱਫ਼ ਐਕਸਾਈਜ਼ ਐਂਡ ਕਸਟਮਜ਼ (ਸੀ.ਬੀ.ਈ.ਸੀ.) ਨੇ ਸਮੇਂ-ਸਮੇਂ ਸਿਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਇਸ ਖੇਤਰ ਵਿੱਚ ਸੰਮਨ ਦੀਆਂ ਵਿਵਸਥਾਵਾਂ ਦੀ ਦੁਰਵਰਤੋਂ ਨਾ ਕਰ ਸਕੇ।

ਇਨ੍ਹਾਂ ਦਿਸ਼ਾ-ਨਿਰਦੇਸ਼ਾਂ (ਹਦਾਇਤਾਂ) ਦੇ ਕੁਝ ਅਹਿਮ ਨੁਕਤੇ ਇੱਥੇ ਹੇਠਾਂ ਦਿੱਤੇ ਜਾਂਦੇ ਹਨ:

i. ਸੰਮਨ ਤਾਂ ਅੰਤ 'ਚ ਜਾ ਕੇ ਕਿਤੇ ਜਾਰੀ ਕੀਤੇ ਜਾਣਗੇ, ਜਿੱਥੇ ਅਜਿਹੇ ਵਿਅਕਤੀ, ਜਿਸ ਦਾ ਮੁਲਾਂਕਣ ਹੋ ਰਿਹਾ ਹੈ (ਅਸੈੱਸੀਜ਼), ਸਹਿਯੋਗ ਨਹੀਂ ਦੇ ਰਿਹਾ ਅਤੇ ਇਹ ਅਨੁਛੇਦ ਸਿਖ਼ਰਲੀ/ਚੋਟੀ ਦੀ ਮੈਨੇਜਮੈਂਟ ਲਈ ਨਹੀਂ ਵਰਤਿਆ ਜਾਣਾ ਚਾਹੀਦਾ;

ii. ਸੰਮਨ ਦੀ ਭਾਸ਼ਾ ਸਖ਼ਤ ਅਤੇ ਕਾਨੂੰਨੀ ਨਹੀਂ ਹੋਣੀ ਚਾਹੀਦੀ, ਜੋ ਕਿ ਪ੍ਰਾਪਤਕਰਤਾ ਲਈ ਬੇਲੋੜੇ ਢੰਗ ਨਾਲ ਮਾਨਸਿਕ ਤਣਾਅ ਦਾ ਕਾਰਨ

ਬਣੇ ਅਤੇ ਉਸ ਨੂੰ ਪਰੇਸ਼ਾਨ ਕਰੇ;

iii. ਸੁਪਰਇਨਟੈਂਡੈਂਟਸ ਵੱਲੋਂ ਸੰਮਨ ਜਾਰੀ ਕੀਤੇ ਜਾਣ ਤੋਂ ਪਹਿਲਾਂ ਘੱਟੋ-ਘੱਟ ਅਸਿਸਟੈਂਟ ਕਮਿਸ਼ਨਰ ਦਰਜੇ ਦੇ ਕਿਸੇ ਅਧਿਕਾਰੀ ਤੋਂ ਇਸ ਦੀ ਇਜਾਜ਼ਤ ਲੈਣੀ ਚਾਹੀਦੀ ਹੈ, ਜਿੱਥੇ ਲਿਖਤੀ ਤੌਰ ’ਤੇ ਸੰਮਨ ਜਾਰੀ ਕੀਤੇ ਜਾਣ ਦੇ ਕਾਰਨ ਵੀ ਦੱਸੇ ਜਾਣ ਅਤੇ ਇਹ ਸਭ ਰਿਕਾਰਡ ਵਿੱਚ ਰੱਖਿਆ ਜਾਵੇ;

iv. ਜਿੱਥੇ ਅੱਪਰੇਸ਼ਨਲ (ਸੰਚਾਲਨਾਤਮਕ) ਕਾਰਨਾਂ ਕਰ ਕੇ, ਅਜਿਹੀ ਲਿਖਤੀ ਪ੍ਰਵਾਨਗੀ ਲੈਣੀ ਸੰਭਵ ਨਾ ਹੋਵੇ, ਉੱਥੇ ਅਜਿਹੇ ਅਧਿਕਾਰੀ ਤੋਂਜ਼ੁਬਾਨੀ/ਟੈਲੀਫ਼ੋਨ ਉੱਤੇ ਇਜਾਜ਼ਤ ਜ਼ਰੂਰ ਲੈਣੀ ਹੋਵੇਗੀ ਅਤੇ ਫਿਰ ਉਸ ਪ੍ਰਵਾਨਗੀ ਨੂੰ ਲਿਖਤੀ ਰੂਪ ਦੇ ਕੇ ਅਜਿਹੀ ਪ੍ਰਵਾਨਗੀ ਬਾਰੇ ਸਬੰਧਤ ਅਧਿਕਾਰੀ ਨੂੰ ਇਸ ਬਾਰੇ ਛੇਤੀ ਤੋਂ ਛੇਤੀ ਸੂਚਿਤ ਕਰਨਾ ਹੋਵੇਗਾ;

v. ਸਾਰੇ ਮਾਮਲਿਆਂ ਵਿੱਚ, ਜਿੱਥੇ ਸੰਮਨ ਜਾਰੀ ਕੀਤੇ ਜਾਂਦੇ ਹਨ, ਸੰਮਨ ਜਾਰੀ ਕਰਨ ਵਾਲੇ ਅਧਿਕਾਰੀ ਨੂੰ ਇਸ ਬਾਰੇ ਇਕ ਰਿਪੋਰਟ ਦੇਣੀ ਚਾਹੀਦੀ ਹੈ ਜਾਂ ਸਬੰਧਤ ਮਾਮਲੇ ਦੀ ਫ਼ਾਇਲ ਵਿੱਚ ਕਾਰਵਾਈ ਦਾ ਸੰਖੇਪ ਰਿਕਾਰਡ ਰੱਖਣਾ ਚਾਹੀਦਾ ਹੈ, ਅਤੇ ਉਸ ਅਧਿਕਾਰੀ ਨੂੰ ਇਹ ਸਭ ਪੇਸ਼ ਕਰਨਾ ਚਾਹੀਦਾ ਹੈ ਜਿਸ ਨੇ ਉਸ ਨੂੰ ਸੰਮਨ ਜਾਰੀ ਕਰਨ ਲਈ ਅਧਿਕਾਰ ਦਿੱਤਾ ਸੀ;

vi. ਆਮ ਤੌਰ ’ਤੇ ਕਿਸੇ ਵੱਡੀ ਕੰਪਨੀ ਜਾਂ ਜਨਤਕ ਖੇਤਰ ਦੇ ਅਦਾਰਿਆਂ ਦੀ ਮੈਨੇਜਮੈਂਟ ਵਿੱਚ ਸੀਨੀਅਰ ਅਧਿਕਾਰੀਆਂ, ਜਿਵੇਂ ਕਿ ਸੀ.ਈ.ਓ., ਸੀ.ਐਫ਼.ਓ., ਜਨਰਲ ਮੈਨੇਜਰਸ ਨੂੰ ਪਹਿਲੀ ਵਾਰ ’ਚ ਹੀ ਸੰਮਨ ਜਾਰੀ ਨਹੀਂ ਕਰ ਦੇਣੇ ਚਾਹੀਦੇ। ਉਨ੍ਹਾਂ ਨੂੰ ਕੇਵਲ ਉਸ ਹਾਲਤ ਵਿੱਚ ਹੀ ਸੰਮਨ ਭੇਜੇ ਜਾਣੇ ਚਾਹੀਦੇ ਹਨ, ਜਦੋਂ ਜਾਂਚ ਦੌਰਾਨ ਅਜਿਹੇ ਸੰਕੇਤ ਸਾਹਮਣੇ ਆਉਣ ਕਿ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਸੀ, ਜਿਸ ਕਰ ਕੇ ਸਰਕਾਰ ਨੂੰ ਹੋਣ ਵਾਲੀ ਆਮਦਨ ਦਾ ਨੁਕਸਾਨ ਹੋਇਆ।

**ਪ੍ਰਸ਼ਨ 31. ਸੰਮਨ ਜਾਰੀ ਕਰਦੇ ਸਮੇਂ ਕਿਹੜੀਆਂ ਸਾਵਧਾਨੀਆਂ ਰੱਖਣੀਆਂ ਹੋਣਗੀਆਂ?**

ਉੱਤਰ. ਕਿਸੇ ਵਿਅਕਤੀ ਸੰਮਨ ਭੇਜਦੇ ਸਮੇਂ ਆਮ ਤੌਰ 'ਤੇ ਨਿਮਨਲਿਖਤ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ:-

(i) ਉਸ ਹਾਲਤ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਨਹੀਂ ਕੀਤਾ ਜਾਣਾ ਚਾਹੀਦਾ, ਜਿੱਥੇ ਅਜਿਹਾ ਵਾਜਬ ਨਾ ਹੋਵੇ। ਸੰਮਨ ਭੇਜਣ ਦੇ ਅਧਿਕਾਰਾਂ ਦੀ ਵਰਤੋਂ ਕੇਵਲ ਉਸ ਹਾਲਤ 'ਚ ਕੀਤੀ ਜਾਵੇ, ਜਦੋਂ ਜਾਂਚ ਕੀਤੀ ਗਈ ਹੈ ਅਤੇ ਉਸ ਵਿਅਕਤੀ ਦਾ ਹਾਜ਼ਰ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ;

(ii) ਆਮ ਤੌਰ 'ਤੇ, ਸੰਮਨ ਵਾਰ-ਵਾਰ ਜਾਰੀ ਨਹੀਂ ਕਰਨੇ ਚਾਹੀਦੇ। ਜਿੱਥੋਂ ਤੱਕ ਵੀ ਵਿਵਹਾਰਕ ਹੋਵੇ, ਦੋਸ਼ੀ ਜਾਂ ਗਵਾਹ ਦੇ ਬਿਆਨ ਘੱਟ ਤੋਂ ਘੱਟ ਪੇਸ਼ੀਆਂ ਵਿੱਚ ਰਿਕਾਰਡ ਕਰ ਲੈਣੇ ਚਾਹੀਦੇ ਹਨ।

(iii) ਸੰਮਨ ਵਿੱਚ ਦਿੱਤੇ ਪੇਸ਼ੀ ਦੇ ਸਮੇਂ ਦੀ ਕਦਰ ਕਰੋ। ਕਿਸੇ ਵਿਅਕਤੀ ਦਾ ਬਿਆਨ ਰਿਕਾਰਡ ਕੀਤੇ ਜਾਣ ਲਈ ਉਸ ਨੂੰ ਕਈ-ਕਈ ਘੰਟਿਆਂ ਬੱਧੀ ਉਡੀਕ ਨਹੀਂ ਕਰਵਾਉਣੀ ਚਾਹੀਦੀ; ਉਸ ਮਾਮਲੇ ਨੂੰ ਛੱਡ ਕੇ ਜਦੋਂ ਕਿਸੇ ਨੀਤੀਗਤ ਮਾਮਲੇ ਵਿੱਚ ਜਾਣਬੁੱਝ ਕੇ ਇੰਝ ਕਰਨ ਦਾ ਫ਼ੈਸਲਾ ਲਿਆ ਗਿਆ ਹੋਵੇ।

(iv) ਤਰਜੀਹੀ ਤੌਰ 'ਤੇ ਬਿਆਨ ਦਫ਼ਤਰੀ ਸਮੇਂ ਦੌਰਾਨ ਹੀ ਰਿਕਾਰਡ ਕੀਤੇ ਜਾਣੇ ਚਾਹੀਦੇ ਹਨ; ਉਂਝ ਕਿਸੇ ਮਾਮਲੇ ਦੇ ਤੱਥਾਂ ਦੇ ਸਬੰਧ ਵਿੱਚ ਬਿਆਨ ਰਿਕਾਰਡ ਕਰਨ ਦਾ ਸਮਾਂ ਅਤੇ ਸਥਾਨ ਦੇ ਮਾਮਲੇ ਵਿੱਚ ਛੋਟ ਹੋ ਸਕਦੀ ਹੈ।

**ਪ੍ਰਸ਼ਨ 32. ਕੀ ਅਜਿਹੇ ਅਧਿਕਾਰੀਆਂ ਦਾ ਕੋਈ ਵਰਗ ਹੈ, ਜਿਨ੍ਹਾਂ ਨੂੰ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਅਧਿਕਾਰੀ ਨਾਲ ਸਹਾਇਕਾਂ ਵਜੋਂ ਜਾਣ ਦੀ ਲੋੜ ਹੁੰਦੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 72 ਅਧੀਨ, ਨਿਮਨਲਿਖਤ ਅਧਿਕਾਰੀਆਂ ਨੂੰ ਅਧਿਕਾਰ ਦਿੱਤੇ ਗਏ ਹਨ ਅਤੇ ਇਨ੍ਹਾਂ ਨੇ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਨੁਸਾਰ ਕਾਰਵਾਈ ਕਰਦੇ ਸਮੇਂ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਅਧਿਕਾਰੀਆਂ ਨਾਲ ਸਹਾਇਕਾਂ ਵਜੋਂ ਰਹਿਣਾ ਹੁੰਦਾ ਹੈ। ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਵਿੱਚ ਵਰਣਿਤ ਇਹ

ਵਰਗ ਨਿਮਨਲਿਖਤ ਅਨੁਸਾਰ ਹਨ:

i. ਪੁਲਿਸ;

ii. ਰੇਲਵੇਜ਼

iii. ਕਸਟਮਜ਼;

iv. ਜੀ.ਐਸ.ਟੀ. ਇਕੱਠਾ ਕਰਨ ਵਿੱਚ ਲੱਗੇ ਸੂਬਾ/ਕੇਂਦਰ ਸਰਕਾਰ ਦੇ ਅਧਿਕਾਰੀ;

v. ਭੂਮੀ ਮਾਲੀਆ ਇਕੱਠਾ ਕਰਨ ਵਿੱਚ ਲੱਗੇ ਸੂਬਾ/ਕੇਂਦਰ ਸਰਕਾਰ ਦੇ ਅਧਿਕਾਰੀ;

vi. ਪਿੰਡ ਦੇ ਸਾਰੇ ਅਧਿਕਾਰੀ;

vii. ਅਧਿਕਾਰੀਆਂ ਦਾ ਕੋਈ ਹੋਰ ਵਰਗ, ਜਿਵੇਂ ਕਿ ਕੇਂਦਰ/ਸੂਬਾ ਸਰਕਾਰ ਵੱਲੋਂ ਅਧਿਸੂਚਿਤ ਕੀਤਾ ਜਾ ਸਕਦਾ ਹੈ।

# ਅਪਰਾਧ ਅਤੇ ਜੁਰਮਾਨੇ,
# ਕਾਨੂੰਨੀ ਕਾਰਵਾਈ ਅਤੇ ਕੰਪਾਊਂਡਿੰਗ

# ਅਪਰਾਧ ਅਤੇ ਜੁਰਮਾਨੇ, ਕਾਨੂੰਨੀ ਕਾਰਵਾਈ ਅਤੇ ਕੰਪਾਊਂਡਿੰਗ

**ਪ੍ਰਸ਼ਨ 1. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਨਿਰਧਾਰਤ ਅਪਰਾਧ ਕੀ ਹਨ?**

ਉੱਤਰ. ਸੀ ਜੀ.ਐਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧਿਆਇ XVI ਵਿੱਚ ਅਪਰਾਧਾਂ ਅਤੇ ਜੁਰਮਾਨਿਆਂ (ਸਜ਼ਾਵਾਂ) ਨੂੰ ਨੇਮਬੱਧ ਕਰਦਾ ਹੈ। ਇਹ ਕਾਨੂੰਨ ਅਨੁਛੇਦ 122 ਵਿੱਚ 21 ਅਪਰਾਧਾਂ ਦੀ ਸੂਚੀ ਦਿੰਦਾ ਹੈ, ਅਨੁਛੇਦ 10 ਅਧੀਨ ਨਿਰਧਾਰਤ ਜੁਰਮਾਨੇ (ਸਜ਼ਾ) ਤੋਂ ਇਲਾਵਾ ਇੱਕ ਟੈਕਸਯੋਗ ਵਿਅਕਤੀ, ਜੋ ਇਸ ਦੇ ਯੋਗ ਨਹੀਂ ਹੈ, ਦੁਆਰਾ ਕੰਪਾਊਂਡਿੰਗ ਦਾ ਲਾਭ ਲੈਣ ਲਈ । ਵਰਣਿਤ ਅਪਰਾਧ ਨਿਮਨਲਿਖਤ ਅਨੁਸਾਰ ਹਨ:-

1) ਬਿਨਾ ਇਨਵੁਆਇਸ ਦੇ ਜਾਂ ਜਾਅਲੀ/ਗ਼ਲਤ ਇਨਵੁਆਇਸ ਰਾਹੀਂ ਸਪਲਾਈ ਕਰਨਾ;
2) ਬਿਨਾ ਸਪਲਾਈ ਕੀਤਿਆਂ ਇਨਵੁਆਇਸ ਜਾਰੀ ਕਰਨਾ;
3) ਤਿੰਨ ਮਹੀਨਿਆਂ ਤੋਂ ਵੀ ਵੱਧ ਸਮੇਂ ਲਈ ਇਕੱਠਾ ਕੀਤਾ ਟੈਕਸ ਅਦਾ ਨਾ ਕਰਨਾ;
4) ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੀ ਉਲੰਘਣਾ ਕਰਦਿਆਂ 3 ਮਹੀਨਿਆਂ ਤੋਂ ਵੱਧ ਸਮੇਂ ਲਈ ਇਕੱਠਾ ਕੀਤਾ ਟੈਕਸ ਅਦਾ ਨਾ ਕਰਨਾ;
5) 'ਸਰੋਤ ਉੱਤੇ ਟੈਕਸ ਕਟੌਤੀ' (ਟੀ.ਡੀ.ਐਸ.) ਅਧੀਨ ਕਟੌਤੀ ਨਾ ਕਰਨਾ ਜਾਂ ਘੱਟ ਕਟੌਤੀ ਕਰਨਾ ਜਾਂ ਅਨੁਛੇਦ 51 ਅਧੀਨ 'ਸਰੋਤ ਉੱਤੇ ਕੀਤੀ ਟੈਕਸ ਕਟੌਤੀ' ਦੀ ਰਕਮ ਜਮ੍ਹਾ ਨਾ ਕਰਵਾਉਣਾ;
6) 'ਸਰੋਤ ਉੱਤੇ ਇਕੱਠਾ ਕੀਤਾ ਜਾਣ ਵਾਲਾ ਟੈਕਸ' (ਟੀ.ਸੀ.ਐਸ.) ਇਕੱਠਾ ਨਾ ਕਰਨਾ ਜਾਂ ਘੱਟ ਇਕੱਠਾ ਕਰਨਾ ਜਾਂ ਅਨੁਛੇਦ 52 ਅਧੀਨ 'ਸਰੋਤ ਉੱਤੇ ਇਕੱਠੇ ਕੀਤੇ ਟੈਕਸ' ਦੀ ਰਕਮ ਜਮ੍ਹਾ ਨਾ ਕਰਵਾਉਣਾ;
7) ਮਾਲ ਅਤੇ/ਜਾਂ ਸੇਵਾਵਾਂ ਦੀ ਅਸਲ ਪ੍ਰਾਪਤੀ ਤੋਂ ਬਗ਼ੈਰ ਇਨਪੁਟ ਟੈਕਸ

ਕ੍ਰੈਡਿਟ ਦਾ ਲਾਭ/ਉਪਯੋਗ ਲੈਣਾ;

8) ਧੋਖਾਧੜੀ ਨਾਲ ਕੋਈ ਰੀਫ਼ੰਡ ਲੈਣਾ;

9) ਅਨੁਛੇਦ 20 ਦੀ ਉਲੰਘਣਾ ਕਰਦਿਆਂ ਇੱਕ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਵੱਲੋਂ ਇਨਪੁਟ ਟੈਕਸ ਦਾ ਲਾਭ ਲਿਆ ਜਾਣਾ/ਵੰਡਣਾ;

10) ਟੈਕਸ ਭੁਗਤਾਨ ਤੋਂ ਬਚਣ (ਚੋਰੀ ਕਰਨ) ਦੀ ਮਨਸ਼ਾ ਨਾਲ ਝੂਠੀ ਜਾਣਕਾਰੀ ਦੇਣਾ ਜਾਂ ਵਿੱਤੀ ਰਿਕਾਰਡ ਝੂਠੇ ਬਣਾਉਣਾ ਜਾਂ ਜਾਅਲੀ ਖਾਤੇ/ਦਸਤਾਵੇਜ਼ ਪੇਸ਼ ਕਰਨਾ;

11) ਟੈਕਸ ਅਦਾ ਕਰਨ ਦੀ ਜ਼ਿੰਮੇਵਾਰੀ ਹੋਣ ਦੇ ਬਾਵਜੂਦ ਰਜਿਸਟਰ ਕਰਨ ਤੋਂ ਨਾਕਾਮ ਰਹਿਣਾ;

12) ਰਜਿਸਟਰੇਸ਼ਨ ਲਈ ਕਾਨੂੰਨੀ ਤੌਰ ਉੱਤੇ ਜ਼ਰੂਰੀ ਖਾਨਿਆਂ (ਫ਼ੀਲਡਜ਼) ਵਿੱਚ ਝੂਠੀ ਜਾਣਕਾਰੀ ਭਰਨਾ;

13) ਕਿਸੇ ਅਧਿਕਾਰੀ ਨੂੰ ਉਸ ਦੀ ਡਿਊਟੀ ਕਰਨ ਦੇ ਰਾਹ ਵਿੱਚ ਅੜਿੱਕਾ ਬਣਨਾ ਜਾਂ ਉਸ ਨੂੰ ਰੋਕਣਾ;

14) ਨਿਰਧਾਰਤ ਦਸਤਾਵੇਜ਼ਾਂ ਤੋਂ ਬਗ਼ੈਰ ਮਾਲ ਨੂੰ ਇੱਧਰ-ਉੱਧਰ ਭੇਜਣਾ;

15) ਟੈਕਸ ਦੇਣ ਤੋਂ ਬਚਣ ਲਈ ਟਰਨਓਵਰ ਘੱਟ ਦਰਸਾਉਣਾ;

16) ਕਾਨੂੰਨ ਵਿੱਚ ਦੱਸੀ ਵਿਧੀ ਅਨੁਸਾਰ ਅਕਾਊਂਟਸ/ਦਸਤਾਵੇਜ਼ਾਂ ਨੂੰ ਕਾਇਮ ਰੱਖਣ ਤੋਂ ਨਾਕਾਮ ਰਹਿਣਾ ਜਾਂ ਕਾਨੂੰਨ ਵਿੱਚ ਵਰਣਿਤ ਮਿਆਦ ਲਈ ਅਕਾਊਂਟਸ/ਦਸਤਾਵੇਜ਼ ਕੋਲ ਰੱਖਣ ਤੋਂ ਨਾਕਾਮ ਰਹਿਦਾ;

17) ਕਾਨੂੰਨ/ਨਿਯਮਾਂ ਦੀਆਂ ਮੱਦਾਂ ਵਿੱਚ ਕਿਸੇ ਅਧਿਕਾਰੀ ਨੂੰ ਲੋੜੀਂਦੀ ਜਾਣਕਾਰੀ/ਦਸਤਾਵੇਜ਼ ਪੇਸ਼ ਕਰਨ ਤੋਂ ਨਾਕਾਮ ਰਹਿਣਾ ਜਾਂ ਕਿਸੇ ਕਾਰਵਾਈ ਦੌਰਾਨ ਝੂਠੀ ਜਾਣਕਾਰੀ/ਦਸਤਾਵੇਜ਼ ਪੇਸ਼ ਕਰਨਾ;

18) ਜ਼ਬਤ ਕੀਤਾ ਜਾ ਸਕਣ ਵਾਲਾ ਕੋਈ ਮਾਲ ਸਪਲਾਈ/ਟਰਾਂਸਪੋਰਟ/ਭੰਡਾਰ ਕਰਨਾ;

19) ਕਿਸੇ ਹੋਰ ਵਿਅਕਤੀ ਦੇ ਜੀ.ਐਸ.ਟੀ.ਆਈ.ਐਨ. ਦੀ ਵਰਤੋਂ ਕਰਦਿਆਂ ਇਨਵੁਆਇਸ ਜਾਂ ਦਸਤਾਵੇਜ਼ ਜਾਰੀ ਕਰਨਾ;

20) ਕਿਸੇ ਵਸਤੂਗਤ ਸਬੂਤ ਨਾਲ ਛੇੜਖਾਨੀ/ਨਸ਼ਟ ਕਰਨਾ;

21) ਕਾਨੂੰਨ ਅਧੀਨ ਹਿਰਾਸਤ ਵਿੱਚ ਲਈਆਂ/ਜ਼ਬਤ/ਕੁਰਕ ਕੀਤੀਆਂ ਵਸਤਾਂ ਭਾਵ ਮਾਲ ਨੂੰ ਖੁਰਦ-ਬੁਰਦ ਕਰ ਦੇਣਾ/ਉਨ੍ਹਾਂ ਨਾਲ ਛੇੜਖਾਨੀ ਕਰਨਾ।

**ਪ੍ਰਸ਼ਨ 2. ਮੱਦ 'ਪੈਨਲਟੀ' (ਜੁਰਮਾਨਾ ਜਾਂ ਸਜ਼ਾ) ਦਾ ਕੀ ਅਰਥ ਹੈ?**

ਉੱਤਰ. ਸ਼ਬਦ 'ਪੈਨਲਟੀ' (ਜੁਰਮਾਨਾ ਜਾਂ ਸਜ਼ਾ) ਨੂੰ ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਕਾਨੂੰਨ ਵਿੱਚ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ ਪਰ ਨਿਆਂਇਕ ਫ਼ੈਸਲਿਆਂ ਅਤੇ ਨਿਆਂਇਕ-ਪ੍ਰਵੀਨਤਾ ਵਿੱਚ 'ਪੈਨਲਟੀ' ਦੀ ਪ੍ਰਕਿਰਤੀ ਨੂੰ ਕੁਝ ਇਸ ਤਰ੍ਹਾਂ ਬਿਆਨਿਆ ਗਿਆ ਹੈ:

* ਇੱਕ ਅਸਥਾਈ ਸਜ਼ਾ ਜਾਂ ਲਿਖਤੀ ਕਾਨੂੰਨ ਦੁਆਰਾ ਲਾਏ ਗਏ ਜੁਰਮਾਨੇ ਦੀ ਰਕਮ, ਜੋ ਇੱਕ ਖ਼ਾਸ ਜੁਰਮ ਕਰਨ ਲਈ ਸਜ਼ਾ ਵਜੋਂ ਅਦਾ ਕੀਤੀ ਜਾਣੀ ਹੁੰਦੀ ਹੈ;
* ਕਾਨੂੰਨ ਦੁਆਰਾ ਦਿੱਤੀ ਗਈ ਇੱਕ ਸਜ਼ਾ ਜਾਂ ਕੋਈ ਅਜਿਹਾ ਕੰਟਰੈਕਟ ਕਰਨ ਜਾਂ ਕੋਈ ਚੀਜ਼ ਕਰਨ ਤੋਂ ਨਾਕਾਮ ਰਹਿਣ ਲਈ ਦਿੱਤੀ ਜਾਣ ਵਾਲੀ ਸਜ਼ਾ, ਜਿਸ ਨੂੰ ਕਰਨ ਦੀ ਜ਼ਿੰਮੇਵਾਰੀ ਇੱਕ ਧਿਰ ਦੀ ਸੀ।

**ਪ੍ਰਸ਼ਨ 3. ਜੁਰਮਾਨੇ ਕਰਨ ਲੱਗਿਆਂ ਆਮ ਤੌਰ 'ਤੇ ਕਿਹੜੇ ਅਨੁਸ਼ਾਸਨਾਂ ਦੀ ਪਾਲਣਾ ਕਰਨੀ ਹੋਵੇਗੀ?**

ਉੱਤਰ. ਕਿਸੇ ਖ਼ਾਸ ਅਨੁਸ਼ਾਸਨੀ ਸ਼ਾਸਨ ਦੇ ਆਧਾਰ ਉੱਤੇ ਜੁਰਮਾਨੇ ਦੀ ਵਸੂਲੀ ਨਿਆਂ-ਸ਼ਾਸਤਰ, ਕੁਦਰਤੀ ਨਿਆਂ ਦੇ ਸਿਧਾਂਤਾਂ ਅਤੇ ਕੌਮਾਂਤਰੀ ਵਪਾਰ ਤੇ ਸਮਝੌਤਿਆਂ ਨੂੰ ਸ਼ਾਸਿਤ ਕਰਨ ਵਾਲੇ ਸਿਧਾਂਤਾਂ ਉੱਤੇ ਆਧਾਰਤ ਹੁੰਦੀ ਹੈ। ਕਾਨੂੰਨ ਦੇ ਅਨੁਛੇਦ 126 ਵਿੱਚ ਅਜਿਹੇ ਆਮ ਅਨੁਸ਼ਾਸਨ ਬਾਰੇ ਦੱਸਿਆ ਗਿਆ ਹੈ। ਉਸ ਅਨੁਸਾਰ –

* ਕਿਸੇ ਮਾਮਲੇ ਦੀ ਵਾਜਬ ਸੁਣਵਾਈ ਅਤੇ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ ਬਿਨਾ ਕੋਈ ਜੁਰਮਾਨਾ ਨਹੀਂ ਕੀਤਾ ਜਾਣਾ ਚਾਹੀਦਾ, ਜਿਸ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ, ਉਸ ਨੂੰ ਆਪਣੇ ਉੱਤੇ ਲੱਗੇ ਦੋਸ਼ਾਂ ਦੇ ਸਬੰਧ ਵਿੱਚ ਸਫ਼ਾਈ ਪੇਸ਼ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ,
* ਜੁਰਮਾਨਾ; ਸਾਰੇ ਤੱਥਾਂ ਅਤੇ ਮਾਮਲੇ ਦੇ ਹਾਲਾਤ ਉੱਤੇ ਨਿਰਭਰ ਕਰਦਾ ਹੈ,

* ਕੀਤਾ ਗਿਆ ਜੁਰਮਾਨਾ; ਕਾਨੂੰਨ ਦੀਆਂ ਵਿਵਸਥਾਵਾਂ ਦੇ ਉਲੰਘਣ ਦੀ ਮਾਤਰਾ ਤੇ ਗੰਭੀਰਤਾ ਜਾਂ ਦਰਜ ਨਿਯਮਾਂ ਦੇ ਅਨੁਪਾਤ ਵਿੱਚ ਹੋਵੇਗਾ,
* ਜੁਰਮਾਨਾ ਲਾਉਣ ਦੇ ਆਦੇਸ਼ ਵਿੱਚ, ਕੀਤੀ ਗਈ ਉਲੰਘਣਾ ਬਹੁਤ ਸਪੱਸ਼ਟ ਰੂਪ ਵਿੱਚ ਲਿਖੀ ਹੋਣੀ ਚਾਹੀਦੀ ਹੈ,
* ਕਾਨੂੰਨ ਦੀਆਂ ਜਿਹੜੀਆਂ ਵਿਵਸਥਾਵਾਂ ਅਧੀਨ ਜੁਰਮਾਨਾ ਲਾਇਆ ਗਿਆ ਹੈ, ਉਨ੍ਹਾਂ ਦਾ ਵਰਣਨ ਕੀਤਾ ਹੋਣਾ ਚਾਹੀਦਾ ਹੈ।

ਅਨੁਛੇਦ 126 ਅੱਗੇ ਦਰਸਾਉਂਦਾ ਹੈ ਕਿ, ਖ਼ਾਸ ਤੌਰ 'ਤੇ, ਕੋਈ ਵੱਡਾ ਜੁਰਮਾਨਾ ਨਹੀਂ ਕੀਤਾ ਜਾਵੇਗਾ –

* ਕੋਈ ਮਾਮੂਲੀ ਉਲੰਘਣਾ (ਮਾਮੂਲੀ ਉਲੰਘਣਾ ਨੂੰ 5,000/– ਰੁਪਏ ਤੋਂ ਘੱਟ ਨਾਲ ਸਬੰਧਤ ਟੈਕਸ ਵਿਵਸਥਾਵਾਂ ਦੀ ਉਲੰਘਣਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ), ਜਾਂ
* ਕਾਨੂੰਨ ਦੀ ਕਾਰਜ–ਵਿਧੀਆਤਮਕ ਆਵਸ਼ਕਤਾ, ਜਾਂ
* ਦਸਤਾਵੇਜ਼ਾਂ ਵਿਚ ਆਸਾਨੀ ਨਾਲ ਠੀਕ ਕੀਤੀ ਜਾ ਸਕਣ ਵਾਲੀ ਕੋਈ ਅਜਿਹੀ ਗ਼ਲਤੀ/ਉਕਾਈ (ਕਾਨੂੰਨ ਵਿੱਚ ਇਸ ਦੀ ਵਿਆਖਿਆ ਇੱਕ ਅਜਿਹੀ ਗ਼ਲਤੀ ਵਜੋਂ ਕੀਤੀ ਗਈ ਹੈ ਜੋ ਕਿ ਰਿਕਾਰਡ ਉੱਤੇ ਸਪੱਸ਼ਟ ਦਿਸਦੀ ਹੈ), ਜੋ ਧੋਖਾਧੜੀ ਦੀ ਮਨਸ਼ਾ ਜਾਂ ਘੋਰ ਲਾਪਰਵਾਹੀ ਤੋਂ ਬਗ਼ੈਰ ਹੁੰਦੀ ਹੈ।

  ਇਸ ਦੇ ਨਾਲ ਹੀ, ਜਿੱਥੇ ਕਿਤੇ ਵੀ ਇੱਕ ਨਿਸ਼ਚਤ ਰਕਮ ਜਾਂ ਨਿਸ਼ਚਤ ਪ੍ਰਤੀਸ਼ਤਤਾ ਦੇ ਜੁਰਮਾਨੇ ਦੀ ਵਿਵਸਥਾ ਐਮ.ਜੀ.ਐਲ. ਵਿੱਚ ਦਿੱਤੀ ਗਈ ਹੈ, ਉਹੀ ਲਾਗੂ ਹੋਵੇਗੀ।

**ਪ੍ਰਸ਼ਨ 4. ਸੀ.ਜੀ.ਐੱਸ.ਟੀ. ਵਿੱਚ 'ਪੈਨਲਟੀ' (ਜੁਰਮਾਨੇ ਜਾਂ ਸਜ਼ਾ) ਦੀ ਕਿੰਨੀ ਮਾਤਰਾ ਦੀ ਵਿਵਸਥਾ ਦਿੱਤੀ ਗਈ ਹੈ?**

ਉੱਤਰ. ਅਨੁਛੇਦ 122(1) ਵਿੱਚ ਵਿਵਸਥਾ ਹੈ ਕਿ ਕੋਈ ਵੀ ਟੈਕਸਯੋਗ ਵਿਅਕਤੀ, ਜਿਸ ਨੇ ਅਨੁਛੇਦ 122 'ਚ ਵਰਣਿਤ ਵਿੱਚੋਂ ਕੋਈ ਜੁਰਮ ਕੀਤਾ ਹੈ, ਉਸ ਨੂੰ ਅਜਿਹੇ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇਗੀ ਜੋ ਨਿਮਨਲਿਖਤ ਰਕਮਾਂ ਤੋਂ ਵੱਧ ਹੋਵੇਗਾ:

* ਚੋਰੀ ਕੀਤੇ ਟੈਕਸ, ਧੋਖਾਧੜੀ ਨਾਲ ਹਾਸਲ ਕੀਤੇ ਰੀਫ਼ੰਡ, ਕ੍ਰੈਡਿਟ ਵਜੋਂ

ਲਏ ਲਾਭ ਦੀ ਰਕਮ ਜਾਂ ਟੈਕਸ ਕਟੌਤੀ ਨਾ ਕੀਤੇ ਜਾਣ ਜਾਂ ਟੈਕਸ ਇਕੱਠਾ ਨਾ ਕਰਨ ਜਾਂ ਘੱਟ ਟੈਕਸ ਦੀ ਕਟੌਤੀ ਕਰਨ ਜਾਂ ਘੱਟ ਟੈਕਸ ਇਕੱਠਾ ਕੀਤੇ ਹੋਣ ਦੀ ਰਕਮ, ਜਾਂ

* 10,000/- ਰੁਪਏ ਦੀ ਰਕਮ।

ਇਸ ਦੇ ਨਾਲ ਹੀ ਅਨੁਛੇਦ 122(2) ਦੀ ਵਿਵਸਥਾ ਹੈ ਕਿ ਕੋਈ ਰਜਿਸਟਰਡ ਟੈਕਸਯੋਗ ਵਿਅਕਤੀ, ਜੋ ਵਾਰ-ਵਾਰ ਘੱਟ ਟੈਕਸ ਅਦਾ ਕਰਦਾ ਹੈ, ਉਸ ਨੂੰ ਅਜਿਹਾ ਜੁਰਮਾਨਾ ਅਦਾ ਕਰਨਾ ਹੋਵੇਗਾ, ਜੋ ਇੰਨਾ ਵੱਧ ਹੋਵੇਗਾ:

* ਜਿੰਨਾ ਟੈਕਸ ਘੱਟ ਅਦਾ ਕੀਤਾ ਹੈ, ਉਸ ਦਾ 10%, ਜਾਂ
* ਰੁਪਏ 10,000/-

**ਪ੍ਰਸ਼ਨ 5. ਕੀ ਟੈਕਸਯੋਗ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਲਈ ਕੋਈ ਜੁਰਮਾਨਾ ਨਿਰਧਾਰਤ ਕੀਤਾ ਗਿਆ ਹੈ?**

ਉੱਤਰ. ਹਾਂ। ਅਨੁਛੇਦ 122(3) ਅਨੁਸਾਰ ਕਿਸੇ ਅਜਿਹੇ ਵਿਅਕਤੀ ਤੋਂ 25,000/- ਰੁਪਏ ਤੋਂ ਵੱਧ ਜਰਮਾਨਾ ਵਸੂਲੇ ਜਾਣ ਦੀ ਵਿਵਸਥਾ ਹੈ, ਜੋ -

* 21 ਅਪਰਾਧਾਂ ਵਿੱਚੋਂ ਕਿਸੇ ਇੱਕ ਵਿੱਚ ਸਹਾਇਤਾ ਕਰਦਾ ਹੈ ਜਾਂ ਅਜਿਹਾ ਕੁਝ ਕਰਨ ਲਈ ਉਕਸਾਉਂਦਾ ਹੈ,
* ਅਜਿਹੇ ਮਾਲ ਦਾ ਕੁਝ ਇਸ ਤਰ੍ਹਾਂ ਕਾਰੋਬਾਰ ਕਰਦਾ ਹੈ, (ਭਾਵੇਂ ਪ੍ਰਾਪਤ ਕਰਦਾ ਹੈ, ਸਪਲਾਈ, ਭੰਡਾਰ ਜਾਂ ਟਰਾਂਸਪੋਰਟ ਕਰਦਾ ਹੈ) ਜਿਸ ਨੂੰ ਜ਼ਬਤ ਕੀਤਾ ਜਾ ਸਕਦਾ ਹੈ,
* ਕਾਨੂੰਨ ਦੀ ਉਲੰਘਣਾ ਕਰ ਕੇ ਸੇਵਾਵਾਂ ਪ੍ਰਾਪਤ ਕਰਦਾ ਹੈ ਜਾਂ ਉਨ੍ਹਾਂ ਦੀ ਸਪਲਾਈ ਦਾ ਕਾਰੋਬਾਰ ਕਰਦਾ ਹੈ,
* ਕਿਸੇ ਅਜਿਹੇ ਅਥਾਰਟੀ ਸਾਹਮਣੇ ਪੇਸ਼ ਹੋਣ ਤੋਂ ਨਾਕਾਮ ਰਹਿੰਦਾ ਹੈ, ਜਿਸ ਨੇ ਸੰਮਨ ਜਾਰੀ ਕੀਤਾ ਹੈ,
* ਕਿਸੇ ਸਪਲਾਈ ਲਈ ਕੋਈ ਇਨਵੁਆਇਸ ਜਾਰੀ ਕਰਨ ਤੋਂ ਨਾਕਾਮ ਰਹਿੰਦਾ ਹੈ ਜਾਂ ਕਾਨੂੰਨ ਅਧੀਨ ਕਿਸੇ ਇਨਵੁਆਇਸ ਦਾ ਹਿਸਾਬ-ਕਿਤਾਬ ਨਹੀਂ ਰੱਖਦਾ।

**ਪ੍ਰਸ਼ਨ 6. ਕਿਸੇ ਅਜਿਹੀ ਉਲੰਘਣਾ ਲਈ ਜੁਰਮਾਨੇ ਦੀ ਕੀ ਵਿਵਸਥਾ ਹੈ, ਜਿਸ ਲਈ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਅਧੀਨ ਕੋਈ ਵੱਖਰਾ ਜੁਰਮਾਨਾ**

**ਨਿਰਧਾਰਤ ਨਹੀਂ ਕੀਤਾ ਗਿਆ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 125 ਦੀ ਵਿਵਸਥਾ ਅਨੁਸਾਰ ਜੇ ਕੋਈ ਵਿਅਕਤੀ ਕਾਨੂੰਨ ਜਾਂ ਇਸ ਕਾਨੂੰਨ ਅਧੀਨ ਬਣਾਏ ਗਏ ਨਿਯਮਾਂ ਦੀ ਕਿਸੇ ਵਿਵਸਥਾ ਦੀ ਉਲੰਘਣਾ ਕਰਦਾ ਹੈ, ਜਿਸ ਲਈ ਕੋਈ ਵੱਖਰਾ ਜੁਰਮਾਨਾ ਨਿਰਧਾਰਤ ਨਹੀਂ ਕੀਤਾ ਗਿਆ ਹੈ, ਉਸ ਲਈ ਅਜਿਹੇ ਜੁਰਮਾਨੇ ਦੀ ਸਜ਼ਾ ਦੇਣਯੋਗ ਹੋਵੇਗੀ, ਜਿਸ ਨੂੰ 25,000/- ਰੁਪਏ ਤੱਕ ਵਧਾਇਆ ਜਾ ਸਕਦਾ ਹੈ।

**ਪ੍ਰਸ਼ਨ 6. ਮਾਲ ਦੀ ਵੈਧ ਦਸਤਾਵੇਜ਼ਾਂ ਤੋਂ ਬਗ਼ੈਰ ਟਰਾਂਸਪੋਰਟੇਸ਼ਨ ਜਾਂ ਕਿਤਾਬਾਂ ਵਿੱਚ ਵਾਜਬ ਰਿਕਾਰਡ ਰੱਖੇ ਬਗ਼ੈਰ ਮਾਲ ਨੂੰ ਹਟਾਉਣ ਦਾ ਜਤਨ ਕਰਨ ਵਿਰੁੱਧ ਕੀ ਕਾਰਵਾਈ ਕੀਤੀ ਜਾ ਸਕਦੀ ਹੈ?**

ਉੱਤਰ. ਜੇ ਕੋਈ ਵਿਅਕਤੀ ਅਜਿਹਾ ਮਾਲ ਟਰਾਂਸਪੋਰਟ ਜਾਂ ਭੰਡਾਰ ਕਰਦਾ ਹੈ, ਉਨ੍ਹਾਂ ਨੂੰ ਕਾਨੂੰਨ ਅਧੀਨ ਦਰਸਾਏ ਦਸਤਾਵੇਜ਼ਾਂ (ਭਾਵ ਇਨਵੁਆਇਸ ਜਾਂ ਇੱਕ ਘੋਸ਼ਣਾ-ਪੱਤਰ) ਤੋਂ ਬਗ਼ੈਰ ਲਿਜਾਇਆ ਜਾਂਦਾ ਹੈ ਜਾਂ ਕਿਸੇ ਅਜਿਹੇ ਮਾਲ ਦੀ ਸਪਲਾਈ ਜਾਂ ਉਨ੍ਹਾਂ ਦਾ ਭੰਡਾਰ ਕਰਦਾ ਹੈ, ਜਿਨ੍ਹਾਂ ਦਾ ਰਿਕਾਰਡ ਉਸ ਵੱਲੋਂ ਆਪਣੇ ਕਿਤਾਬਾਂ ਜਾਂ ਅਕਾਉਂਟਸ ਵਿੱਚ ਨਹੀਂ ਰੱਖਿਆ ਗਿਆ, ਤਦ ਅਜਿਹਾ ਮਾਲ ਭਾਵ ਵਸਤਾਂ ਨੂੰ ਉਸ ਵਾਹਨ ਸਮੇਤ ਹਿਰਾਸਤ ਵਿੱਚ ਲਿਆ ਜਾ ਸਕੇਗਾ, ਜਿਸ ਵਿੱਚ ਉਨ੍ਹਾਂ ਨੂੰ ਲਿਜਾਂਦਾ ਜਾ ਰਿਹਾ ਹੈ।

**ਜਿੱਥੇ ਮਾਲਕ ਅੱਗੇ ਆਉਂਦਾ ਹੈ:-** ਅਜਿਹੀਆਂ ਵਸਤਾਂ ਭਾਵ ਮਾਲ ਨੂੰ ਕੇਵਲ ਲਾਗੂ ਟੈਕਸ, ਵਿਆਜ ਤੇ ਜੁਰਮਾਨੇ ਦੀ ਅਦਾਇਗੀ ਤੋਂ ਬਾਅਦ ਜਾਂ ਵਰਣਿਤ ਰਕਮ ਦੇ 100% ਟੈਕਸ ਦੇ ਸਮਾਨ ਜ਼ਮਾਨਤ ਜਮ੍ਹਾ ਕਰਵਾਉਣ 'ਤੇ ਹੀ ਛੱਡਿਆ ਜਾ ਸਕਦਾ ਹੈ।

ਛੋਟ ਪ੍ਰਾਪਤ ਵਸਤਾਂ ਦੇ ਮਾਮਲੇ ਵਿੱਚ, ਜੁਰਮਾਨਾ; ਮਾਲ ਦੀ ਕੀਮਤ ਦਾ 2% ਜਾਂ 25,000/- ਰੁਪਏ, ਜੋ ਵੀ ਘੱਟ ਹੋਵੇ, ਹੁੰਦਾ ਹੈ।

**ਜਿੱਥੇ ਮਾਲਕ ਅੱਗੇ ਨਹੀਂ ਆਉਂਦਾ:-** ਅਜਿਹੀਆਂ ਵਸਤਾਂ ਭਾਵ ਮਾਲ ਨੂੰ ਕੇਵਲ ਲਾਗੂ ਟੈਕਸ, ਵਿਆਜ ਤੇ ਜੁਰਮਾਨੇ ਦੀ ਅਦਾਇਗੀ ਤੋਂ ਬਾਅਦ ਜਾਂ ਵਰਣਿਤ ਰਕਮ ਦੇ 50% ਟੈਕਸ ਦੇ ਸਮਾਨ ਜ਼ਮਾਨਤ ਜਮ੍ਹਾ ਕਰਵਾਉਣ 'ਤੇ ਹੀ ਛੱਡਿਆ ਜਾ ਸਕਦਾ ਹੈ।

ਛੋਟ ਪ੍ਰਾਪਤ ਵਸਤਾਂ ਦੇ ਮਾਮਲੇ ਵਿੱਚ, ਜੁਰਮਾਨਾ; ਮਾਲ ਦੀ ਕੀਮਤ ਦਾ 5% ਜਾਂ 25,000/- ਰੁਪਏ, ਜੋ ਵੀ ਘੱਟ ਹੋਵੇ, ਹੁੰਦਾ ਹੈ।

**ਪ੍ਰਸ਼ਨ 7. ਅਜਿਹੇ ਵਿਅਕਤੀ ਲਈ ਕੀ ਜੁਰਮਾਨਾ ਨਿਰਧਾਰਤ ਹੈ, ਜਿਹੜਾ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਦਾ ਹੈ, ਜਦ ਕਿ ਉਹ ਇਸ ਯੋਜਨਾ ਦੀ ਵਰਤੋਂ ਦੇ ਅਯੋਗ ਹੁੰਦਾ ਹੈ?**

ਉੱਤਰ. ਅਨੁਛੇਦ 10(5) ਦੀ ਵਿਵਸਥਾ ਅਨੁਸਾਰ ਜੇ ਕੋਈ ਵਿਅਕਤੀ ਆਪਣੀ ਟੈਕਸ ਦੇਣਦਾਰੀ ਲਈ ਕੰਪੋਜ਼ੀਸ਼ਨ ਯੋਜਨਾ ਦਾ ਵਿਕਲਪ ਚੁਣਦਾ ਹੈ, ਪਰ ਉਹ ਕੰਪਾਊਂਡਿੰਗ ਲਈ ਯੋਗ ਨਹੀਂ ਪਾਇਆ ਜਾਂਦਾ, ਤਦ ਅਜਿਹਾ ਵਿਅਕਤੀ ਕਾਨੂੰਨ ਦੀਆਂ ਵਿਵਸਥਾਵਾਂ ਅਧੀਨ ਉਸ ਵੱਲੋਂ ਅਦਾਇਗੀਯੋਗ ਟੈਕਸ ਦੇ ਸਮਾਨ ਰਾਸ਼ੀ ਜਿੰਨਾ ਜੁਰਮਾਨਾ ਅਦਾ ਕਰਨ ਦਾ ਭਾਗੀਦਾਰ ਹੋਵੇਗਾ ਭਾਵ ਇੱਕ ਆਮ ਟੈਕਸਯੋਗ ਵਿਅਕਤੀ ਵਜੋਂ; ਅਤੇ ਇਹ ਕਿ ਇਹ ਜੁਰਮਾਨਾ ਉਸ ਵੱਲੋਂ ਭੁਗਤਾਨਯੋਗ ਟੈਕਸ ਤੋਂ ਇਲਾਵਾ ਹੋਵੇਗਾ।

**ਪ੍ਰਸ਼ਨ 8. ਜ਼ਬਤੀ ਦਾ ਕੀ ਅਰਥ ਹੈ?**

ਉੱਤਰ. ਕਾਨੂੰਨ ਵਿੱਚ ਸ਼ਬਦ 'ਜ਼ਬਤੀ' (ਕਨਫ਼ਿਸਕੇਸ਼ਨ) ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ। ਇਹ ਧਾਰਨਾ ਰੋਮਨ ਕਾਨੂੰਨ ਤੋਂ ਲਈ ਗਈ ਹੈ, ਜਿਸ ਵਿੱਚ ਇਸ ਤੋਂ ਭਾਵ ਹੈ ਕੋਈ ਚੀਜ਼ ਜ਼ਬਤ ਕਰ ਲੈਣਾ ਜਾਂ ਉਸ ਨੂੰ ਸਮਰਾਟ ਦੇ ਹੱਥਾਂ ਵਿੱਚ ਦੇ ਦੇਣਾ, ਅਤੇ ਸ਼ਾਹੀ 'ਫ਼ਿਸਕਸ' ਜਾਂ ਖ਼ਜ਼ਾਨੇ ਵਿੱਚ ਟ੍ਰਾਂਸਫ਼ਰ ਕਰ ਦੇਣਾ। ਸ਼ਬਦ 'ਕਨਫ਼ਿਸਕੇਟ' ਨੂੰ 'ਅਈਅਰ'ਜ਼ ਲੱਅ ਲੈਕਸੀਕਨ' ਵਿੱਚ "ਜੁਰਮਾਨੇ ਦੁਆਰਾ ਵਾਜਬ (ਨਿਜੀ ਸੰਪਤੀ) ਜਨਤਕ ਖ਼ਜ਼ਾਨੇ ਵਿੱਚ; ਸੰਪਤੀ ਤੋਂ ਵਾਂਝਾ ਰੱਖਣ ਲਈ ਕਿਉਂਕਿ ਉਸ ਨੂੰ ਸਟੇਟ ਵੱਲੋਂ ਜ਼ਬਤ ਕਰ ਲਿਆ ਗਿਆ ਹੈ" ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।

ਸੰਖੇਪ ਵਿੱਚ ਇਸ ਦਾ ਅਰਥ ਮਾਲ ਜਾਂ ਵਸਤਾਂ ਦਾ ਟਾਈਟਲ ਸਰਕਾਰ ਨੂੰ ਟ੍ਰਾਂਸਫ਼ਰ ਕਰ ਦੇਣਾ ਹੈ।

**ਪ੍ਰਸ਼ਨ 9. ਕਿਹੜੇ ਹਾਲਾਤ 'ਚ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਅਧੀਨ ਮਾਲ ਨੂੰ ਜ਼ਬਤ ਕੀਤਾ ਜਾ ਸਕਦਾ ਹੈ?**

ਉੱਤਰ. ਸੀ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 130 ਅਧੀਨ,ਮਾਲ ਨੂੰ ਜ਼ਬਤ ਕੀਤਾ ਜਾ ਸਕੇਗਾ, ਜੇ ਕੋਈ ਵਿਅਕਤੀ:

* ਇਸ ਕਾਨੂੰਨ ਦੀ ਕਿਸੇ ਵਿਵਸਥਾ ਦੀ ਉਲੰਘਣਾ ਕਰਦਿਆਂ ਕਿਸੇ ਮਾਲ ਦੀ ਸਪਲਾਈ ਕਰਦਾ ਹੈ ਅਤੇ ਅਜਿਹੀ ਉਲੰਘਣਾ ਕਾਰਨ ਇਸ ਕਾਨੂੰਨ ਅਧੀਨ ਅਦਾਇਗੀਯੋਗ ਟੈਕਸ ਦੀ ਚੋਰੀ ਹੁੰਦੀ ਹੈ, ਜਾਂ

* ਕਿਸੇ ਮਾਲ ਦਾ ਕੋਈ ਹਿਸਾਬ-ਕਿਤਾਬ ਨਹੀਂ ਰੱਖਦਾ, ਜਿਵੇਂ ਕਿ ਕਾਨੂੰਨ ਅਧੀਨ ਰੱਖਣਾ ਜ਼ਰੂਰੀ ਹੁੰਦਾ ਹੈ, ਜਾਂ
* ਕੋਈ ਅਜਿਹਾ ਮਾਲ ਸਪਲਾਈ ਕਰਦਾ ਹੈ, ਜੋ ਕਾਨੂੰਨ ਅਧੀਨ ਟੈਕਸ ਵਸੂਲੀਯੋਗ ਹੈ ਪਰ ਰਜਿਸਟਰੇਸ਼ਨ ਲਈ ਅਰਜ਼ੀ ਨਹੀਂ ਦਿੰਦਾ, ਜਾਂ
* ਟੈਕਸ ਭੁਗਤਾਨ ਤੋਂ ਬਚਣ ਦੀ ਮਨਸ਼ਾ ਨਾਲ ਕਾਨੂੰਨ/ਨਿਯਮਾਂ ਦੀ ਕਿਸੇ ਵਿਵਸਥਾ ਦੀ ਉਲੰਘਣਾ ਕਰਦਾ ਹੈ।

**ਪ੍ਰਸ਼ਨ 10. ਵਾਜਬ ਅਧਿਕਾਰੀ ਵੱਲੋਂ ਮਾਲ ਦੀ ਜ਼ਬਤੀ ਕਾਰਨ ਮਾਲ ਨਾਲ ਕੀ ਵਾਪਰਦਾ ਹੈ?**

ਉੱਤਰ. ਜ਼ਬਤੀ ਹੋਣ 'ਤੇ, ਜ਼ਬਤ ਕੀਤੇ ਮਾਲ ਵਿੱਚ ਟਾਈਟਲ ਸਰਕਾਰ ਦਾ ਹੋਵੇਗਾ ਅਤੇ ਇਸ ਮਾਮਲੇ ਵਿੱਚ ਵਾਜਬ ਅਧਿਕਾਰੀ ਦੀ ਬੇਨਤੀ ਉੱਤੇ ਹਰੇਕ ਪੁਲਿਸ ਅਧਿਕਾਰੀ ਅਜਿਹੇ ਮਾਲ ਦੀ ਜ਼ਬਤੀ ਕਰਨ ਵਿੱਚ ਮਦਦ ਕਰੇਗਾ।

**ਪ੍ਰਸ਼ਨ 11. ਜ਼ਬਤੀ ਤੋਂ ਬਾਅਦ, ਕੀ ਵਿਅਕਤੀ ਨੂੰ ਆਪਣਾ ਮਾਲ ਛੁਡਾਉਣ ਦਾ ਵਿਕਲਪ ਦੇਣਾ ਹੁੰਦਾ ਹੈ?**

ਉੱਤਰ. ਹਾਂ। ਅਨੁਛੇਦ 130(2) ਦੀਆਂ ਮੱਦਾਂ ਵਿੱਚ, ਜਿਸ ਮਾਲ ਨੂੰ ਜ਼ਬਤ ਕੀਤਾ ਜਾ ਸਕਦਾ ਹੈ, ਉਸ ਦੇ ਮਾਲਕ ਜਾਂ ਉਸ ਮਾਲ ਦੇ ਇੰਚਾਰਜ ਵਿਅਕਤੀ ਨੂੰ ਜ਼ਬਤੀ ਦੀ ਥਾਂ ਉੱਤੇ ਜੁਰਮਾਨਾ (ਜੋ ਜ਼ਬਤ ਕੀਤੇ ਮਾਲ ਦੀ ਬਾਜ਼ਾਰੀ ਕੀਮਤ ਤੋਂ ਵੱਧ ਨਹੀਂ ਹੋਵੇਗਾ) ਅਦਾ ਕਰਨ ਦਾ ਵਿਕਲਪ ਦੇਣਾ ਹੁੰਦਾ ਹੈ। ਇਹ ਜੁਰਮਾਨਾ ਉਸ ਟੈਕਸ ਅਤੇ ਹੋਰ ਵਸੂਲੀਆਂ ਤੋਂ ਇਲਾਵਾ ਹੋਵੇਗਾ, ਜੋ ਅਜਿਹੇ ਮਾਲ ਦੇ ਸਬੰਧ ਵਿੱਚ ਅਦਾਇਗੀਯੋਗ ਹੁੰਦੇ ਹਨ।

**ਪ੍ਰਸ਼ਨ 12. ਕੀ ਨਿਰਧਾਰਤ ਦਸਤਾਵੇਜ਼ਾਂ ਦੇ ਕਵਰ ਤੋਂ ਬਗ਼ੈਰ ਮਾਲ ਲਿਜਾ ਰਹੇ ਕਿਸੇ ਵਾਹਨ ਨੂੰ ਵੀ ਜ਼ਬਤ ਕੀਤਾ ਜਾ ਸਕਦਾ ਹੈ?**

ਉੱਤਰ. ਜੀ ਹਾਂ। ਅਨੁਛੇਦ 130 ਦੀ ਵਿਵਸਥਾ ਅਨੁਸਾਰ ਕਿਸੇ ਮਾਲ ਨੂੰ ਜੇ ਕਾਨੂੰਨ ਅਧੀਨ ਨਿਰਧਾਰਤ ਕਿਸੇ ਦਸਤਾਵੇਜ਼ਾਂ ਜਾਂ ਘੋਸ਼ਣਾ-ਪੱਤਰ ਦੇ ਕਵਰ ਤੋਂ ਬਗ਼ੈਰ ਵਾਹਨ ਰਾਹੀਂ ਲਿਜਾਂਦਾ ਜਾ ਰਿਹਾ ਹੈ, ਤਾਂ ਉਹ ਸਾਰਾ ਵਾਹਨ ਸਮੇਤ ਜ਼ਬਤ ਕੀਤਾ ਜਾ ਸਕੇਗਾ। ਉਂਝ, ਜੇ ਉਸ ਵਾਹਨ ਦਾ ਮਾਲ ਜੇ ਇਹ ਸਿੱਧ ਕਰ ਦਿੰਦਾ ਹੈ ਕਿ ਉਸ ਮਾਲ ਨੂੰ ਬਿਨਾ ਆਵਸ਼ਕ ਦਸਤਾਵੇਜ਼ਾਂ/ਘੋਸ਼ਣਾ-ਪੱਤਰਾਂ ਦੇ ਲਿਜਾਣ ਸਬੰਧ ਉਸ ਨੂੰ ਕੋਈ ਜਾਣਕਾਰੀ ਨਹੀਂ ਸੀ ਜਾਂ ਇਸ ਮਾਮਲੇ ਵਿੱਚ ਉਸ

ਦੀ ਜਾਂ ਉਸ ਦੇ ਕਿਸੇ ਏਜੰਟ ਦੀ ਕੋਈ ਮਿਲੀਭੁਗਤ ਨਹੀਂ ਸੀ, ਤਦ ਉਸ ਵਾਹਨ ਨੂੰ ਉਪਰੋਕਤ ਵਰਣਿਤ ਅਨੁਸਾਰ ਜ਼ਬਤ ਕਰ ਕੇ ਨਹੀਂ ਰੱਖਿਆ ਜਾ ਸਕੇਗਾ।

**ਪ੍ਰਸ਼ਨ 13. 'ਪ੍ਰੌਸੀਕਿਊਸ਼ਨ' (ਪੈਰਵੀ ਮੁਕੱਦਮਾ ਜਾਂ ਕਾਨੂੰਨੀ ਕਾਰਵਾਈ) ਕੀ ਹੈ?**

ਉੱਤਰ. 'ਪ੍ਰੌਸੀਕਿਊਸ਼ਨ' (ਪੈਰਵੀ ਮੁਕੱਦਮਾ ਜਾਂ ਕਾਨੂੰਨੀ ਕਾਰਵਾਈ) ਇੱਕ ਸੰਸਥਾਨ ਹੈ ਜਾਂ ਕਾਨੂੰਨੀ ਪ੍ਰਕਿਰਿਆ ਦੀ ਸ਼ੁਰੂਆਤ ਹੈ; ਦੋਸ਼ੀ ਵਿਰੁੱਧ ਰਸਮੀ ਦੋਸ਼ਾਂ ਨੂੰ ਪ੍ਰਦਰਸ਼ਿਤਕਰਨ ਦੀ ਪ੍ਰਕਿਰਿਆ ਹੈ। ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦੇ ਅਨੁਛੇਦ 198 ਵਿੱਚ 'ਪ੍ਰੌਸੀਕਿਊਸ਼ਨ' ਨੂੰ ਸੰਸਥਾਨ ਅਤੇ ਇੱਕ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈਆਂ ਕਰਨ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।

**ਪ੍ਰਸ਼ਨ 14. ਉਹ ਕਿਹੜੇ ਅਪਰਾਧ ਹਨ, ਜਿਨ੍ਹਾਂ ਲਈ ਸੀ.ਜੀ.ਐੱਸ.ਟੀ./ਐੱਸ.ਟੀ. ਕਾਨੂੰਨ ਅਧੀਨ 'ਪ੍ਰੌਸੀਕਿਊਸ਼ਨ' ਕੀਤੀ ਜਾ ਸਕਦੀ ਹੈ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 132 ਕਾਨੂੰਨ ਅਧੀਨ ਅਜਿਹੇ ਵੱਡੇ ਅਪਰਾਧਾਂ ਨੂੰ ਨੇਮਬੱਧ ਕਰਦਾ ਹੈ, ਜਿਨ੍ਹਾਂ ਦੇ ਮਾਮਲੇ ਵਿੱਚ ਅਪਰਾਧਕ ਕਾਰਵਾਈਆਂ ਅਤੇ ਪੈਰਵੀ-ਮੁਕੱਦਮਾ ਕੀਤੇ ਜਾ ਸਕਦੇ ਹਨ। ਅਜਿਹੇ 12 ਵੱਡੇ ਅਪਰਾਧ ਨਿਮਨਲਿਖਤ ਅਨੁਸਾਰ ਸੂਚੀਬੱਧ ਕੀਤੇ ਗਏ ਹਨ:

ੳ) ਕੋਈ ਇਨਵੁਆਇਸ ਜਾਰੀ ਕੀਤੇ ਬਿਨਾ ਸਪਲਾਈ ਕਰਨਾ ਜਾਂ ਝੂਠੀ/ਗ਼ਲਤ ਇਨਵੁਆਇਸ ਜਾਰੀ ਕਰਨਾ;

ਅ) ਸਪਲਾਈ ਕੀਤੇ ਹੋਣ ਤੋਂ ਬਗ਼ੈਰ ਹੀ ਇਨਵੁਆਇਸ ਜਾਰੀ ਕਰਨਾ;

ੲ) ਇਕੱਠੇ ਕੀਤੇ ਟੈਕਸ ਦਾ ਭੁਗਤਾਨ 3 ਮਹੀਨਿਆਂ ਤੋਂ ਵੱਧ ਸਮੇਂ ਤੱਕ ਨਾ ਕਰਨਾ;

ਸ) ਮਾਲ ਅਤੇ/ਜਾਂ ਸੇਵਾਵਾਂ ਦੀ ਅਸਲ ਪ੍ਰਾਪਤੀ ਤੋਂ ਬਗ਼ੈਰ ਹੀ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ/ਉਪਯੋਗ ਲੈਣਾ;

ਹ) ਟੈਕਸ ਤੋਂ ਬਚਣਾ, ਧੋਖਾਧੜੀ ਨਾਲ ਕੋਈ ਰੀਫ਼ੰਡ ਹਾਸਲ ਕਰ ਲੈਣਾ ਆਈ.ਟੀ.ਸੀ. ਦਾ ਲਾਭ ਲੈਣਾ ਜਾਂ ਜੁਰਮ ਕਰਦਿਆਂ ਕੋਈ ਅਜਿਹਾ ਰੀਫ਼ੰਡ ਪ੍ਰਾਪਤ ਕਰਨਾ ਜੋ ਧਾਰਾ (ੳ) ਤੋਂ (ਹ) ਤੱਕ ਅਧੀਨ ਕਵਰ ਨਹੀਂ ਹੋਇਆ

ਕ) ਟੈਕਸ ਚੋਰੀ ਦੇ ਮੰਤਵ ਨਾਲ ਝੂਠੀ ਜਾਣਕਾਰੀ ਦੇਣਾ ਜਾਂ ਜਾਅਲੀ ਵਿੱਤੀ ਰਿਕਾਰਡ ਬਣਾਉਣਾ ਜਾਂ ਜਾਅਲੀ ਅਕਾਊਂਟਸ/ਦਸਤਾਵੇਜ਼ ਦੇਣਾ;

ਖ) ਕਿਸੇ ਅਧਿਕਾਰੀ ਨੂੰ ਉਸ ਦੀ ਡਿਊਟੀ ਕਰਨ 'ਚ ਵਿਘਨ ਪਾਉਣਾ ਜਾਂ

ਉਸ ਨੂੰ ਰੋਕਣਾ;

ਗ) ਅਜਿਹੀ ਵਸਤਾਂ ਦੀ ਡੀਲਿੰਗ ਕਰਨੀ, ਜਿਨ੍ਹਾਂ ਨੂੰ ਜ਼ਬਤ ਕੀਤਾ ਜਾ ਸਕਦਾ ਹੈ ਭਾਵ ਅਜਿਹੀਆਂ ਮਾਲ ਭਾਵ ਵਸਤਾਂ ਨੂੰ ਪ੍ਰਾਪਤ, ਸਪਲਾਈ, ਭੰਡਾਰ ਕਰਨਾ ਜਾਂ ਉਨ੍ਹਾਂ ਨੂੰ ਕਿਤੇ ਹੋਰ ਲਿਜਾਣਾ;

ਘ) ਕਾਨੂੰਨ ਦੀ ਉਲੰਘਣਾ ਕਰ ਕੇ ਸੇਵਾਵਾਂ ਦੀ ਸਪਲਾਈ ਪ੍ਰਾਪਤ ਕਰਨਾ ਜਾਂ ਉਨ੍ਹਾਂ ਨਾਲ ਕੋਈ ਕਾਰੋਬਾਰ ਕਰਨਾ;

ਙ) ਕਾਨੂੰਨ/ਨਿਯਮਾਂ ਅਧੀਨ ਲੋੜੀਂਦੀ ਕੋਈ ਜਾਣਕਾਰੀ ਦੇਣ ਤੋਂ ਨਾਕਾਮ ਰਹਿਣਾ ਜਾਂ ਝੂਠੀ ਜਾਣਕਾਰੀ ਦੇਣਾ;

ਕ) ਉਪਰੋਕਤ (ੳ) ਤੋਂ (ਙ) ਤੱਕ ਦੇ ਅਪਰਾਧਾਂ ਵਿੱਚੋਂ ਕਿਸੇ ਇੱਕ ਨੂੰ ਕਰਨ ਦਾ ਜਤਨ ਕਰਨਾ ਜਾਂ ਇਨ੍ਹਾਂ ਵਿੱਚੋਂ ਇੱਕ ਨੂੰ ਕਰਨ ਲਈ ਉਕਸਾਉਣਾ।

**ਪ੍ਰਸ਼ਨ 15. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ 'ਤੇ ਕੀ ਸਜ਼ਾ ਨਿਰਧਾਰਤ ਹੈ?**

ਉੱਤਰ. ਅਨੁਛੇਦ 132(1) ਦੀ ਵਿਵਸਥਾ ਅਨੁਸਾਰ ਸਜ਼ਾ ਦੀ ਯੋਜਨਾ ਨਿਮਨਲਿਖਤ ਅਨੁਸਾਰ ਹੈ:

| **ਕੀਤਾ ਜੁਰਮ...** | **ਸਜ਼ਾ (ਕੈਦ ... ਤੱਕ)** |
|---|---|
| | |
| 5 ਕਰੋੜ ਰੁਪਏ ਜਾਂ ਵਾਰ-ਵਾਰ ਦਾ ਉਲੰਘਣਾਕਾਰ 250 ਲੱਖ ਰੁਪਏ ਤੋਂ ਵੱਧ ਟੈਕਸ ਚੋਰੀ | 5 ਸਾਲ ਅਤੇ ਜੁਰਮਾਨਾ |
| 2 ਕਰੋੜ ਰੁ. ਤੋਂ ਲੈ ਕੇ 5 ਕਰੋੜ ਰੁ. ਵਿਚਕਾਰ ਦੀ ਟੈਕਸ ਚੋਰੀ | 3 ਸਾਲ ਅਤੇ ਜੁਰਮਾਨਾ |
| 1 ਕਰੋੜ ਰੁ. ਤੋਂ ਲੈ ਕੇ 2 ਕਰੋੜ ਰੁ. ਤੱਕ ਦੇ ਵਿਚਕਾਰ ਦੀ ਟੈਕਸ ਚੋਰੀ | 1 ਸਾਲ ਅਤੇ ਜੁਰਮਾਨਾ |

| | |
|---|---|
| ਝੂਠੇ ਰਿਕਾਰਡ<br>ਅਧਿਕਾਰੀ ਦੇ ਕੰਮ ’ਚ ਵਿਘਨ<br>ਰਿਕਾਰਡ ਨਾਲ ਛੇੜਖਾਨੀ | 6 ਮਹੀਨੇ |

**ਪ੍ਰਸ਼ਨ 16. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ‘ਪ੍ਰਤੱਖ’ (ਕੌਗਨਿਜ਼ਬੇਲ) ਅਤੇ ‘ਅਪ੍ਰਤੱਖ’ (ਨੌਨ-ਕੌਗਨਿਜ਼ੇਬਲ) ਅਪਰਾਧ ਕੀ ਹਨ?**

ਉੱਤਰ. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਅਨੁਛੇਦ 132(4) ਅਤੇ 132(5) ਦੀਆਂ ਮੱਦਾਂ ਵਿੱਚ

* ਅਜਿਹੇ ਸਾਰੇ ਅਪਰਾਧ, ਜਿੱਥੇ ਟੈਕਸ ਚੋਰੀ 5 ਕਰੋੜ ਰੁਪਏ ਤੋਂ ਘੱਟ ਹੈ, ਉਹ ਅਪ੍ਰਤੱਖ ਅਤੇ ਜ਼ਮਾਨਤਯੋਗ ਹੋਣਗੇ,
* ਅਜਿਹੇ ਸਾਰੇ ਅਪਰਾਧ, ਜਿੱਥੇ ਟੈਕਸ ਚੋਰੀ 5 ਕਰੋੜ ਰੁਪਏ ਤੋਂ ਵੱਧ ਹੈ, ਉਹ ਪ੍ਰਤੱਖ ਅਤੇ ਗ਼ੈਰ–ਜ਼ਮਾਨਤੀ ਹੋਣਗੇ।

**ਪ੍ਰਸ਼ਨ 17. ਕੀ ਕਾਨੂੰਨੀ ਕਾਰਵਾਈ ਅਰੰਭ ਲਈ ਸਮਰੱਥ ਅਥਾਰਟੀ ਦੀ ਅਗਾਊਂ ਮਨਜ਼ੂਰੀ ਕਾਨੂੰਨੀ ਤੌਰ ’ਤੇ ਜ਼ਰੂਰੀ ਹੈ?**

ਉੱਤਰ. ਜੀ ਹਾਂ। ਕਿਸੇ ਵੀ ਵਿਅਕਤੀ ਵਿਰੁੱਧ; ਮਨੋਨੀਤ ਅਥਾਰਟੀ ਦੀ ਅਗਾਊਂ ਮਨਜ਼ੂਰੀ ਤੋਂ ਬ਼ਗ਼ੈਰ ਕਿਸੇ ਜੁਰਮ ਲਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕੇਗੀ।

**ਪ੍ਰਸ਼ਨ 18. ਕੀ ‘ਮੈਨਜ਼ਰੀਅ’ ਜਾਂ ‘ਅਪਰਾਧ ਕਰਨ ਵਾਲੀ ਤੇ ਨਿੰਦਣਯੋਗ ਮਾਨਸਿਕ ਦਸ਼ਾ’ (ਕਲਪੇਬਲ ਮੈਂਟਲ ਸਟੇਟ) ਵਿਰੁੱਧ ਸੀ.ਜੀ.ਐੱਸ.ਟੀ./ ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ?**

ਉੱਤਰ. ਹਾਂ। ਉਂਝ, ਅਨੁਛੇਦ 135 ਅਜਿਹੀ ਮਾਨਸਿਕ ਦਸ਼ਾ ਦੀ ਮੌਜੂਦਗੀ ਨੂੰ ਮੰਨ ਕੇ ਚੱਲਦਾ ਹੈ ਕਿ ਅਜਿਹੀ ਮਾਨਸਿਕ ਦਸ਼ਾ (ਭਾਵ ‘ਅਪਰਾਧ ਕਰਨ ਵਾਲੀ ਤੇ ਨਿੰਦਣਯੋਗ ਮਾਨਸਿਕ ਦਸ਼ਾ’ (ਕਲਪੇਬਲ ਮੈਂਟਲ ਸਟੇਟ ਜਾਂ ‘ਮੈਨਜ਼ਰੀਅ (mensrea)’) ਤੋਂ ਬ਼ਗ਼ੈਰ ਅਪਰਾਧ ਕੀਤਾ ਨਹੀਂ ਜਾ ਸਕਦਾ।

**ਪ੍ਰਸ਼ਨ 19. ‘ਅਪਰਾਧ ਕਰਨ ਵਾਲੀ ਤੇ ਨਿੰਦਣਯੋਗ ਮਾਨਸਿਕ ਦਸ਼ਾ’ (ਕਲਪੇਬਲ ਮੈਂਟਲ ਸਟੇਟ) ਕੀ ਹੈ?**

ਉੱਤਰ. ਕੋਈ ਕਾਰਵਾਈ ਕਰਦੇ ਸਮੇਂ ਇੱਕ ‘ਅਪਰਾਧ ਕਰਨ ਵਾਲੀ ਤੇ

ਨਿੰਦਣਯੋਗ ਮਾਨਸਿਕ ਦਸ਼ਾ' ਅਜਿਹੀ ਮਾਨਸਿਕ ਦਸ਼ਾ ਹੁੰਦੀ ਹੈ, ਜਿਸ ਵਿੱਚ –

* ਕਾਰਵਾਈ ਜਾਣਬੁੱਝ ਕੇ ਕੀਤੀ ਗਈ ਹੈ;
* ਕਾਰਵਾਈ ਅਤੇ ਉਸ ਦੀਆਂ ਉਲਝਣਾਂ ਸਮਝ ਆਉਂਦੀਆਂ ਹਨ ਅਤੇ ਨਿਯੰਤ੍ਰਣਯੋਗ ਹੁੰਦੀਆਂ ਹਨ;
* ਕਾਰਵਾਈ ਕਰਦੇ ਸਮੇਂ ਵਿਅਕਤੀ ਨਾਲ ਕੋਈ ਜ਼ੋਰ-ਜ਼ਬਰਦਸਤੀ ਨਹੀਂ ਕੀਤੀ ਗਈ ਸੀ ਅਤੇ ਉਸ ਨੇ ਇਸ ਕਾਰਵਾਈ ਨੂੰ ਕਰਦੇ ਸਮੇਂ ਆਏ ਅੜਿੱਕਿਆਂ ਨੂੰ ਪਾਰ ਵੀ ਕੀਤਾ;
* ਵਿਅਕਤੀ ਦਾ ਮੰਨਣਾ ਹੈ ਜਾਂ ਅਜਿਹਾ ਮੰਨਣ ਦੇ ਕਾਰਨ ਹਨ ਕਿ ਇਹ ਕਾਰਵਾਈ ਕਾਨੂੰਨ ਦੇ ਉਲਟ ਹੈ।

**ਪ੍ਰਸ਼ਨ 20. ਕੀ ਕਿਸੇ ਕੰਪਨੀ ਵਿਰੁੱਧ ਕਿਸੇ ਅਪਰਾਧ ਲਈ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਅਧੀਨ ਕਾਰਵਾਈ ਜਾਂ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ**

ਉੱਤਰ. ਜੀ ਹਾਂ। ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਦੇ ਅਨੁਛੇਦ 137 ਦੀ ਵਿਵਸਥਾ ਅਨੁਸਾਰ ਹਰੇਕ ਵਿਅਕਤੀ, ਜੋ ਕੰਪਨੀ ਦੇ ਕਾਰੋਬਾਰ ਦਾ ਇੰਚਾਰਜ ਹੈ ਜਾਂ ਉਸ ਲਈ ਜ਼ਿੰਮੇਵਾਰ ਹੈ, ਉਹ ਉਸ ਕੰਪਨੀ ਵੱਲੋਂ ਕੀਤੇ ਇੱਕ ਅਪਰਾਧ ਲਈ ਉਸ ਕੰਪਨੀ ਤੇ ਖ਼ੁਦ ਵਿਰੁੱਧ ਕਾਰਵਾਈ ਕੀਤੀ ਜਾ ਸਕੇਗੀ ਅਤੇ ਸਜ਼ਾ ਦਿੱਤੀ ਜਾ ਸਕੇਗੀ, ਜਦੋਂ ਅਜਿਹਾ ਵਿਅਕਤੀ ਉਸ ਕੰਪਨੀ ਦੇ ਮਾਮਲਿਆਂ ਦਾ ਇੰਚਾਰਜ ਸੀ। ਜੇ ਕੰਪਨੀ ਵੱਲੋਂ ਕੀਤਾ ਕੋਈ ਅਪਰਾਧ –

* ... ਦੀ ਸਹਿਮਤੀ/ਮਿਲੀਭੁਗਤ ਨਾਲ ਕੀਤਾ ਗਿਆ ਹੈ, ਜਾਂ
* ... ਦੀ ਲਾਪਰਵਾਹੀ ਕਾਰਨ ਹੋਇਆ ਹੈ

  ... ਕੰਪਨੀ ਦੇ ਕਿਸੇ ਅਜਿਹੇ ਅਧਿਕਾਰੀ ਕਰ ਕੇ ਹੋਇਆ ਹੈ, ਤਦ ਅਜਿਹੇ ਅਧਿਕਾਰੀ ਨੂੰ ਵਰਣਿਤ ਅਪਰਾਧ ਲਈ ਦੋਸ਼ੀ ਮੰਨਿਆ ਜਾਵੇਗਾ ਅਤੇ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕੇਗੀਾ ਅਤੇ ਉਸੇ ਅਨੁਸਾਰ ਉਸ ਨੂੰ ਸਜ਼ਾ ਦਿੱਤੀ ਜਾ ਸਕੇਗੀ।

**ਪ੍ਰਸ਼ਨ 21. ਅਪਰਾਧਾਂ ਦੀ 'ਕੰਪਾਊਂਡਿੰਗ' ਦਾ ਕੀ ਅਰਥ ਹੈ?**

ਉੱਤਰ. ਕੋਡ ਆੱਫ਼ ਕ੍ਰਿਮੀਨਲ ਪ੍ਰੋਸੀਜ਼ਰ ਦੇ ਅਨੁਛੇਦ 320 ਵਿੱਚ 'ਕੰਪਾਊਂਡਿੰਗ' ਨੂੰ ਵਿਚਾਰ ਜਾਂ ਕਿਸੇ ਨਿਜੀ ਮੰਤਵ ਲਈ ਕਾਨੂੰਨੀ ਕਾਰਵਾਈ ਤੋਂ ਬਚ ਜਾਣਾ।

**ਪ੍ਰਸ਼ਨ 22. ਕੀ ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਅਪਰਾਧਾਂ ਨੂੰ ਕੰਪਾਊਂਡ ਕੀਤਾ ਜਾ ਸਕਦਾ ਹੈ?**

ਉੱਤਰ. ਹਾਂ। ਐਮ.ਜੀ.ਐਲ. ਦੇ ਅਨੁਛੇਦ 78 ਅਨੁਸਾਰ, ਨਿਮਨਲਿਖਤ ਤੋਂ ਇਲਾਵਾ ਹੋਰ, ਨਿਰਧਾਰਤ (ਕੰਪਾਊਂਡਿੰਗ) ਰਾਸ਼ੀ ਦੇ ਭੁਗਤਾਨ ਉੱਤੇ ਕੰਪਾਊਂਡ ਕੀਤਾ ਜਾ ਸਕਦਾ ਹੈ ਅਤੇ ਅਜਿਹੀ ਕੰਪਾਊਂਡਿੰਗ ਦੀ ਪ੍ਰਵਾਨਗੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਬਾਅਦ ਵਿੱਚ ਦਿੱਤੀ ਜਾ ਸਕਦੀ ਹੈ:

* 12 ਵੱਡੇ ਅਪਰਾਧਾਂ ਵਿੱਚੋਂ 1 ਤੋਂ 6 ਨੰਬਰਾਂ ਤੱਕ ਦੇ ਅਪਰਾਧ (ਜੋ ਉਪਰੋਕਤ ਪ੍ਰਸ਼ਨ 14 ਵਿੱਚ ਦਿੱਤੇ ਗਏ ਹਨ), ਜੇ ਅਪਰਾਧ ਲਈ ਦੋਸ਼ੀ ਵਿਅਕਤੀ ਨੂੰ ਪਹਿਲਾਂ ਇਨ੍ਹਾਂ ਵਰਣਿਤ ਜੁਰਮਾਂ ਵਿੱਚੋਂ ਇੱਕ ਦੇ ਸਬੰਧ ਵਿੱਚ ਪਹਿਲਾਂ ਕੰਪਾਊਂਡ ਕੀਤਾ ਗਿਆ ਸੀ;
* 12 ਵੱਡੇ ਅਪਰਾਧਾਂ ਵਿੱਚੋਂ 1 ਤੋਂ 6 ਨੰਬਰਾਂ ਤੱਕ ਦੇ ਅਪਰਾਧ ਕਰਨ ਵਿੱਚ ਸਹਾਇਤਾ ਕਰਨਾ/ਅਜਿਹਾ ਅਪਰਾਧ ਕਰਨ ਲਈ ਉਕਸਾਉਣਾ, ਜੇ ਅਪਰਾਧ ਲਈ ਦੋਸ਼ੀ ਵਿਅਕਤੀ ਨੂੰ ਇਨ੍ਹਾਂ ਵਰਣਿਤ ਜੁਰਮਾਂ ਵਿੱਚੋਂ ਇੱਕ ਦੇ ਸਬੰਧ ਵਿੱਚ ਪਹਿਲਾਂ ਕੰਪਾਊਂਡ ਕੀਤਾ ਗਿਆ ਸੀ।
* ਐਸ.ਜੀ.ਐਸ.ਟੀ. ਕਾਨੂੰਨ/ਆਈ.ਜੀ.ਐਸ.ਟੀ. ਕਾਨੂੰਨ ਅਧੀਨ ਸਪਲਾਈ ਨਾਲ ਸਬੰਧਤ ਕਿਸੇ ਜੁਰਮ (ਉਪਰੋਕਤ ਅਪਰਾਧਾਂ ਤੋਂ ਇਲਾਵਾ ਹੋਰ ਅਪਰਾਧ), ਜਿਸ ਦੀ ਕੀਮਤ 1 ਕਰੋੜ ਰੁਪਏ ਤੋਂ ਵੱਧ ਹੋਵੇਗੀ, ਜੇ ਅਪਰਾਧ ਲਈ ਦੋਸ਼ੀ ਵਿਅਕਤੀ ਨੂੰ ਇਨ੍ਹਾਂ ਵਰਣਿਤ ਜੁਰਮਾਂ ਵਿੱਚੋਂ ਇੱਕ ਦੇ ਸਬੰਧ ਵਿੱਚ ਪਹਿਲਾਂ ਕੰਪਾਊਂਡ ਕੀਤਾ ਗਿਆ ਸੀ।
* ਕੋਈ ਅਜਿਹਾ ਅਪਰਾਧ, ਜੋ ਐਨ.ਡੀ.ਪੀ.ਐਸ.ਏ. ਜਾਂ ਐਫ਼.ਈ.ਐਮ.ਏ. ਜਾਂ ਸੀ.ਜੀ.ਐਸ.ਟੀ./ਐਸ.ਜੀ.ਐਸ.ਟੀ. ਤੋਂ ਇਲਾਵਾ ਕਿਸੇ ਹੋਰ ਕਾਨੂੰਨ ਅਧੀਨ ਵੀ ਇੱਕ ਅਪਰਾਧ ਹੈ;
* ਕੋਈ ਹੋਰ ਅਪਰਾਧਾਂ ਦਾ ਵਰਗ ਜਾਂ ਵਿਅਕਤੀ ਜੋ ਇਸ ਦੀ ਤਰਫ਼ੋਂ ਨਿਰਧਾਰਤ ਕੀਤਾ ਹੋ ਸਕਦਾ ਹੈ।

  ਕੰਪਾਊਂਡਿੰਗ ਦੀ ਪ੍ਰਵਾਨਗੀ ਕੇਵਲ ਟੈਕਸ, ਵਿਆਜ ਅਤੇ ਜੁਰਮਾਨੇ ਦੀ ਅਦਾਇਗੀ ਤੋਂ ਬਾਅਦ ਹੀ ਦਿੱਤੀ ਜਾ ਸਕੇਗੀ ਅਤੇ ਕੰਪਾਊਂਡਿੰਗ ਨਾਲ ਕਿਸੇ ਹੋਰ ਕਾਨੂੰਨ ਅਧੀਨ ਪਹਿਲਾਂ ਤੋਂ ਸ਼ੁਰੂ ਕੀਤੀ ਗਈ ਕਿਸੇ ਕਾਰਵਾਈ ਉੱਤੇ ਕੋਈ ਅਸਰ ਨਹੀਂ ਪਵੇਗਾ।

**ਪ੍ਰਸ਼ਨ 23. ਅਪਰਾਧ ਦੀ ਕੰਪਾਊਂਡਿੰਗ ਲਈ ਕੀ ਮੁਦਰਾ ਸਬੰਧੀ ਕੋਈ (ਮੌਨਿਟਰੀ) ਸੀਮਾਵਾਂ ਹਨ?**

ਉੱਤਰ. ਹਾਂ। ਕੰਪਾਊਂਡਿੰਗ ਰਾਸ਼ੀ ਲਈ ਹੇਠਲੀ ਸੀਮਾ ਨਿਮਨਲਿਖਤ ਰਕਮਾਂ ਤੋਂ ਵੱਧ ਹੋਵੇਗੀ:-

* ਸ਼ਾਮਲ ਟੈਕਸ ਦਾ 50%, ਜਾਂ
* 10,000/- ਰੁਪਏ

  ਕੰਪਾਊਂਡਿੰਗ ਰਾਸ਼ੀ ਲਈ ਉੱਪਰਲੀ ਸੀਮਾ ਨਿਮਨਲਿਖਤ ਰਕਮਾਂ ਤੋਂ ਵੱਧ ਹੋਵੇਗੀ:-

* ਸ਼ਾਮਲ ਟੈਕਸ ਦਾ 150% ਜਾਂ
* 30,000/- ਰੁਪਏ

**ਪ੍ਰਸ਼ਨ 24. ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਇੱਕ ਜੁਰਮ ਦੀ ਕੰਪਾਊਂਡਿੰਗ ਦਾ ਕੀ ਨਤੀਜਾ ਹੁੰਦਾ ਹੈ?**

ਉੱਤਰ. ਅਨੁਛੇਦ 138 ਦੇ ਉੱਪ-ਅਨੁਛੇਦ (3) ਦੀ ਵਿਵਸਥਾ ਅਨੁਸਾਰ ਕੰਪਾਊਂਡਿੰਗ ਰਾਸ਼ੀ ਦੇ ਭੁਗਤਾਨ 'ਤੇ ਇਸ ਕਾਨੂੰਨ ਅਧੀਨ ਕੋਈ ਅਗਲੇਰੀ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ ਅਤੇ ਪਹਿਲਾਂ ਤੋਂ ਅਰੰਭ ਹੋਈ ਕੋਈ ਫ਼ੌਜਦਾਰੀ ਜਾਂ ਅਪਰਾਧਕ ਕਾਰਵਾਈ ਖ਼ਤਮ ਹੋ ਜਾਵੇਗੀ।

# ਆਈ.ਜੀ.ਐਸ.ਟੀ. ਕਾਨੂੰਨ ਦੀ ਰੂਪ-ਰੇਖਾ

# ਆਈ.ਜੀ.ਐਸ.ਟੀ. ਕਾਨੂੰਨ ਦੀ ਰੂਪ-ਰੇਖਾ

**ਪ੍ਰਸ਼ਨ 1. ਆਈ.ਜੀ.ਐਸ.ਟੀ. ਕੀ ਹੈ?**

ਉੱਤਰ. 'ਇੰਟੈਗਰੇਟਡ ਗੁਡਜ਼ ਐਂਡ ਸਰਵਿਸੇਜ਼ ਟੈਕਸ' (ਆਈ.ਜੀ.ਐਸ.ਟੀ. – ਸੰਗਠਤ ਮਾਲ ਤੇ ਸੇਵਾਵਾਂ ਟੈਕਸ) ਦਾ ਅਰਥ ਹੈ ਅੰਤਰ–ਰਾਜੀਵਪਾਰ ਜਾਂ ਵਣਜ ਦੀ ਪ੍ਰਕਿਰਿਆ ਦੌਰਾਨ ਕਿਸੇ ਮਾਲ ਭਾਵ ਵਸਤਾਂ ਅਤੇ/ਜਾਂ ਸੇਵਾਵਾਂ ਦੀ ਸਪਲਾਈ ਉੱਤੇ ਆਈ.ਜੀ.ਐਸ.ਟੀ. ਕਾਨੂੰਨ ਅਧੀਨ ਵਸੂਲਿਆ ਜਾਣ ਵਾਲਾ ਟੈਕਸ।

**ਪ੍ਰਸ਼ਨ 2. ਅੰਤਰ-ਰਾਜੀ ਸਪਲਾਈਜ਼ ਕੀ ਹਨ?**

ਉੱਤਰ. ਅੰਤਰ–ਰਾਜੀ ਵਪਾਰ ਜਾਂ ਵਣਜ ਦੀ ਪ੍ਰਕਿਰਿਆ ਦੌਰਾਨ ਮਾਲ ਅਤੇ/ਜਾਂ ਸੇਵਾਵਾਂ ਦੀ ਸਪਲਾਈ ਦਾ ਅਰਥ ਹੈ ਅਜਿਹੀ ਸਪਲਾਈ, ਜਿੱਥੇ ਸਪਲਾਇਰ ਦੀ ਸਥਿਤੀ ਅਤੇ ਸਪਲਾਈ ਦਾ ਸਥਾਨ ਵੱਖੋ–ਵੱਖਰੇ ਰਾਜਾਂ, ਦੋ ਵੱਖੋ–ਵੱਖਰੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਜਾਂ ਕਿਸੇ ਇੱਕ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਹਨ। ਮਾਲ ਤੇ ਸੇਵਾਵਾਂ ਦੀ ਵਿਸ਼ੇਸ਼ ਆਰਥਿਕ ਜ਼ੋਨ ਦੀਆਂ ਇਕਾਈਆਂ ਜਾਂ ਡਿਵੈਲਪਰ ਨੂੰ ਦਰਾਮਦ ਜਾਂ ਰਾਜ ਦੇ ਅੰਦਰ ਹੋਣ ਵਾਲੀ ਕੋਈ ਸਪਲਾਈ (ਆਈ.ਜੀ.ਐਸ.ਟੀ. ਕਾਨੂੰਨ ਦਾ ਅਨੁਛੇਦ 7)

**ਪ੍ਰਸ਼ਨ 3. ਜੀ.ਐਸ.ਟੀ. ਅਧੀਨ ਮਾਲ ਅਤੇ ਸੇਵਾਵਾਂ ਦੀ ਅੰਤਰ-ਰਾਜੀ ਸਪਲਾਈਜ਼ ਉੱਤੇ ਟੈਕਸ ਕਿਵੇਂ ਲਾਇਆ ਜਾਵੇਗਾ?**

ਉੱਤਰ. ਅੰਤਰ–ਰਾਜੀ ਸਪਲਾਈਜ਼ ਉੱਤੇ ਕੇਂਦਰ ਵੱਲੋਂ ਆਈ.ਜ਼ੀ.ਐਸ.ਟੀ. ਵਸੂਲ ਕੀਤਾ ਤੇ ਇਕੱਠਾ ਕੀਤਾ ਜਾਵੇਗਾ। ਆਈ.ਜੀ.ਐਸ.ਟੀ. ਵਿਆਪਕ ਤੌਰ 'ਤੇ ਸੀ.ਜੀ.ਐਸ.ਟੀ. ਜਮ੍ਹਾ ਐਸ.ਜੀ.ਐਸ.ਟੀ. ਹੋਵੇਗਾ ਅਤੇ ਉਹ ਮਾਲ ਅਤੇ ਸੇਵਾਵਾਂ ਦੀਆਂ ਸਾਰੀਆਂ ਅੰਤਰ–ਰਾਜੀ ਟੈਕਸਯੋਗ ਸਪਲਾਈਜ਼ ਉੱਤੇ ਵਸੂਲ ਕੀਤਾ ਜਾਵੇਗਾ। ਅੰਤਰ–ਰਾਜੀ ਵਿਕਰੇਤਾ ਆਪਣੀਆਂ ਖ਼ਰੀਦਦਾਰੀਆਂ ਉੱਤੇ ਆਈ.ਜੀ.ਐਸ.ਟੀ., ਸੀ.ਜੀ.ਐਸ.ਟੀ. ਅਤੇ ਐਸ.ਜੀ.ਐਸ.ਟੀ. ਦਾ ਉਪਲਬਧ ਕ੍ਰੈਡਿਟ ਐਡਜਸਟ ਕਰਨ ਤੋਂ ਬਾਅਦ ਮੁੱਲ–ਵਾਧਾ (ਵੈਲਿਊ ਐਡੀਸ਼ਨ) ਉੱਤੇ ਆਈ.ਜੀ.ਐਸ.ਟੀ. ਅਦਾ ਕਰੇਗਾ। ਬਰਾਮਦਕਾਰ ਸੂਬਾ, ਆਈ.ਜੀ.ਐਸ.ਟੀ. ਦੇ ਭੁਗਤਾਨ ਵਿੱਚ ਵਰਤਿਆ ਗਿਆ ਐਸ.ਜੀ.ਐਸ.ਟੀ. ਦਾ ਕ੍ਰੈਡਿਟ ਕੇਂਦਰ ਨੂੰ

ਟ੍ਰਾਂਸਫ਼ਰ ਕਰੇਗਾ। ਦਰਾਮਦੀ ਡੀਲਰ ਆਪਣੇ ਖ਼ੁਦ ਦੇ ਸੂਬੇ ਵਿੱਚ ਆਪਣੀ ਉਤਪਾਦਨ ਟੈਕਸ ਦੇਣਦਾਰੀ ਦਿੰਦੇ ਸਮੇਂ ਆਈ.ਜ਼ੀ.ਐਸ.ਟੀ. ਦਾ ਕ੍ਰੈਡਿਟ ਕਲੇਮ ਕਰੇਗਾ। ਕੇਂਦਰ, ਐਸ.ਜੀ.ਐਸ.ਟੀ. ਦੇ ਭੁਗਤਾਨ ਵਿੱਚ ਵਰਤਿਆ ਆਈ.ਜੀ.ਐਸ.ਟੀ. ਦਾ ਕ੍ਰੈਡਿਟ ਦਰਾਮਦੀ ਸੂਬੇ ਨੂੰ ਟ੍ਰਾਂਸਫ਼ਰ ਕਰ ਦੇਵੇਗਾ। ਵਾਜਬ ਜਾਣਕਾਰੀ ਕੇਂਦਰੀ ਏਜੰਸੀ ਨੂੰ ਵੀ ਸੌਂਪੀ ਜਾਵੇਗੀ, ਜੋ ਇੱਕ ਕਲੀਅਰਿੰਗ ਹਾਊਸ ਪ੍ਰਬੰਧ ਵਜੋਂ ਕੰਮ ਕਰੇਗੀ, ਕਲੇਮਜ਼ ਦੀ ਪੁਸ਼ਟੀ ਕਰੇਗੀ, ਫ਼ੰਡ ਟ੍ਰਾਂਸਫ਼ਰ ਕਰਨ ਲਈ ਸਬੰਧਤ ਸਰਕਾਰਾਂ ਨੂੰ ਸੂਚਿਤ ਕਰੇਗੀ।

**ਪ੍ਰਸ਼ਨ 4. ਆਈ.ਜ਼ੀ.ਐਸ.ਟੀ. ਕਾਨੂੰਨ ਦੇ ਖਰੜੇ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਕੀ ਹਨ?**

ਉੱਤਰ. ਆਈ.ਜ਼ੀ.ਐਸ.ਟੀ. ਕਾਨੂੰਨ ਦੇ ਖਰੜੇ ਵਿੱਚ 9 ਅਧਿਆਇ ਹਨ ਜੋ 25 ਅਨੁਛੇਦਾਂ (ਸੈਕਸ਼ਨਜ਼) ਵਿੱਚ ਵੰਡੇ ਹੋਏ ਹਨ। ਇਸ ਤੋਂ ਇਲਾਵਾ, ਇਹ ਡ੍ਰਾਫ਼ਟ ਮਾਲ ਦੀ ਸਪਲਾਈ ਦੇ ਸਥਾਨ ਦੇ ਨਿਰਧਾਰਨ ਲਈ ਨਿਯਮ ਤੈਅ ਕਰਦਾ ਹੈ। ਜਿੱਥੇ ਸਪਲਾਈ ਵਿੱਚ ਮਾਲ ਦੀ ਆਵਾਜਾਈ ਸ਼ਾਮਲ ਹੁੰਦੀ ਹੈ, ਤਦ ਸਪਲਾਈ ਦਾ ਸਥਾਨ ਉਹ ਹੋਵੇਗਾ, ਜਦੋਂ ਪ੍ਰਾਪਤਕਰਤਾ ਨੂੰ ਡਿਲਿਵਰੀ ਲਈ ਮਾਲ ਦੀ ਮੂਵਮੈਂਟ ਖ਼ਤਮ ਹੋਵੇਗੀ। ਜਿੱਥੇ ਸਪਲਾਈ ਵਿੱਚ ਵਸਤਾਂ ਦੀ ਮੂਵਮੈਂਟ ਸ਼ਾਮਲ ਨਹੀਂ ਹੈ, ਉੱਥੇ ਸਪਲਾਈ ਦਾ ਸਥਾਨ ਅਜਿਹੇ ਮਾਲ ਦਾ ਉਹ ਸਥਾਨ ਹੋਵੇਗਾ, ਜੋ ਪ੍ਰਾਪਤਕਰਤਾ ਨੂੰ ਡਿਲੀਵਰੀ ਦੇ ਸਮੇਂ ਹੋਵੇਗਾ। ਅਸੈਂਬਲ ਕੀਤੀਆਂ ਭਾਵ ਸਾਈਟ ਉੱਤੇ ਤਿਆਰ ਕੀਤੀਆਂ ਵਸਤਾਂ ਭਾਵ ਮਾਲ ਦੇ ਮਾਮਲੇ ਵਿੱਚ ਸਪਲਾਈ ਦਾ ਸਥਾਨ ਅਜਿਹੀ ਸਥਾਪਨਾ ਜਾਂ ਅਸੈਂਬਲੀ ਦਾ ਸਥਾਨ ਹੋਵੇਗੀ। ਅੰਤ ਵਿੱਚ, ਜਿੱਥੇ ਮਾਲ ਇੱਕ ਵਾਹਨ ਉੱਤੇ ਭਾਵ ਔਨ ਬੋਰਡ ਸਪਲਾਈ ਕੀਤਾ ਜਾਂਦਾ ਹੈ, ਤਦ ਸਪਲਾਈ ਦਾ ਸਥਾਨ ਉਹ ਥਾਂ ਹੋਵੇਗੀ, ਜਿੱਥੇ ਅਜਿਹਾ ਮਾਲ ਬੋਰਡ ਉੱਤੇ ਲਿਆਂਦਾ ਗਿਆ ਹੈ।

ਇਹ ਕਾਨੂੰਨ ਸੇਵਾ ਦੀ ਸਪਲਾਈ ਦੇ ਸਥਾਨ ਨਿਰਧਾਰਨ ਦੀ ਵਿਵਸਥਾ ਵੀ ਕਰਦਾ ਹੈ, ਜਿੱਥੇ ਸਪਲਾਇਰ ਅਤੇ ਪ੍ਰਾਪਤਕਰਤਾ ਦੋਵੇਂ ਭਾਰਤ ਵਿੱਚ ਸਥਿਤ ਹਨ (ਘਰੇਲੂ ਸਪਲਾਈਜ਼) ਜਾਂ ਜਿੱਥੇ ਸਪਲਾਇਰ ਜਾਂ ਪ੍ਰਾਪਤਕਰਤਾ ਭਾਰਤ ਤੋਂ ਬਾਹਰ ਹੈ (ਕੌਮਾਂਤਰੀ ਸਪਲਾਈਜ਼)। ਇਸ ਬਾਰੇ ਅਗਲੇ ਅਧਿਆਇ ਵਿੱਚ ਵਿਸਥਾਰਪੂਰਬਕ ਵਿਚਾਰ ਕੀਤਾ ਗਿਆ ਹੈ।

ਇਸ ਵਿੱਚ ਹੋਰ ਨਿਸ਼ਚਤ ਵਿਵਸਥਾਵਾਂ ਹਨ ਜਿਵੇਂ ਔਨਲਾਈਨ ਜਾਣਕਾਰੀ

ਦੁਆਰਾ ਟੈਕਸਦਾ ਭੁਗਤਾਨ ਅਤੇ ਡਾਟਾਬੇਸ ਪਹੁੰਚ ਸਰਵਿਸ ਪ੍ਰੋਵਾਈਡਰ ਜੋ ਭਾਰਤ ਤੋਂ ਬਾਹਰ ਸਥਿਤ ਹੈ ਤੇ ਭਾਰਤ ਵਿੱਚ ਇੱਕ ਅਣਰਜਿਸਟਰਡ ਵਿਅਕਤੀ ਹੈ, ਭਾਰਤ ਵਿੱਚ ਰਜਿਸਟਰੇਸ਼ਨ ਲੈ ਕੇ, ਆਈ.ਜੀ.ਐੱਸ.ਟੀ. ਕਾਨੂੰਨ ਅਧੀਨ, ਇੱਕ ਸਰਲੀਕ੍ਰਿਤ ਵਿਵਸਥਾ ਦੀ ਪਾਲਣਾ ਕਰ ਰਿਹਾ ਹੈ (ਆਈ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 14)।

**ਪ੍ਰਸ਼ਨ 5. ਆਈ.ਜੀ.ਐਸ.ਟੀ. ਮੱਾਡਲ ਦੇ ਕੀ ਲਾਭ ਹਨ?**

ਉੱਤਰ. ਆਈ.ਜੀ.ਐਸ.ਟੀ. ਮੱਾਡਲ ਦੇ ਪ੍ਰਮੁੱਖ ਲਾਭ ਹਨ:

ੳ. ਅੰਤਰ-ਰਾਜੀ ਲੈਣ-ਦੇਣਾਂ (ਟ੍ਰਾਂਜ਼ੈਕਸ਼ਨਜ਼) ਉੱਤੇ ਬੇਰੋਕ ਆਈ.ਟੀ.ਸੀ. ਚੇਨ ਦਾ ਰੱਖ-ਰਖਾਅ;

ਅ. ਅੰਤਰ-ਰਾਜੀ ਵਿਕਰੇਤਾ ਜਾਂ ਖ਼ਰੀਦਦਾਰ ਲਈ ਟੈਕਸ ਦਾ ਕੋਈ ਅੱਪਫ੍ਰੰਟ ਭੁਗਤਾਨ ਜਾਂ ਫ਼ੰਡਾਂ ਦੀ ਕੋਈ ਵੱਡੀ ਬਲੱਾਕੇਜ ਨਹੀਂ

ੲ. ਬਰਾਮਦੀ ਰਾਜ ਵਿੱਚ ਕੋਈ ਰੀਫ਼ੰਡ ਕਲੇਮ ਨਹੀਂ, ਕਿਉਂਕਿ ਟੈਕਸ ਅਦਾ ਕਰਦੇ ਸਮੇਂ ਆਈ.ਟੀ.ਸੀ. ਦੀ ਵਰਤੋਂ ਹੋ ਜਾਂਦੀ ਹੈ;

ਸ. ਸਵੈ-ਨਿਗਰਾਨੀ ਮੱਾਡਲ;

ਹ. ਟੈਕਸ ਸ਼ਾਸਨ ਨੂੰ ਸਾਧਾਰਨ ਰੱਖਦਿਆਂ ਟੈਕਸ-ਨਿਰਪੱਖਤਾ ਨੂੰ ਯਕੀਨੀ ਬਣਾਉਂਦਾ ਹੈ;

ਕ. ਸਾਦੀ ਅਕਾਊਂਟਿੰਗ ਅਤੇ ਟੈਕਸਦਾਤੇ ਉੱਤੇ ਪਾਲਣਾ ਦਾ ਕੋਈ ਵਾਧੂ ਬੋਝ ਨਹੀਂ;

ਖ. ਉੱਚ-ਪੱਧਰੀ ਪਾਲਣਾ ਨੂੰ ਯਕੀਨੀ ਬਣਾਉਣ ਵਿੱਚ ਸੁਵਿਧਾਜਨਕ ਰਹੇਗਾ ਅਤੇ ਇਸ ਪ੍ਰਕਾਰ ਕੁਲੈਕਸ਼ਨ ਕਾਰਜਕੁਸ਼ਲਤਾ ਉਚੇਰੀ ਰਹੇਗੀ। ਇਹ ਮੱਾਡਲ 'ਬਿਜ਼ਨੇਸ ਟੂ ਬਿਜ਼ਨੇਸ' (ਬੀ2ਬੀ - ਕਾਰੋਬਾਰੀ ਅਦਾਰੇ ਤੋਂ ਕਾਰੋਬਾਰੀ ਅਦਾਰੇ ਤੱਕ) ਅਤੇ 'ਬਿਜ਼ਨੇਸ ਟੂ ਕੰਜ਼ਿਊਮਰ' (ਬੀ2ਸੀ - ਕਾਰੋਬਾਰੀ ਅਦਾਰੇ ਤੋਂ ਖਪਤਕਾਰ) ਟ੍ਰਾਂਜ਼ੈਕਸ਼ਨਜ਼ (ਲੈਣ-ਦੇਣ) ਦਾ ਪੂਰਾ ਹਿਸਾਬ-ਕਿਤਾਬ ਰੱਖ ਸਕੇਗਾ।

**ਪ੍ਰਸ਼ਨ 6. ਜੀ.ਐਸ.ਟੀ. ਅਧੀਨ ਦਰਾਮਦਾਂ/ਬਰਾਮਦਾਂ ਉੱਤੇ ਟੈਕਸ ਕਿਵੇਂ ਲਾਇਆ ਜਾਵੇਗਾ?**

ਉੱਤਰ. ਸਾਰੀਆਂ ਬਰਾਮਦਾਂ/ਦਰਾਮਦਾਂ ਨੂੰ ਜੀ.ਐਸ.ਟੀ. (ਆਈ.ਜੀ.ਐਸ.ਟੀ.) ਦੀ ਵਸੂਲੀ ਦੇ ਮੰਤਵਾਂ ਲਈ ਅੰਤਰ-ਰਾਜੀ ਸਪਲਾਈਜ਼ ਮੰਨਿਆ ਜਾਵੇਗਾ।

ਟੈਕਸ ਦਾ ਪ੍ਰਭਾਵ-ਖੇਤਰ; ਟਿਕਾਣਾ (ਡੈਸਟੀਨੇਸ਼ਨ) ਸਿਧਾਂਤ ਦੀ ਪਾਲਣਾ ਕਰੇਗਾ ਅਤੇ ਐਸ.ਜੀ.ਐਸ.ਟੀ. ਦੇ ਮਾਮਲੇ ਵਿੱਚ ਟੈਕਸ ਆਮਦਨ ਸੂਬੇ ਵਿੱਚ ਜਮ੍ਹਾ ਹੋਵੇਗੀ, ਜਿੱਥੇ ਦਰਾਮਦੀ ਮਾਲ ਤੇ ਸੇਵਾਵਾਂ ਦੀ ਖਪਤ ਹੁੰਦੀ ਹੈ। ਮਾਲ ਅਤੇ ਸੇਵਾਵਾਂ ਦੀ ਦਰਾਮਦ ਉੱਤੇ ਅਦਾ ਕੀਤੇ ਆਈ.ਜੀ.ਐਸ.ਟੀ. ਦੀ ਆਈ.ਟੀ.ਸੀ. ਵਜੋਂ ਪੂਰਾ ਅਤੇ ਮੁਕੰਮਲ ਸੈੱਟ-ਆੱਫ਼ ਉਪਲਬਧ ਹੋਵੇਗਾ। ਮਾਲ ਤੇ ਸੇਵਾਵਾਂ ਦੀਆਂ ਬਰਾਮਦਾਂ ਜ਼ੀਰੋ ਰੇਟਡ ਹੋਣਗੀਆਂ। ਬਰਾਮਦਕਾਰ ਕੋਲ ਵਿਕਲਪ ਹੋਵੇਗਾ ਕਿ ਜਾਂ ਤਾਂ ਬਾਂਡ ਅਧੀਨ ਬਿਨਾ ਡਿਊਟੀ ਦਾ ਭੁਗਤਾਨ ਕੀਤੇ ਬਰਾਮਦ ਕਰ ਲਵੇ ਅਤੇ ਆਈ.ਟੀ.ਸੀ. ਦੇ ਰੀਫ਼ੰਡ ਦਾ ਕਲੇਮ ਕਰ ਲਵੇ ਜਾਂ ਬਰਾਮਦ ਦੇ ਸਮੇਂ ਆਈ.ਜੀ.ਐੱਸ.ਟੀ. ਦਾ ਭੁਗਤਾਨ ਕਰੇ ਅਤੇ ਆਈ.ਜੀ.ਐੱਸ.ਟੀ. ਦੇ ਰੀਫ਼ੰਡ ਦਾ ਕਲੇਮ ਕਰੇ। ਦਰਾਮਦਾਂ ਉੱਤੇ ਆਈ.ਜੀ.ਐੱਸ.ਟੀ. ਕਸਟਮਜ਼ ਟੈਰਿਫ਼ ਐਕਟ ਦੀਆਂ ਵਿਵਸਥਾਵਾਂ ਅਧੀਨ ਵਸੂਲੀਯੋਗ ਹੈ ਅਤੇ ਇਸ ਦੀ ਵਸੂਲੀ ਬਰਾਮਦਾਂ ਦੇ ਸਮੇਂ ਕਸਟਮਜ਼ ਕਾਨੂੰਨ ਦੇ ਲਾਗੂ ਕੀਤੇ ਜਾਣ ਸਮੇਂ ਹੋਵੇਗੀ।(ਆਈ.ਜੀ.ਐਸ.ਟੀ. ਕਾਨੂੰਨ ਦਾ ਅਨੁਛੇਦ 5)

**ਪ੍ਰਸ਼ਨ 7. ਆਈ.ਜੀ.ਐਸ.ਟੀ. ਦੀ ਅਦਾਇਗੀ ਕਿਵੇਂ ਹੋਵੇਗੀ?**

ਉੱਤਰ. ਆਈ.ਜੀ.ਐਸ.ਟੀ. ਭੁਗਤਾਨ ਆਈ.ਟੀ.ਸੀ. ਦਾ ਉਪਯੋਗ ਕਰ ਕੇ ਜਾਂ ਨਕਦ ਕੀਤਾ ਜਾ ਸਕਦਾ ਹੈ। ਉਂਝ, ਆਈ.ਜੀ.ਐਸ.ਟੀ. ਦੇ ਭੁਗਤਾਨ ਲਈ ਆਈ.ਟੀ.ਸੀ. ਦੀ ਵਰਤੋਂ ਨਿਮਨਲਿਖਤ ਦਰਜਾਬੰਦੀ ਅਨੁਸਾਰ ਕੀਤੀ ਜਾਵੇਗੀ:

* ਪਹਿਲਾਂ ਆਈ.ਜੀ.ਐਸ.ਟੀ. ਦੇ ਭੁਗਤਾਨ ਲਈ ਆਈ.ਜੀ.ਐਸ.ਟੀ. ਦਾ ਆਈ.ਟੀ.ਸੀ. ਉਪਲਬਧ ਹੋਵੇਗਾ;
* ਇੱਕ ਵਾਰ ਆਈ.ਜੀ.ਐਸ.ਟੀ. ਦਾ ਆਈ.ਟੀ.ਸੀ. ਖ਼ਤਮ ਹੋਣ ਤੋਂ ਬਾਅਦ, ਆਈ.ਜੀ.ਐਸ.ਟੀ. ਦੇ ਭੁਗਤਾਨ ਲਈ ਸੀ.ਜੀ.ਐਸ.ਟੀ. ਦੇ ਆਈ.ਟੀ.ਸੀ. ਦੀ ਵਰਤੋਂ ਕੀਤੀ ਜਾਵੇਗੀ;
* ਜੇ ਆਈ.ਜੀ.ਐਸ.ਟੀ. ਦਾ ਆਈ.ਟੀ.ਸੀ. ਅਤੇ ਸੀ.ਜੀ.ਐਸ.ਟੀ. ਦਾ ਆਈ.ਟੀ.ਸੀ. ਦੋਵੇਂ ਖ਼ਤਮ ਹੋ ਜਾਣ, ਤਦ ਕੇਵਲ ਡੀਲਰ ਨੂੰ ਹੀ ਆਈ.ਜੀ.ਐਸ.ਟੀ. ਦੇ ਭੁਗਤਾਨ ਲਈ ਐਸ.ਜੀ.ਐਸ.ਟੀ. ਦਾ ਆਈ.ਟੀ.ਸੀ. ਵਰਤਣ ਦੀ ਪ੍ਰਵਾਨਗੀ ਹੋਵੇਗੀ।

  ਬਾਕੀ ਦੀ ਆਈ.ਜੀ.ਐਸ.ਟੀ. ਦੇਣਦਾਰੀ, ਜੇ ਕੋਈ ਹੋਵੇ, ਨਕਦ ਭੁਗਤਾਨ ਦੀ ਵਰਤੋਂ ਕਰਦਿਆਂ ਅਦਾ ਕੀਤੀ ਜਾਵੇਗੀ। ਜੀ.ਐਸ.ਟੀ.

ਸਿਸਟਮ (ਪ੍ਰਣਾਲੀ) ਕ੍ਰੈਡਿਟ ਦੀ ਵਰਤੋਂ ਕਰਦਿਆਂ ਜੀ.ਐਸ.ਟੀ. ਦੇ ਭੁਗਤਾਨ ਲਈ ਇਸੇ ਦਰਜਾਬੰਦੀ ਦੇ ਰੱਖ-ਰਖਾਅ ਨੂੰ ਯਕੀਨੀ ਬਣਾਏਗਾ।

**ਪ੍ਰਸ਼ਨ 8. ਕੇਂਦਰ, ਬਰਾਮਦ ਕਰਨ ਵਾਲੇ ਸੂਬੇ ਅਤੇ ਦਰਾਮਦ ਕਰਨ ਵਾਲੇ ਸੂਬੇ ਵਿਚਾਲੇ ਸੈਟਲਮੈਂਟ ਕਿਵੇਂ ਹੋਵੇਗੀ?**

ਉੱਤਰ. ਕੇਂਦਰ ਅਤੇ ਸੂਬਿਆਂ ਵਿਚਾਲੇ ਦੋ ਕਾਊਂਟਸ ਉੱਤੇ ਅਕਾਊਂਟ ਦੀ ਸੈਟਲਮੈਂਟ ਕੀਤੀ ਜਾਵੇਗੀ, ਜੋ ਨਿਮਨਲਿਖਤ ਅਨੁਸਾਰ ਹਨ -

* **ਕੇਂਦਰ ਅਤੇ ਬਰਾਮਦ ਕਰਨ ਵਾਲਾ ਸੂਬਾ**: ਬਰਾਮਦ ਕਰਨ ਵਾਲਾ ਸੂਬਾ, ਐਸ.ਜੀ.ਐੱਸ.ਟੀ. ਦੀ ਦੀ ਆਈ.ਟੀ.ਸੀ. ਦੇ ਸਮਾਨ ਓਨੀ ਰਾਸ਼ੀ ਕੇਂਦਰ ਨੂੰ ਅਦਾ ਕਰੇਗਾ, ਜਿੰਨੀ ਬਰਾਮਦ ਕਰਨ ਵਾਲੇ ਸੂਬੇ ਵਿੱਚ ਸਪਲਾਇਰ ਵੱਲੋਂ ਵਰਤੀ ਗਈ ਹੋਵੇਗੀ।
* **ਕੇਂਦਰ ਅਤੇ ਦਰਾਮਦ ਕਰਨ ਵਾਲਾ ਸੂਬਾ**: ਕੇਂਦਰ ਵੱਲੋਂ ਆਈ.ਜੀ.ਐਸ.ਟੀ. ਦੀ ਆਈ.ਟੀ.ਸੀ. ਦੇ ਸਮਾਨ ਓਨੀ ਹੀ ਰਾਸ਼ੀ ਅਦਾ ਕੀਤੀ ਜਾਵੇਗੀ, ਜਿੰਨੀ ਇੱਕ ਡੀਲਰ ਵੱਲੋਂ ਇੱਕੋ-ਰਾਜ ਦੇ ਅੰਦਰ ਸਪਲਾਈਜ਼ ਉੱਤੇ ਐਸ.ਜੀ.ਐਸ.ਟੀ. ਦੇ ਭੁਗਤਾਨ ਲਈ ਵਰਤੀ ਗਈ ਹੋਵੇਗੀ।

  ਇਹ ਸੈਟਲਮੈਂਟ ਇੱਕ ਸੂਬੇ ਲਈ; ਸੈਟਲਮੈਂਟ ਮਿਆਦ ਵਿੱਚ ਸਾਰੇ ਡੀਲਰਾਂ ਵੱਲੋਂ ਜਮ੍ਹਾ ਕਰਵਾਏ ਗਏ ਵੇਰਵਿਆਂ ਨੂੰ ਧਿਆਨ ਵਿੱਚ ਰੱਖਦਿਆਂ ਸੰਚਿਤ ਆਧਾਰ 'ਤੇ ਹੋਵੇਗੀ। ਰਾਸ਼ੀ ਦੀ ਅਜਿਹੀ ਸੈਟਲਮੈਂਟ ਸੀ.ਜੀ.ਐਸ.ਟੀ. ਅਤੇ ਆਈ.ਜੀ.ਐਸ.ਟੀ. ਖਾਤੇ ਵਿਚਾਲੇ ਵੀ ਕੀਤੀ ਜਾਵੇਗੀ।

**ਪ੍ਰਸ਼ਨ 9. ਵਿਸ਼ੇਸ਼ ਆਰਥਿਕ ਜ਼ੋਨ ਦੀਆਂ ਇਕਾਈ ਜਾਂ ਡਿਵੈਲਪਰ ਨੂੰ ਕੀਤੀਆਂ ਸਪਲਾਈਜ਼ ਨਾਲ ਕੀ ਵਿਵਹਾਰ ਹੁੰਦਾ ਹੈ?**

ਉੱਤਰ. ਵਿਸ਼ੇਸ਼ ਆਰਥਿਕ ਜ਼ੋਨ ਜਾਂ ਡਿਵੈਲਪਰ ਨੂੰ ਸਪਲਾਈਜ਼ ਉਸੇ ਤਰ੍ਹਾਂ ਜ਼ੀਰੋ-ਰੇਟਡ ਹੋਣਗੀਆਂ, ਜਿਵੇਂ ਭੌਤਿਕ ਬਰਾਮਦਾਂ ਲਈ ਕੀਤਾ ਗਿਆ ਹੈ। ਸਪਲਾਇਰ ਕੋਲ ਵਿਸ਼ੇਸ਼ ਆਰਥਿਕ ਜ਼ੋਨ ਨੂੰ ਬਿਨਾ ਟੈਕਸਾਂ ਦੇ ਭੁਗਤਾਨ ਦੇ ਸਪਲਾਈਜ਼ ਕਰਨ ਦਾ ਵਿਕਲਪ ਹੋਵੇਗਾ ਅਤੇ ਬਾਅਦ ਵਿੱਚ ਅਜਿਹੀਆਂ ਸਪਲਾਈਆਂ ਉੱਤੇ ਇਨਪੁਟ ਟੈਕਸਾਂ ਦੇ ਰੀਫ਼ੰਡਜ਼ ਕਲੇਮ ਕੀਤੇ ਜਾ ਸਕਣਗੇ (ਆਈ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 16)।

**ਪ੍ਰਸ਼ਨ 10. ਕੀ ਵਪਾਰਕ ਪ੍ਰਕਿਰਿਆਵਾਂ ਅਤੇ ਪਾਲਣਾ ਦੀ ਆਵਸ਼ਕਤਾ ਉਹੀ ਹੈ, ਜਿਵੇਂ ਕਿ ਆਈ.ਜੀ.ਐੱਸ.ਟੀ. ਅਤੇ ਸੀ.ਜੀ.ਐੱਸ.ਟੀ. ਕਾਨੂੰਨਾਂ ਵਿੱਚ ਹੈ।**

ਉੱਤਰ. ਰਜਿਸਟਰੇਸ਼ਨ, ਰਿਟਰਨ ਫ਼ਾਇਲਿੰਗ ਅਤੇ ਟੈਕਸ ਦੇ ਭੁਗਤਾਨ ਜਿਹੀਆਂ ਪ੍ਰਕਿਰਿਆਵਾਂ ਦੀ ਕਾਰਜਵਿਧੀ ਅਤੇ ਪਾਲਣ ਦੀ ਆਵਸ਼ਕਤਾ ਉਹੀ ਹਨ। ਇਸ ਦੇ ਨਾਲ ਹੀ; ਮੁਲਾਂਕਣ, ਆੱਡਿਟ, ਵੈਲਿਯੂਏਸ਼ਨ, ਸਪਲਾਈ ਦਾ ਸਮਾਂ, ਇਨਵੁਆਇਸ, ਅਕਾਊਂਟਸ, ਰਿਕਾਰਡਜ਼, ਐਡਜੂਡੀਕੇਸ਼ਨ, ਅਪੀਲ ਆਦਿ ਨਾਲ ਸਬੰਧਤ ਆਈ.ਜੀ.ਐੱਸ.ਟੀ. ਕਾਨੂੰਨ ਦੀਆਂ ਵਿਵਸਥਾਵਾਂ ਸੀ.ਜੀ.ਐੱਸ.ਟੀ. ਕਾਨੂੰਨ ਜਿਹੀਆਂ ਹਨ। (ਆਈ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 20)

# ਮਾਲ ਅਤੇ ਸੇਵਾ ਦੀ ਸਪਲਾਈ ਦਾ ਸਥਾਨ

# ਮਾਲ ਅਤੇ ਸੇਵਾ ਦੀ ਸਪਲਾਈ ਦਾ ਸਥਾਨ

**ਪ੍ਰਸ਼ਨ 1. ਜੀ.ਐਸ.ਟੀ. ਅਧੀਨ ਮਾਲ ਤੇ ਸੇਵਾਵਾਂ ਦੀ ਸਪਲਾਈ ਦੇ ਸਥਾਨ ਦੀ ਕੀ ਜ਼ਰੂਰਤ ਹੈ?**

ਉੱਤਰ. ਜੀ.ਐਸ.ਟੀ. ਦਾ ਬੁਨਿਆਦੀ ਸਿਧਾਂਤ ਇਹ ਹੈ ਕਿ ਅਜਿਹੀਆਂ ਸਪਲਾਈਜ਼ ਦੀ ਖਪਤ ਉੱਪਰ ਉਨ੍ਹਾਂ ਦੇ ਟਿਕਾਣੇ 'ਤੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਟੈਕਸ ਲਾਇਆ ਜਾਣਾ ਚਾਹੀਦਾ ਹੈ ਜਾਂ ਜਿਵੇਂ ਵੀ ਖਪਤ ਦੇ ਪੁਆਇੰਟ ਉੱਤੇ ਮਾਮਲਾ ਹੋ ਸਕਦਾ ਹੈ। ਇਸ ਲਈ ਸਪਲਾਈ ਦੇ ਸਥਾਨ ਦੀ ਵਿਵਸਥਾ ਹੀ 'ਸਥਾਨ' ਨੂੰ ਭਾਵ ਉਹ ਟੈਕਸਯੋਗ ਅਧਿਕਾਰ-ਖੇਤਰ ਨਿਰਧਾਰਨ ਕਰਦੀ ਹੈ, ਜਿੱਥੇ ਟੈਕਸ ਪੁੱਜਣਾ ਚਾਹੀਦਾ ਹੈ। ਸਪਲਾਈ ਦਾ ਸਥਾਨ ਇਹ ਨਿਰਧਾਰਨ ਕਰਦਾ ਹੈ ਕਿ ਇੱਕ ਲੈਣ-ਦੇਣ (ਟ੍ਰਾਂਜ਼ੈਕਸ਼ਨ) ਕਿਸੇ ਇੱਕ ਸੂਬੇ ਦੇ ਅੰਦਰ ਹੋਇਆ ਜਾਂ ਕਿ ਉਹ ਅੰਤਰ-ਰਾਜੀ ਹੈ। ਦੂਜੇ ਸ਼ਬਦਾਂ ਵਿੱਚ, ਮਾਲ ਦੀ ਸਪਲਾਈ ਦੇ ਸਥਾਨ ਦੀ ਜ਼ਰੂਰਤ ਇਹ ਨਿਰਧਾਰਨ ਕਰਨ ਲਈ ਹੈ ਕਿ ਇੱਕ ਦਿੱਤੇ ਸੂਬੇ ਵਿੱਚ ਕਿਸੇ ਸਪਲਾਈ ਉੱਤੇ ਐਸ.ਜੀ.ਐਸ.ਟੀ. ਜਮ੍ਹਾ ਸੀ.ਜੀ.ਐਸ.ਟੀ. ਲਾਗੂ ਹੋਵੇਗਾ ਕਿ ਨਹੀਂ ਜਾਂ ਉਹ ਸਪਲਾਈ ਕਿਤੇ ਹੋਰ ਹੋਈ ਹੈ, ਤਦ ਆਈ.ਜੀ.ਐਸ.ਟੀ. ਲਾਗੂ ਹੋਵੇਗਾ, ਜੇ ਉਹ ਇੱਕ ਅੰਤਰ-ਰਾਜੀ ਸਪਲਾਈ ਹੈ।

**ਪ੍ਰਸ਼ਨ 2. ਮਾਲ ਅਤੇ ਸੇਵਾਵਾਂ ਦੇ ਸਬੰਧ ਵਿੱਚ ਸਪਲਾਈ ਦੇ ਸਥਾਨ ਦੀਆਂ ਵਿਵਸਥਾਵਾਂ ਵੱਖੋ-ਵੱਖਰੀਆਂ ਕਿਉਂ ਹਨ?**

ਉੱਤਰ. ਜਿਹੜੇ ਮਾਲ ਭਾਵ ਵਸਤਾਂ ਨੂੰ ਸਥੂਲ ਰੂਪ ਵਿੱਚ ਵੇਖਿਆ ਜਾ ਸਕਦਾ ਹੈ, ਇਸ ਲਈ ਉਨ੍ਹਾਂ ਦੀ ਖਪਤ ਦੇ ਸਥਾਨ ਦਾ ਨਿਰਧਾਰਨ ਵਿੱਚ ਕੋਈ ਵੱਡੀਆਂ ਔਕੜਾਂ ਪੇਸ਼ ਨਹੀਂ ਆਉਂਦੀਆਂ। ਜਿਹੜੀਆਂ ਵਸਤਾਂ ਭਾਵ ਮਾਲ ਨੂੰ ਸਥੂਲ ਰੂਪ ਵਿੱਚ ਵੇਖਿਆ ਨਹੀਂ ਜਾ ਸਕਦਾ, ਉਨ੍ਹਾਂ ਦੀ ਸਪਲਾਈ ਦੇ ਸਥਾਨ ਦਾ ਨਿਰਧਾਰਨ ਕਰਨ ਵਿੱਚ ਨਿਮਨਲਿਖਤ ਤੱਤਾਂ ਕਰ ਕੇ ਔਕੜਾਂ ਪੇਸ਼ ਆਉਂਦੀਆਂ ਹਨ:

(i) ਸੇਵਾ ਡਿਲੀਵਰੀ ਦੀ ਵਿਧੀ ਜਾਂ ਢੰਗ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ। ਉਦਾਹਰਨ ਵਜੋਂ ਦੂਰਸੰਚਾਰ ਸੇਵਾ ਨੂੰ ਜ਼ਿਆਦਾਤਰ 'ਪੋਸਟ-ਪੇਡ' ਤੋਂ ਜ਼ਿਆਦਾਤਰ 'ਪ੍ਰੀ-ਪੇਡ' ਵਿੱਚ ਬਦਲਿਆ ਜਾ ਸਕਦਾ ਹੈ; ਬਿਲ ਦੇਣ ਦਾ ਪਤਾ ਬਦਲਿਆ ਜਾ ਸਕਦਾ ਹੈ, ਬਿਲਰਜ਼ (ਬਿਲ ਤਿਆਰ

ਕਰਨ ਵਾਲੇ ਜਾਂ ਵੰਡਣ ਵਾਲੇ) ਦਾ ਪਤਾ ਬਦਲ ਸਕਦਾ ਹੈ, ਸੌਫ਼ਟਵੇਅਰ ਦੀ ਮੁਰੰਮਤ ਜਾਂ ਉਸ ਦਾ ਰੱਖ-ਰਖਾਅ ਕਿਸੇ ਸਥਾਨ ਤੋਂ ਲੈ ਕੇ ਔਨਲਾਈਨ ਵੀ ਹੋ ਸਕਦਾ ਹੈ; ਬੈਂਕਿੰਗ ਸੇਵਾਵਾਂ ਲੈਣ ਲਈ ਪਹਿਲਾਂ ਗਾਹਕ ਨੂੰ ਬੈਂਕ ਜਾਣਾ ਪੈਂਦਾ ਸੀ, ਪਰ ਹੁਣ ਗਾਹਕ ਕਿਤੋਂ ਵੀ ਸੇਵਾ ਦਾ ਲਾਭ ਲੈ ਸਕਦਾ ਹੈ;

(ii) ਸਰਵਿਸ ਪ੍ਰੋਵਾਈਡਰ (ਸੇਵਾ ਪ੍ਰਦਾਤਾ), ਸਰਵਿਸ ਰਿਸੀਵਰ (ਸੇਵਾ ਪ੍ਰਾਪਤਕਰਤਾ) ਅਤੇ ਦਿੱਤੀ ਗਈ ਸੇਵਾ ਨਿਸ਼ਚਤ ਕਰਨਯੋਗ ਨਹੀਂ ਹੋ ਸਕਦੀ ਜਾਂ ਉਸ ਨੂੰ ਆਸਾਨੀ ਲਾਂਲ ਲੁਕਾਇਆ ਜਾ ਸਕਦਾ ਹੈ ਕਿਉਂਕਿ ਸਥੂਲ ਰੂਪ ਵਿੱਚ ਵਿਖਾਈ ਦੇਣ ਵਾਲਾ ਕੁਝ ਨਹੀਂ ਹੁੰਦਾ ਅਤੇ ਉਸ ਦਾ ਖੋਜ-ਖੁਰਾ ਲੱਭਣਾ ਵੀ ਔਖਾ ਹੈ।

(iii) ਇੱਕ ਸੇਵਾ ਦੀ ਸਪਲਾਈ ਲਈ, ਸੇਵਾ ਪ੍ਰਦਾਤਾ (ਸਰਵਿਸ ਪ੍ਰੋਵਾਈਡਰ) ਦਾ ਕੋਈ ਨਿਸ਼ਚਤ ਸਥਾਨ ਹੋਣਾ ਕਾਨੂੰਨੀ ਤੌਰ ’ਤੇ ਜ਼ਰੂਰੀ ਨਹੀਂ ਹੈ ਅਤੇ ਸੇਵਾ-ਪ੍ਰਾਪਤਕਰਤਾ ਉਸ ਦੀ ਸੇਵਾ ਨੂੰ ਚੱਲਦੇ-ਫਿਰਦੇ ਵੀ ਪ੍ਰਾਪਤ ਕਰ ਸਕਦਾ ਹੈ। ਬਿਲ ਭੇਜਣ ਦੇ ਸਥਾਨ ਨੂੰ ਰਾਤੋ-ਰਾਤ ਬਦਲਿਆ ਜਾ ਸਕਦਾ ਹੈ;

(iv) ਕੁਝ ਵਾਰ ਇੱਕੋ ਤੱਤ ਇੱਕ ਤੋਂ ਵੱਧ ਸਥਾਨਾਂ ਤੱਕ ਜਾ ਸਕਦਾ ਹੈ, ਉਦਾਹਰਨ ਵਜੋਂ, ਰੇਲ ਪਟੜੀ, ਇੱਕ ਰਾਸ਼ਟਰੀ ਹਾਈਵੇਅ ਜਾਂ ਇੱਕ ਦਰਿਆ ’ਤੇ ਪੁਲ ਦੇ ਸਬੰਧ ਵਿੱਚ, ਇਨ੍ਹਾਂ ਦੇ ਨਿਰਮਾਣ ਜਾਂ ਹੋਰ ਸੇਵਾਵਾਂ ਸ਼ੁਰੂ ਤਾਂ ਇੱਕ ਸੂਬੇ ਵਿੱਚ ਹੁੰਦੀਆਂ ਹਨ ਪਰ ਇਨ੍ਹਾਂ ਦੀ ਸਮਾਪਤੀ ਕਿਸੇ ਹੋਰ ਸੂਬੇ ਵਿੱਚ ਹੋ ਸਕਦੀ ਹੈ। ਇਸੇ ਤਰ੍ਹਾਂ ਇੱਕ ਫ਼ਿਲਮ ਦੀ ਵੰਡ ਅਤੇ ਉਸ ਦਾ ਪ੍ਰਦਰਸ਼ਨ ਇੱਕੋ ਲੈਣ-ਦੇਣ ਵਿੱਚ ਬਹੁਤ ਸਾਰੇ ਸੂਬਿਆਂ ਵਿੱਚ ਹੋ ਸਕਦਾ ਹੈ ਜਾਂ ਇੱਕ ਇਸ਼ਤਿਹਾਰ ਜਾਂ ਇੱਕ ਪ੍ਰੋਗਰਾਮ ਦਾ ਪ੍ਰਸਾਰਨ ਇੱਕੋ ਵੇਲੇ ਸਮੁੱਚੇ ਦੇਸ਼ ਵਿੱਚ ਹੋ ਸਕਦਾ ਹੈ। ਇੱਕ ਏਅਰਲਾਈਨ ਮੌਸਮੀ ਟਿਕਟਾਂ ਜਾਰੀ ਕਰ ਸਕਦਾ ਹੈ, ਮੰਨ ਲਵੋ 10 ਪੱਤਰੇ (ਲੀਫ਼ਸ), ਜਿਨ੍ਹਾਂ ਦੀ ਵਰਤੋਂ ਦੇਸ਼ ਵਿੱਚ ਕਿਸੇ ਦੋ ਸਥਾਨਾਂ ਵਿਚਾਲੇ ਯਾਤਰਾ ਕਰਨ ਲਈ ਕੀਤੀ ਜਾ ਸਕਦੀ ਹੈ। ਦਿੱਲੀ ਮੈਟਰੋ ਵੱਲੋਂ ਜਾਰੀ ਕਾਰਡ ਦੀ ਵਰਤੋਂ ਨੌਇਡਾ ਜਾਂ ਦਿੱਲੀ ਜਾਂ ਫ਼ਰੀਦਾਬਾਦ ਸਥਿਤ ਇੱਕ ਵਿਅਕਤੀ ਵੱਲੋਂ ਕੀਤੀ ਜਾ ਸਕਦੀ ਹੈ, ਦਿੱਲੀ ਮੈਟਰੋ ਭੁਗਤਾਨ ਦੀ ਪ੍ਰਾਪਤੀ ਦੇ ਸਮੇਂ ਸਥਾਨ ਜਾਂ ਯਾਤਰਾਵਾਂ

ਵਿੱਚ ਵਖਰੇਵਾਂ ਕਰਨ ਦੇ ਯੋਗ ਨਹੀਂ ਹੋ ਸਕਦੀ;

(v) ਸੇਵਾਵਾਂ ਲਗਾਤਾਰ ਵਿਕਸਤ ਹੋ ਰਹੀਆਂ ਹਨ ਅਤੇ ਇਸ ਪ੍ਰਕਾਰ ਨਵੀਆਂ ਚੁਣੌਤੀਆਂ ਦਾ ਸਾਹਮਣਾ ਨਿਰੰਤਰ ਕੀਤਾ ਜਾਂ ਰਹੇਗਾ। ਉਦਾਹਰਨ ਵਜੋਂ 15-20 ਸਾਲ ਪਹਿਲਾਂ ਕੋਈ ਡੀ.ਟੀ.ਐਚ., ਔਨਲਾਈਨ ਜਾਣਕਾਰੀ, ਔਨਲਾਈਨ ਬੈਂਕਿੰਗ, ਟਿਕਟਾਂ ਦੀ ਔਨਲਾਈਨ ਬੁਕਿੰਗ, ਇੰਟਰਨੈੱਟ, ਮੋਬਾਇਲ ਦੂਰਸੰਚਾਰ ਆਦਿ ਬਾਰੇ ਸੋਚ ਵੀ ਨਹੀਂ ਸੀ ਸਕਦਾ।

**ਪ੍ਰਸ਼ਨ 3. ਸਪਲਾਈ ਦਾ ਸਥਾਨ ਨਿਰਧਾਰਨ ਕਰਨ ਲਈ ਇੱਕ ਲੈਣ-ਦੇਣ (ਟ੍ਰਾਂਜ਼ੈਕਸ਼ਨ) ਵਿੱਚ ਕਿਹੜੀਆਂ ਪ੍ਰੌਕਸੀਜ਼ ਜਾਂ ਮਾਨਤਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ?**

ਉੱਤਰ. ਸੇਵਾਵਾਂ ਵਿੱਚ ਕਿਸੇ ਲੈਣ-ਦੇਣ 'ਚ ਸ਼ਾਮਲ ਵਿਭਿੰਨ ਤੱਤਾਂ ਦੀ ਵਰਤੋਂ, ਸਪਲਾਈ ਦਾ ਸਥਾਨ ਨਿਰਧਾਰਨ ਕਰਨ ਲਈ ਕੀਤੀ ਜਾ ਸਕਦੀ ਹੈ। ਇੱਕ ਮਾਨਤਾ ਜਾਂ ਪ੍ਰੌਕਸੀ ਜੋ ਸਪਲਾਈ ਦੇ ਸਥਾਨ ਦਾ ਨਿਰਧਾਰਨ ਕਰਨ ਲਈ ਵਧੇਰੇ ਵਾਜਬ ਨਤੀਜਾ ਦੇ ਸਕਦੀ ਹੈ, ਇਸ ਦੀ ਵਰਤੋਂ ਸਪਲਾਈ ਦਾ ਸਥਾਨ ਨਿਰਧਾਰਨ ਕਰਨ ਲਈ ਕੀਤੀ ਜਾ ਸਕਦੀ ਹੈ। ਉਨ੍ਹਾਂ ਬਾਰੇ ਵਿਚਾਰ-ਵਟਾਂਦਰਾ ਹੇਠਾਂ ਕੀਤਾ ਜਾਂਦਾ ਹੈ:

(ੳ) ਸੇਵਾ ਪ੍ਰਦਾਤਾ ਦਾ ਸਥਾਨ

(ਅ) ਸੇਵਾ-ਪ੍ਰਾਪਤਕਰਤਾ ਦਾ ਸਥਾਨ;

(ੲ) ਉਹ ਸਥਾਨ, ਜਿੱਥੇ ਗਤੀਵਿਧੀ ਹੋਈ/ਕਾਰਗੁਜ਼ਾਰੀ ਦਾ ਸਥਾਨ;

(ਸ) ਸਥਾਨ, ਜਿੱਥੇ ਇਸ ਦੀ ਖਪਤ ਹੋਈ; ਅਤੇ

(ਹ) ਸਥਾਨ/ਵਿਅਕਤੀ, ਜਿੱਥੇ ਅਸਲ ਲਾਭ ਗਿਆ

**ਪ੍ਰਸ਼ਨ 4. ਬੀ2ਬੀ (ਰਜਿਸਟਰਡ ਵਿਅਕਤੀਆਂ ਨੂੰ ਸਪਲਾਈਜ਼) ਅਤੇ ਬੀ2ਸੀ (ਅਣਰਜਿਸਟਰਡ ਵਿਅਕਤੀਆਂ ਨੂੰ ਸਪਲਾਈਜ਼) ਲੈਣ-ਦੇਣ ਦੇ ਸਬੰਧ ਵਿੱਚ ਸਪਲਾਈ ਦੇ ਸਕਾਨ ਲਈ ਵੱਖਰੇ ਨਿਯਮਾਂ ਦੀ ਲੋੜ ਹੈ?**

ਉੱਤਰ. ਬੀ2ਬੀ ਲੈਣ-ਦੇਣਾਂ ਦੇ ਸਬੰਧ ਵਿੱਚ, ਪ੍ਰਾਪਤਕਰਤਾ ਵੱਲੋਂ ਅਦਾ ਕੀਤੇ ਟੈਕਸਾਂ ਦਾ ਕ੍ਰੈਡਿਟ ਲਿਆ ਜਾਂਦਾ ਹੈ, ਇਸ ਲਈ ਅਜਿਹੇ ਲੈਣ-ਦੇਣ ਕੇਵਲ 'ਪਾਸ ਥਰੂ' ਹਨ। ਬੀ2ਬੀ ਸਪਲਾਈਜ਼ ਉੱਤੇ ਇਕੱਠਾ ਕੀਤਾ ਗਿਆ ਜੀ.ਐਸ.ਟੀ. ਸਰਕਾਰ ਲਈ ਪ੍ਰਭਾਵਸ਼ਾਲੀ ਢੰਗ ਨਾਲ ਇੱਕ ਦੇਣਦਾਰੀ ਪੈਦਾ ਕਰਦਾ ਹੈ ਅਤੇ

ਅਜਿਹੀਆਂ ਸਪਲਾਈਜ਼ ਦੇ ਪ੍ਰਾਪਤਕਰਤਾ ਲਈ ਇਹ ਇੱਕ ਸੰਪਤੀ ਹੁੰਦਾ ਹੈ ਕਿਉਂਕਿ ਪ੍ਰਾਪਤਕਰਤਾ ਭਵਿੱਖ 'ਚ ਟੈਕਸਾਂ ਦੇ ਭੁਗਤਾਨ ਲਈ ਇਨਪੁਟ ਟੈਕਸ ਕ੍ਰੈਡਿਟ ਨੂੰ ਵਰਤਣ ਦਾ ਹੱਕਦਾਰ ਹੁੰਦਾ ਹੈ। ਬੀ2ਬੀ ਲੈਣ-ਦੇਣਾਂ (ਟ੍ਰਾਂਜ਼ੈਕਸ਼ਨਜ਼) ਲਈ ਪ੍ਰਾਪਤਕਰਤਾ ਦੇ ਸਥਾਨ ਦਾ ਲਗਭਗ ਸਾਰੀਆਂ ਸਥਿਤੀਆਂ ਵਿੱਚ ਧਿਆਨ ਰੱਖਣਾ ਪੈਂਦਾ ਹੈ ਕਿਉਂਕਿ ਪ੍ਰਾਪਤਕਰਤਾ ਵੱਲੋਂ ਅੱਗੇ ਕ੍ਰੈਡਿਟ ਲਿਆ ਜਾਂਦਾ ਹੈ। ਪ੍ਰਾਪਤਕਰਤਾ ਆਮ ਤੌਰ ਉੱਤੇ ਸਪਲਾਈਜ਼ ਨੂੰ ਕਿਸੇ ਹੋਰ ਗਾਹਕ ਕੋਲ ਸਪਲਾਈ ਕਰ ਦਿੰਦਾ ਹੈ। ਉਸ ਸਪਲਾਈ ਦੀ ਖਪਤ ਕੇਵਲ ਤਦ ਹੁੰਦੀ ਹੈ, ਜਦੋਂ ਇੱਕ ਬੀ2ਬੀ ਲੈਣ-ਦੇਣ ਬਾਅਦ ਵਿੱਚ ਬੀ2ਸੀ ਲੈਣ-ਦੇਣ ਵਿੱਚ ਤਬਦੀਲ ਹੋ ਜਾਂਦਾ ਹੈ। ਬੀ2ਸੀ ਲੈਣ-ਦੇਣਾਂ ਦੇ ਸਬੰਧ ਵਿੱਚ, ਸਪਲਾਈਦੀ ਖਪਤ ਆਖ਼ਰ ਹੋ ਜਾਂਦੀ ਹੈ ਅਤੇ ਅਦਾ ਕੀਤੇ ਟੈਕਸ ਅਸਲ ਵਿੱਚ ਸਰਕਾਰ ਕੋਲ ਆ ਜਾਂਦੇ ਹਨ।

**ਪ੍ਰਸ਼ਨ 5. ਉਸ ਹਾਲਤ ਵਿੱਚ ਸਪਲਾਈ ਦਾ ਕੀ ਸਥਾਨ ਹੋਵੇਗਾ, ਜਿੱਥੇ ਮਾਲ ਨੂੰ ਹਟਾ ਦਿੱਤਾ ਜਾਂਦਾ ਹੈ।**

ਉੱਤਰ. ਮਾਲ ਦੀ ਸਪਲਾਈ ਦਾ ਸਥਾਨ; ਉਸ ਸਮੇਂ ਮਾਲ ਦਾ ਸਥਾਨ ਹੋਵੇਗਾ, ਜਿੱਥੇ ਮਾਲ ਦੀ ਮੂਵਮੈਂਟ (ਆਵਾਜਾਈ) ਪ੍ਰਾਪਤਕਰਤਾ ਨੂੰ ਡਿਲੀਵਰੀ ਹੋਣ 'ਤੇ ਖ਼ਤਮ ਹੋ ਜਾਂਦੀ ਹੈ। (ਆਈ.ਜੀ.ਐਸ.ਟੀ. ਕਾਨੂੰਨ ਦਾ ਅਨੁਛੇਦ 10)।

**ਪ੍ਰਸ਼ਨ 6. ਉਸ ਹਾਲਤ ਵਿੱਚ ਸਪਲਾਈ ਦਾ ਸਥਾਨ ਕੀ ਹੋਵੇਗਾ, ਜੇ ਸਪਲਾਇਰ ਵੱਲੋਂ ਕਿਸੇ ਤੀਜੇ ਵਿਅਕਤੀ ਦੀ ਹਦਾਇਤ 'ਤੇ ਮਾਲ ਕਿਸੇ ਵਿਅਕਤੀ ਨੂੰ ਡਿਲਿਵਰ ਕੀਤਾ ਜਾਂਦਾ ਹੈ?**

ਉੱਤਰ. ਇਹ ਸਮਝਿਆ ਜਾਵੇਗਾ ਕਿ ਤੀਜੇ ਵਿਅਕਤੀ ਨੇ ਮਾਲ ਪ੍ਰਾਪਤ ਕਰ ਲਿਆ ਹੈ ਅਤੇ ਅਜਿਹੇ ਮਾਲ ਦੀ ਸਪਲਾਈ ਦਾ ਸਥਾਨ ਅਜਿਹੇ ਵਿਅਕਤੀ ਦੇ ਕਾਰੋਬਾਰ ਦਾ ਪ੍ਰਿੰਸੀਪਲ (ਪ੍ਰਮੁੱਖ) ਸਥਾਨ ਹੋਵੇਗਾ (ਆਈ.ਜੀ.ਐਸ.ਟੀ. ਕਾਨੂੰਨ ਦਾ ਅਨੁਛੇਦ 10)।

**ਪ੍ਰਸ਼ਨ 7. ਉਸ ਹਾਲਤ ਵਿੱਚ ਸਪਲਾਈ ਦਾ ਸਥਾਨ ਕੀ ਹੋਵੇਗਾ, ਜਿੱਥੇ ਮਾਲ ਜਾਂ ਸੇਵਾਵਾਂ ਦੀ ਸਪਲਾਈ ਕਿਸੇ ਵਾਹਨ, ਜਿਵੇਂ ਕਿ ਕੋਈ ਵੱਡੀ ਕਿਸ਼ਤੀ, ਹਵਾਈ ਜਹਾਜ਼, ਇੱਕ ਰੇਲ ਗੱਡੀ ਜਾਂ ਮੋਟਰ ਵਾਹਨ ਉੱਤੇ ਭਾਵ ਔਨ ਬੋਰਡ ਹੁੰਦੀ ਹੈ?**

ਉੱਤਰ. ਅਜਿਹੇ ਮਾਲ ਦੇ ਸਬੰਧ ਵਿੱਚ, ਸਪਲਾਈ ਦਾ ਸਥਾਨ ਉਹ ਸਥਾਨ ਹੋਵੇਗਾ, ਜਿੱਥੇ ਅਜਿਹਾ ਮਾਲ ਔਨ ਬੋਰਡ ਭਾਵ ਕਿਸੇ ਵਾਹਨ 'ਤੇ ਲਿਆ ਗਿਆ ਹੈ। (ਆਈ.ਜੀ.ਐਸ.ਟੀ. ਕਾਨੂੰਨ ਦਾ ਅਨੁਛੇਦ 10)।

ਉਂਝ, ਸੇਵਾਵਾਂ ਦੇ ਸਬੰਧ ਵਿੱਚ, ਸਪਲਾਈ ਦਾ ਸਥਾਨ ਉਹ ਪਹਿਲਾ ਅਨੁਸੂਚਿਤ ਪੁਆਇੰਟ ਹੋਵੇਗਾ, ਜਿੱਥੋਂ ਉਸ ਵਾਹਨ ਨੇ ਆਪਣੀ ਰਵਾਨਗੀ ਪਾਈ ਸੀ (ਆਈ.ਜੀ.ਐਸ.ਟੀ. ਕਾਨੂੰਨ ਦਾ ਅਨੁਛੇਦ 12 ਅਤੇ 13)

**ਪ੍ਰਸ਼ਨ 8. ਸੇਵਾਵਾਂ ਦੀ ਬੀ2ਬੀ ਸਪਲਾਈ ਦੇ ਸਬੰਧ ਵਿੱਚ ਸਪਲਾਈ ਦੇ ਸਥਾਨ ਲਈ ਡੀਫ਼ਾੱਲਟ ਅਨੁਮਾਨ ਕੀ ਹੈ?**

ਉੱਤਰ. ਆਈ.ਜੀ.ਐਸ.ਟੀ. ਕਾਨੂੰਨ ਵਿੱਚ ਵਰਤੀਆਂ ਗਈਆਂ ਮੱਦਾਂ ਰਜਿਸਟਰਡ ਟੈਕਸਦਾਤੇ ਅਤੇ ਅਣ-ਰਜਿਸਟਰਡ ਟੈਕਸਦਾਤੇ ਹਨ। ਰਜਿਸਟਰਡ ਵਿਅਕਤੀ ਨੂੰ ਸਪਲਾਈਜ਼ ਦੇ ਮਾਮਲੇ ਵਿੱਚ ਅਨੁਮਾਨ ਅਜਿਹੇ ਵਿਅਕਤੀ ਦਾ ਸਥਾਨ ਹੈ। ਕਿਉਂਕਿ ਪ੍ਰਾਪਤਕਰਤਾ ਰਜਿਸਟਰਡ ਹੈ, ਇਸ ਲਈ ਪ੍ਰਾਪਤਕਰਤਾ ਦਾ ਪਤਾ ਤਾਂ ਸਦਾ ਉੱਥੇ ਹੀ ਹੈ ਅਤੇ ਉਸ ਨੂੰ ਸਪਲਾਈ ਦੇ ਸਥਾਨ ਲਈ ਪ੍ਰੌਕਸੀ ਵਜੋਂ ਲਿਆ ਜਾ ਸਕਦਾ ਹੈ।

**ਪ੍ਰਸ਼ਨ 9. ਅਣ-ਰਜਿਸਟਰਡ ਪ੍ਰਾਪਤਕਰਤਾਵਾਂ ਦੇ ਸਬੰਧ ਵਿੱਚ ਸਪਲਾਈ ਦੇ ਸਥਾਨ ਲਈ ਡੀਫ਼ਾੱਲਟ ਅਨੁਮਾਨ ਕੀ ਹੈ?**

ਉੱਤਰ. ਅਣ-ਰਜਿਸਟਰਡ ਪ੍ਰਾਪਤਕਰਤਾਵਾਂ ਦੇ ਸਬੰਧ ਵਿੱਚ, ਸਪਲਾਈ ਦਾ ਆਮ ਸਥਾਨ ਪ੍ਰਾਪਤਕਰਤਾ ਦਾ ਸਥਾਨ ਹੀ ਹੈ। ਉਂਝ, ਬਹੁਤੇ ਮਾਮਲਿਆਂ ਵਿੱਚ, ਪ੍ਰਾਪਤਕਰਤਾ ਦਾ ਪਤਾ ਉਪਲਬਧ ਨਹੀਂ ਹੁੰਦਾ, ਅਜਿਹੇ ਮਾਮਲਿਆਂ ਵਿੱਚ, ਸੇਵਾਵਾਂ ਦੇ ਸਪਲਾਇਰ ਦੇ ਸਥਾਨ ਨੂੰ ਹੀ ਸਪਲਾਈ ਦੇ ਸਥਾਨ ਲਈ ਪ੍ਰੌਕਸੀ ਵਜੋਂ ਲਿਆ ਜਾਂਦਾ ਹੈ।

**ਪ੍ਰਸ਼ਨ 10. ਅਚੱਲ ਸੰਪਤੀ ਦੇ ਮਾਮਲੇ ਵਿੱਚ ਸਪਲਾਈ ਦਾ ਸਥਾਨ ਉਸ ਅਚੱਲ ਸੰਪਤੀ ਦਾ ਸਥਾਨ ਹੁੰਦਾ ਹੈ। ਮੰਨ ਲਓ ਕਿ ਇੱਕ ਸੜਕ ਦੀ ਉਸਾਰੀ ਦਿੱਲੀ ਤੋਂ ਲੈ ਕੇ ਮੁੰਬਈ ਤੱਕ ਹੋ ਰਹੀ ਹੈ, ਜਿਸ ਦੇ ਰਾਹ ਵਿੱਚ ਤਾਂ ਕਈ ਸੂਬੇ ਆਉਣਗੇ। ਇਸ ਹਾਲਤ ਵਿੱਚ ਸਪਲਾਈ ਦਾ ਸਥਾਨ ਕੀ ਹੋਵੇਗਾ?**

ਉੱਤਰ. ਜਦੋਂ ਅਚੱਲ ਸੰਪਤੀ ਇੱਕ ਤੋਂ ਵੱਧ ਸੂਬਿਆਂ ਵਿੱਚ ਸਥਿਤ ਹੋਵੇ, ਤਦ ਸੇਵਾ ਦੀ ਸਪਲਾਈ ਦਾ ਸਥਾਨ; ਇਸ ਸਬੰਧੀ ਹਰੇਕ ਸੂਬੇ ਵਿੱਚ ਹੋਏ ਕੋਈ ਕੰਟਰੈਕਟ ਜਾਂ ਸਮਝੌਤੇ ਦੀਆਂ ਮੱਦਾਂ ਵਿੱਚ ਵੱਖੋ-ਵੱਖਰੇ ਤੌਰ ’ਤੇ ਇਕੱਠੀਆਂ ਜਾਂ ਨਿਰਧਾਰਤ ਕੀਤੀਆਂ ਗਈਆਂ ਸੇਵਾਵਾਂ ਲਈ ਕੀਮਤ ਦੇ ਅਨੁਪਾਤ ਵਿੱਚ ਮੰਨਿਆ ਜਾਵੇਗਾ ਜਾਂ ਜੇ ਅਜਿਹਾ ਕੋਈ ਕੰਟਰੈਕਟ ਜਾਂ ਕੋਈ ਸਮਝੌਤਾ ਕਿਸੇ ਵਾਜਬ ਆਧਾਰ ’ਤੇ ਨਹੀਂ ਹੋਇਆ, ਤਦ ਇਸ ਦੀ ਤਰਫ਼ੋਂ ਜਿਵੇਂ ਵੀ ਨਿਰਧਾਰਤ

ਕੀਤਾ ਗਿਆ ਹੋ ਸਕਦਾ ਹੈ। (ਆਈ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 12(3) ਦੀ ਵਿਆਖਿਆ ਧਾਰਾ)

**ਪ੍ਰਸ਼ਨ 11. ਕੋਈ ਈਵੈਂਟ ਆਯੋਜਿਤ ਕਰਵਾਉਣ ਲਈ ਦਿੱਤੀਆਂ ਗਈਆਂ ਸੇਵਾਵਾਂ ਦੀ ਸਪਲਾਈ ਦਾ ਸਥਾਨ ਕੀ ਹੋਵੇਗਾ, ਮੰਨ ਲਓ, ਜਿਵੇਂ ਆਈ.ਪੀ.ਐਲ. ਕ੍ਰਿਕੇਟ ਲੜੀ, ਜੋ ਕਈ ਸੂਬਿਆਂ ਵਿੱਚ ਕਰਵਾਈ ਜਾਂਦੀ ਹੈ?**

ਉੱਤਰ. ਕਿਸੇ ਈਵੈਂਟ ਦੇ ਮਾਮਲੇ ਵਿੱਚ, ਜੇ ਸੇਵਾ ਦਾ ਪ੍ਰਾਪਤਕਰਤਾ ਰਜਿਸਟਰਡ ਹੈ, ਤਦ ਈਵੈਂਟ ਆਯੋਜਿਤ ਕਰਵਾਉਣ ਲਈ ਸੇਵਾਵਾਂ ਦੀ ਸਪਲਾਈ ਦਾ ਸਥਾਨ ਅਜਿਹੇ ਵਿਅਕਤੀ ਦਾ ਸਥਾਨ ਹੋਵੇਗਾ।

ਉਂਝ, ਜੇ ਪ੍ਰਾਪਤਕਰਤਾ ਰਜਿਸਟਰਡ ਨਹੀਂ ਹੈ, ਤਦ ਸਪਲਾਈ ਦਾ ਸਥਾਨ ਉਹੀ ਹੋਵੇਗਾ, ਜਿੱਥੇ ਈਵੈਂਟ ਕਰਵਾਇਆ ਗਿਆ ਹੈ। ਇਹ ਈਵੈਂਟ ਕਿਉਂਕਿ ਕਈ ਸੂਬਿਆਂ ਵਿੱਚ ਕਰਵਾਇਆ ਜਾ ਰਿਹਾ ਹੈ ਅਤੇ ਅਜਿਹੀਆਂ ਸੇਵਾਵਾਂ ਲਈ ਇੱਕ ਇਕੱਠੀ (ਸੰਚਿਤ) ਰਕਮ ਦੀ ਵਸੂਲੀ ਕੀਤੀ ਜਾਂਦੀ ਹੈ; ਉਸ ਹਾਲਤ ਵਿੱਚ ਸਪਲਾਈ ਦਾ ਸਥਾਨ ਹਰੇਕ ਸੂਬੇ ਵਿੱਚ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦੀ ਕੀਮਤ ਦੇ ਅਨੁਪਾਤ ਵਿੱਚ ਹਰੇਕ ਸੂਬਾ ਹੋਵੇਗਾ। (ਆਈ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 12 (7) ਦੀ ਵਿਆਖਿਆ ਧਾਰਾ)

**ਪ੍ਰਸ਼ਨ 12. ਡਾਕ ਜਾਂ ਕੂਰੀਅਰ ਰਾਹੀਂ ਮਾਲ ਦੀ ਟਰਾਂਸਪੋਰਟ ਦੇ ਸਬੰਧ ਵਿੱਚ ਮਾਲ ਦੀ ਸਪਲਾਈ ਦਾ ਸਥਾਨ ਕੀ ਹੋਵੇਗਾ?**

ਉੱਤਰ. ਘਰੇਲੂ ਸਪਲਾਈ ਦੇ ਮਾਮਲੇ ਵਿੱਚਃ ਜੇ ਪ੍ਰਾਪਤਕਰਤਾ ਰਜਿਸਟਰਡ ਹੈ, ਤਦ ਅਜਿਹੇ ਵਿਅਕਤੀ ਦਾ ਸਥਾਨ ਸਪਲਾਈ ਦਾ ਸਥਾਨ ਹੋਵੇਗਾ।

ਉਂਝ, ਜੇ ਪ੍ਰਾਪਤਕਰਤਾ ਰਜਿਸਟਰਡ ਨਹੀਂ ਹੈ, ਤਦ ਸਪਲਾਈ ਦਾ ਸਥਾਨ ਉਹ ਸਥਾਨ ਹੋਵੇਗਾ, ਜਿੱਥੇ ਮਾਲ ਨੂੰ ਟਰਾਂਸਪੋਰਟੇਸ਼ਨ ਲਈ ਸੌਂਪਿਆ ਗਿਆ ਹੈ। (ਆਈ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 12)।

ਕੌਮਾਂਤਰੀ ਸਪਲਾਈਜ਼ ਲਈਃ ਕੂਰੀਅਰ ਸੇਵਾਵਾਂ ਤੋਂ ਇਲਾਵਾ ਟਰਾਂਸਪੋਰਟ ਸੇਵਾਵਾਂ ਦੀ ਸਪਲਾਈ ਦਾ ਸਥਾਨ ਮਾਲ ਦਾ ਟਿਕਾਣਾ ਹੋਵੇਗਾ। ਕੂਰੀਅਰ ਲਈ, ਸੇਵਾਵਾਂ ਦੀ ਸਪਲਾਈ ਦਾ ਸਥਾਨ ਉਹ ਹੈ, ਜਿੱਥੇ ਮਾਲ ਨੂੰ ਕੂਰੀਅਰ ਹਵਾਲੇ ਕੀਤਾ ਜਾਂਦਾ ਹੈ। ਉਂਝ, ਜੇ ਕੂਰੀਅਰ ਸੇਵਾਵਾਂ ਭਾਰਤ ਵਿੱਚ ਅੰਸ਼ਕ ਰੂਪ ਵਿੱਚ ਕੀਤੀਆਂ ਜਾਂਦੀਆਂ ਹਨ, ਸਪਲਾਈ ਦਾ ਸਥਾਨ ਭਾਰਤ ਮੰਨਿਆ ਜਾਵੇਗਾ। (ਆਈ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 13(3), 13(6) ਅਤੇ 13(9))

**ਪ੍ਰਸ਼ਨ 13. ਉਸ ਹਾਲਤ ਵਿੱਚ ਯਾਤਰੀ ਟਰਾਂਸਪੋਰਟੇਸ਼ਨ ਸੇਵਾ ਦੀ ਸਪਲਾਈ ਦਾ ਸਥਾਨ ਕੀ ਹੋਵੇਗਾ, ਜੇ ਇੱਕ ਵਿਅਕਤੀ ਮੁੰਬਈ ਤੋਂ ਦਿੱਲੀ ਅਤੇ ਫਿਰ ਮੁੰਬਈ ਪਰਤਦਾ ਹੈ?**

ਉੱਤਰ. ਜੇ ਉਹ ਵਿਅਕਤੀ ਰਜਿਸਟਰਡ ਹੈ, ਤਦ ਸਪਲਾਈ ਦਾ ਸਥਾਨ ਪ੍ਰਾਪਤਕਰਤਾ ਦਾ ਸਥਾਨ ਹੋਵੇਗਾ। ਜੇ ਵਿਅਕਤੀ ਰਜਿਸਟਰਡ ਨਹੀਂ ਹੈ, ਤਦ ਮੁੰਬਈ ਤੋਂ ਦਿੱਲੀ ਤੱਕ ਦੀ ਯਾਤਰਾ ਲਈ ਸਪਲਾਈ ਦਾ ਸਥਾਨ ਮੁੰਬਈ ਹੋਵੇਗਾ, ਉਹ ਸਥਾਨ ਜਿੱਥੋਂ ਉਸ ਨੇ ਯਾਤਰਾ ਸ਼ੁਰੂ ਕੀਤੀ।

ਉਂਝ, ਵਾਪਸੀ ਯਾਤਰਾ ਲਈ, ਸਪਲਾਈ ਦਾ ਸਥਾਨ ਦਿੱਲੀ ਹੋਵੇਗਾ ਕਿਉਂਕਿ ਵਾਪਸੀ ਦੀ ਯਾਤਰਾ ਨੂੰ ਇੱਕ ਵੱਖਰੀ ਯਾਤਰਾ ਮੰਨਿਆ ਜਾਵੇਗਾ। (ਆਈ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 12(9) ਦੀ ਵਿਆਖਿਆ ਧਾਰਾ)

**ਪ੍ਰਸ਼ਨ 14. ਮੰਨ ਲਓ ਕਿ ਮੈਸ. ਏਅਰ ਇੰਡੀਆ ਨੇ ਭਾਰਤ ਵਿੱਚ ਕਿਤੇ ਵੀ ਯਾਤਰਾ ਕਰਨ ਲਈ ਇੱਕ ਟਿਕਟ/ਪਾਸ ਜਾਰੀ ਕੀਤਾ। ਉਸ ਦੀ ਸਪਲਾਈ ਦਾ ਸਥਾਨ ਕੀ ਹੋਵੇਗਾ?**

ਉੱਤਰ. ਉਪਰੋਕਤ ਮਾਮਲੇ ਵਿੱਚ, ਇਨਵੁਆਇਸ ਜਾਰੀ ਕਰਦੇ ਸਮੇਂ ਹਵਾਈ ਜਹਾਜ਼ ’ਚ ਚੜ੍ਹਨ ਦਾ ਸਥਾਨ ਉਪਲਬਧ ਨਹੀਂ ਹੋਵੇਗਾ ਕਿਉਂਕਿ ਯਾਤਰਾ ਦਾ ਅਧਿਕਾਰ ਭਵਿੱਖ ’ਚ ਵਰਤੋਂ ਲਈ ਹੈ। ਉਸ ਅਨੁਸਾਰ ਹਵਾਈ ਚੜ੍ਹਨ ਦੇ ਸਥਾਨ ਨੂੰ ਸਪਲਾਈ ਦਾ ਸਥਾਨ ਨਹੀਂ ਮੰਨਿਆ ਜਾ ਸਕਦਾ। ਅਜਿਹੇ ਮਾਮਲਿਆਂ ਵਿੱਚ ਡੀਫ਼ਾੱਲਟ ਨਿਯਮ ਲਾਗੂ ਹੋਵੇਗਾ। (ਆਈ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 12(9)(ਬੀ) ਦੀ ਪ੍ਰੋਵੀਜ਼ੀਓ ਧਾਰਾ)

**ਪ੍ਰਸ਼ਨ 15. ਮੋਬਾਇਲ ਕੁਨੈਕਸ਼ਨ ਲਈ ਸਪਲਾਈ ਦਾ ਸਥਾਨ ਕੀ ਹੋਵੇਗਾ? ਕੀ ਇਹ ਸਪਲਾਇਰ ਦਾ ਸਥਾਨ ਹੋ ਸਕਦਾ ਹੈ?**

ਉੱਤਰ. ਘਰੇਲੂ ਸਪਲਾਈਜ਼ ਲਈ: ਮੋਬਾਇਲ ਸੇਵਾਵਾਂ ਦੇ ਸਪਲਾਇਰ ਦਾ ਸਥਾਨ ਸਪਲਾਈ ਦਾ ਸਥਾਨ ਨਹੀਂ ਹੋ ਸਕਦਾ ਕਿਉਂਕਿ ਮੋਬਾਇਲ ਕੰਪਨੀਆਂ ਵਿਭਿੰਨ ਸੂਬਿਆਂ ਵਿੱਚ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੀਆਂ ਸੇਵਾਵਾਂ ਅੰਤਰ-ਰਾਜੀ ਹਨ। ਖਪਤਕਾਰ ਸਿਧਾਂਤ ਟੁੱਟ ਜਾਵੇਗਾ, ਜੇ ਸਪਲਾਇਰ ਦੇ ਸਥਾਨ ਨੂੰ ਸਪਲਾਈ ਦਾ ਸਥਾਨ ਮੰਨਿਆ ਜਾਵੇਗਾ ਅਤੇ ਸਾਰੀ ਆਮਦਨ ਕੇਵਲ ਕੁਝ ਇੱਕ ਰਾਜਾਂ ਨੂੰ ਹੀ ਜਾ ਸਕਦੀ ਹੈ, ਜਿੱਥੇ ਉਹ ਸਪਲਾਇਰਜ਼ ਸਥਿਤ ਹਨ।

ਮੋਬਾਇਲ ਕੁਨੈਕਸ਼ਨਾਂ ਲਈ ਸਪਲਾਈ ਦਾ ਸਥਾਨ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਕੁਨੈਕਸ਼ਨ ਪੋਸਟ-ਪੇਡ ਹੈ ਜਾਂ ਪ੍ਰੀ-ਪੇਡ ਆਧਾਰਤ ਹੈ। ਪੋਸਟ-ਪੇਡ ਕੁਨੈਕਸ਼ਨਾਂ ਦੇ ਮਾਮਲੇ ਵਿੱਚ, ਸਪਲਾਈ ਦਾ ਸਥਾਨ ਸੇਵਾ ਦੇ ਪ੍ਰਾਪਤਕਰਤਾ ਦੇ ਬਿਲਿੰਗ ਪਤੇ ਦਾ ਸਥਾਨ ਹੋਵੇਗਾ।

ਪ੍ਰੀ-ਪੇਡ ਕੁਨੈਕਸ਼ਨਾਂ ਦੇ ਮਾਮਲੇ ਵਿੱਚ, ਸਪਲਾਈ ਦਾ ਸਥਾਨ ਉਹ ਸਥਾਨ ਹੋਵੇਗਾ, ਜਿੱਥੇ ਅਜਿਹੇ ਕੁਨੈਕਸ਼ਨ ਲਈ ਭੁਗਤਾਨ ਪ੍ਰਾਪਤ ਕੀਤਾ ਗਿਆ ਹੈ ਜਾਂ ਅਜਿਹੇ ਪ੍ਰੀ-ਪੇਡ ਵਾਊਚਰ ਵੇਚੇ ਜਾਂਦੇ ਹਨ। ਉਂਞ, ਜੇ ਰੀਚਾਰਜ ਇੰਟਰਨੈੱਟ/ਈ-ਭੁਗਤਾਨ ਰਾਹੀਂ ਕੀਤਾ ਜਾਂਦਾ ਹੈ, ਤਦ ਸੇਵਾ ਦੇ ਪ੍ਰਾਪਤਕਰਤਾ ਦਾ ਜਿਹੜਾ ਸਥਾਨ ਰਿਕਾਰਡ ’ਤੇ ਹੋਵੇਗਾ, ਉਸ ਨੂੰ ਸੇਵਾ ਦਾ ਸਥਾਨ ਮੰਨਿਆ ਜਾਵੇਗਾ।

ਕੌਮਾਂਤਰੀ ਸਪਲਾਈਜ਼ ਲਈਃ ਦੂਰਸੰਚਾਰ ਸੇਵਾਵਾਂ ਦੀ ਸਪਲਾਈ ਦਾ ਸਥਾਨ; ਸੇਵਾ ਦੇ ਪ੍ਰਾਪਤਕਰਤਾ ਦਾ ਸਥਾਨ ਹੈ।

**ਪ੍ਰਸ਼ਨ 16. ਗੋਆ ਦਾ ਇੱਕ ਵਿਅਕਤੀ ਐਨ.ਐਸ.ਈ. (ਮੁੰਬਈ ’ਚ) ਉੱਤੇ ਦਿੱਲੀ ਦੇ ਇੱਕ ਬ੍ਰੋਕਰ ਤੋਂ ਸ਼ੇਅਰ ਖ਼ਰੀਦਦਾ ਹੈ। ਇਸ ਹਾਲਤ ਵਿੱਚ ਸਪਲਾਈ ਦਾ ਸਥਾਨ ਕੀ ਹੋਵੇਗਾ?**

ਉੱਤਰ. ਸਪਲਾਈ ਦਾ ਸਥਾਨ; ਸੇਵਾਵਾਂ ਦੇ ਸਪਲਾਇਰ ਦੇ ਰਿਕਾਰਡ ਉੱਤੇ ਮੌਜੂਦ ਸੇਵਾਵਾਂ ਦੇ ਪ੍ਰਾਪਤਕਰਤਾ ਦਾ ਸਥਾਨ ਹੋਵੇਗਾ। ਇਸ ਲਈ ਗੋਆ ਸਪਲਾਈ ਦਾ ਸਥਾਨ ਹੋਵੇਗਾ।

**ਪ੍ਰਸ਼ਨ 17. ਮੁੰਬਈ ਦਾ ਇੱਕ ਵਿਅਕਤੀ ਕੁੱਲੂ-ਮਨਾਲੀ ਜਾਂਦਾ ਹੈ ਅਤੇ ਮਨਾਲੀ ’ਚ ਆਈ.ਸੀ.ਆਈ.ਸੀ.ਆਈ. ਬੈਂਕ ਦੀਆਂ ਕੋਈ ਸੇਵਾਵਾਂ ਲੈਂਦਾ ਹੈ। ਸਪਲਾਈ ਦਾ ਸਥਾਨ ਕੀ ਹੋਵੇਗਾ?**

ਉੱਤਰ. ਜੇ ਸੇਵਾ ਵਿਅਕਤੀ ਦੇ ਖਾਤੇ ਨਾਲ ਸਬੰਧਤ ਨਹੀਂ ਹੈ, ਤਦ ਸਪਲਾਈ ਦਾ ਸਥਾਨ ਕੁੱਲੂ ਭਾਵ ਸੇਵਾਵਾਂ ਦੇ ਸਪਲਾਇਰ ਦਾ ਸਥਾਨ ਹੋਵੇਗਾ। ਉਂਞ, ਜੇ ਸੇਵਾ ਉਸ ਵਿਅਕਤੀ ਦੇ ਖਾਤੇ ਨਾਲ ਜੁੜੀ ਹੋਈ ਹੈ, ਤਦ ਸਪਲਾਈ ਦਾ ਸਥਾਨ ਮੁੰਬਈ ਹੋਵੇਗਾ, ਭਾਵ ਸਪਲਾਇਰ ਦੇ ਰਿਕਾਰਡਾਂ ਉੱਤੇ ਪ੍ਰਾਪਤਕਰਤਾ ਦਾ ਸਥਾਨ।

**ਪ੍ਰਸ਼ਨ 18. ਗੁੜਗਾਓਂ ਦਾ ਇੱਕ ਵਿਅਕਤੀ ਏਅਰ ਇੰਡੀਆ ਦੀ ਉਡਾਣ ਰਾਹੀਂ ਮੁੰਬਈ ਤੋਂ ਦਿੱਲੀ ਤੱਕ ਦੀ ਯਾਤਰਾ ਕਰਦਾ ਹੈ ਅਤੇ ਆਪਣਾ ਯਾਤਰਾ-ਬੀਮਾ ਮੁੰਬਈ 'ਚ ਕਰਵਾਉਂਦਾ ਹੈ। ਸਪਲਾਈ ਦਾ ਸਥਾਨ ਕੀ ਹੋਵੇਗਾ?**

ਉੱਤਰ. ਬੀਮਾ ਸੇਵਾਵਾਂ ਦੇ ਸਪਲਾਇਰ ਦੇ ਰਿਕਾਰਡ ਉੱਤੇ ਸੇਵਾਵਾਂ ਦੇ ਪ੍ਰਾਪਤਕਰਤਾ ਦੀ ਸਥਿਤੀ ਹੀ ਸਪਲਾਈ ਦਾ ਸਥਾਨ ਹੋਵੇਗਾ। ਇਸ ਪ੍ਰਕਾਰ ਗੁੜਗਾਓਂ ਸਪਲਾਈ ਦਾ ਸਥਾਨ ਹੋਵੇਗਾ। (ਆਈ.ਜੀ.ਐਸ.ਟੀ. ਕਾਨੂੰਨ ਦੇ ਅਨੁਛੇਦ 12(13) ਦੀ ਪ੍ਰੋਵੀਜ਼ੀਓ ਧਾਰਾ)

# ਜੀ.ਐਸ.ਟੀ. ਪੋਰਟਲ ’ਤੇ ਜੀ.ਐੱਸ.ਟੀ.ਐੱਨ. ਤੇ ਫਰੰਟਐਂਡ ਵਪਾਰ ਪ੍ਰਕਿਰਿਆ

# ਜੀ.ਐਸ.ਟੀ. ਪੋਰਟਲ ’ਤੇ ਜੀ.ਐੱਸ.ਟੀ. ਐੱਨ. ਤੇ ਫਰੰਟਐਂਡ ਵਪਾਰ ਪ੍ਰਕਿਰਿਆ

**ਪ੍ਰਸ਼ਨ 1. ਜੀ.ਐਸ.ਟੀ.ਐਨ. ਕੀ ਹੈ?**

ਉੱਤਰ. ‘ਗੁੱਡਜ਼ ਐਂਡ ਸਰਵਿਸੇਜ਼ ਟੈਕਸ ਨੈੱਟਵਰਕ’ (ਜੀ.ਐਸ.ਟੀ.ਐਨ.) ਇੱਕ ਗ਼ੈਰ–ਮੁਨਾਫ਼ਾਕਾਰੀ ਗ਼ੈਰ–ਸਰਕਾਰੀ ਕੰਪਨੀ ਹੈ, ਜੋ ਟੈਕਸਦਾਤਿਆਂ ਅਤੇ ਹੋਰ ਸਬੰਧਤ ਧਿਰਾਂ ਸਮੇਤ ਕੇਂਦਰ ਅਤੇ ਸੂਬਾਈ ਦੋਵੇਂ ਹੀ ਸਰਕਾਰਾਂ ਨੂੰ ਸਾਂਝੀ ਆਈ.ਟੀ. (ਸੂਚਨਾ ਤਕਨਾਲੋਜੀ) ਬੁਨਿਆਦੀ ਢਾਂਚਾ ਅਤੇ ਸੇਵਾ ਪ੍ਰਦਾਨ ਕਰੇਗੀ। ਸਾਰੇ ਟੈਕਸਦਾਤਿਆਂ ਨੂੰ ਰਜਿਸਟਰੇਸ਼ਨ, ਰਿਟਰਨਜ਼ ਅਤੇ ਭੁਗਤਾਨਾਂ ਦੀ ਫ਼ਰੰਟਐੱਡ ਸੇਵਾਵਾਂ ਜੀ.ਐਸ.ਟੀ.ਐਨ. ਵੱਲੋਂ ਪ੍ਰਦਾਨ ਕੀਤੀਆਂ ਜਾਣਗੀਆਂ। ਇਹ ਸਰਕਾਰ ਅਤੇ ਟੈਕਸਦਾਤਿਆਂ ਵਿਚਾਲੇ ‘ਸਬੰਧ–ਪ੍ਰਣਾਲੀ’ (ਜਾਂ ਰਾਬਤਾ–ਪ੍ਰਣਾਲੀ ਭਾਵ ‘ਇੰਟਰਫ਼ੇਸ’) ਹੋਵੇਗੀ।

**ਪ੍ਰਸ਼ਨ 2. ਜੀ.ਐਸ.ਟੀ.ਐਨ. ਨੂੰ ਸਿਰਜਣ ਦੀ ਕੀ ਲੋੜ ਸੀ?**

ਉੱਤਰ. ਜੀ.ਐਸ.ਟੀ. ਸਿਸਟਮ ਪ੍ਰੋਜੈਕਟ ਇੱਕ ਵਿਲੱਖਣ ਅਤੇ ਕੰਪਲੈਕਸ ਆਈ.ਟੀ. ਪਹਿਲਕਦਮੀ ਹੈ। ਇਹ ਇਸ ਲਈ ਵਿਲੱਖਣ ਹੈ ਕਿਉਂਕਿ ਇਹ ਪਹਿਲੀ ਵਾਰ ਕੇਂਦਰ ਅਤੇ ਸੂਬਿਆਂ ਵਿਚਾਲੇ ਇੱਕ ਟੈਕਸਦਾਤੇ ਤੇ ਇੱਕ ਆਮ ਅਤੇ ਸਾਂਝੇ ਆਈ.ਟੀ. ਬੁਨਿਆਦੀ ਢਾਂਚੇ ਲਈ ਇੱਕਸਾਰ–ਇੰਟਰਫ਼ੇਸ ਸਥਾਪਤ ਕਰਨ ਦੇ ਉਦੇਸ਼ ਨੂੰ ਸਮਰਪਿਤ ਹੈ। ਇਸ ਵੇਲੇ ਕੇਂਦਰ ਅਤੇ ਸੂਬਾਈ ਅਸਿੱਧੇ ਟੈਕਸ ਪ੍ਰਸ਼ਾਸਨ ਵੱਖੋ–ਵੱਖਰੇ ਕਾਨੂੰਨਾਂ, ਵਿਨਿਯਮਾਂ, ਕਾਰਜ–ਵਿਧੀਆਂ ਅਤੇ ਫ਼ਾਰਮੈਟਸ ਅਧੀਨ ਕੰਮ ਕਰ ਰਹੇ ਹਨ ਅਤੇ ਅੰਤ ’ਚ ਆਈ.ਟੀ. ਸਿਸਟਮਜ਼ ਸੁਤੰਤਰ ਸਾਈਟਸ ਵਜੋਂ ਕੰਮ ਕਰਦੇ ਹਨ। ਜੀ.ਐਸ.ਟੀ. ਨੂੰ ਲਾਗੂ ਕਰਨ ਲਈ ਉਨ੍ਹਾਂ ਨੂੰ ਸੰਗਠਤ ਕਰਨਾ ਗੁੰਝਲਦਾਰ ਹੋਵੇਗਾ ਕਿਉਂਕਿ ਇਸ ਵਿੱਚ ਸਮੁੱਚੇ ਅਸਿੱਧੇ ਟੈਕਸ ਈਕੋ–ਸਿਸਟਮ ਨੂੰ ਹੀ ਸੰਗਠਤ ਕਰਨਾ ਹੋਵੇਗਾ, ਤਾਂ ਜੋ ਟੈਕਸਦਾਤਿਆਂ ਅਤੇ ਹੋਰ ਬਾਹਰੀ ਸਬੰਧਤ ਧਿਰਾਂ ਲਈ ਸਾਰੇ ਟੈਕਸ ਪ੍ਰਸ਼ਾਸਨਾਂ (ਕੇਂਦਰੀ, ਸੂਬਾਈ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ) ਨੂੰ ਇੱਕਸਾਰ ਫ਼ਾਰਮੈਟਸ ਅਤੇ ਇੰਟਰਫ਼ੇਸਜ਼ ਨਾਲ ਆਈ.ਟੀ. ਪਰਪੱਕਤਾ ਦੇ ਉਸੇ ਪੱਧਰ ’ਤੇ ਲਿਆਂਦਾ ਜਾ ਸਕੇ। ਇਸ ਤੋਂ

ਇਲਾਵਾ, ਜੀ.ਐਸ.ਟੀ. ਕਿਉਂਕਿ ਇੱਕ ਟਿਕਾਣਾ (ਡੈਸਟੀਨੈਸ਼ਨ) ਆਧਾਰਤ ਟੈਕਸ ਹੈ, ਇਸ ਲਈ ਮਾਲ ਤੇ ਸੇਵਾਵਾਂ ਦੇ ਅੰਤਰ-ਰਾਜੀ ਵਪਾਰ (ਆਈ.ਜੀ.ਐਸ.ਟੀ.) ਨੂੰ ਸੂਬਿਆਂ ਅਤੇ ਕੇਂਦਰ ਵਿਚਾਲੇ ਇੱਕ ਮਜ਼ਬੂਤ ਸੈਟਲਮੈਂਟ ਪ੍ਰਬੰਧ ਦੀ ਲੋੜ ਹੈ। ਇਹ ਕੇਵਲ ਤਦ ਹੀ ਸੰਭਵ ਹੈ, ਜਦੋਂ ਇੱਕ ਮਜ਼ਬੂਤ ਆਈ.ਟੀ. ਬੁਨਿਆਦੀ ਢਾਂਚਾ ਅਤੇ ਸੇਵਾ ਹੋਵੇ; ਜੋ ਸਬੰਧਤ ਧਿਰਾਂ (ਟੈਕਸਦਾਤਿਆਂ, ਸੂਬਿਆਂ ਤੇ ਕੇਂਦਰ ਸਰਕਾਰ, ਬੈਂਕ ਅਤੇ ਭਾਰਤੀ ਰਿਜ਼ਰਵ ਬੈਂਕ) ਵਿਚਾਲੇ ਸੂਚਨਾ ਨੂੰ ਫੜਨ, ਉਨ੍ਹਾਂ ਦੀ ਪ੍ਰਾਸੈਸਿੰਗ ਕਰਨ ਅਤੇ ਉਨ੍ਹਾਂ ਦਾ ਆਦਾਨ ਪ੍ਰਦਾਨ ਕਰਨ ਦੇ ਯੋਗ ਹੋਵੇ। ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਜੀ.ਐੱਸ.ਟੀ.ਐੱਨ ਦੀ ਸਿਰਜਣਾ ਕੀਤੀ ਗਈ ਸੀ।

**ਪ੍ਰਸ਼ਨ 3. ਜੀ.ਐੱਸ.ਟੀ.ਐੱਨ. ਦੀ ਉਤਪਤੀ ਕਿਵੇਂ ਹੋਈ ਹੈ?**

ਉੱਤਰ: ਮਜ਼ਬੂਤ ਆਈ.ਟੀ. ਬੁਨਿਆਦੀ ਢਾਂਚੇ ਦੀਆਂ ਆਵਸ਼ਕਤਾਵਾਂ ਬਾਰੇ 21 ਜੁਲਾਈ, 2010 ਨੂੰ ਸੂਬਾਈ ਵਿੱਤ ਮੰਤਰੀਆਂ ਦੀ ਅਧਿਕਾਰ-ਪ੍ਰਾਪਤ ਕਮੇਟੀ ਦੀ 2010 ਦੀ ਚੌਥੀ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਇਸ ਵਰਣਿਤ ਮੀਟਿੰਗ ਵਿੱਚ, ਇਸ ਅਧਿਕਾਰ-ਪ੍ਰਾਪਤ ਕਮੇਟੀ ਨੇ ਵਧੀਕ ਸਕੱਤਰ (ਰੈਵੇਨਿਊ), ਮੈਂਬਰ (ਬੀ ਅਤੇ ਸੀ) ਸੀ.ਬੀ.ਈ.ਸੀ., ਡੀ.ਜੀ. (ਸਿਸਟਮਜ਼), ਸੀ.ਬੀ.ਈ.ਸੀ., ਐਫ਼.ਏ. ਵਿੱਤ ਮੰਤਰਾਲਾ, ਮੈਂਬਰ ਸਕੱਤਰ ਈ.ਸੀ. ਅਤੇ ਵਪਾਰਕ ਟੈਕਸਾਂ ਨਾਲ ਸਬੰਧਤ ਪੰਜ ਰਾਜਾਂ (ਮਹਾਰਾਸ਼ਟਰ, ਅਸਮ, ਕਰਨਾਟਕ, ਪੱਛਮੀ ਬੰਗਾਲ ਅਤੇ ਗੁਜਰਾਤ) ਦੇ ਕਮਿਸ਼ਨਰਾਂ ਨਾਲ ਡਾ. ਨੰਦਨ ਨਿਲੇਕਣੀ ਦੀ ਪ੍ਰਧਾਨਗੀ ਹੇਠ 'ਜੀ.ਐਸ.ਟੀ. ਲਈ ਆਈ.ਟੀ. ਬੁਨਿਆਦੀ ਢਾਂਚੇ ਬਾਰੇ ਅਧਿਕਾਰ-ਪ੍ਰਾਪਤ ਸਮੂਹ' (ਜਿਸ ਨੂੰ ਈ.ਜੀ. ਕਿਹਾ ਜਾਂਦਾ ਹੈ) ਦੇ ਗਠਨ ਦੀ ਮਨਜ਼ੂਰੀ ਦਿੱਤੀ ਸੀ। ਇਸ 'ਗਰੁੱਪ' (ਸਮੂਹ) ਨੂੰ ਹੋਰਨਾਂ ਤੋਂ ਇਲਾਵਾ ਜੀ.ਐਸ.ਟੀ. ਨੈੱਟਵਰਕ (ਜੀ.ਐਸ.ਟੀ.ਐਨ.) ਵਜੋਂ ਜਾਣੇ ਜਾਣ ਵਾਲੇ ਸਾਂਝੇ ਪੋਰਟਲ ਨੂੰ ਲਾਗੂ ਕਰਨ ਲਈ ਇਕ 'ਰਾਸ਼ਟਰੀ ਸੂਚਨਾ ਉਪਯੋਗਤਾ' (ਨੈਸ਼ਨਲ ਇਨਫ਼ਾਰਮੇਸ਼ਨ ਯੂਟਿਲਿਟੀ - ਐਨ.ਆਈ.ਯੂ./ਐਸ.ਪੀ.ਵੀ.) ਦੀ ਸਥਾਪਨਾ ਲਈ ਮੌਡੈਲਟੀਜ਼ (ਪ੍ਰਗਟ ਅਰਥ) ਅਤੇ ਐਨ.ਆਏ.ਯੂ./ਐਸ.ਪੀ.ਵੀ. ਲਈ ਹਵਾਲੇ ਦੇ ਢਾਂਚੇ ਅਤੇ ਮੱਦਾਂ, ਹੋਰ ਮੱਦਾਂ ਜਿਵੇਂ ਸਿਖਲਾਈ, ਆਊਟਰੀਚ (ਪਹੁੰਚ ਕਰਨ) ਆਦਿ ਤੋਂ ਇਲਾਵਾ ਇਸ ਦੇ ਗਠਨ ਲਈ ਵਿਸਤ੍ਰਿਤ ਲਾਗੂਕਰਨ ਨੀਤੀ ਅਤੇ ਰੂਪ-ਰੇਖਾ ਬਾਰੇ ਸੁਝਾਅ ਦੇਣ ਦਾ ਅਧਿਕਾਰ ਦਿੱਤਾ ਗਿਆ ਸੀ।

ਮਾਰਚ 2010 'ਚ, ਵਿੱਤ ਮੰਤਰਾਲੇ ਵੱਲੋਂ ਗਠਤ 'ਟੈਗਅੱਪ' (TAGUP) ਨੇ ਸਿਫ਼ਾਰਸ਼ ਕੀਤੀ ਸੀ ਕਿ 'ਰਾਸ਼ਟਰੀ ਸੂਚਨਾ ਉਪਯੋਗਤਾਵਾਂ' (ਐਨ.ਆਈ.ਯੂ.) ਦੀ ਸਥਾਪਨਾ ਜੀ.ਐਸ.ਟੀ. ਸਮੇਤ ਸਰਕਾਰ ਦੇ ਵਿਸ਼ਾਲ ਅਤੇ ਗੁੰਝਲਦਾਰ ਪ੍ਰਾਜੈਕਟਾਂ ਨੂੰ ਲਾਗੂ ਕਰਨ ਦੇ ਜਨਤਕ ਉਦੇਸ਼ ਨਾਲ ਨਿਜੀ ਕੰਪਨੀਆਂ ਵਜੋਂ ਸਥਾਪਤ ਕੀਤੀ ਜਾਣੀ ਚਾਹੀਦੀ ਹੈ। 'ਟੈਗਅੱਪ' ਦਾ ਆਦੇਸ਼ ਜੀ.ਐਸ.ਟੀ., ਟੀ.ਆਈ.ਐਨ., ਐਨ.ਪੀ.ਐਸ. ਆਦਿ ਜਿਹੇ ਵਿਭਿੰਨ ਆਈ.ਟੀ. ਪ੍ਰਾਜੈਕਟਾਂ ਨਾਲ ਸਬੰਧਤ ਤਕਨਾਲੋਜੀਕਲ ਤੇ ਪ੍ਰਣਾਲੀਬੱਧ (ਸਿਸਟੇਮੈਟਿਕ) ਮੁੱਦਿਆਂ ਦਾ ਨਿਰੀਖਣ ਕਰਨਾ ਸੀ।

ਈ.ਜੀ. (ਅਧਿਕਾਰ-ਪ੍ਰਾਪਤ ਸਮੂਹ - ਐਮਪਾਵਰਡ ਗਰੁੱਪ) ਨੇ ਇਨ੍ਹਾਂ ਮੌਡੈਲਟੀਜ਼ (ਸਾਰੀਆਂ ਵਿਧੀਆਂ) ਉੱਤੇ ਵਿਚਾਰ ਕਰਨ ਲਈ 2 ਅਗਸਤ, 2010 ਤੋਂ ਲੈ ਕੇ 8 ਅਗਸਤ, 2011 ਤੱਕ ਸੱਤ ਮੀਟਿੰਗਾਂ ਕੀਤੀਆਂ ਸਨ। ਯੋਗ ਵਿਚਾਰ-ਵਟਾਂਦਰਿਆਂ ਤੋਂ ਬਾਅਦ, ਈ.ਜੀ. ਨੇ ਜੀ.ਐਸ.ਟੀ. ਸਿਸਟਮ ਪ੍ਰਾਜੈਕਟ ਲਾਗੂ ਕਰਨ ਲਈ ਇੱਕ ਵਿਸ਼ੇਸ਼ ਉਦੇਸ਼ ਵਾਹਨ (ਸਪੈਸ਼ਲ ਪਰਪਜ਼ ਵਹੀਕਲ) ਦੇ ਗਠਨ ਦੀ ਸਿਫ਼ਾਰਸ਼ ਕੀਤੀ ਸੀ। ਇੱਕ ਔਖੇ ਮਾਹੌਲ ਵਿੱਚ ਸੇਵਾਵਾਂ ਦੀ ਕਾਰਜਕੁਸ਼ਲ ਅਤੇ ਭਰੋਸੇਯੋਗ ਵਿਵਸਥਾ ਨੂੰ ਯੋਗ ਬਣਾਉਣ ਲਈ, ਈ.ਜੀ. ਨੇ; ਪ੍ਰਬੰਧਨ ਦੀ ਆਜ਼ਾਦੀ, ਸਰਕਾਰ ਦੇ ਨੀਤੀਗਤ ਨਿਯੰਤ੍ਰਣ, ਸੰਗਠਨਾਤਮਕ ਢਾਂਚੇ ਵਿੱਚ ਲਚਕਤਾ, ਫ਼ੈਸਲਾ ਲੈਣ ਵਿੱਚ ਚੁਸਤੀ ਤੇ ਸਮਰੱਥ ਮਨੁੱਖੀ ਸਰੋਤਾਂ ਨੂੰ ਹਾਇਰ ਕਰਨ (ਕਿਰਾਏ 'ਤੇ ਲੈਣ) ਅਤੇ ਉਨ੍ਹਾਂ ਨੂੰ ਕਾਇਮ ਰੱਖਣ ਜਿਹੇ ਪ੍ਰਮੁੱਖ ਮਾਪਦੰਡਾਂ ਉੱਤੇ ਵਿਚਾਰ ਕਰਨ ਤੋਂ ਬਾਅਦ 49% ਸਰਕਾਰੀ ਇਕਵਿਟੀ (ਕੇਂਦਰ - 24.5% ਅਤੇ ਸੂਬੇ - 24.5%) ਨਾਲ ਜੀ.ਐਸ.ਟੀ.ਐਨ. ਐਸ.ਪੀ.ਵੀ. ਲਈ ਇੱਕ ਗ਼ੈਰ-ਸਰਕਾਰੀ ਢਾਂਚੇ (ਤਾਣੇ-ਬਾਣੇ) ਦੀ ਸਿਫ਼ਾਰਸ਼ ਕੀਤੀ ਸੀ। ਜੀ.ਐਸ.ਟੀ.ਐਨ. ਦੀ ਭੂਮਿਕਾ ਅਤੇ ਉਸ ਕੋਲ ਉਪਲਬਧ ਹੋਣ ਵਾਲੀ ਸੂਚਨਾ ਦੀ ਸੰਵੇਦਨਸ਼ੀਲਤਾ ਨੂੰ ਵੇਖਦਿਆਂ, ਈ.ਜੀ. ਨੇ ਜੀ.ਐਸ.ਟੀ.ਐਨ. ਉੱਤੇ ਸਰਕਾਰ ਦੇ ਨੀਤੀਗਤ ਨਿਯੰਤ੍ਰਣ ਮੁੱਦੇ ਉੱਤੇ ਵੀ ਵਿਚਾਰ-ਵਟਾਂਦਰਾ ਕੀਤਾ ਸੀ। ਇਸ ਗਰੁੱਪ ਨੇ ਸਿਫ਼ਾਰਸ਼ ਕੀਤੀ ਸੀ ਕਿ ਐਸ.ਪੀ.ਵੀ. ਉੱਤੇ ਸਰਕਾਰ ਦਾ ਨੀਤਗਤ ਨਿਯੰਤ੍ਰਣ; ਬੋਰਡ, ਦੇ ਗਠਨ, ਸਪੈਸ਼ਲ ਰੈਜ਼ੋਲਿਊਸ਼ਨ ਅਤੇ ਸ਼ੇਅਰ-ਧਾਰਕਾਂ ਦੇ ਸਮਝੌਤੇ ਨਾਲ ਸਬੰਧਤ ਪ੍ਰਬੰਧ, ਡੈਪੂਟੇਸ਼ਨ 'ਤੇ ਸਰਕਾਰੀ ਅਧਿਕਾਰੀਆਂ ਦੀ ਸ਼ਮੂਲੀਅਤ ਅਤੇ ਜੀ.ਐਸ.ਟੀ.ਐਨ. ਐਸ.ਪੀ.ਵੀ. ਅਤੇ ਸਰਕਾਰਾਂ ਵਿਚਾਲੇ ਸਮਝੌਤਿਆਂ ਜਿਹੇ

ਕਦਮਾਂ ਨਾਲ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਦੇ ਨਾਲ ਸ਼ੇਅਰਹੋਲਡਿੰਗ ਵਿਧੀ ਵੀ ਇਹ ਯਕੀਨੀ ਬਣਾਏਗੀ ਕਿ ਕੇਂਦਰ ਵਿਅਕਤੀਗਤ ਤੌਰ ’ਤੇ ਅਤੇ ਸੂਬੇ ਸਮੂਹਕ ਤੌਰ ’ਤੇ 24.5% ਹਰੇਕ ਨਾਲ ਸਭ ਤੋਂ ਵੱਡੀਆਂ ਸਬੰਧਤ ਧਿਰਾਂ (ਦਾਅਵੇਦਾਰ) ਰਹਿਣ। ਸੁਮੇਲ ਵਿੱਚ, 49% ’ਤੇ ਸਰਕਾਰੀ ਸ਼ੇਅਰਹੋਲਡਿੰਗ ਕਿਸੇ ਇੱਕ ਨਿਜੀ ਸੰਸਥਾਨ ਨਾਲੋਂ ਕਿਤੇ ਜ਼ਿਆਦਾ ਹੋਵੇਗੀ।

ਅਧਿਕਾਰ ਪ੍ਰਾਪਤ ਸਮੂਹ (ਈ.ਜੀ.) ਨੇ ਇਸ ਕੰਪਨੀ ਨੂੰ ਚਲਾਉਣ ਲਈ ਵਿਸ਼ੇਸ਼ ਤਕਨਾਲੋਜੀ ਹੋਣ ਦੀ ਲੋੜ ਉੱਤੇ ਜ਼ੋਰ ਦਿੱਤਾ ਸੀ, ਤਾਂ ਜੋ ਰਿਟਰਨਾਂ ਨੂੰ 100% ਮੇਲਿਆ ਜਾ ਸਕੇ। ਭਾਰਤ ਸਰਕਾਰ ਤੇ ਸੂਬਿਆਂ ਦੇ ਅਧਿਕਾਰੀਆਂ ਨੂੰ ਵਪਾਰਕ ਗਿਆਨ ਹੁੰਦਾ ਹੈ। ਉਂਝ ਅਤਿ–ਆਧੁਨਿਕ ਤਕਨਾਲੋਜੀ ਦੇ ਗਿਆਨ ਪ੍ਰਾਪਤ ਪੇਸ਼ੇਵਰਾਨਾ (ਪ੍ਰੋਫ਼ੈਸ਼ਨਲ) ਵਿਅਕਤੀਆਂ ਨੂੰ ਇਹ ਕੰਪਨੀ ਸੁਤੰਤਰ ਰੂਪ ਵਿੱਚ ਚਲਾਉਣੀ ਹੋਵੇਗੀ, ਬਿਲਕੁਲ ਉਵੇਂ ਜਿਵੇਂ ਐਨ.ਐਸ.ਡੀ.ਐਲ. ਪ੍ਰੋਫ਼ੈਸ਼ਨਲ ਅਤੇ ਆਜ਼ਾਦਾਨਾ ਢੰਗ ਨਾਲ ਕੰਮ ਕਰ ਰਹੀ ਹੈ। ਈ.ਜੀ. ਨੇ ਇੱਕ ਗ਼ੈਰ–ਸਰਕਾਰੀ ਕੰਪਨੀ ਦੀ ਸਿਫ਼ਾਰਸ਼ ਵੀ ਕੀਤੀ ਸੀ ਕਿਉਂਕਿ ਉਸ ਨੂੰ ਅੱਪਰੇਸ਼ਨਲ ਆਜ਼ਾਦੀ ਹੋਵੇਗੀ।

ਇਹ ਸਿਫ਼ਾਰਸ਼ਾਂ; 19 ਅਗਸਤ, 2011 ਨੂੰ 2011 ਦੀ ਤੀਜੀ ਮੀਟਿੰਗ ਅਤੇ 14 ਅਕਤੂਬਰ, 2011 ਨੂੰ ਹੋਈ ਈ.ਸੀ. ਦੀ 2011 ਦੀ ਚੌਥੀ ਮੀਟਿੰਗ ਦੌਰਾਨ ਸੂਬਿਆਂ ਦੇ ਵਿੱਤ ਮੰਤਰੀਆਂ ਦੀ ਅਧਿਕਾਰ–ਪ੍ਰਾਪਤ ਕਮੇਟੀ ਸਾਹਮਣੇ ਪੇਸ਼ ਕੀਤੀਆਂ ਗਈਆਂ ਸਨ। ਜੀ.ਐਸ.ਟੀ.ਐਨ. ਨਾਲ ਸਬੰਧਤ ਜੀ.ਐਸ.ਟੀ. ਲਈ ਆਈ.ਟੀ. ਬੁਨਿਆਦੀ ਢਾਂਚੇ ਅਤੇ ਸਰਕਾਰ ਦੇ ਨੀਤੀਗਤ ਨਿਯੰਤ੍ਰਣ ਵਾਲੀ ਇੱਕ ਗ਼ੈਰ–ਮੁਨਾਫ਼ਾਕਾਰੀ ਸੈਕਸ਼ਨ 25 ਕੰਪਨੀ ਦੇ ਗਠਨ ਬਾਰੇ ਈ.ਜੀ. ਦੇ ਪ੍ਰਸਤਾਵ 14 ਅਕਤੂਬਰ, 2011 ਨੂੰ ਸੂਬਾਈ ਵਿੱਤ ਮੰਤਰੀਆਂ ਦੀ ਅਧਿਕਾਰ–ਪ੍ਰਾਪਤ ਕਮੇਟੀ (ਈ.ਸੀ.) ਨੇ ਆਪਣੀ ਮੀਟਿੰਗ ਦੌਰਾਨ ਪ੍ਰਵਾਨ ਕਰ ਲਏ ਸਨ।

ਉਪਰੋਕਤ ਲੀਹਾਂ ਉੱਤੇ ‘ਗੁੱਡਜ਼ ਐਂਡ ਸਰਵਿਸੇਜ਼ ਟੈਕਸ ਨੈੱਟਵਰਕ’ (ਜੀ.ਐਸ.ਟੀ.ਐਨ. - ਐੱਸ.ਪੀ.ਵੀ.) ਨਾਂਅ ਦੇ ਇੱਕ ‘ਵਿਸ਼ੇਸ਼ ਉਦੇਸ਼ ਵਾਹਨ’ ਦੀ ਸਥਾਪਨਾ ਲਈ ਮਾਲ (ਰੈਵੇਨਿਊ) ਵਿਭਾਗ ਦੇ ਨੋਟ ਉੱਤੇ 12 ਅਪ੍ਰੈਲ, 2012 ਨੂੰ ਕੇਂਦਰੀ ਕੈਬਿਨੇਟ ਵਿਚਾਰ ਕਰ ਕੇ ਪ੍ਰਵਾਨ ਕਰ ਦਿੱਤਾ ਸੀ। ਕੇਂਦਰੀ ਕੈਬਿਨੇਟ ਨੇ ਨਿਮਨਲਿਖਤ ਦੀ ਪ੍ਰਵਾਨਗੀ ਵੀ ਦਿੱਤੀ ਸੀ:

i. ਵਾਜਬ ਅਤੇ ਇੱਛੁਕ ਗ਼ੈਰ–ਸਰਕਾਰੀ ਸੰਸਥਾਨਾਂ ਦੀ ਸ਼ਨਾਖ਼ਤ ਕੀਤੀ

ਜਾਵੇਗੀ ਅਤੇ ਜੀ.ਐਸ.ਟੀ.ਐਨ.-ਐਸ.ਪੀ.ਵੀ. ਨੂੰ ਨਿਗਮਿਤ ਕਰਨ ਤੋਂ ਪਹਿਲਾਂ ਵਿੱਤ ਮੰਤਰਾਲਾ ਇਸ ਵਿੱਚ ਨਿਵੇਸ਼ ਦਾ ਇੰਤਜ਼ਾਮ ਕਰੇਗਾ।

ii. ਐਸ.ਪੀ.ਵੀ. ਉੱਤੇ ਸਰਕਾਰ ਦਾ ਨੀਤੀਗਤ ਨਿਯੰਤ੍ਰਣ; ਬੋਰਡ ਦੇ ਗਠਨ, ਵਿਸ਼ੇਸ਼ ਰੈਜ਼ੋਲਿਯੂਸ਼ਨ ਦੇ ਪ੍ਰਬੰਧਾਂ ਅਤੇ ਸ਼ੇਅਰ-ਧਾਰਕਾਂ ਦੇ ਸਮਝੌਤੇ, ਡੈਪੂਟੇਸ਼ਨ 'ਤੇ ਸਰਕਾਰੀ ਅਧਿਕਾਰੀਆਂ ਦੀ ਸ਼ਮੂਲੀਅਤ ਤੇ ਜੀ.ਐਸ.ਟੀ.ਐਨ. ਐਸ.ਪੀ.ਵੀ. ਅਤੇ ਸਰਕਾਰਾਂ ਵਿਚਾਲੇ ਸਮਝੌਤਿਆਂ ਜਿਹੇ ਕਦਮਾਂ ਰਾਹੀਂ ਯਕੀਨੀ ਬਣੇਗਾ।

iii. ਜੀ.ਐਸ.ਟੀ.ਐਨ. ਐਸ.ਪੀ.ਵੀ. ਦੇ ਬੋਰਡ ਆੱਫ਼ ਡਾਇਰੈਕਟਰਜ਼ ਵਿੱਚ 14 ਡਾਇਰੈਕਟਰ ਹੋਣਗੇ; ਜਿਨ੍ਹਾਂ ਵਿੱਚੋਂ 3 ਡਾਇਰੈਕਟਰ ਕੇਂਦਰ ਤੋਂ, 3 ਸੂਬਿਆਂ ਤੋਂ, ਕੇਂਦਰ ਤੇ ਸੂਬਿਆਂ ਦੀ ਸਾਂਝੀ ਮਨਜ਼ੂਰੀ ਦੇ ਪ੍ਰਬੰਧ ਰਾਹੀਂ ਨਿਯੁਕਤ ਬੋਰਡ ਆੱਫ਼ ਡਾਇਰੈਕਟਰਜ਼ ਦਾ ਚੇਅਰਮੈਨ, ਨਿਜੀ ਇਕਵਿਟੀ ਸਟੇਕ ਹੋਲਡਰਜ਼ ਤੋਂ 3 ਡਾਇਰੈਕਟਰਜ਼, 3 ਸੁਤੰਤਰ ਡਾਇਰੈਕਟਰਜ਼ – ਜੋ ਉੱਘੇ ਵਿਅਕਤੀ ਹੋਣਗੇ ਅਤੇ ਜੀ.ਐਸ.ਟੀ.ਐਨ. ਐਸ.ਪੀ.ਵੀ. ਦਾ ਸੀ.ਈ.ਓ. ਜੋ ਇੱਕ ਖੁੱਲ੍ਹੀ ਚੋਣ ਪ੍ਰਕਿਰਿਆ ਰਾਹੀਂ ਚੁਣਿਆ ਜਾਵੇਗਾ; ਸ਼ਾਮਲ ਹੋਣਗੇ।

iv. ਨੀਤੀ ਗਤ ਨਿਯੰਤ੍ਰਣ ਲਾਗੂ ਕਰਨ ਲਈ ਜੀ.ਐਸ.ਟੀ.ਐਨ. ਐਸ.ਪੀ.ਵੀ. ਦੇ ਸਰਕਾਰੀ ਅਧਿਕਾਰੀਆਂ ਦੀ ਡੈਪੂਟੇਸ਼ਨ ਨੂੰ ਯੋਗ ਬਣਾਉਣ ਅਤੇ ਸ਼ਾਸਨ ਵਿੱਚ ਲੋੜੀਂਦੀ ਮੁਹਾਰਤ ਲਿਆਉਣ ਲਈ ਵਾਜਬ ਨਿਯਮਾਂ ਵਿੱਚ ਛੋਟ।

v. ਜੀ.ਐਸ.ਟੀ.ਐਨ. ਐਸ.ਪੀ.ਵੀ. ਦਾ ਆਪਣੀ ਸਮਰੱਥਾ ਨਾਲ ਚੱਲਣ ਵਾਲਾ ਇੱਕ ਰੈਵੇਨਿਊ ਮਾੱਡਲ ਹੋਵੇਗਾ, ਜਿੱਥੇ ਸੇਵਾਵਾਂ ਦਾ ਲਾਭ ਉਠਾਉਣ ਵਾਲੇ ਟੈਕਸਦਾਤਿਆਂ ਤੇ ਟੈਕਸ ਅਥਾਰਟੀਆਂ ਉੱਤੇ ਯੂਜ਼ਰ (ਵਰਤੋਂਕਾਰ) ਚਾਰਜਿਸ ਦੀ ਵਸੂਲੀ ਕਰਨ ਦੇ ਯੋਗ ਹੋਵੇਗਾ।

vi. ਜੀ.ਐਸ.ਟੀ.ਐਨ. ਐਸ.ਪੀ.ਵੀ. ਇੱਕ ਵਿਆਪਕ ਰਾਸ਼ਟਰੀ ਏਜੰਸੀ ਹੋਵੇਗੀ, ਜੋ ਵਿਵਿਧ ਟੈਕਸ ਅਥਾਰਟੀਆਂ ਦੀ ਸ਼ਮੂਲੀਅਤ ਵਾਲੀਆਂ ਸੰਗਠਤ ਅਸਿੱਧੇ ਟੈਕਸ ਨਾਲ ਸਬੰਧਤ ਸੇਵਾਵਾਂ ਦੇਵੇਗੀ। ਉਸ ਅਨੁਸਾਰ, ਅਜਿਹੀਆਂ ਹੀ ਸੰਗਠਤ ਸੇਵਾਵਾਂ ਦੇਣ ਦੇ ਚਾਹਵਾਨ ਕੋਈ ਹੋਰ ਸਰਵਿਸ ਪ੍ਰੋਵਾਈਡਰ (ਸੇਵਾ ਪ੍ਰਦਾਤਾ) ਨੂੰ ਇਨ੍ਹਾਂ ਸੇਵਾਵਾਂ ਲਈ ਜੀ.ਐਸ.ਟੀ.ਐਨ.

ਐਸ.ਪੀ.ਵੀ. ਨਾਲ ਰਸਮੀ ਵਿਵਸਥਾ ਵਿੱਚ ਸ਼ਾਮਲ ਹੋਣਾ ਹੋਵੇਗਾ।

vii. ਨਿਗਮਿਤ ਹੋਣ ਤੋਂ ਬਾਅਦ ਤਿੰਨ ਸਾਲਾਂ ਦੇ ਸਮੇਂ ਲਈ ਐਸ.ਪੀ.ਵੀ. ਦੀ ਮੁਢਲੀ ਸਥਾਪਨਾ ਤੇ ਉਸ ਨੂੰ ਚਲਾਉਣ ਲਈ ਖ਼ਰਚਿਆਂ ਦੇ ਤੌਰ ਉੱਤੇ ਕੇਂਦਰ ਸਰਕਾਰ ਵੱਲੋਂ ਇੱਕੋ ਵਾਰ 315 ਕਰੋੜ ਰੁਪਏ ਦੀ ਗ਼ੈਰ-ਆਵਰਤਕ (ਜੋ ਵਾਰ-ਵਾਰ ਨਾ ਹੋਵੇ - ਨੌਨ-ਰੈਕਰਿੰਗ) ਗ੍ਰਾਂਟ-ਇਨ ਏਡ।

**ਪ੍ਰਸ਼ਨ 4. ਜੀ.ਐੱਸ.ਟੀ.ਐੱਨ. ਦਾ ਇਕਵਿਟੀ ਢਾਂਚਾ ਅਤੇ ਰੈਵੇਨਿਊ ਮਾੱਡਲ ਕੀ ਹੈ?**

ਉੱਤਰ. (ੳ) **ਇਕਵਿਟੀ ਢਾਂਚਾ**:- ਕੈਬਿਨੇਟ ਦੇ ਫ਼ੈਸਲੇ ਦੀ ਪਾਲਣਾ ਕਰਦਿਆਂ ਜੀ.ਐਸ.ਟੀ. ਨੈੱਟਵਰਕ ਨੂੰ ਨਿਮਨਲਿਖਤ ਇਕਵਿਟੀ ਢਾਂਚੇ ਨਾਲ ਕੰਪਨੀਜ਼ ਕਾਨੂੰਨ, 1956 ਦੇ ਅਨੁਛੇਦ 8 ਅਧੀਨ ਇੱਕ ਗ਼ੈਰ-ਮੁਨਾਫ਼ਾਕਾਰੀ, ਨਿਜੀ ਲਿਮਿਟੇਡ ਕੰਪਨੀ ਵਜੋਂ ਰਜਿਸਟਰਡ ਕੀਤਾ ਗਿਆ ਸੀ:

| | |
|---|---|
| ਕੇਂਦਰ ਸਰਕਾਰ | 24.5% |
| ਸੂਬਾ ਸਰਕਾਰਾਂ | 24.5% |
| ਐਚ.ਡੀ.ਐਫ਼.ਸੀ. | 10% |
| ਐਚ.ਡੀ.ਐਫ਼.ਸੀ. ਬੈਂਕ | 10% |
| ਆਈ.ਸੀ.ਆਈ.ਸੀ.ਆਈ. ਬੈਂਕ | 10% |
| ਐਨ.ਐਸ.ਈ. ਸਟਰੈਟਿਜਿਕ ਇਨਵੈਸਟਮੈਂਟ ਕ. | 10% |
| ਐਲ.ਆਈ.ਸੀ. ਹਾਊਸਿੰਗ ਫ਼ਾਈਨਾਂਸਿੰਗ ਲਿਮਿਟੇਡ | 11% |

ਜੀ.ਐਸ.ਟੀ.ਐਨ. ਦੀ ਇਸ ਮੌਜੂਦਾ ਸ਼ਕਲ ਵਿੱਚ ਸਿਰਜਣਾ ਸੂਬਾਈ ਵਿੱਤ ਮੰਤਰੀਆਂ ਦੀ ਅਧਿਕਾਰ-ਪ੍ਰਾਪਤ ਕਮੇਟੀ ਅਤੇ ਕੇਂਦਰ ਸਰਕਾਰ ਵੱਲੋਂ ਲੰਮੇ ਸਮੇਂ ਤੱਕ ਵਿਚਾਰ-ਵਟਾਂਦਰਿਆਂ ਉਪਰੰਤ ਮਨਜ਼ੂਰੀ ਮਿਲਣ 'ਤੇ ਕੀਤੀ ਗਈ ਸੀ।

**(ਅ) ਰੈਵੇਨਿਊ ਮਾੱਡਲ**: ਸਾਲ 2013 'ਚ ਭਾਰਤ ਸਰਕਾਰ ਵੱਲੋਂ 315 ਕਰੋੜ ਰੁਪਏ ਗ੍ਰਾਂਟਸ-ਇਨ-ਏਡ ਵਜੋਂ ਜੀ.ਐੱਸ.ਟੀ.ਐੱਨ.-ਐੱਸ.ਪੀ.ਵੀ. ਦੀ ਮੁਢਲੀ ਸਥਾਪਨਾ ਲਈ ਪ੍ਰਵਾਨ ਕੀਤੇ ਗਏ ਸਨ। 31 ਮਾਰਚ, 2013 ਤੋਂ ਲੈ ਕੇ 31 ਮਾਰਚ, 2016 ਤੱਕ ਦੇ ਸਮੇਂ ਦੌਰਾਨ ਭਾਰਤ ਸਰਕਾਰ ਵੱਲੋਂ ਪ੍ਰਵਾਨਿਤ 315 ਕਰੋੜ ਰੁਪਏ ਵਿੱਚੋਂ 143.96 ਕਰੋੜ ਰੁਪਏ ਦੀ ਰਾਸ਼ੀ ਜੀ.ਐੱਸ.ਟੀ.ਐੱਨ. ਨੂੰ ਗ੍ਰਾਂਟ-ਇਨ-ਏਡ ਵਜੋਂ ਜਾਰੀ ਕੀਤੀ ਗਈ ਸੀ। ਪ੍ਰਾਪਤ ਹੋਈ ਗ੍ਰਾਂਟ-ਇਨ-ਏਡ

ਵਿੱਚੋਂ, ਕੇਵਲ 62.11 ਕਰੋੜ ਰੁਪਏ ਕੰਪਨੀ ਦੀ ਸਥਾਪਨਾ ਤੇ ਇਸ ਨੂੰ ਕਾਰਜਸ਼ੀਲ ਬਣਾਉਣ ਲਈ ਖ਼ਰਚ ਕੀਤੇ ਗਏ ਸਨ। ਬਾਕੀ ਦੀ ਗ੍ਰਾਂਟ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤੀ ਗਈ ਸੀ। ਵਿੱਤੀ ਵਰ੍ਹੇ 2016-17 ਦੌਰਾਨ, ਜੀ.ਐੱਸ.ਟੀ.ਐੱਨ. ਨੂੰ ਜੀ.ਐੱਸ.ਟੀ. ਪੋਰਟਲ ਰਾਹੀਂ ਕੇਂਦਰ ਤੇ ਸੂਬਿਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਸਤੇ ਆਈ.ਟੀ. ਪਲੇਟਫ਼ਾਰਮ ਦੀ ਸਥਾਪਨਾ ਅਤੇ 27 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਬੈਕਐਂਡ ਵਿਕਸਤ ਕਰਨ ਦੇ ਖ਼ਰਚਿਆਂ ਲਈ ਜੀ.ਐੱਸ.ਟੀ.ਐੱਨ. ਨੂੰ ਇੱਕ ਵਪਾਰਕ ਬੈਂਕ ਤੋਂ ਕਰਜ਼ਾ ਮਨਜ਼ੂਰ ਹੋਇਆ ਹੈ। ਜੀ.ਐੱਸ.ਟੀ.ਐੱਨ. ਲਈ ਰੈਵੇਨਿਊ ਮੱਾਡਲ **ਸੂਬਿਆਂ ਦੇ ਵਿੱਤ ਮੰਤਰੀਆਂ ਦੀ ਅਧਿਕਾਰ-ਪ੍ਰਾਪਤ ਕਮੇਟੀ** ਵੱਲੋਂ ਪ੍ਰਵਾਨਗੀ ਦਿੱਤੀ ਗਈ ਸੀ, ਜਿਸ ਅਧੀਨ ਵਰਤੋਂਕਾਰ (ਯੂਜ਼ਰ) ਚਾਰਜਿਸ; ਟੈਕਸਦਾਤਿਆਂ ਅਤੇ ਹੋਰ ਸਬੰਧਤ ਧਿਰਾਂ ਦੀ ਤਰਫ਼ੋਂ ਜੀ.ਐੱਸ.ਟੀ. ਪੋਰਟਲ ਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਕੇਂਦਰ ਅਤੇ ਸੂਬਿਆਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵੱਲੋਂ ਇੱਕਸਮਾਨ ਤਰੀਕੇ ਨਾਲ ਅਦਾ ਕੀਤੇ ਜਾਣਗੇ। ਸੂਬਿਆਂ ਲਈ ਯੂਜ਼ਰ ਚਾਰਿਜਸ ਉਨ੍ਹਾਂ ਵਿੱਚ ਉਨ੍ਹਾਂ ਦੇ ਰਜਿਸਟਰਡ ਟੈਕਸਦਾਤਿਆਂ ਦੀ ਗਿਣਤੀ ਦੇ ਆਧਾਰ ਉੱਤੇ ਬਰਾਬਰ ਅਨੁਪਾਤ ਵਿੱਚ ਵੰਡੇ ਜਾਣਗੇ।

**ਪ੍ਰਸ਼ਨ 5. ਜੀ.ਐਸ.ਟੀ.ਐਨ. ਵੱਲੋਂ ਕਿਹੜੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ?**

ਉੱਤਰ. ਜੀ.ਐਸ.ਟੀ.ਐਨ. ਕੌਮਨ ਜੀ.ਐਸ.ਟੀ. ਪੋਰਟਲ ਰਾਹੀਂ ਨਿਮਨਲਿਖਤ ਸੇਵਾਵਾਂ ਦੇਵੇਗਾ:

(ੳ) ਰਜਿਸਟਰੇਸ਼ਨ (ਮੌਜੂਦਾ ਟੈਕਸਦਾਤਾ ਮਾਈਗ੍ਰੇਸ਼ਨ, ਇੱਕ ਪ੍ਰਕਿਰਿਆ ਜੋ 8 ਨਵੰਬਰ, 2016 ਨੂੰ ਸ਼ੁਰੂ ਹੋਈ);

(ਅ) ਪੇਅਮੈਂਟ ਗੇਟਵੇਅਜ਼ ਸਮੇਤ ਭੁਗਤਾਨ ਪ੍ਰਬੰਧ ਅਤੇ ਬੈਂਕਿੰਗ ਪ੍ਰਣਾਲੀਆਂ ਨਾਲ ਸੰਗਠਨ;

(ੲ) ਰਿਟਰਨ ਫ਼ਾਇਲਿੰਗ ਅਤੇ ਪ੍ਰਾਸੈਸਿੰਗ;

(ਸ) ਲੇਖਾ (ਅਕਾਊਂਟ) ਪ੍ਰਬੰਧ, ਨੋਟੀਫ਼ਿਕੇਸ਼ਨਜ਼, ਸੂਚਨਾ ਤੇ ਸਟੇਟਸ ਟ੍ਰੈਕਿੰਗ ਸਮੇਤ ਟੈਕਸਦਾਤਾ ਪ੍ਰਬੰਧ

(ਹ) ਟੈਕਸ ਅਥਾਰਟੀ ਅਕਾਊਂਟ ਅਤੇ ਲੈਜਰ ਮੈਨੇਜਮੈਂਟ;

(ਕ) ਕੇਂਦਰ ਅਤੇ ਸੂਬਿਆਂ ਵਿਚਾਲੇ ਸੈਟਲਮੈਂਟ (ਆਈ.ਜੀ.ਐਸ.ਟੀ. ਸੈਟਲਮੈਂਟ ਸਮੇਤ) ਦੀ ਗਣਨਾ; ਆਈ.ਜੀ.ਐਸ.ਟੀ. ਲਈ ਕਲੀਅਰਿੰਗ ਹਾਊਸ;

(ਖ) ਦਰਾਮਦ ਉੱਤੇ ਉੱਤੇ ਜੀ.ਐਸ.ਟੀ. ਅਤੇ ਕਸਟਮਜ਼ ਦੇ ਈ.ਡੀ.ਆਈ. ਸਿਸਟਮਜ਼ ਨਾਲ ਸੰਗਠਨ ਲਈ ਪ੍ਰੋਸੈਸਿੰਗ ਅਤੇ ਇੱਕਸੁਰਤਾ;

(ਗ) ਲੋੜ ਆਧਾਰਤ ਸੂਚਨਾ ਅਤੇ ਵਪਾਰਕ ਸੂਝਬੂਝ ਸਮੇਤ ਐਮ.ਆਈ.ਐਸ.;

(ਘ) ਕੌਮਨ ਜੀ.ਐਸ.ਟੀ. ਪੋਰਟਲ ਅਤੇ ਟੈਕਸ ਪ੍ਰਸ਼ਾਸਨ ਪ੍ਰਣਾਲੀਆਂ ਵਿਚਾਲੇ ਇੰਟਰਫ਼ੇਸਜ਼ ਦਾ ਰੱਖ-ਰਖਾਅ;

(ਙ) ਸਬੰਧਤ ਧਿਰਾਂ ਨੂੰ ਸਿਖਲਾਈ ਪ੍ਰਦਾਨ ਕਰਨਾ;

(ਚ) ਟੈਕਸ ਅਥਾਰਟੀਆਂ ਨੂੰ ਐਨਾਲਿਟਿਕਸ ਅਤੇ ਵਪਾਰਕ ਸੂਝਬੂਝ ਪ੍ਰਦਾਨ ਕਰਨੀ; ਅਤੇ

(ਛ) ਖੋਜ ਕਰਨੀ, ਬਿਹਤਰੀਨ ਅਭਿਆਸਾਂ ਦਾ ਅਧਿਐਨ ਕਰਨਾ ਅਤੇ ਸਬੰਧਤ ਧਿਰਾਂ ਨੂੰ ਸਿਖਲਾਈ ਪ੍ਰਦਾਨ ਕਰਨੀ।

**ਪ੍ਰਸ਼ਨ 6. ਜੀ.ਐਸ.ਟੀ.ਐਨ. ਅਤੇ ਸੂਬਿਆਂ/ਸੀ.ਬੀ.ਈ.ਸੀ. ਵਿਚਾਲੇ ਇੰਟਰਫ਼ੇਸ ਸਿਸਟਮ ਕੀ ਹੈ?**

ਉੱਤਰ. ਜੀ.ਐਸ.ਟੀ. ਸ਼ਾਸਨ ਵਿੱਚ, ਟੈਕਸਦਾਤੇ ਲਈ ਰਜਿਸਟਰੇਸ਼ਨ ਵਾਸਤੇ ਅਰਜ਼ੀ ਦੇਣ, ਇਨਵੁਆਇਸਜ਼ ਅਪਲੋਡ ਕਰਨ, ਰਿਟਰਨ ਫ਼ਾਇਲ ਕਰਨ, ਟੈਕਸ ਭੁਗਤਾਨ ਕਰਨ ਜਿਹੀਆਂ ਬੁਨਿਆਦੀ ਸੇਵਾਵਾਂ ਦੀ ਮੇਜ਼ਬਾਨੀ (ਹੋਸਟਿੰਗ) ਜੀ.ਐਸ.ਟੀ. ਸਿਸਟਮ ਵੱਲੋਂ ਕੀਤੀ ਜਾਵੇਗੀ, ਕਾਨੂੰਨੀ ਤੌਰ 'ਤੇ ਸਾਰੇ ਜ਼ਰੂਰੀ ਕਾਰਜ (ਜਿਵੇਂ ਕਿ ਰਜਿਸਟਰੇਸ਼ਨ, ਰਿਟਰਨ ਦਾ ਮੁਲੰਕਣ, ਔਡਿਟ ਕਰਨੀ ਤੇ ਜਾਂਚ ਕਰਨ ਦੀ ਮਨਜ਼ੂਰੀ ਆਦਿ) ਸੂਬਿਆਂ ਅਤੇ ਕੇਂਦਰ ਸਰਕਾਰਾਂ ਦੀਆਂ ਟੈਕਸ ਅਥਾਰਟੀਆਂ ਵੱਲੋਂ ਕੀਤੇ ਜਾਣਗੇ।

ਇਸ ਪ੍ਰਕਾਰ, ਫ਼ਰੰਟਐਂਡ ਦੀ ਵਿਵਸਥਾ ਜੀ.ਐਸ.ਟੀ.ਐਨ. ਵੱਲੋਂ ਕੀਤੀ ਜਾਵੇਗੀ ਅਤੇ ਬੈਕਐਂਡ ਮੌਡਿਊਲਜ਼ ਸੂਬਿਆਂ ਅਤੇ ਕੇਂਦਰ ਸਰਕਾਰ ਵੱਲੋਂ ਵਿਕਸਤ ਕੀਤੇ ਜਾਣਗੇ। ਉਂਝ, 27 ਸੂਬਿਆਂ (ਜਿਨ੍ਹਾਂ ਨੂੰ ਮੌਡਲ 2 ਸੂਬੇ ਕਿਹਾ ਗਿਆ ਹੈ) ਨੇ ਜੀ.ਐਸ.ਟੀ.ਐਨ. ਨੂੰ ਆਪਣੇ ਬੈਕਐਂਡ ਮੌਡਿਊਲਜ਼ ਵੀ ਵਿਕਸਤ ਕਰਨ ਲਈ ਆਖਿਆ ਹੈ। ਸੀ.ਬੀ.ਈ.ਸੀ. ਅਤੇ ਬਾਕੀ ਦੇ 9 ਸੂਬਿਆਂ (ਮੌਡਲ 1) ਨੇ ਬੈਕ-ਐਂਡ ਮੌਡਿਊਲਜ਼ ਖ਼ੁਦ ਵਿਕਸਤ ਕਰਨ ਤੇ ਉਨ੍ਹਾਂ ਦੀ ਮੇਜ਼ਬਾਨੀ ਕਰਨ ਦਾ ਫ਼ੈਸਲਾ ਕੀਤਾ ਹੈ। ਮੌਡਲ 1 ਸੂਬਿਆਂ/ਸੀ.ਬੀ.ਈ.ਸੀ.; ਟੈਕਸ-ਦਾਤਿਆਂ ਵੱਲੋਂ ਜਮ੍ਹਾ/ਦਰਜ ਕਰਵਾਇਆ ਮੁਕੰਮਲ ਡਾਟਾ (ਰਜਿਸਟਰੇਸ਼ਨ, ਰਿਟਰਨ, ਭੁਗਤਾਨ ਆਦਿ) ਸੂਚਨਾ ਲਈ ਸਾਂਝਾ ਕੀਤਾ

ਜਾਵੇਗਾ ਤੇ ਉਨ੍ਹਾਂ ਵੱਲੋਂ ਫ਼ਿਟ ਸਮਝੇ ਜਾਂਦੇ ਅਨੁਸਾਰ ਉਸ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

**ਪ੍ਰਸ਼ਨ 7. ਰਜਿਸਟਰੇਸ਼ਨ ਵਿੱਚ ਜੀ.ਐਸ.ਟੀ.ਐਨ. ਦੀ ਕੀ ਭੂਮਿਕਾ ਹੋਵੇਗੀ?**

ਉੱਤਰ. ਰਜਿਸਟਰੇਸ਼ਨ ਲਈ ਅਰਜ਼ੀ ਜੀ.ਐਸ.ਟੀ. ਪੋਰਟਲ 'ਤੇ ਔਨਲਾਈਨ ਦਿੱਤੀ ਜਾਵੇਗੀ।

ਪੈਨ (ਪਰਮਾਨੈਂਟ ਅਕਾਊਂਟ ਨੰਬਰ), ਵਪਾਰਕ ਗਠਨ, ਆਧਾਰ, ਸੀ.ਆਈ.ਐਨ./ਡੀ.ਆਈ.ਐਨ. ਆਦਿ (ਜਿਵੇਂ ਵੀ ਲਾਗੂ ਹੋਵੇ) ਜਿਹਾ ਕੁਝ ਡਾਟਾ ਦੀ ਪੁਸ਼ਟੀ ਸੀ.ਬੀ.ਡੀ.ਟੀ., ਯੂ.ਆਈ.ਡੀ., ਐਮ.ਸੀ.ਏ. ਆਦਿ ਜਿਹੀ ਸਬੰਧਤ ਏਜੰਸੀ ਵੱਲੋਂ ਔਨਲਾਈਨ ਕੀਤੀ ਜਾਵੇਗੀ; ਇਸ ਤਰ੍ਹਾਂ ਘੱਟ ਤੋਂ ਘੱਟ ਦਸਤਾਵੇਜ਼ੀਕਰਨ ਯਕੀਨੀ ਹੋਵੇਗਾ।

ਸਕੈਨ ਕੀਤੇ ਦਸਤਾਵੇਜ਼ਾਂ ਦਾ ਸਮਰਥਨ ਕਰਨ ਵਾਲਾ ਐਪਲੀਕੇਸ਼ਨ ਡਾਟਾ ਸੂਬਿਆਂ/ਕੇਂਦਰ ਨੂੰ ਜੀ.ਐਸ.ਟੀ.ਐਨ. ਵੱਲੋਂ ਭੇਜਿਆ ਜਾਵੇਗਾ, ਜੋ ਬਦਲੇ ਵਿੱਚ ਸੁਆਲ, ਜੇ ਕੋਈ ਹੋਵੇਗਾ, ਪੁੱਛਣਗੇ, ਫਿਰ ਮਨਜ਼ੂਰੀ ਜਾਂ ਰੱਦ ਕੀਤੇ ਜਾਣ ਬਾਰੇ ਸੂਚਨਾ ਅਤੇ ਜੀ.ਐਸ.ਟੀ.ਐਨ. ਨੂੰ ਡਿਜੀਟਲ ਹਸਤਾਖਰਾਂ ਵਾਲੀ ਰਜਿਸਟਰੇਸ਼ਨ ਅਤੇ ਅੰਤ 'ਚ ਟੈਕਸਦਾਤੇ ਵੱਲੋਂ ਡਾਊਨਲੋਡ ਕੀਤਾ ਜਾ ਸਕੇਗਾ।

**ਪ੍ਰਸ਼ਨ 8. ਜੀ.ਐਸ.ਟੀ.ਐਨ. ਵਿੱਚ ਇਨਫ਼ੋਸਿਸ ਦੀ ਕੀ ਭੂਮਿਕਾ ਹੈ?**

ਉੱਤਰ. ਜੀ.ਐਸ.ਟੀ.ਐਨ. ਨੇ ਸਾਰੇ ਐਪਲੀਕੇਸ਼ਨ ਸੌਫ਼ਟਵੇਅਰ, ਟੂਲਜ਼ ਤੇ ਬੁਨਿਆਦੀ ਢਾਂਚਾ ਅਤੇ ਉਸ ਨੂੰ ਗੋ-ਲਾਈਵ ਮਿਤੀ ਤੋਂ 5 ਸਾਲਾਂ ਦੇ ਸਮੇਂ ਲਈ ਚਲਾਉਣ ਤੇ ਉਸ ਦਾ ਰੱਖ-ਰਖਾਅ ਰੱਖਣ ਸਮੇਤ ਜੀ.ਐਸ.ਟੀ. ਦੇ ਸਿਸਟਮ ਦੇ ਡਿਜ਼ਾਇਨ, ਵਿਕਾਸ, ਤਾਇਨਾਤੀ (ਡੀਪਲੌਇਮੈਂਟ) ਲਈ ਮੈਸ. ਇਨਫ਼ੋਸਿਸ ਨੂੰ ਇੱਕੋ-ਇੱਕ ਪ੍ਰਬੰਧਿਤ ਸੇਵਾ ਪ੍ਰਦਾਤਾ (ਐਮ.ਐਸ.ਪੀ. - ਮੈਨੇਜਡ ਸਰਵਿਸ ਪ੍ਰੋਵਾਈਡਰ) ਵਜੋਂ ਨਾਲ ਲਿਆ ਹੈ।

**ਪ੍ਰਸ਼ਨ 9. ਜੀ.ਐਸ.ਟੀ. ਕੌਮਨ ਪੋਰਟਲ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਕੀ ਹਨ?**

ਉੱਤਰ. ਜੀ.ਐਸ.ਟੀ. ਪੋਰਟਲ (www.gst.gov.in) ਤੱਕ (ਟੈਕਸਦਾਤਿਆਂ ਤੇ ਉਨ੍ਹਾਂ ਦੇ ਸੀ.ਏਜ਼/ਟੈਕਸ ਵਕੀਲਾਂ ਆਦਿ ਦੀ) ਪਹੁੰਚ ਇੰਟਰਨੈਟ ਰਾਹੀਂ ਅਤੇ ਟੈਕਸ ਅਧਿਕਾਰੀਆਂ ਆਦਿ ਦੀ ਇੰਟਰਾਨੈੱਟ ਦੁਆਰਾ ਹੋਵੇਗੀ। ਜੀ.ਐਸ.ਟੀ. ਨਾਲ ਸਬੰਧਤ ਸੇਵਾਵਾਂ ਲਈ ਪੋਰਟਲ ਇੱਕੋ-ਇੱਕ ਕੌਮਨ ਪੋਰਟਲ ਹੋਵੇਗਾ। ਸੇਵਾਵਾਂ, ਜਿਵੇਂ ਕਿ -

i. ਟੈਕਸਦਾਤੇ ਦੀ ਰਜਿਸਟਰੇਸ਼ਨ (ਨਵੀਂ, ਸਰੈਂਡਰ, ਰੱਦ ਕਰਵਾਉਣ ਆਦਿ)

ii. ਇਨਵੁਆਇਸਜ਼ ਅਪਲੋਡ, ਖ਼ਰੀਦਦਾਰ ਦੇ ਖ਼ਰੀਦ ਰਜਿਸਟਰ ਦੀ ਔਟੋ-ਡ੍ਰਾਫ਼ਟਿੰਗ, ਨਿਯਤ-ਕਾਲਿਕ (ਪੀਰੀਔਡਿਕ) ਹਰੇਕ ਪ੍ਰਕਾਰ ਦੀ ਰਿਟਰਨ ਦੀ ਫ਼ਾਇਲਿੰਗ (ਜੀ.ਐਸ.ਟੀ.ਆਰ. (1,2,3,5,9 ਆਦਿ));

iii. ਚਲਾਨ ਦੀ ਸਿਰਜਣਾ ਰਾਹੀਂ ਟੈਕਸ ਭੁਗਤਾਨ ਅਤੇ ਏਜੰਸੀ ਬੈਂਕਾਂ ਨਾਲ ਸੰਗਠਨ;


iv. ਆਈ.ਟੀ.ਸੀ. ਅਤੇ ਕੈਸ਼ ਲੈਜਰ ਅਤੇ ਦੇਣਦਾਰੀ ਰਜਿਸਟਰ;

v. ਟੈਕਸਦਾਤਿਆਂ, ਟੈਕਸ ਅਧਿਕਾਰੀਆਂ ਅਤੇ ਹੋਰ ਸਬੰਧਤ ਧਿਰਾਂ ਲਈ ਐਮ.ਆਈ.ਐਸ. ਰਿਪੋਰਟਿੰਗ;

vi. ਟੈਕਸ ਅਧਿਕਾਰੀਆਂ ਲਈ ਬੀ.ਆਈ./ਐਨਾਲਿਟਿਕਸ।

**ਪ੍ਰਸ਼ਨ 10. ਜੀ.ਐਸ.ਟੀ. ਈਕੋ-ਸਿਸਟਮ ਦੀ ਧਾਰਨਾ ਕੀ ਹੈ?**

ਉੱਤਰ. ਇੱਕ ਸਾਂਝਾ ਜੀ.ਐਸ.ਟੀ. ਸਿਸਟਮ ਸਾਰੇ ਸੂਬਾਈ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਪਾਰਕ/ਵਣਜ ਟੈਕਸ ਵਿਭਾਗਾਂ, ਕੇਂਦਰੀ ਟੈਕਸ ਅਥਾਰਟੀਜ਼, ਟੈਕਸਦਾਤਿਆਂ, ਬੈਂਕਾਂ ਤੇ ਹੋਰ ਸਬੰਧਤ ਧਿਰਾਂ ਨੂੰ ਲਿੰਕੇਜ ਪ੍ਰਦਾਨ ਕਰੇਗਾ। ਇਸ ਈਕੋ-ਸਿਸਟਮ ਵਿੱਚ ਟੈਕਸਦਾਤੇ ਤੋਂ ਲੈ ਕੇ ਟੈਕਸ ਪ੍ਰੋਫ਼ੈਸ਼ਨਲ ਤੱਕ, ਟੈਕਸ ਅਧਿਕਾਰੀਆਂ ਤੋਂ ਜੀ.ਐਸ.ਟੀ. ਪੋਰਟਲ ਤੱਕ, ਬੈਂਕਾਂ ਤੋਂ ਅਕਾਊਂਟਿੰਗ ਅਥਾਰਟੀਜ਼ ਤੱਕ ਸਾਰੀਆਂ ਸਬੰਧਤ ਧਿਰਾਂ ਸ਼ਾਮਲ ਹਨ। ਨਿਮਨਲਿਖਤ ਰੇਖਾ-ਚਿੱਤਰ ਸਮੁੱਚੇ ਜੀ.ਐਸ.ਟੀ. ਈਕੋ-ਸਿਸਟਮ ਨੂੰ ਦਰਸਾਉਂਦਾ ਹੈ।



**ਪ੍ਰਸ਼ਨ 11. ਜੀ.ਐਸ.ਪੀ. (ਜੀ.ਐਸ.ਟੀ. ਸੁਵਿਧਾ ਪ੍ਰੋਵਾਈਡਰ) ਕੀ ਹੈ?**

ਉੱਤਰ. ਜੀ.ਐਸ.ਟੀ. ਸਿਸਟਮ ਟੈਕਸਦਾਤਿਆਂ ਦੇ ਜੀ.ਐੱਸ.ਟੀ. ਸਿਸਟਮ ਤੱਕ ਪਹੁੰਚ ਲਈ ਜੀ.ਐੱਸ.ਟੀ. ਪੋਰਟਲ ਮੁਹੱਈਆ ਕਰਵਾਏਗਾ ਅਤੇ ਜੀ.ਐੱਸ.ਟੀ. ਦੀ ਪਾਲਣਾ ਦੀਆਂ ਸਾਰੀਆਂ ਗਤੀਵਿਧੀਆਂ ਕਰੇਗਾ। ਪਰ ਇੱਥੇ ਟੈਕਸ-ਦਾਤਿਆਂ ਦੇ ਵਿਆਪਕ ਵਰਗ ਹੋਣਗੇ (ਲਘੂ ਤੇ ਦਰਮਿਆਨੇ ਉੱਦਮ, ਵਿਸ਼ਾਲ ਉੱਦਮ, ਸੂਖਮ ਉੱਦਮ ਆਦਿ), ਜਿਨ੍ਹਾਂ ਨੂੰ ਵੱਖੋ-ਵੱਖਰੀ ਕਿਸਮ ਦੀਆਂ ਸਹੂਲਤਾਂ ਜਿਵੇਂ ਉਨ੍ਹਾਂ ਦੀ ਖ਼ਰੀਦਦਾਰੀ/ਵਿਕਰੀਆਂ ਰਜਿਸਟਰ ਡਾਟਾ, ਜੀ.ਐੱਸ.ਟੀ. ਪਾਲਣਾ ਫ਼ਾਰਮੈਟ, ਉਨ੍ਹਾਂ ਅਕਾਊਂਟਿੰਗ ਪੈਕੇਜਸ ਦਾ ਸੰਗਠਨ/ਜੀ.ਐੱਸ.ਟੀ. ਸਿਸਟਮ ਨਾਲ ਈ.ਆਰ.ਪੀ. ਆਦਿ, ਮੇਲੇ ਗਏ/ਬੇਮੇਲ ਆਈ.ਟੀ.ਸੀ. ਕਲੇਮਜ਼, ਟੈਕਸ ਦੇਣਦਾਰੀ, ਫ਼ਾਇਲਿੰਗ ਸਥਿਤੀ ਵੇਖਣ ਲਈ ਵਿਭਿੰਨ ਪ੍ਰਕਾਰ ਦੇ ਡੈਸ਼ਬੋਰਡਜ਼ ਵਿੱਚ ਲੋੜ ਹੋ ਸਕਦੀ ਹੈ। ਕਿਉਂਕਿ ਇਨਵੁਆਇਸ ਲੈਵਲ ਦੀ ਫ਼ਾਇਲਿੰਗ ਜ਼ਰੂਰੀ ਹੈ, ਇਸ ਲਈ ਵੱਡੇ ਸੰਗਠਨਾਂ ਨੂੰ ਜੀ.ਐੱਸ.ਟੀ. ਸਿਸਟਮ ਨਾਲ ਇੰਟਰਐਕਟ ਲਈ ਇੱਕ ਆੱਟੋਮੇਟਡ ਢੰਗ ਦੀ ਜ਼ਰੂਰਤ ਹੋ ਸਕਦੀ ਹੈ ਕਿਉਂਕਿ ਇੱਕ ਵੈੱਬ ਪੋਰਟਲ ਰਾਹੀਂ ਇੰਨੀ ਵੱਡੀ ਗਿਣਤੀ ਵਿੱਚ ਇਨਵੁਆਇਸਜ਼ ਅਪਲੋਡ ਕਰਨਾ ਉਨ੍ਹਾਂ ਲਈ ਵਿਵਹਾਰਕ ਤੌਰ ਉੱਤੇ ਅਸੰਭਵ ਹੋਵੇਗਾ। ਇਸ ਲਈ ਈਕੋ-ਸਿਸਟਮ ਦੀ ਜ਼ਰੂਰਤ ਹੈ, ਜਿਹੜਾ ਜੀ.ਐੱਸ.ਟੀ. ਕਾਨੂੰਨ ਦੀ ਪਾਲਣਾ ਵਿੱਚ ਅਜਿਹੇ ਟੈਕਸ-ਦਾਤਿਆਂ ਦੀ ਮਦਦ ਕਰ ਸਕੇ।

ਕਿਉਂਕਿ ਟੈਕਸ-ਦਾਤੇ ਦੀ ਸੁਵਿਧਾ ਹੀ ਜੀ.ਐੱਸ.ਟੀ. ਸ਼ਾਸਨ ਦੀ ਸਫ਼ਲਤਾ ਦੀ ਕੁੰਜੀ ਹੈ, ਇਹ ਈਕੋ-ਸਿਸਟਮ; ਤੀਜੀ ਧਿਰ ਦੀਆਂ ਐਪਲੀਕੇਸ਼ਨਜ਼ ਦੀ ਵਰਤੋਂ, ਟੈਕਸ-ਦਾਤੇ ਦੇ ਵਿਕਲਪ ਵੀ ਪ੍ਰਦਾਨ ਕਰੇਗਾ, ਜਿਸ ਨਾਲ ਜੀ.ਐੱਸ.ਟੀ. ਦੀ ਪਾਲਣਾ ਲਈ ਉਨ੍ਹਾਂ ਵਾਸਤੇ ਡੈਸਕਟੱਪ/ਮੋਬਾਇਲ ਉੱਤੇ ਵਿਭਿੰਨ ਕਿਸਮ ਦੇ ਇੰਟਰਫ਼ੇਸਜ਼ ਮੁਹੱਈਆ ਕੀਤੇ ਜਾ ਸਕਦੇ ਹਨ।

ਉਪਰੋਕਤ ਸਾਰੇ ਕਾਰਨਾਂ ਕਰ ਕੇ ਤੀਜੀ ਘਿਰ ਦੇ ਸਰਵਿਸ ਪ੍ਰੋਵਾਈਡਰਜ਼ ਦੇ ਈਕੋ-ਸਿਸਟਮ ਦੀ ਜ਼ਰੂਰਤ ਹੈ, ਜਿਸ ਦੀ ਪਹੁੰਚ ਜੀ.ਐੱਸ.ਟੀ. ਸਿਟਮ ਤੱਕ ਹੋਵੇਗੀ ਅਤੇ ਅਜਿਹੀਆਂ ਐਪਲੀਕੇਸ਼ਨਜ਼ ਵਿਕਸਤ ਕਰਨ ਦੀ ਸਮਰੱਥਾ ਹੋਵੇਗੀ। ਇਨ੍ਹਾਂ ਸੇਵਾ ਪ੍ਰਦਾਤਿਆਂ (ਸਰਵਿਸ ਪ੍ਰੋਵਾਈਡਰਜ਼) ਨੂੰ ਇੱਕ ਜੈਨਰਿਕ ਨਾਮ 'ਜੀ.ਐੱਸ.ਟੀ. ਸੁਵਿਧਾ ਪ੍ਰੋਵਾਈਡਰਜ਼' ਜਾਂ ਜੀ.ਐੱਸ.ਪੀ. ਦਿੱਤਾ ਗਿਆ ਹੈ।

**ਪ੍ਰਸ਼ਨ 12. ਜੀ.ਐਸ.ਟੀ. ਸੁਵਿਧਾ ਪ੍ਰੋਵਾਈਡਰਜ਼ ਦੀ ਭੂਮਿਕਾ ਕੀ ਹੋਵੇਗੀ?**

ਉੱਤਰ. ਜੀ.ਐਸ.ਪੀ.; ਐਪਲੀਕੇਸ਼ਨਜ਼ ਨੂੰ ਵਿਕਸਤ ਕਰੇਗਾ, ਜਿਨ੍ਹਾਂ ਵਿੱਚ ਰਿਟਰਨ ਫ਼ਾਇਲਿੰਗ, ਖ਼ਰੀਦ ਰਜਿਸਟਰ ਡਾਟਾ ਦੇ ਸਮਝੌਤੇ ਆਟੋ ਪਾਪੂਲੇਟਡ ਡਾਟਾ ਨਾਲ ਪ੍ਰਵਾਨਗੀ/ਰੰਦ ਕਰਨ/ਸੋਧ ਲਈ, ਜੀ.ਐੱਸ.ਟੀ. ਦੀ ਪਾਲਣਾ ਦੀਆਂ ਗਤੀਵਿਧੀਆਂ ਉੱਤੇ ਤੁਰੰਤ ਨਜ਼ਰ ਰੱਖਣ ਟੈਕਸ ਦਾਤਿਆਂ ਲਈ ਡੈਸ਼ਬੋਰਡਜ਼ ਜਿਹੀਆਂ ਵਿਸ਼ੇਸ਼ਤਾਵਾਂ ਹੋਣਗੀਆਂ, ਉਹ ਇਨਵੁਆਇਸ ਅਪਲੋਡਿੰਗ, ਰਿਟਰਨਾਂ ਫ਼ਾਇਲ ਕਰਨ ਆਦਿ ਜਿਹੀਆਂ ਜੀ.ਐੱਸ.ਟੀ. ਨਾਲ ਸਬੰਧਤ ਵਿਭਿੰਨ ਗਤੀਵਿਧੀਆਂ ਦੀ ਵੰਡ ਤੱਕ ਪਹੁੰਚ ਆਧਾਰਤ ਭੂਮਿਕਾ, ਇੱਕ ਕੰਪਨੀ (ਦਰਮਿਆਨੀਆਂ ਜਾਂ ਵਿਸ਼ਾਲ ਕੰਪਨੀਆਂ ਨੂੰ ਇਸ ਦੀ ਜ਼ਰੂਰਤ ਹੋਵੇਗੀ) ਵਿੱਚ ਵਰਤੋਂਕਾਰਾਂ ਦੇ ਵਿਭਿੰਨ ਸੈੱਟ ਵਿਚਾਲੇ ਵੀ ਪ੍ਰਦਾਨ ਕਰਵਾ ਸਕਦੇ ਹਨ, ਜੀ.ਐੱਸ.ਟੀ. ਦੀ ਪਾਲਣਾ ਨਾਲ ਸਬੰਧਤ ਉਨ੍ਹਾਂ ਦੇ ਗਾਹਕਾਂ ਦੀਆਂ ਗਤੀਵਿਧੀਆਂ ਦੇ ਪ੍ਰਬੰਧ ਲਈ ਟੈਕਸ ਪ੍ਰੋਫ਼ੈਸ਼ਨਲ ਵਾਸਤੇ ਐਪਲੀਕੇਸ਼ਨਜ਼, ਵਰਤਮਾਨ ਅਕਾਊਂਟਿੰਗ ਪੈਕੇਜਸ ਦਾ ਸੰਗਠਨ/ਜੀ.ਐੱਸ.ਟੀ. ਸਿਸਟਮ ਨਾਲ ਈ.ਆਰ.ਪੀ., ਆਦਿ।

**ਪ੍ਰਸ਼ਨ 13. ਜੀ.ਐਸ.ਪੀ. ਦੀ ਵਰਤੋਂ ਕਰਨ ਦੇ ਟੈਕਸਦਾਤਿਆਂ ਨੂੰ ਕੀ ਲਾਭ ਹਨ?**

ਉੱਤਰ. ਜੀ.ਐੱਸ.ਪੀ. ਵੱਲੋਂ ਐਪਲੀਕੇਸ਼ਨਜ਼ ਵਿਕਸਤ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਰਿਟਰਨ ਫ਼ਾਇਲਿੰਗ, ਜੀ.ਐੱਸ.ਟੀ. ਦੀ ਪਾਲਣਾ ਨਾਲ ਸਬੰਧਤ ਗਤੀਵਿਧੀਆਂ ਉੱਤੇ ਤੁਰੰਤ ਨਿਗਰਾਨੀ ਲਈ ਟੈਕਸ-ਦਾਤਿਆਂ ਵਾਸਤੇ ਡੈਸ਼ਬੋਰਡਜ਼, ਪ੍ਰਵਾਨਗੀ/ਰੱਦ ਕਰਨ/ਸੋਧ ਕਰਨ ਲਈ ਔਟੋ ਪਾਪੂਲੇਟਡ ਡਾਟਾ ਨਾਲ ਖ਼ਰੀਦਦਾਰੀ ਰਜਿਸਟਰ ਡਾਟਾ ਦੀ ਰੀਕਨਸੀਲੀਏਸ਼ਨ ਜਿਹੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ। ਉਹ ਇੱਕ ਕੰਪਨੀ ਵਿੱਚ ਯੂਜ਼ਰਜ਼ ਦੇ ਵੱਖੋ-ਵੱਖਰੇ ਸੈੱਟਾਂ ਵਿਚਕਾਰ ਇਨਵੁਆਇਸ ਅਪਲੋਡ ਕਰਨ ਲਈ, ਰਿਟਰਨਾਂ ਫ਼ਾਇਲ ਕਰਨ ਲਈ ਅਪਲੋਡਿੰਗ ਜਿਹੀਆਂ ਜੀ.ਐੱਸ.ਟੀ. ਦੀਆਂ ਵਿਭਿੰਨ ਗਤੀਵਿਧੀਆਂ ਲਈ ਭੂਮਿਕਾ ਆਧਾਰਤ ਪਹੁੰਚ ਵੀ ਪ੍ਰਦਾਨ ਕਰਨਗੇ (ਦਰਮਿਆਨੀਆਂ ਜਾਂ ਵੱਡੀਆਂ ਕੰਪਨੀਆਂ ਨੂੰ ਇਸ ਦੀ ਜ਼ਰੂਰਤ ਪਵੇਗੀ)। ਟੈਕਸ ਪ੍ਰੋਫ਼ੈਸ਼ਨਲਜ਼ ਲਈ ਐਪਲੀਕੇਸ਼ਨਜ਼ ਵੀ ਵਿਕਸਤ ਕੀਤੀਆਂ ਜਾਣਗੀਆਂ, ਤਾਂ ਜੋ ਉਹ ਆਪਣੇ ਮੁਵੱਕਿਲ/ਗਾਹਕ ਲਈ ਜੀ.ਐੱਸ.ਟੀ. ਪਾਲਣਾ ਨਾਲ ਸਬੰਧਤ ਗਤੀਵਿਧੀਆਂ ਨਾਲ ਨਿਪਟ ਸਕਣ ਅਤੇ ਵਰਤਮਾਨ ਅਕਾਊਂਟਿੰਗ ਪੈਕੇਜਸ/ਜੀ.ਐੱਸ.ਟੀ.

ਸਿਸਟਮ ਨਾਲ ਈ.ਆਰ.ਪੀ. ਆਦਿ ਦੇ ਗਠਨ ਸੰਭਵ ਹੋ ਸਕਣ।

**ਪ੍ਰਸ਼ਨ 13. ਜੀ.ਐੱਸ.ਪੀਜ਼ ਦੀ ਵਰਤੋਂ ਨਾਲ ਟੈਕਸ-ਦਾਤਿਆਂ ਨੂੰ ਕੀ ਲਾਭ ਹਨ?**

ਉੱਤਰ. ਅਰੰਭ ਵਿੱਚ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੀ.ਐੱਸ.ਟੀ. ਅਧੀਨ ਸਾਰੇ ਆਵੱਸ਼ਕ ਕਾਰਜ ਇੱਕ ਟੈਕਸ-ਦਾਤੇ ਵੱਲੋਂ ਜੀ.ਐੱਸ.ਟੀ. ਪੋਰਟਲ ਉੱਤੇ ਕੀਤੇ ਜਾ ਸਕਦੇ ਹਨ। ਜੀ.ਐੱਸ.ਪੀ. ਇੱਕ ਵਧੀਕ ਚੈਨਲ ਹੈ, ਜੋ ਕੁਝ ਕਾਰਜ ਕਰਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਵਰਤੋਂ ਲਈ ਉਪਲਬਧ ਕਰਵਾਇਆ ਜਾ ਰਿਹਾ ਹੈ ਅਤੇ ਇਹ ਵੈਕਲਪਿਕ ਹੈ। ਕੁਝ ਵਿਸ਼ੇਸ਼ ਹੱਲ, ਜਿਨ੍ਹਾਂ ਦੀ ਪੇਸ਼ਕਸ਼ ਜੀ.ਐੱਸ.ਟੀ. ਦੀ ਪਾਲਣਾ ਲਈ ਟੈਕਸਦਾਤਿਆਂ ਦੀਆਂ ਖ਼ਾਸ ਆਵਸ਼ਕਤਾਵਾਂ ਦੀ ਪੂਰਤੀ ਲਈ ਜੀ.ਐੱਸ.ਪੀ. ਵੱਲੋਂ ਕੀਤੀ ਜਾ ਸਕਦੀ ਹੈ:

1. ਉਨ੍ਹਾਂ ਦੇ ਮੌਜੂਦਾ ਅਕਾਊਂਟਿੰਗ ਸਾੱਫ਼ਟਵੇਅਰ ਦੁਆਰਾ ਜੈਨਰੇਟ ਕੀਤੇ ਗਏ ਉਨ੍ਹਾਂ ਦੇ ਮੌਜੂਦਾ ਇਨਵੁਆਇਸ ਫ਼ਾਰਮੈਟ; ਜੋ ਸੀ.ਐੱਸ.ਵੀ., ਪੀ.ਡੀ.ਐੱਫ਼., ਐਕਸੈੱਲ, ਵਰਡ ਫ਼ਾਰਮੈਟ ਹੋ ਸਕਦੇ ਹਨ, ਦਾ ਤਬਾਦਲਾ ਜੀ.ਐੱਸ.ਟੀ. ਦੇ ਫ਼ਾਰਮੈਟ ਅਨੁਸਾਰ ਕਰਨਾ।
2. ਜੀ.ਐੱਸ.ਟੀ. ਪੋਰਟਲ ਤੋਂ ਆੱਟੋ ਪਾਪੂਲੇਟਡ ਡਾਟਾ ਦੀ ਉਨ੍ਹਾਂ ਦੇ ਪਰਚੇਜ਼ ਰਜਿਸਟਰ ਡਾਟਾ ਨਾਲ ਰਕਨਸੀਲੀਏਸ਼ਨ; ਜਿੱਥੇ ਪਰਚੇਜ਼ ਰਜਿਸਟਰ ਡਾਟਾ ਐੱਕਸੈਲ, ਸੀ.ਐੱਸ.ਵੀ. ਜਾਂ ਕਿਸੇ ਪ੍ਰੋਪਰਾਇਟਰੀ ਡਾਟਾਬੇਸ ਵਿੱਚ ਹੋ ਸਕਦਾ ਹੈ ਅਤੇ ਅਪਲੋਡ ਕੀਤਾ ਗਿਆ ਡਾਟਾ ਜੀ.ਐੱਸ.ਟੀ. ਫ਼ਾਰਮੈਟ ਤੋਂ ਜੇ.ਐੱਸ.ਓ.ਐੱਨ./ਸੀ.ਐੱਸ.ਵੀ. ਵਿੱਚ ਹੋ ਸਕਦਾ ਹੈ।
3. ਵਿਭਿੰਨ ਸ਼ਾਖ਼ਾਵਾਂ ਵਾਲੇ ਸੰਗਠਨ ਨੂੰ ਆਪਣੀ ਹਰੇਕ ਸ਼ਾਖ਼ਾ ਕ੍ਰਮ ਅਨੁਸਾਰ ਇਨਵੁਆਇਸਜ਼ ਅਪਲੋਡ ਕਰਨ ਦੀ ਜ਼ਰੂਰਤ ਪਵੇਗੀ, ਜਦ ਕਿ ਜੀ.ਐੱਸ.ਟੀ. ਸਿਸਟਮ ਤਾਂ ਆਪਣੇ ਤੱਕ ਪਹੁੰਚ ਲਈ ਕੇਵਲ ਇੱਕੋ ਯੂਜ਼ਰ-ਆਈ.ਡੀ./ਪਾਸਵਰਡ ਹੀ ਪ੍ਰਦਾਨ ਕਰੇਗਾ। ਭੂਮਿਕਾ ਆਧਾਰਤ ਪਹੁੰਚ ਵਾਲੀ ਇੱਕ ਐਪਲੀਕੇਸ਼ਨ ਅਤੇ ਵੱਖੋ-ਵੱਖਰੀਆਂ ਸ਼ਾਖ਼ਾਵਾਂ ਲਈ ਵੱਖੋ-ਵੱਖਰੇ ਵਿਊ ਦੀ ਜ਼ਰੂਰਤ ਪਵੇਗੀ।
4. ਇੱਕ ਕੰਪਨੀ ਜੋ ਵੱਖੋ-ਵੱਖਰੇ ਰਾਜਾਂ ਵਿੱਚ ਰਜਿਸਟਰਡ ਹੈ, ਉਸ ਨੂੰ ਇੱਕੋ ਸਕ੍ਰੀਨ ਉੱਤੇ ਸਾਰੀਆਂ ਸ਼ਾਖ਼ਾਵਾਂ ਨੂੰ ਏਕੀਕ੍ਰਿਤ ਰੂਪ ਵਿੱਚ ਵੇਖਣ ਦੀ ਲੋੜ ਹੋ ਸਕਦੀ ਹੈ।

5. ਜੀ.ਐੱਸ.ਟੀ. ਪ੍ਰੋਫ਼ੈਸ਼ਨਲਜ਼ ਨੂੰ ਕੁਝ ਵਿਸ਼ੇਸ਼ ਐਪਲੀਕੇਸ਼ਨਜ਼ ਦੀ ਲੋੜ ਪਵੇਗੀ, ਜਿਸ ਨਾਲ ਉਹ ਆਪਣੇ ਇੱਕ ਡੈਸ਼ਬੋਰਡ ਆਦਿ ਉੱਤੇ ਆਪਣੇ ਗਾਹਕ/ਮੁਵੱਕਿਲ ਟੈਕਸ-ਦਾਤਿਆਂ ਲਈ ਜੀ.ਐੱਸ.ਟੀ. ਪਾਲਣਾ ਦੀਆਂ ਗਤੀਵਿਧੀਆਂ ਨੂੰ ਨੇਪਰੇ ਚਾੜ੍ਹਨ ਤੇ ਉਨ੍ਹਾਂ ਦਾ ਪ੍ਰਬੰਧ ਵੇਖਣ ਸਕਣ।

ਇੱਥੇ ਉੱਪਰ ਤਾਂ ਕੇਵਲ ਕੁਝ ਕੁ ਉਦਾਹਰਨਾਂ ਹੀ ਦਿੱਤੀਆਂ ਗਈਆਂ ਹਨ। ਵੱਖੋ-ਵੱਖਰੇ ਸੈੱਟਾਂ ਦੇ ਟੈਕਸ-ਦਾਤਿਆਂ ਨੂੰ ਹੋਰ ਵੀ ਬਹੁਤ ਸਾਰੀਆਂ ਆਵੱਸ਼ਕਤਾਵਾਂ ਹੋਣਗੀਆਂ। ਟੈਕਸ-ਦਾਤਿਆਂ ਦੀਆਂ ਇਹ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਜੀ.ਐੱਸ.ਪੀਜ਼ (GSPs)ਦੁਆਰਾ ਪੂਰੀ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 14. ਜੀ.ਐਸ.ਟੀ.ਐਨ. ਵੱਲੋਂ ਵਿਕਸਤ ਕੀਤੇ ਅਤੇ ਕਾਇਮ ਕਰ ਕੇ ਰੱਖੇ ਜਾ ਰਹੇ ਜੀ.ਐਸ.ਟੀ. ਕੱਮਨ ਪੋਰਟਲ ਦੇ ਸਬੰਧ ਵਿੱਚ ਟੈਕਸਦਾਤਿਆਂ ਦੀ ਭੂਮਿਕਾ ਕੀ ਹੋਵੇਗੀ?**

ਉੱਤਰ. ਜੀ.ਐਸ.ਟੀ. ਅਧੀਨ ਟੈਕਸ-ਦਾਤਿਆਂ ਦੀਆਂ ਸਾਰੀਆਂ ਜ਼ਰੂਰਤਾਂ ਵਾਸਤੇ ਜੀ.ਐੱਸ.ਟੀ. ਦੇ ਕੌਮਨ ਪੋਰਟਲ ਨੂੰ ਇੱਕ 'ਵਨ-ਸਟੌਪ-ਸ਼ੌਪ' ਵਜੋਂ ਵਿਚਾਰਿਆ ਜਾ ਰਿਹਾ ਹੈ, ਭਾਵ ਜਿੱਥੇ ਟੈਕਸ-ਦਾਤਿਆਂ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ। ਜੀ.ਐੱਸ.ਟੀ.ਐੱਨ. ਦੇ ਪ੍ਰਬੰਧ ਅਧੀਨ ਜੀ.ਐੱਸ.ਟੀ. ਪੋਰਟਲ ਰਾਹੀਂ ਟੈਕਸ-ਦਾਤਿਆਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਵਿਆਖਿਆਤਮਕ ਸੂਚੀ ਇਸ ਪ੍ਰਕਾਰ ਹੈ:

* ਰਜਿਸਟਰੇਸ਼ਨ ਲਈ ਅਰਜ਼ੀ ਅਤੇ ਰਜਿਸਟਰੇਸ਼ਨ ਵਿੱਚ ਸੋਧ, ਰਜਿਸਟਰੇਸ਼ਨ ਦਾ ਰੱਦ ਹੋਣਾ ਅਤੇ ਪ੍ਰੋਫ਼ਾਇਲ ਮੈਨੇਜਮੈਂਟ;
* ਦੰਡਾਂ, ਜੁਰਮਾਨਿਆਂ, ਵਿਆਜ ਆਦਿ ਸਮੇਤ ਟੈਕਸਾਂ ਦਾ ਭੁਗਤਾਨ (ਬੈਂਕ ਦੇ ਪੋਰਟਲ ਜਾਂ ਬੈਂਕ ਪਰਿਸਰਾਂ ਦੇ ਅੰਦਰ ਭੁਗਤਾਨ ਵਜੋਂ ਚਲਾਨ ਦੀ ਸਿਰਜਣਾ ਦੀਆਂ ਮੱਦਾਂ ਵਿੱਚ);
* ਇੱਕ ਟੈਕਸ-ਦਾਤੇ ਦਾ ਸਟੇਟਸ ਆਮ ਤੋਂ ਕੰਪਾਊਂਡਿੰਗ ਜਾਂ ਇਸ ਤੋਂ ਉਲਟ ਵਿੱਚ ਤਬਦੀਲ ਕਰਨਾ;
* ਇਨਵੁਆਇਸ ਡਾਟਾ ਦੀ ਅਪਲੋਡਿੰਗ ਅਤੇ ਵਿਭਿੰਨ ਵਿਧਾਕ ਰਿਟਰਨਾਂ/ਸਾਲਾਨਾ ਸਟੇਟਮੈਂਟਸ ਦੀ ਫ਼ਾਇਲਿੰਗ;

* ਰਿਟਰਨ/ਟੈਕਸ ਲੈਜਰ/ਕੈਸ਼ ਲੈਜਰ ਆਦਿ ਦੀ ਟਰੈਕ ਸਥਿਤੀ ਯੂਨੀਕ ਐਪਲੀਕੇਸ਼ਨ ਰੈਫ਼ਰੈਂਸ ਨੰਬਰ (ਏ.ਆਰ.ਐੱਨ.) ਦੀ ਵਰਤੋਂ ਕਰਦਿਆਂ ਜੀ.ਐੱਸ.ਟੀ. ਪੋਰਟਲ ਉੱਤੇ ਜੈਨਰੇਟ ਹੁੰਦੀ ਹੈ।
* ਰੀਫ਼ੰਡ ਲਈ ਅਰਜ਼ੀ ਦੇਣਾ ਆਦਿ।
* ਰਿਟਰਨ/ਟੈਕਸ ਲੈਜਰ/ਕੈਸ਼ ਲੇਜਰ ਦੀ ਸਟੇਟਸ ਸਮੀਖਿਆ

**ਪ੍ਰਸ਼ਨ 15. ਜੀ.ਐਸ.ਟੀ.ਐਨ. ਵੱਲੋਂ ਵਿਕਸਤ ਕੀਤੇ ਜਾ ਰਹੇ ਜੀ.ਐਸ.ਟੀ. ਸਿਸਟਮ ਦੇ ਸਬੰਧ ਵਿੱਚ ਸੂਬਾਈ ਅਤੇ ਕੇਂਦਰ ਸਰਕਾਰ ਦੇ ਟੈਕਸ ਅਧਿਕਾਰੀਆਂ ਦੀ ਕੀ ਭੂਮਿਕਾ ਹੋਵੇਗੀ?**

ਉੱਤਰ. ਅਧਿਕਾਰੀ ਨਿਮਨਲਿਖਤ ਵਿਧਾਨਕ ਕਾਰਜਾਂ ਲਈ ਜੀ.ਐੱਸ.ਟੀ. ਪੋਰਟਲ ਉੱਤੇ ਟੈਕਸ-ਦਾਤੇ ਵੱਲੋਂ ਜਮ੍ਹਾ ਕਰਵਾਈ ਜਾਣਕਾਰੀ/ਅਰਜ਼ੀ ਦੀ ਵਰਤੋਂ ਕਰਨਗੇ:

* ਟੈਕਸਦਾਤਿਆਂ ਦੀ ਐਨਰੋਲਮੈਂਟ/ਰਜਿਸਟਰੇਸ਼ਨ ਲਈ ਮਨਜ਼ੂਰੀ/ਰੱਦ ਹੋਣਾ;
* ਸੂਬਾਈ ਟੈਕਸ (ਮੁਲਾਂਕਣ/ਔਡਿਟ/ਰੀਫ਼ੰਡ/ਅਪੀਲ/ਜਾਂਚ) ਦਾ ਟੈਕਸ ਪ੍ਰਸ਼ਾਸਨ
* ਬਿਜ਼ਨੇਸ ਐਨਾਲਿਟਿਕਸ, ਐੱਮ.ਆਈ.ਐੱਸ. ਅਤੇ ਹੋਰ ਜ਼ਰੂਰੀ ਕਾਨੂੰਨੀ ਤੇ ਵਿਧਾਨਕ ਕਾਰਜ।

**ਪ੍ਰਸ਼ਨ 16. ਕੀ ਜੀ.ਐਸ.ਟੀ.ਐਨ. ਸਿਸਟਮ ਵਿੱਚ ਹਰੇਕ ਇਨਵੁਆਇਸ ਲਾਈਨ ਲਈ ਜੀ.ਐਸ.ਟੀ.ਐਨ. ਇੱਕ ਵਿਲੱਖਣ ਸ਼ਨਾਖ਼ਤ ਜੈਨਰੇਟ ਕਰੇਗਾ?**

ਉੱਤਰ. ਨਹੀਂ, ਜੀ.ਐਸ.ਟੀ.ਐਨ. ਕੋਈ ਨਵੀਂ ਸ਼ਨਾਖ਼ਤ ਜੈਨਰੇਟ ਨਹੀਂ ਕਰੇਗਾ। ਸਪਲਾਇਰ ਦੇ ਜੀ.ਐਸ.ਟੀ.ਆਈ.ਐਨ., ਇਨਵੁਆਇਸ ਨੰਬਰ ਅਤੇ ਵਿੱਤੀ ਸਾਲ ਦਾ ਸੁਮੇਲ ਹਰੇਕ ਇਨਵੁਆਇਸ ਨੂੰ ਵਿਲੱਖਣ ਬਣਾਉਣਗੇ।

**ਪ੍ਰਸ਼ਨ 17. ਕੀ ਇਨਵੁਆਇਸ ਡਾਟਾ ਦਿਨ-ਪ੍ਰਤੀ-ਦਿਨ ਆਧਾਰ ਉੱਤੇ ਅਪਲੋਡ ਕੀਤਾ ਜਾ ਸਕਦਾ ਹੈ?**

ਉੱਤਰ. ਜੀ ਹਾਂ, ਜੀ.ਐਸ.ਟੀ. ਪੋਰਟਲ ਦੀ ਅਜਿਹੀ ਕਾਰਜਾਤਮਕਤਾ ਹੋਵੇਗੀ ਕਿ ਉਹ ਇਨਵੁਆਇਸ ਡਾਟਾ ਕਿਸੇ ਵੀ ਸਮੇਂ ਦੇ ਆਧਾਰ 'ਤੇ ਲੈ ਸਕੇ। ਸਪਲਾਇਰ ਵੱਲੋਂ ਇਨਵੁਆਇਸਜ਼ ਨੂੰ ਛੇਤੀ ਅਪਲੋਡ ਕਰਨ ਨਾਲ

ਪ੍ਰਾਪਤਕਰਤਾ ਟੈਕਸਦਾਤੇ ਨੂੰ ਇਨਵੁਆਇਸਜ਼ ਵਿੱਚ ਡਾਟਾ ਦੀ ਛੇਤੀ ਰੀਕਨਸੀਲੀਏਸ਼ਨ ਦੇ ਨਾਲ ਸਪਲਾਇਰ ਟੈਕਸਦਾਤਾ ਨੂੰ ਆਖ਼ਰੀ ਦਿਨ ਰਿਟਰਨਾਂ ਅਪਲੋਡ ਕਰਨ ਦੇ ਆਖ਼ਰੀ ਮਿੰਟ ਦੇ ਭੀੜ-ਭੜੱਕੇ ਤੋਂ ਬਚਾਅ ਵਿੱਚ ਵੀ ਮਦਦ ਮਿਲੇਗੀ।

**ਪ੍ਰਸ਼ਨ 18. ਕੀ ਜੀ.ਐਸ.ਟੀ.ਐਨ., ਜੀ.ਐਸ.ਟੀ. ਪੋਰਟਲ ਉੱਤੇ ਇਨਵੁਆਇਸ ਡਾਟਾ ਅਪਲੋਡ ਕਰਨ ਲਈ ਟੂਲਜ਼ ਪ੍ਰਦਾਨ ਕਰੇਗਾ?**

ਉੱਤਰ. ਜੀ ਹਾਂ, ਜੀ.ਐਸ.ਟੀ.ਐਨ. ਟੈਕਸਦਾਤਿਆਂ ਨੂੰ ਸਪ੍ਰੈੱਡਸ਼ੀਟ (ਮਾਈਕ੍ਰੋਸਾੱਫ਼ਟ ਐਕਸੈੱਲ ਜਿਹੇ) ਵਰਗੇ ਟੂਲਜ਼ ਬਿਲਕੁਲ ਮੁਫ਼ਤ ਪ੍ਰਦਾਨ ਕਰੇਗਾ, ਤਾਂ ਜੋ ਉਹ ਉਸ ਵਿੱਚ ਇਨਵੁਆਇਸ ਡਾਟਾ ਦਾ ਸੰਕਲਨ ਕਰ ਸਕਣ ਅਤੇ ਇੱਕੋ ਵਾਰੀ 'ਚ ਇਨਵੁਆਇਸ ਡਾਟਾ ਅਪਲੋਡ ਕਰ ਸਕਣ। ਇਹ ਇੱਕ ਆੱਫ਼ਲਾਈਨ ਟੂਲ ਹੋਵੇਗਾ, ਜਿਸ ਦੀ ਵਰਤੋਂ ਬਿਨਾ ਆੱਨਲਾਈਨ ਰਹੇ ਵੀ ਇਨਵੁਆਇਸ ਡਾਟਾ ਇਨਪੁਟਸ ਲਈ ਕੀਤੀ ਜਾ ਸਕੇਗਾ ਅਤੇ ਤਦ ਜੀ.ਐੱਸ.ਟੀ. ਪੋਰਟਲ ਉੱਤੇ ਅਪਲੋਡਿੰਗ ਲਈ ਅਨੁਰੂਪ ਫ਼ਾਰਮੈਟ ਵਿੱਚ ਅੰਤਿਮ ਫ਼ਾਈਲਾਂ ਜੈਨਰੇਟ ਹੋ ਸਕਣਗੀਆਂ।

**ਪ੍ਰਸ਼ਨ 19. ਕੀ ਜੀ.ਐਸ.ਟੀ.ਐਨ. ਵੱਲੋਂ ਲੈਜਰਸ ਅਤੇ ਹੋਰ ਅਕਾਊਂਟਸ ਵੇਖਣ ਲਈ ਮੋਬਾਇਲ ਆਧਾਰਤ ਐਪਸ ਪ੍ਰਦਾਨ ਕੀਤੀਆਂ ਜਾਣਗੀਆਂ?**

ਉੱਤਰ. ਜੀ.ਐਸ.ਟੀ. ਪੋਰਟਲ ਇਸ ਢੰਗ ਨਾਲ ਡਿਜ਼ਾਇਨ ਕੀਤਾ ਜਾ ਰਿਹਾ ਹੈ ਕਿ ਇਸ ਨੂੰ ਕਿਸੇ ਵੀ ਸਮਾਰਟ ਫ਼ੋਨ ਉੱਤੇ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾ ਕੈਸ਼ ਲੈਜਰ, ਦੇਣਦਾਰੀ ਲੈਜਰ, ਆਈ.ਟੀ.ਸੀ. ਲੈਜਰ ਆਦਿ ਨੂੰ ਅਨੁਰੂਪ ਬਰਾਊਜ਼ਰਸ ਦੀ ਵਰਤੋਂ ਕਰਦਿਆਂ ਕਿਸੇ ਮੋਬਾਇਲ ਫ਼ੋਨ 'ਤੇ ਵੇਖਿਆ ਜਾ ਸਕਦਾ ਹੈ।

**ਪ੍ਰਸ਼ਨ 20. ਕੀ ਜੀ.ਐਸ.ਟੀ.ਐਨ. ਇੱਕ ਟੈਕਸ ਪ੍ਰੋਫ਼ੈਸ਼ਨਲ ਨੂੰ ਵੱਖਰੀ ਯੂਜ਼ਰ ਆਈ.ਡੀ. ਅਤੇ ਪਾਸਵਰਡ ਪ੍ਰਦਾਨ ਕਰੇਗਾ, ਤਾਂ ਜੋ ਉਹ ਆਪਣੇ ਗਾਹਕਾਂ (ਟੈਕਸਦਾਤਿਆਂ) ਦੀ ਤਰਫ਼ੋਂ ਟੈਕਸਦਾਤਿਆਂ ਦੀ ਯੂਜ਼ਰ ਆਈ.ਡੀ. ਤੇ ਪਾਸਵਰਡ ਦੀ ਆਵਸ਼ਕਤਾ ਤੋ ਬ.ਗੈਰ ਹੀ ਕੰਮ ਕਰ ਸਕਣ, ਜਿਵੇਂ ਕਿ ਅੱਜ ਹੁੰਦਾ ਹੈ?**

ਉੱਤਰ. ਜੀ ਹਾਂ, ਜੀ.ਐਸ.ਟੀ.ਐਨ. ਟੈਕਸ ਪ੍ਰੋਫ਼ੈਸ਼ਨਲਜ਼ ਨੂੰ ਇੱਕ ਵੱਖਰੀ ਯੂਜ਼ਰ ਆਈ.ਡੀ. ਅਤੇ ਪਾਸਵਰਡ ਦੇਵੇਗਾ, ਜਿਸ ਰਾਹੀਂ ਉਹ ਆਪਣੇ ਗਾਹਕਾਂ ਦੀ

ਤਰਫ਼ੋਂ ਬਿਨਾ ਉਨ੍ਹਾਂ ਦੀ ਯੂਜ਼ਰ ਆਈ.ਡੀ. ਅਤੇ ਪਾਸਵਰਡਜ਼ ਮੰਗਿਆਂ ਕੰਮ ਕਰ ਸਕਣਗੇ। ਉਹ ਜੀ.ਐੱਸ.ਟੀ. ਕਾਨੂੰਨ ਅਧੀਨ ਟੈਕਸਦਾਤਿਆਂ ੀ ਤਰਫ਼ੋਂ ਉਨ੍ਹਾਂ ਦੇ ਸਾਰੇ ਕੰਮ ਕਰਨ ਦੇ ਯੋਗ ਹੋਣਗੇ।

**ਪ੍ਰਸ਼ਨ 21. ਕੀ ਉਪਰੋਕਤ ਵਰਣਿਤ ਸੁਵਿਧਾ ਲਈ ਇੱਕ ਵਾਰ ਚੁਣਨ ਤੋਂ ਬਾਅਦ ਟੈਕਸਦਾਤਾ ਆਪਣਾ ਟੈਕਸ ਪ੍ਰੈਕਟੀਸ਼ਨਰ ਬਦਲਣ ਦੇ ਯੋਗ ਹੋ ਸਕੇਗਾ?**

ਉੱਤਰ. ਜੀ ਹਾਂ, ਇੱਕ ਟੈਕਸਦਾਤਾ ਇੱਕ ਵੱਖਰਾ ਟੈਕਸ ਪ੍ਰੈਕਟੀਸ਼ਨਰ ਚੁਣ ਸਕੇਗਾ, ਇਸ ਲਈ ਉਸ ਨੂੰ ਜੀ.ਐਸ.ਟੀ. ਪੋਰਟਲ ਉੱਤੇ ਕੇਵਲ ਅਨਸਿਲੈਕਟ ਕਰਨਾ ਅਤੇ ਨਵੇਂ ਟੈਕਸ ਪ੍ਰੋਫ਼ੈਸ਼ਨਲ ਨੂੰ ਚੁਣਨਾ ਹੋਵੇਗਾ।

**ਪ੍ਰਸ਼ਨ 22. ਕੀ ਸੈਂਟਰਲ ਐਕਸਾਈਜ਼ ਜਾਂ ਸਰਵਿਸ ਟੈਕਸ ਜਾਂ ਸਟੈਟ ਵੈਟ ਅਧੀਨ ਮੌਜੂਦਾ ਟੈਕਸਦਾਤਿਆਂ ਨੂੰ ਜੀ.ਐਸ.ਟੀ. ਅਧੀਨ ਤਾਜ਼ਾ ਰਜਿਸਟਰੇਸ਼ਨ ਲਈ ਅਰਜ਼ੀ ਦੇਣੀ ਹੋਵੇਗੀ?**

ਉੱਤਰ. ਜੀ ਨਹੀਂ, ਮੌਜੂਦਾ ਟੈਕਸਦਾਤਿਆਂ, ਜਿਨ੍ਹਾਂ ਦੇ 'ਪੈਨ' (ਪਰਮਾਨੈਂਟ ਅਕਾਊਂਟ ਨੰਬਰ) ਦੀ ਪੁਸ਼ਟੀ ਸੀ.ਬੀ.ਡੀ.ਟੀ. ਡਾਟਾਬੇਸ ਤੋਂ ਕੀਤੀ ਗਈ ਹੈ, ਉਨ੍ਹਾਂ ਨੂੰ ਨਵੇਂ ਸਿਰੇ ਤੋਂ ਅਰਜ਼ੀ ਦੇਣ ਦੀ ਜ਼ਰੂਰਤ ਨਹੀਂ ਹੋਵੇਗੀ। ਉਨ੍ਹਾਂ ਨੂੰ ਜੀ.ਐਸ.ਟੀ. ਪੋਰਟਲ ਦੁਆਰਾ ਅਸਥਾਈ ਜੀ.ਐਸ.ਟੀ.ਆਈ.ਐਨ. ਜਾਰੀ ਕੀਤਾ ਜਾਵੇਗਾ, ਜੋ ਜੀ.ਐਸ.ਟੀ. ਰਜਿਸਟਰੇਸ਼ਨ ਫ਼ਾਰਮ ਅਨੁਸਾਰ ਵਾਜਬ ਡਾਟਾ ਪ੍ਰਦਾਨ ਕਰਦਿਆਂ ਛੇ ਮਹੀਨਿਆਂ ਲਈ ਵੈਧ ਹੋਵੇਗਾ। ਅਜਿਹੇ ਟੈਕਸਦਾਤਿਆਂ ਨੂੰ ਜੀ.ਐੱਸ.ਟੀ. ਪੋਰਟਲ ਉੱਤੇ ਔਨਲਾਈਨ ਜੀ.ਐੱਸ.ਟੀ. ਐਨਰੋਲਮੈਂਟ ਫ਼ਾਰਮ ਅਨੁਸਾਰ ਵਾਜਬ ਡਾਟਾ ਪ੍ਰਦਾਨ ਕਰਨ ਦੀ ਜ਼ਰੂਰਤ ਹੋਵੇਗੀ। ਡਾਟਾ ਫ਼ਾਇਲਿੰਗ ਮੁਕੰਮਲ ਹੋਣ 'ਤੇ ਟੈਕਸਦਾਤੇ ਦਾ ਸਟੇਟਸ; ਮਾਈਗ੍ਰੇਟਡ ਵਿੱਚ ਤਬਦੀਲ ਹੋ ਜਾਵੇਗਾ। ਨਿਯੁਕਤੀ ਵਾਲੇ ਦਿਨ ਟੈਕਸਦਾਤੇ ਦਾ ਸਟੇਟਸ ਤਬਦੀਲ ਹੋ ਕੇ 'ਐਕਟਿਵ' ਹੋ ਜਾਵੇਗਾ ਅਤੇ ਉਹ ਜੀ.ਐੱਸ.ਟੀ. ਪੋਰਟਲ ਉੱਤੇ ਟੈਕਸਾਂ ਦੇ ਭੁਗਤਾਨ, ਰਿਟਰਨਾਂ ਭਰਨ ਆਦਿ ਜਿਹੀਆਂ ਜ਼ਰੂਰਤਾਂ ਲਈ ਕਾਨੂੰਨ ਦੀ ਪਾਲਣਾ ਦੇ ਯੋਗ ਹੋ ਜਾਵੇਗਾ।

ਜੀ.ਐੱਸ.ਟੀ.ਐੱਨ. ਨੇ ਅਸਥਾਈ ਆਈ.ਡੀਜ਼ ਅਤੇ ਪਾਸਵਰਡਜ਼ ਸਾਰੇ ਅਜਿਹੇ ਟੈਕਸ-ਦਾਤਿਆਂ ਨੂੰ ਜਾਰੀ ਕਰ ਦਿੱਤੇ ਹਨ ਅਤੇ ਉਨ੍ਹਾਂ ਨੂੰ ਟੈਕਸ ਅਥਾਰਟੀਜ਼ ਨਾਲ ਸ਼ੇਅਰ ਕਰ ਦਿੱਤਾ ਹੈ, ਤਾਂ ਜੋ ਉਹ ਟੈਕਸਦਾਤਿਆਂ ਨੂੰ ਇਸ ਬਾਰੇ ਅੱਗੇ ਸੰਦੇਸ਼ ਭੇਜ ਸਕਣ। ਜੀ.ਐੱਸ.ਟੀ. ਪੋਰਟਲ ਉੱਤੇ ਜੀ.ਐੱਸ.ਟੀ. ਲਈ ਵਰਤਮਾਨ

ਟੈਕਸਦਾਤਿਆਂ ਦੀ ਐਨਰੋਲਮੈਂਟ 8 ਨਵੰਬਰ, 2016 ਨੂੰ ਅਰੰਭ ਕੀਤੀ ਗਈ ਸੀ। ਉਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਟੈਕਸਦਾਤਿਆਂ ਨੇ ਆਪਣੀ ਅਸਥਾਈ (ਪ੍ਰੋਵਿਜ਼ਨਲ) ਆਈ.ਡੀ. ਐਕਟੀਵੇਟ ਕਰ ਲਈ ਅਤੇ ਬਹੁਤਿਆਂ ਨੇ ਮਾਈਗ੍ਰੇਸ਼ਨ ਪ੍ਰਕਿਰਿਆ ਮੁਕੰਮਲ ਕਰ ਲਈ ਹੈ। ਹੋਰ ਵੇਰਵੇ https://www.gst.gov.in/help ਉੱਤੇ ਉਪਲਬਧ ਹਨ।

**ਪ੍ਰਸ਼ਨ 23. ਟੈਕਸਦਾਤਿਆਂ ਦੇ ਲਾਭ ਲਈ ਜੀ.ਐੱਸ.ਟੀ.ਐੱਨ. ਵੱਲੋਂ ਜੀ.ਐਸ.ਟੀ. ਪੋਰਟਲ ਉੱਤੇ ਕੰਮ ਦੇ ਵਿਭਿੰਨ ਪੱਖਾਂ ਬਾਰੇ ਕਿਹੜੀ ਸਮੱਗਰੀ ਪ੍ਰਦਾਨ ਕੀਤੀ ਜਾਵੇਗੀ?**

ਉੱਤਰ. ਜੀ.ਐਸ.ਟੀ.ਐਨ. ਕੰਪਿਊਟਰ ਆਧਾਰਤ ਟਰੇਨਿੰਗ (ਸਿਖਲਾਈ) ਸਮੱਗਰੀਆਂ ਤਿਆਰ ਕਰ ਰਿਹਾ ਹੈ, ਜਿਨ੍ਹਾਂ ਵਿੱਚ ਜੀ.ਐਸ.ਟੀ. ਪੋਰਟਲ ਉੱਤੇ ਮੁਕੰਮਲ ਕੀਤੀ ਜਾਣ ਵਾਲੀ ਹਰੇਕ ਪ੍ਰਕਿਰਿਆ ਲਈ ਵਡੀਓਜ਼ ਐਮਬੈੱਡ ਕੀਤੀਆਂ ਗਈਆਂ ਹਨ। ਇਹ ਜੀ.ਐੱਸ.ਟੀ. ਪੋਰਟਲ ਦੇ ਨਾਲ-ਨਾਲ ਸਾਰੀਆਂ ਟੈਕਸ ਅਥਾਰਟੀਜ਼ ਦੀਆਂ ਵੈਬਸਾਈਟਸ ਉੱਤੇ ਵੀ ਰੱਖੀਆਂ ਜਾਣਗੀਆਂ। ਸੀ.ਬੀ.ਟੀ'ਜ਼, ਵੱਖੋ-ਵੱਖਰੇ ਯੂਜ਼ਰ ਮੈਨੂਅਲਜ਼, ਆਮ ਪੁੱਛੇ ਜਾਂਦੇ ਪ੍ਰਸ਼ਨ ਆਦਿ ਵੀ ਟੈਕਸ-ਦਾਤਿਆਂ ਨੂੰ ਸਿੱਖਿਅਤ ਕਰਨ ਲਈ ਜੀ.ਐੱਸ.ਟੀ. ਪੋਰਟਲ ਉੱਤੇ ਰੱਖੇ ਜਾਣਗੇ। ਇਸ ਤੋਂ ਇਲਾਵਾ ਟੈਕਸਦਾਤਿਆਂ ਲਈ ਆਪਣੀਆਂ ਟਿਕਟਾਂ ਦੀ ਮੇਲ (helpdesk@gst.gov.in) ਜਾਂ ਫ਼ੋਨ (0124-4688999) ਦੁਆਰਾ ਲੌਗਿੰਗ ਲਈ ਇੱਕ ਹੈਲਪ-ਡੈਸਕ ਸਥਾਪਤ ਕੀਤਾ ਗਿਆ ਹੈ। ਸੀ.ਬੀ.ਟੀ., ਐਫ਼.ਏ.ਕਿਯੂ ਅਤੇ ਯੂਜ਼ਰ ਮੈਨੂਏਲ ਐਨਰੋਲਮੈਂਟ ਪ੍ਰਕਿਰਿਆ ਲਈ https://www.gst.gov.in/help ਉੱਤੇ ਉਪਲਬਧ ਹਨ।

**ਪ੍ਰਸ਼ਨ 24. ਕੀ ਟੈਕਸਦਾਤਿਆਂ ਵੱਲੋਂ ਜੀ.ਐਸ.ਟੀ. ਕੌਮਨ ਪੋਰਟਲ ਉੱਤੇ ਭਰੀ ਰਿਟਰਨ ਅਤੇ ਰਜਿਸਟਰੇਸ਼ਨ ਡਾਟਾ ਗੁਪਤ ਰਹੇਗਾ?**

ਉੱਤਰ. ਜੀ ਹਾਂ, ਜੀ.ਐਸ.ਟੀ.ਐਨ. ਵੱਲੋਂ ਟੈਕਸਦਾਤਿਆਂ ਦੁਆਰਾ ਜੀ.ਐਸ.ਟੀ. ਕੌਮਨ ਪੋਰਟਲ 'ਤੇ ਦਿੱਤੀ ਨਿਜੀ ਅਤੇ ਵਪਾਰਕ ਜਾਣਕਾਰੀ ਦੀ ਗੋਪਨੀਅਤਾ ਭਾਵ ਭੇਤਦਾਰੀ ਨੂੰ ਯਕੀਨੀ ਬਣਾਉਣ ਲਈ ਸਾਰੇ ਕਦਮ ਚੁੱਕੇ ਜਾ ਰਹੇ ਹਨ। ਇਹ 'ਰੋਲ ਬੇਸਡ ਅਕਸੈਸ ਕੰਟਰੋਲ' (ਆਰ.ਬੀ.ਏ.ਸੀ.) ਅਤੇ ਟੈਕਸਦਾਤਿਆਂ ਦੇ ਅਹਿਮ ਡਾਟਾ ਦੀ ਇਨਕ੍ਰਿਪਸ਼ਨ ਦੁਆਰਾ ਟ੍ਰਾਂਜ਼ਿਟ ਅਤੇ ਸਟੋਰੇਜ ਦੋਵਾਂ ਵਿੱਚ ਕੀਤਾ ਜਾਵੇਗਾ। ਕੇਵਲ ਅਧਿਕਾਰਤ ਟੈਕਸ ਅਥਾਰਟੀਜ਼ ਹੀ ਇਸ ਡਾਟਾ ਨੂੰ ਵੇਖਣ ਅਤੇ ਪੜ੍ਹਨ ਦੇ ਯੋਗ ਹੋਣਗੇ।

**ਪ੍ਰਸ਼ਨ 25. ਜੀ.ਐਸ.ਟੀ. ਸਿਸਟਮ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜੀ.ਐਸ.ਟੀ.ਐਨ. ਵੱਲੋਂ ਕੀ ਸੁਰੱਖਿਆ ਕਦਮ ਚੁੱਕੇ ਜਾ ਰਹੇ ਹਨ?**

ਉੱਤਰ. ਜੀ.ਐਸ.ਟੀ. ਸਿਸਟਮਜ਼ ਪ੍ਰਾਜੈਕਟ ਨੂੰ ਅਤਿ-ਆਧੁਨਿਕ ਸੁਰੱਖਿਆ ਤਾਣੇ-ਬਾਣੇ ਨਾਲ ਨਿਗਮਿਤ ਕੀਤਾ ਗਿਆ ਹੈ। ਹਾਈ ਐੱਡ ਫ਼ਾਇਰਵਾਲਜ਼, ਘੁਸਪੈਠ ਦਾ ਪਤਾ ਲਾਉਣ, ਡਾਟਾ ਇਨਕ੍ਰਿਪਸ਼ਨ ਰੈਸਟ ਤੇ ਮੋਸ਼ਨ ਦੋਵੇਂ ਸਮੇਂ, ਮੁਕੰਮਲ ਅੱਡਿਟ ਟ੍ਰੇਲ, ਵਾਜਬ ਹੈਸ਼ਿੰਗ ਐਲਗੋਰਿਦਮਜ਼ ਦੀ ਵਰਤੋਂ ਕਰਦਿਆਂ ਟੈਂਪਰ ਪਰੂਫ਼ਿੰਗ, ਓ.ਐਸ. ਅਤੇ ਹੌਸਟ ਹਾਰਡਨਿੰਗ ਆਦਿ ਤੋਂ ਇਲਾਵਾ, ਜੀ.ਐਸ.ਟੀ.ਐਨ. ਇੱਕ ਪ੍ਰਾਇਮਰੀ ਅਤੇ ਸੈਕੰਡਰੀ ਸਕਿਓਰਿਟੀ ਅੱਪਰੇਸ਼ਨਜ਼ ਕਮਾਂਡ ਐਂਡ ਕੰਟਰੋਲ ਸੈਂਟਰ ਵੀ ਸਥਾਪਤ ਕੀਤਾ ਜਾ ਰਿਹਾ ਹੈ, ਜੋ ਹਰ ਸਮੇਂ ਕਿਸੇ ਮਾੜੀ ਨੀਅਤ ਨਾਲ ਕੀਤੇ ਹਮਲੇ ਉੱਤੇ ਪੂਰੀ ਸਰਗਰਮੀ ਨਾਲ ਨਜ਼ਰ ਰੱਖੇਗਾ ਅਤੇ ਸੁਰੱਖਿਆ ਪ੍ਰਦਾਨ ਕਰੇਗਾ। ਜੀ.ਐਸ.ਟੀ.ਐਨ. ਆਮ ਤੌਰ 'ਤੇ ਗਿਆਤ ਤੇ ਅਣਜਾਣੇ ਆਮ ਖ਼ਤਰਿਆਂ ਵਿਰੁੱਧ ਸੁਰੱਖਿਆ ਲਈ ਸੋਰਸ ਕੋਡ ਦੀ ਨਿਰੰਤਰ ਸਕੈਨਿੰਗ ਰਾਹੀਂ ਸੁਰੱਖਿਅਤ ਕੋਡਿੰਗ ਅਭਿਆਸਾਂ ਨੂੰ ਵੀ ਯਕੀਨੀ ਬਣਾਏਗਾ।

# ਅਸਥਾਈ ਵਿਵਸਥਾਵਾਂ (ਟ੍ਰਾਂਜ਼ਿਸ਼ਨਲ ਪ੍ਰੋਵਿਜ਼ਨਜ਼)

# ਅਸਥਾਈ ਵਿਵਸਥਾਵਾਂ (ਟ੍ਰਾਂਜ਼ਿਸ਼ਨਲ ਪ੍ਰੋਵਿਜ਼ਨਜ਼)

**ਪ੍ਰਸ਼ਨ 1. ਕੀ ਪਹਿਲੇ ਕਾਨੂੰਨ ਅਧੀਨ ਜੀ.ਐਸ.ਟੀ. ਤੋਂ ਪਹਿਲਾਂ ਦੀ ਆਖ਼ਰੀ ਰਿਟਰਨ ਵਿੱਚ 'ਕੈਰਿਡ ਫ਼ਾਰਵਰਡ' (ਅੱਗੇ ਲਿਆਂਦੇ ਹੋਏ) ਕੀਤਾ ਗਿਆ ਸੈਨਵੈਟ ਕ੍ਰੈਡਿਟ (CENVAT Credit) (ਜਾਂ ਵੀ.ਏ.ਟੀ. ਕ੍ਰੈਡਿਟ) ਹੁਣ ਜੀ.ਐਸ.ਟੀ. ਅਧੀਨ ਆਈ.ਟੀ.ਸੀ. ਵਜੋਂ ਉਪਲਬਧ ਹੋਵੇਗਾ?**

ਉੱਤਰ. ਕੰਪੋਜ਼ੀਸ਼ਨ ਸਕੀਮ ਅਧੀਨ ਟੈਕਸ ਅਦਾ ਕਰਨ ਦਾ ਵਿਕਲਪ ਚੁਣਨ ਵਾਲੇ ਵਿਅਕਤੀਆਂ ਤੋਂ ਇਲਾਵਾ ਇੱਕ ਰਜਿਸਟਰਡ ਵਿਅਕਤੀ ਨੂੰ ਨਿਯੁਕਤੀ ਦਿਵਸ ਤੋਂ ਪਹਿਲਾਂ ਆਖ਼ਰੀ ਸਮੇਂ ਦੀ ਰਿਟਰਨ ਵਿੱਚ ਅੱਗੇ ਲਿਆਂਦੇ CENVAT (ਜਾਂ ਵੈਟ ਕ੍ਰੈਡਿਟ) ਕ੍ਰੈਡਿਟ ਦੀ ਰਾਸ਼ੀ ਆਪਣੇ ਇਲੈਕਟ੍ਰੌਨਿਕ ਕ੍ਰੈਡਿਟ ਲੈਜਰ ਵਿੱਚ ਕ੍ਰੈਡਿਟ ਕਰਨ ਦਾ ਅਧਿਕਾਰ ਹੋਵੇਗਾ, ਤੇ ਉਨ੍ਹਾਂ ਵਿੱਚ ਦਰਜ ਸ਼ਰਤਾਂ ਲਾਗੂ ਹੋਣਗੀਆਂ। (ਸੀ.ਜੀ.ਐੱਸ.ਟੀ./ਐੱਸ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 140(1))

**ਪ੍ਰਸ਼ਨ 2. ਉਹ ਸ਼ਰਤਾਂ ਕੀ ਹਨ?**

ਉੱਤਰ. ਸ਼ਰਤਾਂ ਇਹ ਹਨ:

(i) ਕ੍ਰੈਡਿਟ ਦੀ ਵਰਣਿਤ ਰਾਸ਼ੀ ਇਸ ਐਕਟ ਅਧੀਨ ਇਨਪੁਟ ਟੈਕਸ ਕ੍ਰੈਡਿਟ ਵਜੋਂ ਪ੍ਰਵਾਨਗੀਯੋਗ ਹੈ;

(ii) ਰਜਿਸਟਰਡ ਵਿਅਕਤੀ ਨੇ ਮੌਜੂਦਾ ਕਾਨੂੰਨ (ਭਾਵ ਸੈਂਟਰਲ ਐਕਸਾਈਜ਼ ਅਤੇ ਵੈਟ) ਅਧੀਨ ਨਿਯੁਕਤੀ ਦੀ ਮਿਤੀ ਤੋਂ ਤੁਰੰਤ ਪਹਿਲਾਂ ਦੇ ਛੇ ਮਹੀਨਿਆਂ ਦੇ ਸਮੇਂ ਲਈ ਲੋੜੀਂਦੀਆਂ ਸਾਰੀਆਂ ਰਿਟਰਨਾਂ ਫ਼ਾਇਲ ਕਰ ਦਿੱਤੀਆਂ ਹਨ;

(iii) ਕ੍ਰੈਡਿਟ ਦੀ ਵਰਣਿਤ ਰਾਸ਼ੀ ਨੋਟੀਫ਼ਿਕੇਸ਼ਨ ਨੰਬਰ ---------- ਅਧੀਨ ਵੇਚੇ ਮਾਲ ਅਤੇ ਉਨ੍ਹਾਂ ਉੱਤੇ ਅਦਾ ਕੀਤੇ ਵੈਟ ਦੇ ਰੀਫ਼ੰਡ ਦਾ ਕਲੇਮ ਨਾਲ ਸਬੰਧਤ ਨਹੀਂ ਹੈ।

**ਐੱਸ.ਜੀ.ਐੱਸ.ਟੀ. ਕਾਨੂੰਨ ਅਧੀਨ ਹੇਠ ਲਿਖੇ ਅਨੁਸਾਰ ਇੱਕ ਹੋਰ ਸ਼ਰਤ ਹੋਵੇਗੀ:–**

ਵਰਣਿਤ ਕ੍ਰੈਡਿਟ ਦਾ ਬਹੁਤਾ ਹਿੱਸਾ ਜਿਵੇਂ ਕਿ ਕਿਸੇ ਵੀ ਕਲੇਮ ਵਿੱਚ

ਹੁੰਦਾ ਹੈ; ਸੈਂਟਰਲ ਸੇਲਜ਼ ਟੈਕਸ ਕਾਨੂੰਨ, 1956 ਦੇ ਸੈਕਸ਼ਨ 3, ਸੈਕਸ਼ਨ 5 ਦੇ ਸਬ-ਸੈਕਸ਼ਨ (3), ਸੈਕਸ਼ਨ 6, ਸੈਕਸ਼ਨ 6 ਏ ਜਾਂ ਸੈਕਸ਼ਨ 8 ਦਾ ਸਬ-ਸੈਕਸ਼ਨ (8) ਨਾਲ ਸਬੰਧਤ ਹੈ, ਜੋ ਸੈਂਟਰਲ ਸੇਲਜ਼ ਟੈਕਸ (ਰਜਿਸਟਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਨਿਯਮ 12 ਵਿੱਚ ਨਿਰਧਾਰਤ ਮਿਆਦ ਦੇ ਅੰਦਰ ਅਤੇ ਢੰਗ ਨਾਲ ਠੋਸ ਰੂਪ ਨਹੀਂ ਦਿੱਤਾ ਗਿਆ ਹੈ; ਉਹ ਇਲੈਕਟ੍ਰੌਨਿਕ ਕ੍ਰੈਡਿਟ ਲੈਜਰ ਵਿੱਚ ਕ੍ਰੈਡਿਟ ਕੀਤੇ ਜਾਣ ਦੇ ਯੋਗ ਨਹੀਂ ਹੋਵੇਗਾ।

ਪਰ, ਉਪਰੋਕਤ ਵਰਣਿਤ ਕ੍ਰੈਡਿਟ ਦੇ ਸਮਾਨ ਰਾਸ਼ੀ ਮੌਜੂਦਾ ਕਾਨੂੰਨ ਅਧੀਨ ਰੀਫ਼ੰਡ ਕੀਤੀ ਜਾਵੇਗੀ, ਜਦੋਂ ਵਰਣਿਤ ਕਲੇਮਜ਼ ਸੈਂਟਰਲ ਸੇਲਜ਼ ਟੈਕਸ (ਰਜਿਸਟਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਨਿਯਮ 12 ਵਿੱਚ ਨਿਰਧਾਰਤ ਵਿਧੀ ਵਿੱਚ ਪੁਸ਼ਟੀ ਕੀਤੀ ਜਾਂਦੀ ਹੈ।

**ਪ੍ਰਸ਼ਨ 3. ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਮੰਨ ਲਵੋ, ਸਾਲ 2017-18 ਦੀ ਜੂਨ ਤਿਮਾਹੀ 'ਚ ਮੌਜੂਦਾ ਕਾਨੂੰਨ (ਸੈਂਟਰਲ ਐਕਸਾਈਜ਼) ਅਧੀਨ ਪੂੰਜੀ ਵਸਤਾਂ ਦੀ ਖ਼ਰੀਦਾਰੀ ਕਰਦਾ ਹੈ। ਭਾਵੇਂ ਇਨਵੁਆਇਸ 30 ਜੂਨ ਤੱਕ ਪ੍ਰਾਪਤ ਕਰ ਲਈ ਜਾਂਦੀ ਹੈ ਪਰ ਪੂੰਜੀ ਵਸਤਾਂ 5 ਜੁਲਾਈ, 2017 ਨੂੰ (ਭਾਵ ਜੀ.ਐਸ.ਟੀ. ਸ਼ਾਸਨ ਵਿੱਚ) ਪ੍ਰਾਪਤ ਹੁੰਦੀਆਂ ਹਨ। ਕੀ ਅਜਿਹੇ ਵਿਅਕਤੀ ਨੂੰ ਜੀ.ਐੱਸ.ਟੀ. ਸ਼ਾਸਨ ਵਿੱਚ CENVAT ਦਾ ਮੁਕੰਮਲ ਕ੍ਰੈਡਿਟ ਮਿਲੇਗਾ?**

ਉੱਤਰ. ਜੀ ਹਾਂ, ਉਹ 2017-18 ਵਿੱਚ ਕ੍ਰੈਡਿਟ ਲਈ ਹੱਕਦਾਰ ਹੋਵੇਗਾ, ਬਸ਼ਰਤੇ ਅਜਿਹਾ ਕ੍ਰੈਡਿਟ ਮੌਜੂਦਾ ਕਾਨੂੰਨ ਵਿੱਚ **CENVAT** ਕ੍ਰੈਡਿਟ ਵਜੋਂ ਪ੍ਰਵਾਨਗੀਯੋਗ ਸੀ ਅਤੇ ਸੀ.ਜੀ.ਐੱਸ.ਟੀ. ਕਾਨੂੰਨ ਦੇ ਸੈਕਸ਼ਨ 140(2) ਵਿੱਚ ਸੀ.ਜੀ.ਐੱਸ.ਟੀ. 'ਚ ਕ੍ਰੈਡਿਟ ਵਜੋਂ ਵੀ ਪ੍ਰਵਾਨਗੀਯੋਗ ਹੈ।

**ਪ੍ਰਸ਼ਨ 4. ਮੌਜੂਦਾ ਕਾਨੂੰਨ (ਸੈਂਟਰਲ ਐਕਸਾਈਜ਼) ਵਿੱਚ ਮੱਦਾਂ 'ਐਕਸ' ਅਤੇ 'ਵਾਇ' ਉੱਤੇ ਪੂੰਜੀ ਵਸਤਾਂ ਵਜੋਂ ਵੈਟ ਕ੍ਰੈਡਿਟ ਉਪਲਬਧ ਨਹੀਂ ਸੀ। ਉਹ ਹੁਣ ਕਿਉਂਕਿ ਜੀ.ਐਸ.ਟੀ. ਅਧੀਨ ਆ ਗਈਆਂ ਹਨ, ਕੀ ਰਜਿਸਟਰਡ ਟੈਕਸਯੋਗ ਵਿਅਕਤੀ ਹੁਣ ਇਸ ਦਾ ਕਲੇਮ ਕਰ ਸਕਦਾ ਹੈ?**

ਉੱਤਰ. ਉਹ ਕੇਵਲ ਕ੍ਰੈਡਿਟ ਲਈ ਹੱਕਦਾਰ ਹੋਵੇਗਾ, ਜਦੋਂ ਅਜਿਹੇ ਮਾਲ ਉੱਤੇ ਆਈ.ਟੀ.ਸੀ. ਮੌਜੂਦਾ ਕਾਨੂੰਨ ਅਧੀਨ ਪ੍ਰਵਾਨਗੀਯੋਗ ਹੈ ਅਤੇ ਹੁਣ ਜੀ.ਐਸ.ਟੀ. ਵਿੱਚ ਵੀ ਪ੍ਰਵਾਨਗੀਯੋਗ ਹੈ। ਕਿਉਂਕਿ ਦੋਵੇਂ ਮੱਦਾਂ ਉੱਤੇ ਅਜਿਹੀਆਂ ਵਸਤਾਂ ਲਈ ਮੌਜੂਦਾ ਕਾਨੂੰਨ ਅਧੀਨ ਕ੍ਰੈਡਿਟ ਉਪਲਬਧ ਨਹੀਂ ਹੈ,

ਵਰਣਿਤ ਵਿਅਕਤੀ ਜੀ.ਐਸ.ਟੀ. ਵਿੱਚ ਇਸ ਦਾ ਕਲੇਮ ਨਹੀਂ ਕਰ ਸਕਦਾ - ਐੱਸ.ਜੀ.ਐੱਸ.ਟੀ. ਕਾਨੂੰਨ ਦੇ ਅਨੁਛੇਦ 140(2) ਦੀ ਪ੍ਰੋਵੀਜ਼ੀਓ।

**ਪ੍ਰਸ਼ਨ 5. ਮੰਨ ਲਓ ਕਿ ਇੱਕ ਵਿਅਕਤੀ ਨੇ ਗ਼ਲਤ ਤਰੀਕੇ ਨਾਲ ਕ੍ਰੈਡਿਟ ਦਾ ਆਨੰਦ ਮਾਣਿਆ (ਵੇਖੋ ਪ੍ਰਸ਼ਨ 4), ਕੀ ਮੌਜੂਦਾ ਕਾਨੂੰਨ ਅਧੀਨ ਜੀ.ਐਸ.ਟੀ. ਕਾਨੂੰਨ ਜਾਂ ਮੌਜੂਦ ਕਾਨੂੰਨ ਵਿੱਚ ਰੀਕਵਰੀ ਕੀਤੀ ਜਾਵੇਗੀ?**

ਉੱਤਰ. ਗ਼ਲਤ ਤਰੀਕੇ ਨਾਲ ਲਈ ਗਈ ਆਈ.ਟੀ.ਸੀ. ਦੀ ਰੀਕਵਰੀ ਕੇਵਲ ਮੌਜੂਦਾ ਕਾਨੂੰਨ ਅਧੀਨ ਜੀ.ਐੱਸ.ਟੀ. ਅਧੀਨ ਬਕਾਇਆਂ ਵਜੋਂ ਕੀਤੀ ਜਾਵੇਗੀ।

**ਪ੍ਰਸ਼ਨ 6. ਰਜਿਸਟਰਡ ਟੈਕਸਯੋਗ ਵਿਅਕਤੀਆਂ ਦੀਆਂ ਦੋ ਉਦਾਹਰਨਾਂ ਦਿਓ, ਜੋ ਮੌਜੂਦਾ ਕਾਨੂੰਨ (ਕੇਂਦਰੀ ਐਕਸਾਈਜ਼/ਵੈਟ) ਅਧੀਨ ਰਜਿਸਟਰਡ ਹੋਣ ਲਈ ਜ਼ਿੰਮੇਵਾਰ ਨਹੀਂ ਹਨ ਪਰ ਜੀ.ਐਸ.ਟੀ. ਅਧੀਨ ਉਨ੍ਹਾਂ ਨੂੰ ਰਜਿਸਟਰਡ ਹੋਣ ਦੀ ਲੋੜ ਹੈ?**

ਉੱਤਰ. 60 ਲੱਖ ਰੁਪਏ ਦੀ ਟਰਨਓਵਰ ਵਾਲਾ ਇੱਕ ਨਿਰਮਾਤਾ ਜੋ ਮੌਜੂਦਾ ਕਾਨੂੰਨ ਅਧੀਨ ਐਸ.ਐਸ.ਆਈ. ਛੋਟ ਦਾ ਆਨੰਦ ਮਾਣ ਰਿਹਾ ਹੈ, ਉਸ ਨੂੰ ਜੀ.ਐਸ.ਟੀ. ਵਿੱਚ ਰਜਿਸਟਰਡ ਹੋਣਾ ਪਵੇਗਾ ਕਿਉਂਕਿ ਵਰਣਿਤ ਟਰਨਓਵਰ 20 ਲੱਖ ਰੁਪਏ ਦੀ ਬੁਨਿਆਦੀ ਸੀਮਾ ਤੋਂ ਵੱਧ ਹੈ – ਅਨੁਛੇਦ 22.

ਵੈਟ ਅਧੀਨ ਨਿਰਧਾਰਤ ਸੀਮਾ ਤੋਂ ਘੱਟ ਟਰਨਓਵਰ ਵਾਲਾ ਇੱਕ ਵਪਾਰੀ, ਜੋ ਈ–ਕੱਮਰਸ ਅੱਪਰੇਟਰ ਰਾਹੀਂ ਵਿਕਰੀਆਂ ਕਰਦਾ ਹੈ, ਨੂੰ ਜੀ.ਐਸ.ਟੀ. ਵਿੱਚ ਰਜਿਸਟਰਡ ਹੋਣ ਦੀ ਲੋੜ ਹੋਵੇਗੀ। ਅਜਿਹੇ ਵਿਅਕਤੀ ਲਈ ਕੋਈ ਨਿਰਧਾਰਤ ਸੀਮਾ ਨਹੀਂ ਹੋਵੇਗੀ – ਅਨੁਛੇਦ 24.

**ਪ੍ਰਸ਼ਨ 7. ਕੀ ਨਿਸ਼ਚਤ ਦਿਵਸ ਨੂੰ ਸਟੱਾਕ ਵਜੋਂ ਰੱਖੇ ਵੈਟ ਪੇਡ ਇਨਪੁਟਸ ਉੱਤੇ ਇੱਕ ਸਰਵਿਸ ਪ੍ਰੋਵਾਈਡਰ ਨੂੰ ਆਈ.ਟੀ.ਸੀ. ਦੀ ਇਜਾਜ਼ਤ ਹੋਵੇਗੀ?**

ਉੱਤਰ. ਜੀ ਹਾਂ, ਉਹ ਸੈਕਸ਼ਨ 140(3) ਦੀਆਂ ਵਿਵਸਥਾਵਾਂ ਅਨੁਸਾਰ ਸਟੱਾਕ ਵਿੱਚ ਰੱਖੀਆਂ ਇਨਪੁਟਸ ਉੱਤੇ ਇਨਪੁਟ ਟੈਕਸ ਕ੍ਰੈਡਿਟ ਦਾ ਹੱਕਦਾਰ ਹੋਵੇਗਾ।

**ਪ੍ਰਸ਼ਨ 8. ਇੱਕ ਰਜਿਸਟਰਡ ਟੈਕਸਯੋਗ ਵਿਅਕਤੀ ਕੋਲ ਨਿਸ਼ਚਤ ਦਿਵਸ ਤੋਂ ਠੀਕ ਪਹਿਲਾਂ ਦੇ ਸਮੇਂ ਲਈ ਆਖ਼ਰੀ ਵੈਟ ਰਿਟਰਨ ਵਿੱਚ 10,000/- ਰੁਪਏ ਦੀ**

**ਵਾਧੂ ਆਈ.ਟੀ.ਸੀ. ਹੈ। ਹੁਣ ਉਹ ਜੀ.ਐਸ.ਟੀ. ਵਿੱਚ ਕੰਪੋਜ਼ੀਸ਼ਨ ਸਕੀਮ ਦਾ ਵਿਕਲਪ ਚੁਣਦਾ ਹੈ, ਕੀ ਉਹ ਉਪਰੋਕਤ ਵਰਣਿਤ ਵਾਧੂ ਆਈ.ਟੀ.ਸੀ. ਨੂੰ ਜੀ.ਐੱਸ.ਟੀ. ਵਿੱਚ ਕੈਰੀ ਫ਼ਾਰਵਰਡ ਕਰ ਭਾਵ ਅੱਗੇ ਲਿਜਾ ਸਕਦਾ ਹੈ?**

ਉੱਤਰ. ਰਜਿਸਟਰਡ ਵਿਅਕਤੀ ਵੈਟ ਦਾ ਵਾਧੂ ਆਈ.ਟੀ.ਸੀ.; ਜੀ.ਐੱਸ.ਟੀ. ਵਿੱਚ ਅੱਗੇ ਲਿਜਾਣ ਦੇ ਯੋਗ ਨਹੀਂ ਹੋਵੇਗਾ, ਜੇ ਉਹ ਕੰਪੋਜ਼ੀਸ਼ਨ ਯੋਜਨਾ ਦਾ ਰਾਹ ਚੁਣਦਾ ਹੈ - ਸੈਕਸ਼ਨ 140(1).

**ਪ੍ਰਸ਼ਨ 9. ਸੀ.ਐਸ.ਟੀ. (ਭਾਵ ਸੈਂਟਰਲ ਸੇਲਜ਼ ਟੈਕਸ ਐਕਟ - ਕੇਂਦਰੀ ਵਿਕਰੀ ਟੈਕਸ ਕਾਨੂੰਨ) ਅਧੀਨ ਸੇਲਜ਼ ਰਿਟਰਨ 6 ਮਹੀਨਿਆਂ ਦੇ ਅੰਦਰ ਟਰਨਓਵਰ ਵਿੱਚੋਂ ਘਟਾਉਣ ਦੀ ਪ੍ਰਵਾਨਗੀਯੋਗ ਹੈ। ਜੇ, ਮੰਨ ਲਓ, ਇੱਕ ਖ਼ਰੀਦਦਾਰ ਵੱਲੋਂ ਜੀ.ਐਸ.ਟੀ. ਸ਼ਾਸਨ ਵਿੱਚ ਵਸਤਾਂ ਭਾਵ ਮਾਲ ਨੂੰ ਉਸ ਦੀ ਵਿਕਰੀ ਦੇ 6 ਮਹੀਨਿਆਂ ਪਿੱਛੋਂ ਵਾਪਸ ਕਰ ਦਿੱਤਾ ਜਾਂਦਾ ਹੈ, ਕੀ ਉਹ ਸੀ.ਐਸ.ਟੀ. ਜਾਂ ਜੀ.ਐਸ.ਟੀ. ਵਿੱਚ ਟੈਕਸਯੋਗ ਹੋਵੇਗਾ?**

ਉੱਤਰ. ਜਿੱਥੇ ਵਿਕਰੀ ਸਮੇਂ ਕੋਈ ਵਸਤਾਂ ਉੱਤੇ ਟੈਕਸ ਮੌਜੂਦਾ ਕਾਨੂੰਨ (ਇਸ ਮਾਮਲੇ ਵਿੱਚ ਸੀ.ਐੱਸ.ਟੀ.) ਅਧੀਨ ਅਦਾ ਕੀਤਾ ਗਿਆ ਹੈ, ਨਿਸ਼ਚਤ ਦਿਵਸ ਤੋਂ ਛੇ ਮਹੀਨੇ ਤੋਂ ਪਹਿਲਾਂ ਨਾ ਹੋਵੇ, ਅਤੇ ਅਜਿਹੀਆਂ ਵਸਤਾਂ ਖ਼ਰੀਦਦਾਰ ਵੱਲੋਂ ਨਿਸ਼ਚਤ ਦਿਵਸ ਤੋਂ ਬਾਅਦ ਵਾਪਸ ਕਰ ਦਿੱਤੀਆਂ ਜਾਂਦੀਆਂ ਹਨ, ਸੇਲਜ਼ ਰਿਟਰਨ ਲਈ ਇਸ ਨੂੰ ਜੀ.ਐੱਸ.ਟੀ. ਵਿੱਚ ਵਰਣਿਤ ਖ਼ਰੀਦਦਾਰ ਦੀ ਸਪਲਾਈ ਮੰਨਿਆ ਜਾਵੇਗਾ ਅਤੇ ਅਜਿਹੀ ਸਪਲਾਈ ਉੱਤੇ ਟੈਕਸ ਅਦਾ ਕਰਨਾ ਹੋਵੇਗਾ, ਜੇ –

(i) ਵਸਤਾਂ ਜਾਂ ਮਾਲ ਜੀ.ਐੱਸ.ਟੀ. ਕਾਨੂੰਨ ਅਧੀਨ ਟੈਕਸਯੋਗ ਹੋਵੇ; ਅਤੇ

(ii) ਖ਼ਰੀਦਦਾਰ; ਜੀ.ਐੱਸ.ਟੀ. ਕਾਨੂੰਨ ਅਧੀਨ ਰਜਿਸਟਰਡ ਹੈ।

ਉਂਝ, ਵਿਕਰੇਤਾ ਮੌਜੂਦਾ ਕਾਨੂੰਨ ਅਧੀਨ ਅਦਾ ਕੀਤੇ ਅਜਿਹੇ ਟੈਕਸ (ਇਸ ਮਾਮਲੇ ਵਿੱਚ ਸੀ.ਐੱਸ.ਟੀ.) ਦੇ ਰੀਫ਼ੰਡ ਦਾ ਹੱਕਦਾਰ ਹੈ ਜੇ ਉਪਰੋਕਤ ਵਰਣਿਤ ਖ਼ਰੀਦਦਾਰ ਜੀ.ਐੱਸ.ਟੀ. ਅਧੀਨ ਇੱਕ ਅਣ-ਰਜਿਸਟਰਡ ਵਿਅਕਤੀ ਹੈ ਅਤੇ ਵਸਤਾਂ ਜਾਂ ਮਾਲ ਨੂੰ ਨਿਸ਼ਚਤ ਦਿਵਸ ਤੋਂ 06 (ਛੇ) ਮਹੀਨੇ (ਜਾਂ ਵੱਧ ਤੋਂ ਵੱਧ ਦੋ ਮਹੀਨਿਆਂ ਦੇ ਵਿਸਤਾਰਤ ਮਿਆਦ ਦੇ ਅੰਦਰ) ਵਾਪਸ ਕੀਤਾ ਗਿਆ ਹੈ ਅਤੇ ਵਸਤਾਂ ਸ਼ਨਾਖ਼ਤਯੋਗ ਹਨ - ਸੈਕਸ਼ਨ 142(1).

**ਪ੍ਰਸ਼ਨ 10. ਕੀ ਇੱਕ ਨਿਰਮਾਤਾ ਜਾਂ ਇੱਕ ਜੌਬ-ਵਰਕਰ ਟੈਕਸ ਅਦਾ ਕਰਨ ਦਾ ਹੱਕਦਾਰ ਹੁੰਦਾ ਹੈ, ਜੇ ਇਨਪੁਟਸ ਜਾਂ ਅਰਧ-ਨਿਰਮਿਤ ਮਾਲ ਮੌਜੂਦਾ ਕਾਨੂੰਨ ਅਧੀਨ ਜੌਬ-ਵਰਕ ਲਈ ਭੇਜਿਆ ਗਿਆ ਸੀ ਅਤੇ ਨਿਸ਼ਚਤ ਦਿਵਸ ਤੋਂ ਬਾਅਦ ਜੌਬ-ਵਰਕ ਮੁਕੰਮਲ ਹੋਣ ਤੋਂ ਬਾਅਦ ਵਾਪਸ ਕੀਤਾ ਗਿਆ ਹੈ?**

ਉੱਤਰ. ਨਿਰਮਾਤਾ ਜਾਂ ਜੌਬ–ਵਰਕਰ ਵੱਲੋਂ ਨਿਮਨਲਿਖਤ ਹਾਲਾਤ ਅਧੀਨ ਕੋਈ ਟੈਕਸ ਅਦਾਇਗੀਯੋਗ ਨਹੀਂ ਹੋਵੇਗਾ:

(i) ਇਨਪੁਟਸ/ਅਰਧ–ਨਿਰਮਿਤ ਮਾਲ ਨਿਸ਼ਚਤ ਦਿਵਸ ਤੋਂ ਪਹਿਲਾਂ ਮੌਜੂਦਾ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਜੌਬ–ਵਰਕਰ ਨੂੰ ਭੇਜਿਆ ਜਾਂਦਾ ਹੈ।

(ii) ਜੌਬ–ਵਰਕਰ ਉਸ ਨੂੰ ਨਿਸ਼ਚਤ ਦਿਵਸ ਤੋਂ ਛੇ ਮਹੀਨਿਆਂ ਦੇ ਅੰਦਰ ਮੋੜ ਦਿੰਦਾ ਹੈ (ਜਾਂ ਅੱਗੇ ਵਧਾਈ ਗਈ ਵੱਧ ਤੋਂ ਵੱਧ ਦੋ ਮਹੀਨਿਆਂ ਦੀ ਮਿਆਦ ਵਿੱਚ)।

(iii) ਨਿਰਮਾਤਾ ਤੇ ਜੌਬ–ਵਰਕਰ ਦੋਵੇਂ ਹੀ ਨਿਰਧਾਰਤ ਫ਼ਾਰਮ ਵਿੱਚ ਨਿਰਧਾਰਤ ਦਿਵਸ ਨੂੰ ਉਨ੍ਹਾਂ ਇਨਪੁਟਸ ਦੇ ਵੇਰਵਿਆਂ ਦਾ ਐਲਾਨ ਕਰਦੇ ਹਨ, ਜਿਹੜੇ ਜੌਬ–ਵਰਕਰ ਵੱਲੋਂ ਸਟਾੱਕ ਵਿੱਚ ਰੱਖੇ ਗਏ ਸਨ।

ਅਨੁਛੇਦ 141(1), 141(2) ਅਤੇ 141(4) ਹਨ।

ਉਂਞ, ਜੇ ਵਰਣਿਤ ਇਨਪੁਟਸ/ਅਰਧ–ਨਿਰਮਤ ਵਸਤਾਂ ਛੇ ਮਹੀਨਿਆਂ ਅੰਦਰ (ਜਾਂ ਵੱਧ ਤੋਂ ਵੱਧ ਦੋ ਮਹੀਨਿਆਂ ਦੇ ਅੱਗੇ ਵਧਾਏ ਗਏ ਸਮੇਂ ਅੰਦਰ) ਵਾਪਸ ਨਹੀਂ ਕੀਤੀਆਂ ਜਾਂਦੀਆਂ, ਤਾਂ ਇਨਪੁਟ ਟੈਕਸ ਕ੍ਰੈਡਿਟ ਦੇ ਲਏ ਲਾਭ ਨੂੰ ਰੀਕਵਰ ਕੀਤਾ ਜਾ ਸਕੇਗਾ।

**ਪ੍ਰਸ਼ਨ 11. ਤਦ ਕੀ ਵਾਪਰਦਾ ਹੈ, ਜੇ ਜੌਬ-ਵਰਕਰ ਨਿਰਧਾਰਤ ਸਮੇਂ ਅੰਦਰ ਮਾਲ ਨਹੀਂ ਮੋੜਦਾ?**

ਉੱਤਰ. ਜੌਬ–ਵਰਕਰ ਵੱਲੋਂ ਵਰਣਿਤ ਮਾਲ ਉੱਤੇ ਟੈਕਸ ਭੁਗਤਾਨਯੋਗ ਹੋਵੇਗਾ, ਜੇ ਉਹ ਨਿਸ਼ਚਤ ਦਿਵਸ ਤੋਂ ਛੇ ਮਹੀਨਿਆਂ ਦੇ ਸਮੇਂ ਅੰਦਰ (ਜਾਂ ਵੱਧ ਤੋਂ ਵੱਧ ਦੋ ਮਹੀਨਿਆਂ ਦੇ ਅੱਗੇ ਵਧਾਏ ਗਏ ਸਮੇਂ ਅੰਦਰ) ਨਿਰਮਾਤਾ ਦੇ ਕਾਰੋਬਾਰੀ ਸਥਾਨ ਉੱਤੇ ਵਾਪਸ ਨਹੀਂ ਕੀਤਾ ਜਾਂਦਾ - ਸੈਕਸ਼ਨ 141(1), 141(2)

**ਪ੍ਰਸ਼ਨ 12. ਕੀ ਇੱਕ ਨਿਰਮਾਤਾ, ਪਰਖ ਦੇ ਮੰਤਵ ਲਈ ਭੇਜੀਆਂ ਤਿਆਰ ਵਸਤਾਂ ਭਾਵ ਮਾਲ ਨੂੰ ਕਿਸੇ ਹੋਰ ਟੈਕਸਯੋਗ ਵਿਅਕਤੀ ਦੇ ਪਰਿਸਰ ਵਿੱਚ ਟ੍ਰਾਂਸਫ਼ਰ ਕਰ ਸਕਦਾ ਹੈ?**

ਉੱਤਰ. ਜੀ ਹਾਂ, ਇੱਕ ਨਿਰਮਾਤਾ ਵਰਣਿਤ ਮਾਲ ਨੂੰ ਪਰਖ ਦੇ ਮੰਤਵ ਲਈ ਨਿਸ਼ਚਤ ਦਿਵਸ ਤੋਂ ਛੇ ਮਹੀਨਿਆਂ ਦੇ ਸਮੇਂ ਅੰਦਰ (ਜਾਂ ਵੱਧ ਤੋਂ ਵੱਧ ਦੋ ਮਹੀਨਿਆਂ ਦੇ ਅੱਗੇ ਵਧਾਏ ਗਏ ਸਮੇਂ ਅੰਦਰ) ਬਰਾਮਦਾਂ ਲਈ ਟੈਕਸ ਭੁਗਤਾਨ ਕਰ ਕੇ ਭਾਰਤ ਵਿੱਚ ਜਾਂ ਬਿਨਾ ਟੈਕਸ ਭੁਗਤਾਨ ਦੇ ਕਿਸੇ ਰਜਿਸਟਰਡ ਟੈਕਸਯੋਗ ਵਿਅਕਤੀ ਦੇ ਪਰਿਸਰ ਵਿੱਚ ਮਾਲ ਨੂੰ ਟ੍ਰਾਂਸਫ਼ਰ ਕਰ ਸਕਦਾ ਹੈ – ਅਨੁਛੇਦ 141(3).

**ਪ੍ਰਸ਼ਨ 13. ਜੇ ਤਿਆਰ ਮਾਲ ਨੂੰ ਮੌਜੂਦਾ ਕਾਨੂੰਨ ਅਧੀਨ ਕੁਝ ਨਿਸ਼ਚਤ ਪ੍ਰਕਿਰਿਆਵਾਂ ਕਰਨ ਲਈ ਫ਼ੈਕਟਰੀ ਤੋਂ ਹਟਾਇਆ ਜਾਂਦਾ ਹੈ ਅਤੇ ਉਸ ਨੂੰ ਨਿਸ਼ਚਤ ਦਿਵਸ ਨੂੰ ਜਾਂ ਉਸ ਤੋਂ ਬਾਅਦ ਵਾਪਸ ਕੀਤਾ ਜਾਂਦਾ ਹੈ,ਤਦ ਕੀ ਜੀ.ਐਸ.ਟੀ. ਭੁਗਤਾਨਯੋਗ ਹੋਵੇਗਾ?**

ਉੱਤਰ. ਜੀ ਨਹੀਂ, ਜੀ.ਐਸ.ਟੀ. ਵਿੱਚ ਨਿਰਮਾਤਾ ਜਾਂ ਜੌਬ–ਵਰਕਰ ਨੂੰ ਕੋਈ ਟੈਕਸ ਅਦਾ ਨਹੀਂ ਕਰਨਾ ਹੋਵੇਗਾ, ਜਿੱਥੇ ਮਾਲ ਨੂੰ ਪ੍ਰਕਿਰਿਆਵਾਂ ਕਰਨ ਹਿਤ ਪਰ ਨਿਰਮਾਣ ਲਈ ਨਹੀਂ, ਨਿਸ਼ਚਤ ਦਿਵਸ ਤੋਂ ਪਹਿਲਾਂ ਹਟਾ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਨਿਸ਼ਚਤ ਦਿਵਸ ਤੋਂ 6 ਮਹੀਨਿਆਂ (02 ਮਹੀਨਿਆਂ ਦੀ ਅੱਗੇ ਵਧਾਈ ਮਿਆਦ) ਅੰਦਰ ਵਾਪਸ ਕਰ ਦਿੱਤਾ ਜਾਂਦਾ ਹੈ – ਅਨੁਛੇਦ 141(3).

**ਪ੍ਰਸ਼ਨ 14. ਜਦੋਂ ਕੀਤੀਆਂ ਪਰਖਾਂ ਜਾਂ ਕਿਸੇ ਹੋਰ ਪ੍ਰਕਿਰਿਆਵਾਂ ਜੋ ਮੌਜੂਦਾ ਕਾਨੂੰਨ ਅਧੀਨ ਨਿਰਮਾਣ ਨਹੀਂ ਹੈ, ਲਈ ਇੱਕ ਜੌਬ ਵਰਕਰ ਨੂੰ ਭੇਜੀਆਂ ਨਿਰਮਤ ਵਸਤਾਂ ਉੱਤੇ ਜੀ.ਐੱਸ.ਟੀ. ਵਿੱਚ ਟੈਕਸ ਅਦਾਇਗੀਯੋਗ ਬਣ ਜਾਂਦਾ ਹੈ?**

ਉੱਤਰ. ਜੀ.ਐੱਸ.ਟੀ. ਵਿੱਚ ਇੱਕ ਜੌਬ ਵਰਕਰ ਨੂੰ ਨਿਸ਼ਚਤ ਦਿਵਸ ਤੋਂ ਪਹਿਲਾਂ ਪਰਖਾਂ ਜਾਂ ਕਿਸੇ ਹੋਰ ਪ੍ਰਕਿਰਿਆ ਲਈ ਭੇਜੀਆਂ ਨਿਰਮਿਤ ਵਸਤਾਂ ਉੱਤੇ ਟੈਕਸ ਅਦਾਇਗੀਯੋਗ ਹੋਵੇਗਾ, ਅਜਿਹਾ ਮਾਲ ਜੋ ਵਰਤਮਾਨ ਕਾਨੂੰਨ ਅਧੀਨ ਨਿਰਮਾਣ ਨਹੀਂ ਹੈ, ਜੇ ਅਜਿਹੀਆਂ ਵਸਤਾਂ ਜਾਂ ਮਾਲ ਨਿਰਮਾਤਾ ਨੂੰ ਨਿਸ਼ਚਤ ਦਿਵਸ ਤੋਂ ਛੇ ਮਹੀਨਿਆਂ ਦੇ ਸਮੇਂ ਅੰਦਰ (ਜਾਂ ਅੱਗੇ ਵਧਾਈ ਗਈ ਵੱਧ ਤੋਂ ਵੱਧ ਦੋ ਮਹੀਨਿਆਂ ਦੀ ਵਿਸਤਾਰਤ ਮਿਆਦ)। ਇਸ ਦੇ ਨਾਲ ਹੀ ਨਿਰਮਾਤਾ ਵੱਲੋਂ

ਲਿਆ ਇਨਪੁਟ ਟੈਕਸ ਕ੍ਰੈਡਿਟ ਦੀ ਵਸੂਲੀ ਕੀਤੀ ਜਾਵੇਗੀ, ਜੇ ਉਪਰੋਕਤ ਵਰਣਿਤ ਮਾਲ ਨਿਸ਼ਚਤ ਦਿਵਸ ਤੋਂ ਛੇ ਮਹੀਨਿਆਂ ਅੰਦਰ ਵਾਪਸ ਨਹੀਂ ਕਰ ਦਿੱਤਾ ਜਾਂਦਾ। - ਸੈਕਸ਼ਨ 141(3)

**ਪ੍ਰਸ਼ਨ 15. ਕੀ ਅਨੁਛੇਦ 141 ਵਿੱਚ ਵਿਚਾਰਿਆ ਗਿਆ ਦੋ ਮਹੀਨਿਆਂ ਦਾ ਵਿਸਥਾਰ ਸਵੈ-ਚਾਲਿਤ (ਆੱਟੋਮੈਟਿਕ) ਹੈ?**

ਉੱਤਰ. ਨਹੀਂ, ਇਹ ਸਵੈ-ਚਾਲਿਤ ਨਹੀਂ ਹੈ। ਇਸ ਮਿਆਦ ਨੂੰ ਸਮਰੱਥ ਅਧਿਕਾਰੀ ਵੱਲੋਂ ਕੋਈ ਵਾਜਬ ਕਾਰਨ ਵੇਖ ਕੇ ਹੀ ਅੱਗੇ ਵਧਾਇਆ ਜਾਵੇਗਾ।

**ਪ੍ਰਸ਼ਨ 16. ਕੀਮਤਾਂ ਦੀ ਸੋਧ ਲਈ ਡੇਬਿਟ/ਕ੍ਰੈਡਿਟ ਨੋਟ(ਸ) ਦੇ ਜਾਰੀ ਕੀਤੇ ਜਾਣ ਦੀ ਸਮਾਂ-ਸੀਮਾ ਕੀ ਹੈ?**

ਉੱਤਰ. ਟੈਕਸਯੋਗ ਵਿਅਕਤੀ ਕੀਮਤ ਸੋਧ ਦੇ 30 ਦਿਨਾਂ ਅੰਦਰ ਡੇਬਿਟ/ਕ੍ਰੈਡਿਟ ਨੋਟ(ਸ) ਜਾਂ ਇੱਕ ਸਪਲੀਮੈਂਟਰੀ ਇਨਵੁਆਇਸ ਜਾਰੀ ਕਰ ਸਕਦਾ ਾਹੈ।

ਜੇ ਕੀਮਤ ਸੋਧ ਘਟਾਉਣ ਲਈ ਹੈ, ਤਦ ਟੈਕਸਯੋਗ ਵਿਅਕਤੀ ਨੂੰ ਆਪਣੇ ਟੈਕਸ ਦੇਣਦਾਰੀ ਘਟਾਉਣ ਦੀ ਪ੍ਰਵਾਨਗੀ ਕੇਵਲ ਤਦ ਹੀ ਹੋਵੇਗੀ, ਜੇ ਇਨਵੁਆਇਸ ਜਾਂ ਕ੍ਰੈਡਿਟ ਨੋਟ ਦੇ ਪ੍ਰਾਪਤਕਰਤਾ ਨੇ ਆਪਣੀ ਅਜਿਹੀ ਘਟੀ ਟੈਕਸ ਦੇਣਦਾਰੀ ਅਨੁਸਾਰ ਆਪਣੀ ਆਈ.ਟੀ.ਸੀ. ਘਟਾ ਲਈ ਹੈ - ਅਨੁਛੇਦ 142(2).

**ਪ੍ਰਸ਼ਨ 17. ਮੌਜੂਦਾ ਕਾਨੂੰਨ ਅਧੀਨ ਟੈਕਸ/ਵਿਆਜ ਦੇ ਮੁਲਤਵੀ ਰੀਫ਼ੰਡ ਦਾ ਕੀ ਬਣੇਗਾ?**

ਉੱਤਰ. ਮੁਲਤਵੀ ਰੀਫ਼ੰਡ ਦੇ ਕਲੇਮਜ਼ ਦਾ ਨਿਬੇੜਾ ਮੌਜੂਦਾ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਕੀਤਾ ਜਾਵੇਗਾ - ਅਨੁਛੇਦ 142(3).

**ਪ੍ਰਸ਼ਨ 18. ਸੈਨਵੈਟ/ਆਈ.ਟੀ.ਸੀ. (CENVAT/ITC) ਦੇ ਕਲੇਮ ਨਾਲ ਸਬੰਧਤ ਕੋਈ ਅਪੀਲ ਜਾਂ ਸੋਧ ਦਾ ਕੀ ਬਣੇਗਾ, ਜੋ ਪਹਿਲੇ ਕਾਨੂੰਨ ਅਧੀਨ ਮੁਲਤਵੀ ਹੈ। ਜੇ ਮੰਨ ਲਓ, ਇਹ ਉਤਪਾਦਨ ਦੇਣਦਾਰੀ ਨਾਲ ਸਬੰਧਤ ਹੈ, ਤਦ?**

ਉੱਤਰ. CENVAT/ਇਨਪੁਟ ਟੈਕਸ ਕ੍ਰੈਡਿਟ ਜਾਂ ਕੋਈ ਹੋਰ ਉਤਪਾਦਨ ਟੈਕਸ ਦੇਣਦਾਰੀ ਜੋ ਭਾਵੇਂ ਪਹਿਲਾਂ ਸ਼ੁਰੂ ਹੋਈ ਸੀ ਜਾਂ ਨਿਸ਼ਚਤ ਦਿਵਸ ਨੂੰ ਜਾਂ ਬਾਅਦ ਵਿੱਚ ਸ਼ੁਰੂ ਹੋਈ ਸੀ; ਅਪੀਲ, ਸੋਧ, ਸਮੀਖਿਆ ਜਾਂ ਰੈਫ਼ਰੈਂਸ ਭਾਵ ਹਵਾਲੇ ਦੀ

ਹਰੇਕ ਕਾਰਜ-ਵਿਧੀ ਦਾ ਨਿਬੇੜਾ CENVAT/ਇਨਪੁਟ ਟੈਕਸ ਕ੍ਰੈਡਿਟ ਜਾਂ ਕੋਈ ਹੋਰ ਉਤਪਾਦਨ ਟੈਕਸ ਦੇ ਅਨੁਸਾਰ ਕੀਤਾ ਜਾਵੇਗਾ ਜੋ ਰੀਫ਼ੰਡ ਲਈ ਪ੍ਰਵਾਨਗੀਯੋਗ ਹੋਵੇਗਾ, ਉਹ ਮੌਜੂਦਾ ਕਾਨੂੰਨ ਅਨੁਸਾਰ ਰੀਫ਼ੰਡ ਕੀਤਾ ਜਾਵੇਗਾ। ਉਂਝ, ਕੋਈ ਵੀ ਰਾਸ਼ੀ ਜੋ ਵਸੂਲੀਯੋਗ ਹੋ ਜਾਂਦੀ ਹੈ, ਉਹ ਜੀ.ਐੱਸ.ਟੀ. ਕਾਨੂੰਨ ਅਧੀਨ ਟੈਕਸ ਦੇ ਬਕਾਇਆਂ ਵਜੋਂ ਵਸੂਲ ਕੀਤੀ ਜਾਵੇਗੀ - ਸੈਕਸ਼ਨ 142(6)/142(7).

**ਪ੍ਰਸ਼ਨ 19. ਜੇ ਅਪੀਲੇਟ ਜਾਂ ਰਿਵੀਜ਼ਨਲ ਆਦੇਸ਼ ਅਸੈੱਸੀ ਦੇ ਹੱਕ ਵਿੱਚ ਜਾਂਦਾ ਹੈ, ਤਦ ਕੀ ਜੀ.ਐਸ.ਟੀ. ਵਿੱਚ ਰੀਫ਼ੰਡ ਹੋਵੇਗਾ? ਜੇ ਫ਼ੈਸਲਾ ਅਸੈੱਸੀ ਦੇ ਵਿਰੁੱਧ ਹੁੰਦਾ ਹੈ, ਤਦ ਕੀ ਹੋਵੇਗਾ?**

ਉੱਤਰ. ਰੀਫ਼ੰਡ ਕੇਵਲ ਮੌਜੂਦਾ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਹੀ ਕੀਤਾ ਜਾਵੇਗਾ। ਜੇ ਕੋਈ ਰੀਕਵਰੀ ਕੀਤੀ ਜਾਣੀ ਹੈ, ਜਦੋਂ ਤੱਕ ਉਹ ਮੌਜੂਦਾ ਕਾਨੂੰਨ ਅਧੀਨ ਰੀਕਵਰ ਨਹੀਂ ਹੋ ਜਾਂਦੀ, ਤਦ ਇਹ ਜੀ.ਐਸ.ਟੀ. ਅਧੀਨ ਟੈਕਸ ਦੇ ਬਕਾਏ ਵਜੋਂ ਰੀਕਵਰ ਕੀਤੀ ਜਾਵੇਗੀ - ਸੈਕਸ਼ਨਜ਼ 142(6) ਅਤੇ 142(7).

**ਪ੍ਰਸ਼ਨ 20. ਮੌਜੂਦਾ ਕਾਨੂੰਨ ਅਧੀਨ ਜਮ੍ਹਾ ਕਰਵਾਈ(ਆਂ) ਰਿਟਰਨ(ਾਂ) ਦੀ ਸੋਧ ਕਾਰਨ ਪੈਦਾ ਹੋਏ ਰੀਫ਼ੰਡ ਨਾਲ ਜੀ.ਐਸ.ਟੀ. ਵਿੱਚ ਕਿਵੇਂ ਨਿਪਟਿਆ ਜਾਵੇਗਾ?**

ਉੱਤਰ. ਨਿਸ਼ਚਤ ਦਿਵਸ ਤੋਂ ਬਾਅਦ ਮੌਜੂਦਾ ਕਾਨੂੰਨ ਅਧੀਨ ਕਿਸੇ ਰਿਟਰਨ ਦੀ ਸੋਧਨ ਦੇ ਨਤੀਜੇ ਵਜੋਂ ਜੇ ਕੋਈ ਰਾਸ਼ੀ ਰੀਫ਼ੰਡੇਬਲ ਪਾਈ ਜਾਂਦੀ ਹੈ, ਉਸ ਨੂੰ ਮੌਜੂਦਾ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਨਕਦ ਰੀਫ਼ੰਡ ਕੀਤਾ ਜਾਵੇਗਾ - ਸੈਕਸ਼ਨ 142(9)(ਬੀ).

**ਪ੍ਰਸ਼ਨ 21. ਜੇ ਜੀ.ਐਸ.ਟੀ. ਵਿੱਚ ਸਪਲਾਈ ਕੀਤੇ ਕਿਸੇ ਮਾਲ ਜਾਂ ਸੇਵਾਵਾਂ ਨੂੰ ਮੌਜੂਦਾ ਕਾਨੂੰਨ ਅਧੀਨ ਕੀਤੇ ਕੰਟਰੈਕਟ ਅਨੁਸਾਰ ਸਪਲਾਈ ਕੀਤਾ ਜਾਂਦਾ ਹੈ, ਤਦ ਕਿਹੜਾ ਟੈਕਸ ਭੁਗਤਾਨਯੋਗ ਹੋਵੇਗਾ?**

ਉੱਤਰ. ਅਜਿਹੀਆਂ ਸਪਲਾਈਜ਼ ਉੱਤੇ ਜੀ.ਐਸ.ਟੀ. ਭੁਗਤਾਨਯੋਗ ਹੋਵੇਗਾ - ਸੀ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 142(10).

**ਪ੍ਰਸ਼ਨ 22. ਮਾਲ/ਸੇਵਾਵਾਂ ਦੀ ਕਿਸੇ ਵਿਸ਼ੇਸ਼ ਸਪਲਾਈ ਉੱਤੇ ਮੌਜੂਦਾ ਕਾਨੂੰਨ ਅਧੀਨ ਟੈਕਸ ਲੱਗਿਆ ਸੀ। ਕੀ ਜੀ.ਐਸ.ਟੀ. ਸ਼ਾਸਨ ਵੀ ਭੁਗਤਾਨਯੋਗ ਹੋਵੇਗਾ, ਜਿੱਥੇ ਅਜਿਹੀ ਸਪਲਾਈ ਜੀ.ਐਸ.ਟੀ. ਸ਼ਾਸਨ ਵਿੱਚ ਕੀਤੀ ਜਾਂਦੀ ਹੈ?**

ਉੱਤਰ. ਜੀ ਨਹੀਂ, ਜੀ.ਐੱਸ.ਟੀ. ਅਧੀਨ ਮਾਲ/ਸੇਵਾਵਾਂ ਦੀ ਅਜਿਹੀ ਸਪਲਾਈ ਉੱਤੇ ਕੋਈ ਟੈਕਸ ਅਦਾਇਗੀਯੋਗ ਨਹੀਂ ਹੋਵੇਗਾ, ਟੈਕਸ ਮੌਜੂਦਾ ਕਾਨੂੰਨ ਅਧੀਨ ਲਾਗੂ ਹੋਵੇਗਾ - ਸੈਕਸ਼ਨ 142(11).

**ਪ੍ਰਸ਼ਨ 23. ਨਿਸ਼ਚਤ ਦਿਵਸ ਤੋਂ ਬਾਅਦ ਅਰੰਭੀਆਂ ਗਈਆਂ ਕਾਰਵਾਈਆਂ ਕਿਸੇ ਮੁਲਾਂਕਣ ਜਾਂ ਐਡਜੂਡੀਕੇਸ਼ਨ ਲਈ, ਮੌਜੂਦਾ ਕਾਨੂੰਨ ਅਧੀਨ ਟੈਕਸ, ਵਿਆਜ, ਜੁਰਮਾਨਾ ਜਾਂ ਦੰਡ ਦੀ ਇੱਕ ਰਾਸ਼ੀ ਰੀਫ਼ੰਡੇਬਲ ਹੁੰਦੀ ਹੈ। ਜੀ ਅਜਿਹੀ ਰਕਮ ਜੀ.ਐੱਸ.ਟੀ. ਕਾਨੂੰਨ ਅਧੀਨ ਰੀਫ਼ੰਡੇਬਲ ਹੋਵੇਗੀ?**

ਉੱਤਰ. ਨਹੀਂ, ਅਜਿਹੀ ਰਕਮ ਦਾ ਰੀਫ਼ੰਡ ਮੌਜੂਦਾ ਕਾਨੂੰਨ ਅਧੀਨ ਨਕਦ ਕੀਤਾ ਜਾਵੇਗਾ - ਸੀ.ਜੀ.ਐੱਸ.ਟੀ. ਕਾਨੂੰਨ ਦਾ ਸੈਕਸ਼ਨ 142(8)(ਬੀ).

**ਪ੍ਰਸ਼ਨ 24. ਜੇ ਆਈ.ਐਸ.ਡੀ. ਵੱਲੋਂ ਪਹਿਲੇ ਕਾਨੂੰਨ ਅਧੀਨ ਸੇਵਾਵਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਕੀ ਇਸ ਨਾਲ ਸਬੰਧਤ ਆਈ.ਟੀ.ਸੀ. ਦੀ ਵੰਡ ਜੀ.ਐਸ.ਟੀ. ਸ਼ਾਸਨ ਵਿੱਚ ਕੀਤੀ ਜਾ ਸਕਦੀ ਹੈ?**

ਉੱਤਰ. ਜੀ ਹਾਂ, ਅਜਿਹੀਆਂ ਸੇਵਾਵਾਂ ਨਾਲ ਸਬੰਧਤ ਇਨਵੁਆਇਸ(ਜ਼) ਨੂੰ ਨਿਸ਼ਚਤ ਦਿਨ ਨੂੰ ਜਾਂ ਉਸ ਤੋਂ ਬਾਅਦ ਪ੍ਰਾਪਤ ਕੀਤਾ ਗਿਆ ਹੋਵੇ – ਸੀ.ਜੀ.ਐੱਸ.ਟੀ. ਕਾਨੂੰਨ ਦਾ ਅਨੁਛੇਦ 140(7).

**ਪ੍ਰਸ਼ਨ 25. ਜਿੱਥੇ ਕੋਈ ਮਾਲ/ਵਸਤਾਂ ਵੇਚੀਆਂ ਜਾਂਦੀਆਂ ਹਨ, ਜਿਨ੍ਹਾਂ ਉਤੇ ਰਾਜ ਦੇ ਵੈਟ ਕਾਨੂੰਨ ਅਧੀਨ ਸਰੋਤ ਉੱਤੇ ਟੈਕਸ ਦੀ ਕਟੌਤੀ ਜਾਣੀ ਸੀ ਅਤੇ ਨਿਸ਼ਚਤ ਦਿਨ ਤੋਂ ਪਹਿਲਾਂ ਇੱਕ ਇਨਵੁਆਇਸ ਵੀ ਜਾਰੀ ਕੀਤੀ ਗਈ ਸੀ, ਉਸ ਉੱਤੇ ਸਰੋਤ ਉੱਤੇ ਟੈਕਸ ਦੀ ਕਟੌਤੀ (ਟੀ.ਡੀ.ਐੱਸ.) ਕੀਤੀ ਜਾਵੇਗੀ, ਜੇ ਭੁਗਤਾਨ ਨਿਸ਼ਚਤ ਦਿਵਸ ਤੋਂ ਬਾਅਦ ਕੀਤਾ ਜਾਂਦਾ ਹੈ?**

ਉੱਤਰ. ਜੀ ਨਹੀਂ, ਅਜਿਹੇ ਮਾਮਲੇ ਵਿੱਚ ਸਰੋਤ ਉੱਤੇ ਟੈਕਸ ਦੀ ਕੋਈ ਕਟੌਤੀ ਜੀ.ਐੱਸ.ਟੀ. ਅਧੀਨ ਨਹੀਂ ਕੀਤੀ ਜਾਵੇਗੀ।

**ਪ੍ਰਸ਼ਨ 26. ਮਾਲ ਨੂੰ ਨਿਸ਼ਚਤ ਦਿਵਸ ਤੋਂ ਪਹਿਲਾਂ ਮਨਜ਼ੂਰੀ ਨਾਲ ਭੇਜਿਆ ਗਿਆ ਸੀ ਪਰ ਉਹ ਨਿਸ਼ਚਤ ਦਿਵਸ ਤੋਂ ਛੇ ਮਹੀਨੇ ਪਹਿਲਾਂ ਵਿਕਰੇਤਾ ਨੂੰ ਵਾਪਸ ਕਰ ਦਿੱਤਾ ਗਿਆ ਸੀ, ਕੀ ਜੀ.ਐਸ.ਟੀ. ਵਿੱਚ ਟੈਕਸ ਭੁਗਤਾਨ ਹੋਵੇਗਾ?**

ਉੱਤਰ. ਜੀ ਹਾਂ, ਜੇ ਅਜਿਹਾ ਮਾਲ ਜੀ.ਐਸ.ਟੀ. ਵਿੱਚ ਟੈਕਸ ਭੁਗਤਾਨਯੋਗ ਹੈ ਅਤੇ ਜਿਸ ਵਿਅਕਤੀ ਨੇ ਮਾਲ ਨੂੰ ਰੱਦ ਕਰ ਦਿੱਤਾ ਹੈ ਜਾਂ ਉਸ ਨੂੰ ਪ੍ਰਵਾਨ ਨਾ

ਕਰਦਿਆਂ ਉਸ ਨੂੰ ਨਿਸ਼ਚਤ ਦਿਵਸ ਤੋਂ 6 ਮਹੀਨਿਆਂ (ਜਿਸ ਨੂੰ 2 ਮਹੀਨਿਆਂ ਲਈ ਅੱਗੇ ਵੀ ਵਧਾਇਆ ਹੋ ਸਕਦਾ ਹੈ) ਬਾਅਦ ਮੋੜਿਆ ਹੈ। ਉਸ ਮਾਮਲੇ ਵਿੱਚ ਟੈਕਸ ਉਸ ਵਿਅਕਤੀ ਵੱਲੋਂ ਅਦਾਇਗੀਯੋਗ ਹੋਵੇਗਾ, ਜਿਸ ਨੇ ਮਨਜ਼ੂਰੀ ਦੇ ਆਧਾਰ ਉੱਤੇ ਮਾਲ ਭੇਜਿਆ ਹੈ - ਸੈਕਸ਼ਨ 142(12).

-------